# ਸਾਡਾ ਸਾਹਿਤ

2022

## ਸਫ਼ਰਨਾਮਾ ਅੰਕ

ਸੰਪਾਦਕ

**ਪੋਪਿੰਦਰ ਸਿੰਘ ਪਾਰਸ**

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

ਸਾਡਾ ਸਾਹਿਤ
ਸੰਪਾਦਕ : ਪੋਪਿੰਦਰ ਸਿੰਘ ਪਾਰਸ

# ਸਾਡਾ ਸਾਹਿਤ

2022

## (ਸਫ਼ਰਨਾਮਾ ਅੰਕ)

ਸੰਪਾਦਕ

**ਪੋਪਿੰਦਰ ਸਿੰਘ ਪਾਰਸ**

**ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼,**
ਜੰਮੂ-180001
ਮੋ: 9906977731

# SADA SAHIT
## 2022
## (SAFARNAMA ANK)

**Editor**

**Popinder Singh Paras**


**ਸੰਪਰਕ** : 9906977731

**ਪ੍ਰਕਾਸ਼ਕ** : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ-180 001

***Publisher*** : **Secretary, J&K Academy of Art, Culture and Languages Jammu-180 001**

**ਛਾਪਕ** : ਰਨਬੀਰ ਗੌਰਮਿੰਟ ਪ੍ਰੈੱਸ, ਜੰਮੂ

**ਮੁੱਲ** : Rs.148

# ਆਪਣੀ ਗੱਲ

ਸਫ਼ਰਨਾਮਾ ਇਕ ਸਾਹਿਤਕ ਵਿਧਾ ਹੈ। ਇਕ ਲੇਖਕ ਦੁਆਰਾ ਆਪਣੀ ਮਨਸ਼ਾ ਦੇ ਨਾਲ ਇਕ ਥਾਂ ਤੋਂ ਦੂਜੀ ਥਾਂ 'ਤੇ ਯਾਤਰਾ ਕੀਤੀ ਜਾਂਦੀ ਹੈ ਤਾਂ ਉਸਦੇ ਬਿਰਤਾਂਤ ਨੂੰ ਸਫ਼ਰਨਾਮਾ ਕਿਹਾ ਜਾਂਦਾ ਹੈ। ਪੰਜਾਬੀ ਵਿਚ ਪਹਿਲਾ ਸਫ਼ਰਨਾਮਾ ਲਾਲ ਸਿੰਘ ਕਮਲਾ ਅਕਾਲੀ ਦਾ 'ਮੇਰਾ ਵਲਾਇਤੀ ਸਫ਼ਰਨਾਮਾ' ਹੈ। ਇਸ ਸਫ਼ਰਨਾਮੇ ਵਿਚ ਲੇਖਕ ਦਾ ਉਦੇਸ਼ ਪੱਛਮੀ ਜੀਵਨਸ਼ੈਲੀ ਨੂੰ ਸਮਝਣਾ ਅਤੇ ਉਸ ਉੱਪਰ ਰੌਸ਼ਨੀ ਪਾਉਣਾ ਹੈ। ਇਸ ਤੋਂ ਬਾਅਦ ਪੰਜਾਬੀ ਵਿਚ ਕੁਝ ਹੋਰ ਪ੍ਰਮੁੱਖ ਸਫ਼ਰਨਾਮੇ ਲਿਖੇ ਗਏ, ਜਿਨ੍ਹਾਂ ਵਿਚ ਬਲਰਾਜ ਸਾਹਨੀ ਦੇ 'ਮੇਰਾ ਰੂਸੀ ਸਫ਼ਰਨਾਮਾ', 'ਮੇਰਾ ਪਾਕਿਸਤਾਨੀ ਸਫ਼ਰਨਾਮਾ'। ਸਾਧੂ ਸਿੰਘ ਹਮਦਰਦ ਦਾ 'ਅੱਖੀਂ ਡਿੱਠਾ ਰੂਸ'। ਸੰਤੋਖ ਸਿੰਘ ਧੀਰ 'ਮੇਰੀ ਇੰਗਲੈਂਡ ਯਾਤਰਾ'। ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਲਗਭਗ ਹਰ ਇਕ ਲੇਖਕ ਨੇ ਸਫ਼ਰਨਾਮਾ ਲਿਖਿਆ। ਇਕ ਥਾਂ ਤੋਂ ਦੂਸਰੀ ਥਾਂ 'ਤੇ ਯਾਤਰਾ ਕਰਨੀ ਮਨੁੱਖ ਦੀ ਮੂਲ ਬਿਰਤੀ ਦਾ ਹਿੱਸਾ ਹੈ। ਮੁੱਢ ਕਦੀਮੀ ਯਾਤਰਾਵਾਂ ਮਨੁੱਖੀ ਹੋਂਦ ਦੀ ਸੁਰੱਖਿਆ ਦੇ ਨੁਕਤੇ ਨਾਲ ਸੰਬੰਧਤ ਹਨ। ਮਨੁੱਖ ਨੂੰ ਆਪਣੇ ਰਹਿਣ-ਸਹਿਣ ਤੇ ਵਿਚਰਨ ਲਈ ਪਾਣੀ ਦੀ ਬਹੁਤ ਜ਼ਰੂਰਤ ਸੀ। ਇਸ ਲਈ ਉਸਨੇ ਪਾਣੀ ਦੇ ਸਰੋਤਾਂ ਵੱਲ ਯਾਤਰਾਵਾਂ ਕਰਕੇ ਆਪਣੇ ਮੁਢਲੇ ਟਿਕਾਣੇ ਬਣਾਏ। ਇਸ ਤੋਂ ਬਿਨਾਂ ਪਸ਼ੂ ਪੰਛੀਆਂ ਵਿਚ ਵੀ ਯਾਤਰਾਵਾਂ ਦੇ ਸਰੂਪ ਵੇਖੇ ਜਾ ਸਕਦੇ ਹਨ। ਉਨ੍ਹਾਂ ਦੀਆਂ ਯਾਤਰਾਵਾਂ ਵਾਤਾਵਰਨ ਜਾਂ ਰੁੱਤ-ਬਦਲੀ ਦੇ ਅਨੁਸਾਰ ਹੁੰਦੀਆਂ ਹਨ। ਯੁੱਗਾਂ ਦੇ ਬੀਤਣ ਨਾਲ ਮਨੁੱਖ ਨੇ ਹਰ ਤਰ੍ਹਾਂ ਦੀ ਸਥਿਤੀ ਦਾ ਟਾਕਰਾ ਕਰਨ ਅਤੇ ਕਿਸੇ ਸਥਾਨ 'ਤੇ ਸਦੀਵੀ ਤੌਰ 'ਤੇ ਰਹਿਣ-ਸਹਿਣ ਨੂੰ ਸਥਾਪਤ ਕਰ ਲਿਆ। ਇਸ ਤੋਂ ਬਾਅਦ ਵਿਚ ਯਾਤਰਾਵਾਂ ਦਾ ਇਕ ਨਵਾਂ ਰੂਪ ਸ਼ੁਰੂ ਹੁੰਦਾ ਹੈ। ਇਹ ਯਾਤਰਾਵਾਂ ਧਾਰਮਿਕ ਪੈਗੰਬਰਾਂ, ਗੁਰੂਆਂ ਅਤੇ ਖ਼ੋਜੀਆਂ ਦੁਆਰਾ ਕੀਤੀਆਂ ਗਈਆਂ। ਇਨ੍ਹਾਂ ਵਿਚੋਂ ਪ੍ਰਮੁੱਖ ਖ਼ੋਜੀ ਇਬਨਬਤੂਤਾ, ਐਲਬਰੂਨੀ, ਹਿਉਨਸਾਂਗ ਅਤੇ ਫਾਹੀ ਯਾਨਸਨ। ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਨੂੰ ਉਦਾਸੀਆਂ ਦਾ ਨਾਮ ਦਿੱਤਾ ਗਿਆ ਹੈ। ਯਾਤਰਾਵਾਂ ਦੇ ਇਨ੍ਹਾਂ ਰੂਪਾਂ ਨੂੰ ਭਾਵੇਂ ਅਸੀਂ ਸਾਹਿਤਕ ਦ੍ਰਿਸ਼ਟੀ ਵਿਚ ਸਫ਼ਰਨਾਮੇ ਨਹੀਂ ਕਹਿ ਸਕਦੇ ਪਰ ਫਿਰ ਵੀ ਸਫ਼ਰਨਾਮੇ ਦੇ ਮੁੱਢਲੇ ਰੂਪ ਇਨ੍ਹਾਂ ਯਾਤਰਾਵਾਂ ਵਿਚ ਪਏ ਹੋਏ ਹਨ। ਸਾਹਿਤਕ ਦ੍ਰਿਸ਼ਟੀ ਤੋਂ ਸਫ਼ਰਨਾਮਾ ਲੇਖਕ ਦੀ ਮਨਸ਼ਾ ਅਨੁਸਾਰ ਇਕ ਥਾਂ ਤੋਂ ਦੂਜੀ ਥਾਂ 'ਤੇ ਕੀਤੀ ਗਈ ਯਾਤਰਾ ਦਾ ਬਿਰਤਾਂਤ ਹੁੰਦਾ ਹੈ। ਆਮ ਤੌਰ ਤੇ ਸਫ਼ਰਨਾਮਾ ਕਿਸੇ ਦੂਸਰੇ ਸਥਾਨ ਜਾਂਦੇ ਘੁੰਮਣ-ਫਿਰਨ ਦੀ ਨੀਯਤ ਨਾਲ ਲਿਖਿਆ ਜਾਂਦਾ ਹੈ। ਪਰ ਕਈ ਵਾਰ ਲੇਖਕ ਆਪਣੇ ਨਿੱਜੀ ਸਾਹਿਤਕ ਉਦੇਸ਼ ਜਾਂ ਸਿਧਾਂਤ ਅਨੁਸਾਰ ਵੀ ਇਹ ਰਚਨਾ ਕਰਦਾ ਹੈ। ਪੰਜਾਬੀ ਲੇਖਕਾਂ ਦੁਆਰਾ ਕੀਤੀਆਂ ਗਈਆਂ ਯੂਰੀਪਅਨ ਯਾਤਰਾਵਾਂ ਜ਼ਿਆਦਾਤਰ ਘੁੰਮਣ-ਫਿਰਨ ਦੀ ਪ੍ਰਵਿਰਤੀ ਦੇ ਅਧੀਨ ਹੀ ਆਉਂਦੀਆਂ ਹਨ। ਭਾਵੇਂ ਕਿ ਇਸਦੇ ਅੰਤਰੀਵ ਰੂਪ ਵਿਚ ਪੱਛਮੀ ਜੀਵਨ ਤਰਜ ਨੂੰ ਸਮਝਣ ਦਾ ਤੱਤ ਵੀ ਸਮਾਇਆ ਹੋਇਆ ਹੈ। ਇਸੇ

ਤਰ੍ਹਾਂ ਪੰਜਾਬੀ ਲੇਖਕਾਂ ਦੁਆਰਾ ਰੂਸ ਦੀਆਂ ਕੀਤੀਆਂ ਗਈਆਂ ਯਾਤਰਾਵਾਂ ਘੁੰਮਣ-ਫਿਰਨ ਦੀ ਥਾਂ ਉਨ੍ਹਾਂ ਵਿਚੋਂ ਵਿਸ਼ੇਸ਼ ਸਿਧਾਂਤਕ ਉਦੇਸ਼ ਨਜ਼ਰ ਆਉਂਦਾ ਹੈ। ਇਹੀ ਸਿਧਾਂਤਕ ਉਦੇਸ਼ ਮਾਰਕਸਵਾਦੀ ਪ੍ਰਣਾਲੀ ਨਾਲ ਸੰਬੰਧਤ ਹੈ।

ਸਫ਼ਰਨਾਮਾ ਇਕ ਅਜਿਹੀ ਸਾਹਿਤਕ ਵਿਧਾ ਹੈ ਜਿਸ ਵਿਚੋਂ ਅੰਤਰ-ਸਭਿਆਚਾਰਕ ਪ੍ਰਵਿਰਤੀਆਂ ਜਿਹੇ ਮਹੱਤਵਪੂਰਨ ਪੱਖਾਂ ਦਾ ਪਤਾ ਲਗਦਾ ਹੈ। ਇਕ ਵਿਸ਼ੇਸ਼ ਭਾਸ਼ਾ ਜਾਂ ਸਭਿਆਚਾਰ ਨਾਲ ਸੰਬੰਧਤ ਵਿਅਕਤੀ ਜਾਂ ਲੇਖਕ ਜਦੋਂ ਦੂਜੇ ਦੇਸ਼ ਵਿਚ ਜਾਂਦਾ ਹੈ ਤਾਂ ਉਹ ਇਕੱਲਾ ਉਥੋਂ ਦੀ ਭੂਗੋਲਿਕ ਵੰਨ-ਸੁਵੰਨਤਾ, ਕੁਦਰਤੀ ਦ੍ਰਿਸ਼ਾਂ, ਇਤਿਹਾਸਕ ਜਾਂ ਮਿਥਿਹਾਸਕ ਥਾਵਾਂ ਦੀ ਹੀ ਯਾਤਰਾ ਨਹੀਂ ਕਰਦਾ ਸਗੋਂ ਉਹ ਉਸ ਦੇਸ਼ ਦੀ ਸੰਸਕ੍ਰਿਤੀ ਦਾ ਅਧਿਐਨ ਵੀ ਕਰਦਾ ਹੈ, ਜਿਸ ਨਾਲ ਉਥੋਂ ਦੀ ਭਾਸ਼ਾ, ਜੀਵਨ ਤਰਜ, ਸਮਾਜਕ, ਰਾਜਨੀਤਕ ਜਾਂ ਧਾਰਮਕ ਅੰਤਰ-ਸੰਬੰਧਾਂ ਨੂੰ ਵੀ ਚਿਤਰਦਾ ਹੈ। ਉਹ ਉਥੋਂ ਦੀ ਲੋਕਧਾਰਾ ਵਿਚ ਸਮਾਏ ਹੋਏ ਸਹਿਜ ਕੁਦਰਤੀ ਅੰਸ਼ਾਂ ਨੂੰ ਵੀ ਪ੍ਰਗਟ ਕਰਦਾ ਹੈ। ਇਸ ਨਾਲ ਲੇਖਕ ਜਿੱਥੇ ਆਪਣੀ ਸਾਹਿਤਕ ਸੂਝ-ਬੂਝ ਨੂੰ ਉੱਚਾ ਚੁੱਕਦਾ ਹੈ, ਉਥੇ ਸਫ਼ਰਨਾਮੇ ਰਾਹੀਂ ਆਪਣੇ ਲੋਕਾਂ ਜਾਂ ਸਮਾਜ ਨੂੰ ਵੀ ਦੂਸਰੇ ਲੋਕਾਂ ਜਾਂ ਸਮਾਜ ਦੇ ਸਨਮੁੱਖ ਕਰਦਾ ਹੈ। ਇਸ ਪ੍ਰਕਾਰ ਸਫ਼ਰਨਾਮੇ ਰਾਹੀਂ ਲੇਖਕ ਧਰਤੀ ਤੇ ਦੂਰ-ਦੁਰੇਡੀਆਂ ਥਾਵਾਂ, ਸਭਿਆਚਾਰਾਂ ਵਿਚਕਾਰ ਇਕ ਮੂਲ ਸੰਵਾਦ ਪੈਦਾ ਕਰਦਾ ਹੈ। ਇਸ ਤਰ੍ਹਾਂ ਇਕ ਦੇਸ਼ ਜਾਂ ਸਮਾਜ ਨਾਲ ਸੰਬੰਧਤ ਲੋਕ ਦੂਜੇ ਦੇਸ਼ ਜਾਂ ਸਮਾਜ ਦੇ ਲੋਕਾਂ ਦੀਆਂ ਰਵਾਇਤਾਂ ਤੇ ਜੀਵਨ ਅਨੁਭਵਾਂ ਤੋਂ ਕਈ ਅੰਤਰ-ਸੰਵੇਦਨਾਵਾਂ ਪ੍ਰਾਪਤ ਕਰਦੇ ਹਨ। ਸਫ਼ਰਨਾਮਾ ਗਲੋਬਲਾਈਜ਼ੇਸ਼ਨ ਦੀ ਪ੍ਰਕਿਰਿਆ ਦਾ ਇਕ ਪੂਰਵ ਅੰਸ਼ ਹੈ ਜਿਸ ਵਿਚੋਂ ਧਰਤੀ ਦੇ ਵੱਖ-ਵੱਖ ਲੋਕ ਜਾਂ ਕੌਮਾਂ ਇਕ ਸਾਹਿਤਕ ਅੰਤਰ ਦ੍ਰਿਸ਼ਟੀ ਰਾਹੀਂ ਇਕ-ਦੂਜੇ ਦੇ ਨਜ਼ਦੀਕ ਆਉਂਦੀਆ ਹਨ।

ਇਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਮੁੱਢਲੀਆਂ ਯਾਤਰਾਵਾਂ ਦੇ ਰਾਹੀਂ ਮੁੱਢਲੇ ਗਿਆਨ ਅਤੇ ਸੰਸਕ੍ਰਿਤੀਆਂ ਦਾ ਆਦਾਨ-ਪ੍ਰਦਾਨ ਹੋਇਆ। ਜਿਸ ਤਰ੍ਹਾਂ ਪੋਲੈਟੋ ਨੇ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਹਿੱਸਾ ਮਿਸਰ ਵਿਚ ਗੁਜ਼ਾਰਿਆ ਅਤੇ ਅਰਸਤੂ ਨੇ ਵੀ ਆਲੇ-ਦੁਆਲੇ ਦੇ ਕਾਫ਼ੀ ਦੇਸ਼ਾਂ ਦੀ ਯਾਤਰਾ ਕੀਤੀ। ਅਰਸਤੂ ਨੇ ਆਪਣੇ ਸ਼ਾਗਿਰਦ ਸਿਕੰਦਰ ਨੂੰ ਕਿਹਾ ਸੀ ਕਿ ਉਹ ਹਿੰਦੋਸਤਾਨ ਵਿਚ ਜਾ ਕੇ ਉਥੋਂ ਦੇ ਸਾਧੂਆਂ, ਜੀਵ-ਜੰਤੂਆਂ ਅਤੇ ਜੜ੍ਹੀ-ਬੂਟੀਆਂ ਬਾਰੇ ਮੈਨੂੰ ਪ੍ਰਮਾਣਿਤ ਜਾਣਕਾਰੀ ਭੇਜੇ, ਜੋਕਿ ਸਿਕੰਦਰ ਨੇ ਸਮੇਂ-ਸਮੇਂ ’ਤੇ ਬਹੁਤ ਸਾਰੀਆਂ ਜੜ੍ਹੀ-ਬੂਟੀਆਂ, ਰੁੱਖ-ਪੌਦੇ ਅਤੇ ਗਿਆਨ-ਵਿਗਿਆਨ ਵਿਚ ਕੰਮ ਆਉਣ ਵਾਲੀਆਂ ਚੀਜ਼ਾਂ ਦੀ ਜਾਣਕਾਰੀ ਨੂੰ ਯੂਨਾਨ ਭੇਜਿਆ। ਇਸੇ ਤਰ੍ਹਾਂ ਇਬਨਬਤੂਤਾ ਤੇ ਐਲਬਰੂਨੀ ਨੇ ਲਗਭਗ ਤਮਾਮ ਦੁਨੀਆਂ ਦੀ ਵਾਕਫ਼ੀ ਆਪਣੀਆਂ ਯਾਤਰਾਵਾਂ ਦੌਰਾਨ ਪ੍ਰਾਪਤ ਕੀਤੀ ਅਤੇ ਆਉਣ ਵਾਲੀਆਂ ਅਗਲੀਆਂ ਸਦੀਆਂ ਵਿਚ ਉਨ੍ਹਾਂ ਉਹ ਜਾਣਕਾਰੀ ਬਹੁਤ ਜ਼ਿਆਦਾ ਕੰਮ ਆਉਂਦੀ ਰਹੀ। ਇਸੇ ਤਰ੍ਹਾਂ ਹਿਊਨਸਾਂਗ ਤੇ ਫਾਹੀਯਾਨ ਦੁਆਰਾ ਇਕੱਤਰ ਕੀਤੀਆਂ ਇਨ੍ਹਾਂ ਜਾਣਕਾਰੀਆਂ ਨੇ ਸੰਸਕ੍ਰਿਤੀਆਂ ਦੇ ਆਦਾਨ-ਪ੍ਰਦਾਨ ਵਿਚ ਮੁੱਢਲਾ ਹਿੱਸਾ ਪਾਇਆ ਭਾਵੇਂ ਉਨ੍ਹਾਂ ਦੁਆਰਾ ਲਿਖੀਆਂ ਗਈਆਂ ਕਿਤਾਬਾਂ ਨੂੰ ਸਫ਼ਰਨਾਮੇ ਨਹੀਂ ਕਿਹਾ ਜਾ ਸਕਦਾ ਪਰ ਇਹ ਸਫ਼ਰਨਾਮੇ ਦੀ ਸਿਨਫ਼ ਤੋਂ ਬਾਹਰ ਵੀ ਨਹੀਂ ਹਨ।

ਸਫ਼ਰਨਾਮੇ ਦਾ ਅਰਥ ਹੈ ਲੇਖਕ ਦੁਆਰਾ ਕੀਤੀ ਗਈ ਯਾਤਰਾ ਨੂੰ ਬਿਆਨ ਕਰਨਾ। ਲੇਖਕ ਯਾਤਰਾ ਦੌਰਾਨ ਜੋ ਵੀ ਕੌੜੇ-ਮਿੱਠੇ ਅਨੁਭਵ ਪ੍ਰਾਪਤ ਕਰਦਾ ਹੈ ਉਸਨੂੰ ਉਹ ਦਿਲਚਸਪ ਤੇ ਬਿਰਤਾਂਤ-ਯੁਕਤ ਬਣਾ ਕੇ ਪੇਸ਼ ਕਰਦਾ ਹੈ। ਜਿਵੇਂ ਮਨਮੋਹਨ ਬਾਵਾ ਨੇ ਹਿਮਾਲਿਆ ਦੀ ਯਾਤਰਾ ਦੌਰਾਨ ਵੱਖ-ਵੱਖ ਪਹਾੜਾਂ ਜਾਂ ਘਾਟੀਆਂ ਦੇ ਔਖੇ ਰਾਹਾਂ ਅਤੇ ਖ਼ਤਰਨਾਕ ਘਟਨਾਵਾਂ ਦਾ ਬੜੇ ਰੌਚਿਕ ਢੰਗਾਂ ਨਾਲ ਵਰਣਨ ਕੀਤਾ ਹੈ। ਸਫ਼ਰਨਾਮੇ ਵਿਚ ਦ੍ਰਿਸ਼ ਨੂੰ ਬਿਆਨ ਕਰਨ ਦੀ ਸ਼ਕਤੀ ਬਹੁਤ ਕੰਮ ਆਉਂਦੀ ਹੈ। ਜਿਸ ਲੇਖਕ ਵਿਚ ਦ੍ਰਿਸ਼ ਦਾ ਵਰਣਨ ਕਰਨ ਦੀ ਕਾਬਲੀਅਤ ਆਪਣਾ ਬਾ-ਕਮਾਲ ਹੁਨਰ ਰੱਖਦੀ ਹੋਵੇ ਉਸ ਲੇਖਕ ਦਾ ਸਫ਼ਰਨਾਮਾ ਇਕ ਮਹੱਤਵਪੂਰਨ ਸਾਹਿਤਕ ਕਿਰਤ ਬਣ ਜਾਂਦਾ ਹੈ। ਕਈ ਵਾਰੀ ਲੇਖਕ ਇਸ ਹੁਨਰ ਦੇ ਰਾਹੀਂ ਭੂਗੋਲਿਕ ਦ੍ਰਿਸ਼ਾਂ ਨੂੰ ਲੋਕਾਂ ਦੇ ਜ਼ਿਹਨ ਨਾਲ ਇਕਮਿਕ ਕਰਕੇ ਦਿਖਾ ਦਿੰਦਾ ਹੈ। ਇਸਦਾ ਅਰਥ ਇਹ ਹੈ ਕਿ ਲੋਕਾਂ ਦੇ ਸੁਭਾਅ, ਜੀਵਨ ਅਤੇ ਆਲੇ-ਦੁਆਲੇ ਵਿਚ ਇਕ ਅੰਦਰੂਨੀ ਇਕਮਿਕਤਾ ਹੁੰਦੀ ਹੈ ਜਿਹੜੀ ਉਸ ਤਰ੍ਹਾਂ ਨਜ਼ਰ ਨਹੀਂ ਆਉਂਦੀ ਪਰ ਉਹਦੇ ਕੋਲ ਜੀਵਨ ਦੀ ਸਮੂਹਿਕਤਾ ਵਿਚ ਸਮਾਈ ਹੁੰਦੀ ਹੈ।

ਸਫ਼ਰਨਾਮੇ ਵਿਚ ਬਿਰਤਾਂਤ ਦੀ ਜੁਗਤ ਵੀ ਬਹੁਤ ਮਹੱਤਵ ਰੱਖਦੀ ਹੈ। ਬਿਰਤਾਂਤ ਦਾ ਅਰਥ ਹੈ ਵੰਨ-ਸੁਵੰਨਤਾ ਜਾਂ ਬਹੁ ਪਰਤਾਂ ਨੂੰ ਹੀ ਕਿਸੇ ਵਿਸ਼ੇਸ਼ ਨੁਕਤੇ ਰਾਹੀਂ ਦੇਖਣਾ। ਲੇਖਕ ਬਿਰਤਾਂਤ ਦੀ ਜੁਗਤ ਰਾਹੀਂ ਕਿਸੇ ਵਿਸ਼ੇਸ਼ ਦੇਸ਼ ਦੀ ਸੰਸਕ੍ਰਿਤੀ ਨੂੰ ਉਸਦੇ ਵਿਸ਼ੇਸ਼ ਅਰਥਰੂਪ ਵਿਚ ਵੇਖ ਲੈਂਦਾ ਹੈ। ਉਹ ਉਨ੍ਹਾਂ ਦੇ ਕਿਸੇ ਅਜਿਹੇ ਨਿਯਮ ਨੂੰ ਵੇਖ ਲੈਂਦਾ ਹੈ ਜਿਹੜਾ ਉਨ੍ਹਾਂ ਦੇ ਜੀਵਨ ਦੇ ਅੰਦਰੂਨੀ ਤੇ ਬਾਹਰੀ ਵਰਤਾਰਿਆਂ ਵਿਚ ਸਮਾਇਆ ਹੁੰਦਾ ਹੈ। ਸਫ਼ਰਨਾਮੇ ਦੀ ਭਾਸ਼ਾ ਤੇ ਸ਼ੈਲੀ ਸਰਲ ਤੇ ਸਪੱਸ਼ਟ ਹੋਣੀ ਚਾਹੀਦੀ ਹੈ। ਲੇਖਕ ਨੂੰ ਯਾਤਰਾ ਦੌਰਾਨ ਮਿਲੇ ਲੋਕਾਂ ਨਾਲ ਹੋਈਆਂ ਵਾਰਤਾਲਾਪਾਂ ਦੇ ਕੁਝ ਅੰਸ਼ ਵੀ ਦੇਣੇ ਚਾਹੀਦੇ ਹਨ ਜਾਂ ਸੰਬੰਧਤ ਭਾਸ਼ਾ ਦੇ ਸ਼ਬਦ ਵੀ ਦੇਣੇ ਚਾਹੀਦੇ ਹਨ ਅਤੇ ਉਨ੍ਹਾਂ ਸ਼ਬਦਾਂ ਦੇ ਅਰਥ ਵੀ ਨਾਲ ਦਿੱਤੇ ਜਾਣੇ ਚਾਹੀਦੇ ਹਨ। ਹੱਥਲਾ ਵਿਸ਼ੇਸ਼ ਸਫ਼ਰਨਾਮਾ ਅੰਕ ੨੦੨੨ ਸਾਡਾ ਸਾਹਿਤ ਪੰਜਾਬੀ ਜੰਮੂ-ਕਸ਼ਮੀਰ ਦੇ ਲੇਖਕ ਵੱਲੋਂ ਹੋਈਆਂ ਦੇਸ਼-ਬਦੇਸ਼ ਦੀਆਂ ਯਾਤਰਾਵਾਂ ਇਕੱਤਰ ਕਰਕੇ ਪੁਸਤਕ (ਸਾਡਾ ਸਾਹਿਤ) ਦੇ ਰੂਪ ਵਿਚ ਛਾਪਣਾ ਸਮੇਂ ਦੀ ਬੇਹਦ ਜ਼ਰੂਰਤ ਹੈ। ਆਸ ਹੈ ਸਾਡਾ ਇਹ ਉਪਰਾਲਾ ਪਸੰਦ ਆਵੇਗਾ।

**ਪੋਪਿੰਦਰ ਸਿੰਘ ਪਾਰਸ**
**ਸੰਪਾਦਕ**

# ਅੰਦਰ ਝਾਤ


- ਫੁੱਲ ਮੁਰਝਾਉਂਦੇ ਨੇ... / *ਹਰਮੋਹਿੰਦਰ ਸਿੰਘ ਹਰਜੀ / 7*
- ਯਾਤਰਾ ਹੇਮਕੁੰਟ ਸਾਹਿਬ / *ਦੀਦਾਰ ਸਿੰਘ / 45*
- ਮੇਰੀ ਯੂ.ਕੇ. ਦੀ ਫੇਰੀ / *ਅਜੀਤ ਸਿੰਘ ਮਸਤਾਨਾ / 51*
- ਬਹਾਦੁਰਾਂ ਦੇ ਦੇਸ਼ ਨੇਪਾਲ ਵਿਚ / *ਡਾ. ਮੋਨੋਜੀਤ / 76*
- ਮੇਰਾ ਪਾਕਿਸਤਾਨ ਦਾ ਸਫ਼ਰਨਾਮਾ / *ਡਾ. ਜਸਬੀਰ ਸਿੰਘ ਸਰਨਾ / 82*
- ਝੀਲਾਂ ਦੇ ਸ਼ਹਿਰ ਦੀ ਯਾਤਰਾ / *ਰਤਨ ਸਿੰਘ ਕੰਵਲ / 98*

# ਫੁੱਲ ਮੁਰਝਾਉਂਦੇ ਨੇ...

❑ ਹਰਮੋਹਿੰਦਰ ਸਿੰਘ ਹਰਜੀ

ਹਮੇਸ਼ਾ ਮਨੁੱਖ ਦੀ ਤਾਂਘ ਰਹਿੰਦੀ ਹੈ ਕਿ ਉਹ ਸੰਸਾਰ ਦੇ ਦੇਸ਼ਾ ਨੂੰ ਵੇਖੇ। ਲੋਕਾਈ ਦੇ ਨੇੜੇ ਹੋ ਕੇ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੇ। ਇਹ ਸਫ਼ਰ ਖ਼ਾਲੀ ਹੱਥ ਨਹੀਂ ਹੁੰਦਾ, 'ਜਿਨ੍ਹਾਂ ਦੇ ਕਮਲੇ ਵੀ ਸਿਆਣੇ' ਜੇ ਪੱਲੇ ਦਾਣੇ ਨਹੀਂ ਹਰ ਖ਼ਾਹਿਸ਼, ਖ਼ਾਹਿਸ਼ ਹੀ ਰਹਿੰਦੀ ਹੈ। ਹਰ ਵਿਅਕਤੀ ਦਾ ਦਿਲ ਕਰਦਾ ਹੈ ਕਿ ਉਹ ਦੂਜੇ ਦੇਸ਼ਾ ਦਿਆਂ ਲੋਕਾਂ ਨੂੰ ਮਿਲੇ, ਉਨ੍ਹਾਂ ਦੇ ਸਭਿਆਚਾਰ ਤੇ ਸਭਿਅਤਾ ਨੂੰ ਵੇਖੇ ਪਰਖੇ। ਧਰਤੀ ਤਾਂ ਸਾਰੀ ਇਕੋ ਜਿਹੀ ਹੁੰਦੀ ਹੈ, ਪਰ ਜਲਵਾਯੂ, ਭੂਗੋਲਿਕ ਵੇਰਵਾ, ਕੁਦਰਤੀ ਵਾਤਾਵਰਨ, ਰਹਿਣੀ ਬਹਿਣੀ, ਸਭਿਆਚਾਰ ਅਤੇ ਸਭਿਅਤਾ ਤੇ ਭਾਸ਼ਾ ਕਾਰਨ ਭਿੰਨ-ਭਿੰਨ ਲਗਦੇ ਹਨ। ਦੇਸ਼ ਆਪਣੇ ਆਪ ਉੱਨਤੀ ਤੇ ਵਿਕਾਸ ਨਹੀਂ ਕਰਦੇ ਬਲਕਿ ਸਾਰੇ ਲੋਕ ਮਿਲ ਕੇ, ਸਭਿਅਕ ਤੇ ਉੱਨਤੀ ਦੀਆਂ ਲੀਹਾਂ ਤੇ ਤੁਰਦੇ ਹਨ। ਰੂਸੋ ਨੇ ਕਿਹਾ ਸੀ ਅਗਰ ਕਿਸੇ ਨੇ ਪਹਿਲੀ ਵੰਡਣ ਵਾਲੀ ਕੰਧ ਨੂੰ ਭੰਨਿਆ ਹੁੰਦਾ ਅੱਜ ਸਾਰੀ ਦੁਨੀਆਂ ਇਕ ਹੁੰਦੀ ਅਤੇ ਮੁਲਕਾਂ ਵਿਚ ਆਪਸੀ ਬਖੇੜੇ ਨਾ ਹੁੰਦੇ।

ਸਰਕਾਰ ਚਲਾਉਣਾ ਵੀ ਇਕ ਕਲਾ ਹੈ ਪਰ ਕਨੇਡਾ, ਅਮਰੀਕਾ ਅਤੇ ਯੂਰਪ ਨਾਲੋਂ ਭਾਰਤ ਨੂੰ ਇਕ ਕੁਸ਼ਲ ਦੇਸ਼ ਬਣਨ ਲਈ ਸਮਾਂ ਲਗੇਗਾ। ਭਾਰਤ ਦੇ ਲੋਕਾਂ ਦਾ ਸਿਰ ਸੋਲ੍ਹਵੀਂ ਸਦੀ ਵਿਚ ਅਤੇ ਪੈਰ ਇੱਕੀਵੀਂ ਸਦੀ ਵਿਚ ਹਨ। ਦੇਸ਼ ਤੋਂ ਬਾਹਰ ਜਾਣ ਦੀ ਤਾਂਘ ਮੇਰੇ ਜ਼ਿਹਨ ਵਿਚ ਉਸਲਵੱਟੇ ਲੈ ਰਹੀ ਸੀ। ਮੈਂ ਤੇ ਮੇਰੀ ਪਤਨੀ ਨੇ ਜਾਣ ਦੀ ਤਿਆਰੀ ਕਰ ਲਈ ਸੀ ਅਤੇ ਜਾਣ ਲਈ ਵਿਆਕੁਲ ਹੋ ਰਹੇ ਸਾਂ। ਸਾਡੇ ਟਿਕਟ ਤੇ ਵੀਜ਼ਾ ਪੁੱਜ ਚੁੱਕਾ ਸੀ, ਜਿਸ ਨੂੰ ਅੱਖੋਂ ਪਰੋਖੇ ਨਹੀਂ ਸੀ ਕੀਤਾ ਜਾ ਸਕਦਾ। ਮੈਂ ਘਰ ਦੀ ਜ਼ਿੰਮੇਵਾਰੀ ਅਤੇ ਆਪਣੀ ਕਈ ਸਮੱਸਿਆਵਾਂ ਦੀ ਜ਼ਿੰਮੇਵਾਰੀ ਵੀ ਵੱਡੇ ਪੁੱਤਰ ਦੇ ਮੋਢਿਆਂ ’ਤੇ ਛੱਡ ਦਿੱਤੀ। ਉਧਰ ਮੇਰੀ ਧੀ ਵੀ ਆਉਣ ਲਈ ਜ਼ੋਰ ਪਾ ਰਹੀ ਸੀ।

ਏਅਰਵੇਜ਼ ਵਿਚ ਜਾਣ ਵਾਲਿਆਂ ਦੀ ਜ਼ਿਆਦਾ ਗਿਣਤੀ ਹੋਣ ਕਾਰਨ ਮੈਂ ਆਪਣੀ ਪਤਨੀ ਨੂੰ ਪਹਿਲਾਂ ਭੇਜਣ ਦੀ ਵਿਉਂਤ ਬਣਾ ਲਈ ਅਤੇ ਦੂਜੇ ਦਿਨ ਸੀਟ ਹੋਣ ’ਤੇ ਮੈਂ ਜਾਵਾਂਗਾ, ਪਰ ਸਟਾਫ਼ ਦੀ ਮਿਹਰ ਕਾਰਨ ਮੈਨੂੰ ਜਹਾਜ਼ ਵਿਚ ਸੀਟ ਮਿਲ ਗਈ ਅਤੇ ਅਸੀਂ ਦੋਵੇਂ ਦਿੱਲੀ ਪੁੱਜ ਗਏ। ਹਵਾਈ ਅੱਡੇ ਤੋਂ ਟੈਕਸੀ ਰਾਹੀਂ 12.12.2009 ਨੂੰ ਆਪਣੇ ਪੁੱਤਰ ਪਿੰਦਰ ਦੇ ਘਰ ਪੁੱਜ ਗਏ। ਜੋ ਹਵਾਈ ਜਹਾਜ਼ ’ਤੇ ਸਾਨੂੰ ਲੈਣ ਆਇਆ ਸੀ। 17.12.2009 ਨੂੰ ਅਸੀਂ ਕਨੇਡਾ ਦਾ ਸਫ਼ਰ ਕਰਨ ਲਈ ਤਿਆਰ ਬੈਠੇ ਸਾਂ। ਮੈਂ ਤੇ ਮੇਰੀ ਪਤਨੀ ਜਾਣ ਤੋਂ ਇਕ ਦਿਨ ਪਹਿਲਾਂ ਆਪਣੇ ਭਰਾ ਇਛਪਾਲ ਦੇ ਘਰ ਦਵਾਰਕਾ ਪੁੱਜ ਗਏ ਅਤੇ 18.12.09 ਨੂੰ ਇਛਪਾਲ ਜੀ ਲਈ ਮੇਰਾ ਪੁੱਤਰ ਪਿੰਦਰ ਵੀ ਆਇਆ ਸੀ। ਸਾਡੇ ਹਵਾਈ ਜਹਾਜ਼ ਦੀ ਉਡਾਨ ਤਿੰਨ ਵੱਜ ਕੇ ਪੰਜ ਮਿੰਟ ਸਵੇਰੇ ਸੀ। ਇਸ ਤੋਂ ਪਹਿਲਾਂ ਸਾਡੀ ਰਿਆਇਤੀ ਟਿਕਟ ਹੋਣ ਕਾਰਨ, ਬਹੁਤੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਸੀਟ ਨਾ ਮਿਲੀ। ਅੰਤਰਰਾਸ਼ਟਰੀ ਹਵਾਈ ਅੱਡਾ ਬਹੁਤ ਵੱਡਾ ਤੇ ਆਧੁਨਿਕ ਹੈ। ਇਸਦਾ ਦਰਜਾ ਸੰਸਾਰ ਦੇ ਗਿਣੇ-ਚੁਣੇ ਹਵਾਈ ਅੱਡਿਆਂ ’ਚ ਹੁੰਦਾ ਹੈ ਅਤੇ ਇਸ ’ਤੇ ਸਾਰੀ ਰਾਤ ਲੋਕਾਂ ਦੀ ਆਵਾਜਾਈ ਰਹਿੰਦੀ ਹੈ। ਇਉਂ ਲਗਦਾ ਹੈ ਜਿਵੇਂ ਇੱਥੇ ਰਾਤ ਹੁੰਦੀ ਹੀ ਨਹੀਂ।

ਸੀਟ ਨਾ ਮਿਲਣ ਕਾਰਨ ਅਸੀਂ ਸਵੇਰੇ ਚਾਰ ਵਜੇ ਘਰ ਵਾਪਸ ਆ ਗਏ ਅਤੇ ਦੁਬਾਰਾ ਚਾਂਸ ਲੈਣ ਦੀ ਠਾਣ ਲਈ, ਅੱਠ ਦਿਨ ਠਹਿਰਨ ਤੋਂ ਬਾਅਦ ਅਸੀਂ ਦੋਵੇਂ 28.12.09 ਨੂੰ ਦੁਬਾਰਾ ਹਵਾਈ ਅੱਡੇ ’ਤੇ ਪੁੱਜ ਗਏ। ਪਰ ਆਉਣ-ਜਾਣ ਦੀ ਤਕਲੀਫ਼ ਹੋਣ ਕਾਰਨ ਕੁਝ ਬੇਚੈਨ ਸੀ। ਮੈਨੇਜਰ ਦਿੱਲੀ ਦਾ ਰਹਿਣ ਵਾਲਾ ਬੀਬਾ ਬੰਦਾ ਸੀ। ਉਸਨੇ ਭਰੋਸਾ ਦਿੱਤਾ ਕਿ ਅੱਜ ਤੁਹਾਨੂੰ ਭੇਜਾਂਗੇ। ਉਸਨੇ ਕੁਝ ਚਿਰ ਬਾਅਦ ਕਿਹਾ ਕਿ ਤੁਸੀਂ ਆਪਣੇ ਸਾਮਾਨ ਦਾ ਵਜ਼ਨ ਕਰਾਉਣ ਲਈ ਲੈ ਜਾਉ। ਸਾਮਾਨ ਤੋਲਣ ਤੋਂ ਬਾਅਦ ਸੂਟਕੇਸਾਂ ਨੂੰ ਟੈਗ ਲਗਾਏ ਗਏ ਅਤੇ ਸਾਨੂੰ ਬੋਰਡਿੰਗ ਕਾਰਡ ਮਿਲ ਗਏ। ਸਾਮਾਨ ਰੋੜਵੀਂ ਪੱਟੀ 'ਤੇ ਜਹਾਜ਼ ਵਿਚ ਲੱਦਣ ਲਈ ਆਪਣੇ ਆਪ ਜਹਾਜ਼ ਕੋਲ ਪੁੱਜ ਗਿਆ। ਅਸੀਂ ਇਮੀਗ੍ਰੇਸ਼ਨ ਪੜਤਾਲ ਲਈ ਆਪਣੇ ਫਾਰਮ ਇਮੀਗ੍ਰੇਸ਼ਨ ਅਧਿਕਾਰੀ ਨੂੰ ਥਮ੍ਹਾ ਦਿਤੇ। ਉਸਦੇ ਸਾਡੇ ਬੋਰਡਿੰਗ ਕਾਰਡਾਂ 'ਤੇ ਮੋਹਰ ਲਾਉਣ ਤੋਂ ਬਾਅਦ ਅਸੀਂ ਗੇਟ ਨੰਬਰ ਪੰਜ ਵਲ ਜਹਾਜ਼ ਵਿਚ ਬਹਿਣ ਲਈ ਤੁਰ ਪਏ। ਜਹਾਜ਼ 737 ਬੋਇੰਗ ਸੀ ਅਤੇ ਵਿਸ਼ਾਲ ਹੋਣ ਕਾਰਨ ਇਸ ਵਿਚ 340 ਮੁਸਾਫ਼ਰ ਕਨੇਡਾ ਜਾਣ ਲਈ ਸੀਟਾਂ 'ਤੇ ਬੈਠੇ ਸੀ। ਬੋਰਡਿੰਗ ਕਾਰਡ 'ਤੇ ਹੀ ਸੀਟ ਨੰਬਰ ਦਿੱਤਾ ਹੁੰਦਾ ਹੈ। ਸੀਟ ਲੱਭਣ ਵਿਚ ਕੋਈ ਮੁਸ਼ਕਲ ਨਹੀਂ ਆਉਂਦੀ। ਜਹਾਜ਼ ਵਿਚ ਬਹੁਤੇ ਭਾਰਤੀ ਸਨ। ਜਹਾਜ਼ ਦਾ ਸਫ਼ਰ ਬਹੁਤ ਸੁਖਾਵਾਂ ਸੀ। ਜਹਾਜ਼ ਦਾ ਅਮਲਾ-ਫੈਲਾ ਬਹੁਤ ਸਾਊ ਸੀ ਅਤੇ ਸੁਭਾਅ ਦਾ ਵੀ ਚੰਗਾ ਸੀ। ਏਅਰ ਹੋਸਟੈਸਾਂ ਬਹੁਤ ਸ਼ੀਲ-ਸਲੀਕੇ ਨਾਲ ਹਰ ਮੁਸਾਫ਼ਰ ਦਾ ਖ਼ਿਆਲ ਰੱਖਦੀਆਂ ਸਨ। ਖਾਣ-ਪੀਣ ਦੀ ਕੋਈ ਥੁੜ੍ਹ ਨਹੀਂ ਸੀ ਹਰ ਮੁਸਾਫ਼ਰ ਨੂੰ ਮਰਜ਼ੀ ਅਨੁਸਾਰ ਖਾਣਾ ਮਿਲਦਾ ਸੀ ਤੇ ਹਰ ਚੀਜ਼ ਸਮੇਂ ਸਿਰ ਮਿਲਦੀ ਸੀ।

ਰਾਤ ਦਾ ਸਮਾਂ ਹੋਣ ਕਾਰਨ ਬਹੁਤੇ ਮੁਸਾਫ਼ਰ ਉਂਘ ਰਹੇ ਸਨ। ਕੁਝ ਕੁ ਪੁਸਤਕਾਂ ਪੜ੍ਹ ਰਹੇ ਸਨ। ਕੁਝ ਇਕ-ਦੂਜੇ ਨੂੰ ਵੇਖ ਕੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਲੇਖਾ-ਜੋਖਾ ਕਰ ਰਹੇ ਸਨ। ਕੁਝ ਪਹਿਲੀ ਵਾਰ ਜਹਾਜ਼ ਵਿਚ ਕਨੇਡਾ ਜਾਣ ਲਈ ਮਨ ਦੇ ਲੱਡੂ ਘੋਲ ਰਹੇ ਸਨ ਅਤੇ ਕੁਝ ਪੱਬਾਂ ਭਾਰ ਹੋਏ ਤੇ ਕਈਆਂ ਨੂੰ ਦਿਲ ਵਿਚ ਪਹਿਲੀ ਵਾਰ ਜਾਣ ਦਾ ਖ਼ੌਫ਼ ਸੀ। ਕੁਝ ਜਲਦੀ ਪੁੱਜਣ ਦੇ ਚਾਅ ਵਿੱਚ ਸਨ। ਇਹ ਸਭ ਕੁਝ ਉਨ੍ਹਾਂ ਦੇ ਚਿਹਰੇ ਦੇ ਹਾਵ-ਭਾਵ ਤੋਂ ਲੱਗ ਰਿਹਾ ਸੀ। ਸਾਡੀ ਸੀਟ ਤੀਜੇ ਕੈਬਨ ਵਿਚ ਸੀ ਤੇ ਸੀਟ ਨੰਬਰ 12-13 ਐਫ਼ ਸੀ। ਜਹਾਜ਼ ਵਿਚ ਕੁਝ ਹੀ ਸਿੱਖ ਸਾਬਤ ਸੂਰਤ ਸਨ ਅਤੇ ਬਹੁਤਿਆਂ ਦੀ ਦਾੜ੍ਹੀ ਕੇਸਾਂ ਨੂੰ ਚੂਹਾ ਕੁਤਰ ਗਿਆ ਸੀ।

ਸਾਡਾ ਜਹਾਜ਼ 28.12.09 ਨੂੰ ਸਵੇਰੇ 7.45 ਬਰਸਲ ਪੁੱਜ ਗਿਆ। ਬਰਸਲ ਬੈਲਜ਼ੀਅਮ ਦੀ ਰਾਜਧਾਨੀ ਹੈ-ਇਥੇ ਹਰ ਜਾਤੀ ਅਤੇ ਧਰਮ ਦੇ ਲੋਕ ਰਹਿੰਦੇ ਹਨ। ਆਟੋਮਨ ਸਲਤਨਤ (Ottoman Empire) ਦੇ ਸਮਾਪਤ ਹੋਣ ਕਾਰਨ ਮੁਸਲਮਾਨ ਇਥੇ ਆਣ ਵਸੇ ਸਨ-ਇਹ ਪੂਰੀ ਬੈਲਜ਼ੀਅਮ ਦੀ ਜਨਸੰਖਿਆ ਦੇ 10% ਹਨ। ਇਨ੍ਹਾਂ ਦੀ ਸਮਾਜਿਕ-ਆਰਥਿਕ ਦਸ਼ਾ ਪਤਲੀ ਹੈ। ਬਰਸਲ ਰਮਣੀਕ ਸ਼ਹਿਰ ਹੈ। ਰਾਤ ਸਮੇਂ ਜਹਾਜ਼ ਦੀ ਬਾਰੀ 'ਚੋਂ ਵੇਖਦਿਆਂ ਇਉਂ ਲਗਦਾ ਹੈ ਜਿਵੇਂ ਕਰੋੜਾਂ ਦੀ ਗਿਣਤੀ ਵਿਚ ਤਾਰੇ ਧਰਤੀ ’ਤੇ ਟਿਮਟਿਮਾ ਰਹੇ ਹੋਣ। ਬਰਸਲ ਦਾ ਹਵਾਈ ਅੱਡਾ ਬਹੁਤ ਵਿਸ਼ਾਲ ਹੈ ਅਤੇ ਇਸ ’ਤੇ ਸੈਂਕੜੇ ਜਹਾਜ਼ ਉਡਾਣ ਭਰਨ ਲਈ ਖੰਭ ਖਿਲਾਰ ਰਹੇ ਸਨ। ਯੂਰਪ ਵਿਚ ਦਸੰਬਰ ਤੇ ਜਨਵਰੀ ਠੰਡੇ ਮਹੀਨੇ ਹੁੰਦੇ ਹਨ। ਭਾਵੇਂ ਕਿੰਨੀ ਠੰਡ ਜਾਂ ਬਰਫ਼ ਹੋਵੇ ਇਹ ਲੋਕ ਕੰਮਕਾਜ ਵਿਚ ਰੁੱਝੇ ਰਹਿੰਦੇ ਹਨ। ਦੇਸ਼ ਪਿਆਰ ਇਨ੍ਹਾਂ ਵਿਚ ਠਾਠਾਂ ਮਾਰਦਾ ਹੈ। ਕੰਮ ਇਨ੍ਹਾਂ ਲਈ ਗੁਣ ਤੇ ਪੂਜਾ ਹੈ। ਇਥੇ ਰਾਤ ਦਾ ਤਾਪਮਾਨ ਮਾਈਨਸ 13 ਡਿਗਰੀ ਸੈਲਸੀਅਸ ਤੱਕ ਗਿਰ ਜਾਂਦਾ ਹੈ। ਜਹਾਜ਼ ਵਿਚ ਸ਼ੀਤ ਲਹਿਰ ਵੜਨ ਦਾ ਨਾਂ ਨਹੀਂ ਲੈਂਦੀ ਪਰ ਜਹਾਜ਼ ਤੋਂ ਬਾਹਰ ਬਹੁਤ ਠੰਡੀ ਹੁੰਦੀ ਹੈ।

ਬਰਸਲ ਪੁੱਜ ਕੇ ਹਰ ਮੁਸਾਫ਼ਰ ਨੂੰ ਜਹਾਜ਼ 'ਚੋਂ ਹੇਠਾਂ ਉਤੱਰ ਕੇ ਆਪਣੇ ਸਾਮਾਨ, ਤੇ ਆਪਣੇ ਵੀਜ਼ੇ ਦੀ ਜਾਂਚ ਕਰਾਉਣੀ ਪੈਂਦੀ ਹੈ। ਮੁਸਾਫ਼ਰ ਨੂੰ ਆਪਣੇ ਬੂਟ ਤੇ ਜੁਰਾਬਾਂ ਵੀ ਉਤਾਰਨੇ ਪੈਂਦੇ ਹਨ। ਔਰਤਾਂ ਨੂੰ ਅਲੱਗ ਕੈਬਿਨ ਵਿਚ ਛਾਣ-ਬੀਣ ਕਰਾਉਣੀ ਪੈਂਦੀ ਹੈ। ਇਥੇ ਜਹਾਜ਼ ਦੋ ਘੰਟੇ ਰੁਕਦਾ ਹੈ।

ਮੇਰੇ ਨਾਲ ਪੰਜਾਬ ਦਾ ਰਣਜੀਤ ਸਿੰਘ, ਜਿਹੜਾ ਕਨੇਡਾ ਦਾ ਸ਼ਹਿਰੀ ਬਣ ਚੁੱਕਾ ਸੀ-ਮੈਂ ਉਸਦੇ ਪਿੱਛੇ-ਪਿੱਛੇ ਚੱਲ ਪਿਆ। ਉਸਦੀ ਪਤਨੀ ਵੀ ਉਸ ਨਾਲ ਸੀ ਅਤੇ ਦੋਵੇਂ ਤੀਵੀਆਂ ਦੇ ਆਪਸੀ ਵਿਚਾਰ-ਵਟਾਂਦਰੇ ਨਾਲ ਸਫ਼ਰ ਸੁਖਾਵਾਂ ਹੋ ਗਿਆ।

ਇਕ ਅਜਨਬੀ ਧਰਤੀ 'ਤੇ ਸਫ਼ਰ ਕਰਨਾ ਹਮੇਸ਼ਾ ਤਣਾਉਪੂਰਨ ਹੁੰਦਾ ਹੈ। ਜਦਕਿ ਹਰੇਕ ਬੰਦੇ ਦਾ ਦੂਜੇ ਬੰਦੇ ਨਾਲ ਕੁਝ ਵੀ ਨਹੀਂ ਮਿਲਦਾ ਜਿਵੇਂ ਭਾਸ਼ਾ ਵੀ ਵੱਖਰੀ, ਸਭਿਆਚਾਰ ਤੇ ਰਸਮੋ-ਰਿਵਾਜ, ਆਦਤ ਤੇ ਸੁਭਾਅ ਵੀ ਆਪਸ ਵਿਚ ਨਹੀਂ ਮਿਲਦੇ। ਸੁਰੱਖਿਆ ਜਾਂਚ (Security Check) ਲਈ ਸਾਰੇ ਇਕੋ ਸਫ਼ ਵਿਚ ਖਲੋ ਗਏ। ਹਰ ਵਿਅਕਤੀ ਨੂੰ ਆਪਣਾ ਪਾਸਪੋਰਟ ਤੇ ਆਸਨ ਗ੍ਰਹਿਣ ਪੱਤਰ (Boarding Card) ਆਪਣੇ ਹੱਥ ਵਿਚ ਰੱਖਣਾ ਪੈਂਦਾ ਹੈ। ਇਨ੍ਹਾਂ ਦੁਆਰਾ ਤੁਹਾਡਾ ਨਿਰੀਖਣ ਹੁੰਦਾ ਹੈ। ਹਰ ਸਵਾਰੀ ਨੂੰ ਆਪਣਾ, ਕੋਟ, ਜੈਕਟ, ਹੈਂਡ ਬੈਗ, ਕੈਮਰਾ ਜੋ ਹੋਵੇ, ਬੂਟ, ਜ਼ੁਰਾਬਾਂ, ਸੈਂਡਲ, ਦਸਤਾਨੇ ਅਤੇ ਹੋਰ ਹੱਥ ਵਿਚ ਫੜੀਆਂ ਚੀਜ਼ਾਂ ਨੂੰ ਟਰੇਅ ਵਿਚ ਰਖ ਕੇ ਕੈਮਰੇ ਵਿਚੋਂ ਲੰਘਾਉਣੀਆਂ ਪੈਂਦੀਆਂ ਹਨ। ਸੁਰੱਖਿਆ ਅਧਿਕਾਰੀ ਇਨ੍ਹਾਂ ਦੁਆਰਾ ਹੀ ਨਿਰੀਖਣ ਕਰਦਾ ਹੈ। ਸੁਰੱਖਿਆ ਅਧਿਕਾਰੀ ਆਪਣੇ ਤੌਰ ’ਤੇ ਨਿਰੀਖਣ ਕਰਦਾ ਹੈ ਅਤੇ ਪੁੱਛਦਾ ਹੈ ਤੁਸੀਂ ਕਿੱਥੋਂ ਆਏ ਹੋ। ਕਨੇਡਾ ਤੁਸੀਂ ਕਿਉਂ ਜਾਣਾ ਚਾਹੁੰਦੇ ਹੋ। ਹਰ ਵਿਅਕਤੀ ਨੂੰ ਆਪਣੀ ਵਾਰੀ ’ਤੇ ਲੰਘਣਾ ਪੈਂਦਾ ਹੈ। ਸਾਰੀ ਜਾਂਚ ਪੜਤਾਲ ਤੋਂ ਬਾਅਦ ਅਸੀਂ ਲਾਂਜ ਵਿਚ ਬਹਿ ਗਏ ਅਤੇ ਅਗਲੇ ਸਫ਼ਰ ਦਾ ਇੰਤਜ਼ਾਰ ਕਰਦੇ ਰਹੇ।

ਬਰਸਾਲ ਦਾ ਹਵਾਈ ਅੱਡਾ ਬਹੁਤ ਸਾਫ਼-ਸੁਥਰਾ ਹੈ। ਜਿਸ ਸਮੇਂ ਅਸੀਂ ਪੁੱਜੇ ਬਾਰਸ਼ ਹੋ ਰਹੀ ਸੀ-ਹਵਾਈ ਅੱਡੇ ’ਤੇ ਪਾਣੀ ਦਾ ਇਕ ਕਤਰਾ ਵੀ ਕਿਧਰੇ ਨਜ਼ਰ ਨਹੀਂ ਸੀ ਆ ਰਿਹਾ। ਏਅਰਪੋਰਟ ਦੇ ਸਾਰੇ ਲਾਂਜ ਗਰਮ ਸਨ। ਅੰਦਰ ਸੀਤ ਦੀ ਕੰਬਣੀ ਨਹੀਂ ਸੀ-ਜਿਵੇਂ ਸਾਡੇ ਦੇਸ਼ ਦੇ ਸਾਰੇ ਲਾਂਜਾਂ ਵਿਚ ਹੁੰਦੀ ਹੈ। ਹਰ ਵਿਅਕਤੀ ਇਕ-ਦੂਜੇ ਦੀ ਮਦਦ ਲਈ ਤਿਆਰ ਰਹਿੰਦਾ ਹੈ। ਪਾਣ-ਪੀਣ ਲਈ ਕੰਟੀਨਾਂ ਹਨ ਅਤੇ ਇਨ੍ਹਾਂ ’ਤੇ ਖਾਣ-ਪੀਣ ਦੀ ਹਰ ਚੀਜ਼ ਮਿਲਦੀ ਹੈ। ਯੂਰਪ ਵਿਚ ਕਿਸੇ ਚੀਜ਼ ਦੇ ਖ਼ਰੀਦਣ ਲਈ ਯੂਰੋ ਅਤੇ ਅਮਰੀਕਨ ਡਾਲਰ ਦਾ ਹੋਣਾ ਬਹੁਤ ਜ਼ਰੂਰੀ ਹੈ।-ਇਥੇ ਕਿਸੇ ਹੋਰ ਦੇਸ਼ ਦੀ ਮੁਦਰਾ ਵਿਚ ਲੈਣ-ਦੇਣ ਨਹੀਂ ਹੁੰਦਾ।

ਸਾਡੇ ਜਹਾਜ਼ ਦਾ ਅਗਲਾ ਪੈਂਡਾ ਟਰਾਂਟੋ ਸੀ-ਸਾਡਾ ਟਿਕਟ ਟਰਾਂਟੋ ਤੱਕ ਸੀ। ਉਸ ਤੋਂ ਬਾਅਦ ਦਾ ਸਫ਼ਰ ਕਨੇਡੀਅਨ ਏਅਰ ਲਾਈਨ ਦੇ ਜਹਾਜ਼ ਵਿਚ ਕਰਨਾ ਸੀ, ਜਿਸਦੇ ਟਿਕਟ ਅਸਾਂ ਪਹਿਲਾਂ ਹੀ ਬੁਕ ਕੀਤੇ ਹੋਏ ਸਨ। ਜਹਾਜ਼ 10.50 ਸ਼ਾਮ ਏਅਰ ਬੋਰਨ ਹੋਣਾ ਸੀ। ਜਹਾਜ਼ ਦੇ ਪੂਰੇ ਸਫ਼ਰ ਦਾ ਵੇਰਵਾ ਕੁਰਸੀਆਂ ਸਾਹਵੇਂ ਲੱਗੇ ਪਰਦੇ ’ਤੇ ਆਉਂਦਾ ਹੈ। ਜਹਾਜ਼ ਪ੍ਰਸ਼ਾਂਤ ਮਹਾਂਸਾਗਰ ਤੋਂ ਲੰਘਦਿਆਂ ਇਉਂ ਲਗਦਾ ਸੀ ਜਿਵੇਂ ਜਹਾਜ਼ ਸਮੁੰਦਰ ਦੀਆਂ ਛਲਾਂ ਨਾਲ ਖਹਿ ਕੇ ਲੰਘ ਹਿਹਾ ਹੋਵੇ। ਜਹਾਜ਼ ਵਿਚ ਕੋਈ ਫ਼ਿਲਮ ਵੇਖ ਰਿਹਾ ਸੀ, ਕੋਈ ਅੱਖਾਂ ਬੰਦ ਕਰਦੇ ਸੋਚ ਰਿਹਾ ਸੀ ਅਤੇ ਕੋਈ ਘੂਕ ਨੀਂਦਰ ਵਿਚ ਸੁੱਤਾ ਹੋਇਆ ਸੀ।

29.12.09 ਨੂੰ ਸਾਡਾ ਜਹਾਜ਼ 2.30 ਵਜੇ ਦੁਪਹਿਰ ਨੂੰ ਟਰਾਂਟੋ ਦੇ ਹਵਾਈ ਅੱਡੇ ’ਤੇ ਉਤਰਿਆ ਅਤੇ ਸਵਾਰੀਆਂ ਸਹਿਜੇ-ਸਹਿਜੇ ਬਾਹਰ ਆਈਆਂ ਅਤੇ ਕਸਟਮ ਜਾਂਚ ਲਈ ਕੈਬਨ ਸਾਹਵੇਂ ਸਫ਼ ਵਿਚ ਖਲੋ ਗਈਆਂ ਅਤੇ ਆਪਣੀ-ਆਪਣੀ ਵਾਰੀ ਹਰੇਕ ਕਸਟਮ ਅਧਿਕਾਰੀ ਸੱਦਦਾ ਸੀ। ਸਾਨੂੰ ਜਹਾਜ਼ ਵਿਚ ਇਕ ਫਾਰਮ ਦਿੱਤਾ ਗਿਆ ਸੀ, ਜਿਸਨੂੰ ਭਰ ਕੇ ਆਪਣੇ ਕੋਲ ਰੱਖਣਾ ਸੀ ਅਤੇ ਕਸਟਮ ਵਾਲਿਆਂ ਨੂੰ ਵਾਪਸ ਕਰਨਾ ਸੀ। ਜਿਸਦੀ ਜਾਂਚ ਕਰਨ ਤੋਂ ਬਾਅਦ ਵਾਪਸ ਕਰ ਦਿੱਤਾ ਸੀ। ਮੇਰੀਆਂ ਚੀਜ਼ਾਂ ਕਥ-ਮੁਕਤ ਸਨ, ਇਸ ਤੋਂ ਬਾਅਦ ਅਸੀਂ ਇਮੀਗ੍ਰਸ਼ਨ ਅਧਿਕਾਰੀ ਦੇ ਕਮਰੇ ਵਿਚ ਗਏ, ਜਿਥੇ ਯਾਤਰੀਆਂ ਦੀਆਂ ਕਤਾਰਾਂ ਸਨ-ਨਾ ਕੋਈ ਜਮਘਟਾ ਜਾਂ ਮਾਰਾ-ਮਾਰੀ ਸੀ, ਨਾ ਹੀ ਕੋਈ ਸਮੂਹ ਦੀ ਸ਼ਕਲ ਵਿਚ ਕੈਬਨ ਸਾਹਮਣੇ ਹਜੂਮ ਦੀ ਸੂਰਤ ਵਿਚ ਖਲੋਤਾ ਸੀ-ਹਰੇਕ ਵਿਅਕਤੀ ਆਪਣੀ-ਆਪਣੀ

ਵਾਰੀ 'ਤੇ ਸੱਦਿਆ ਜਾਂਦਾ ਸੀ। ਹਰ ਕੈਬਨ ਸਾਹਮਣੇ ਇਕ ਪੀਲੀ ਲਕੀਰ ਖਿੱਚੀ ਹੋਈ ਸੀ, ਜਿਸਨੂੰ ਪਹਿਲਾਂ ਕੋਈ ਲੰਘ ਨਹੀਂ ਸੀ ਸਕਦਾ। ਪੁੱਛਗਿੱਛ ਤੋਂ ਬਾਅਦ ਉਸਨੂੰ ਜਾਣ ਦਿਤਾ ਜਾਂਦਾ ਸੀ।

ਇਮੀਗ੍ਰੇਸ਼ਨ ਅਧਿਕਾਰੀ ਦੇ ਪ੍ਰਸ਼ਨਾਂ ਨੂੰ ਸੁਣ ਕੇ ਠਰ੍ਹੰਮੇ ਨਾਲ ਉਤੱਰ ਦੇਣਾ ਪੈਂਦਾ ਹੈ। ਜੋ ਪ੍ਰਸ਼ਨ ਪੁੱਛਣ ਉਸੇ ਦਾ ਉਤੱਰ ਦੇਣਾ ਚਾਹੀਦਾ ਹੈ। ਕਿਉਂਕਿ ਉਹ ਗੱਲ 'ਚੋਂ ਗੱਲ ਕੱਢਦੇ ਹਨ-ਜਿਸ ਰਾਹੀਂ ਵਿਅਕਤੀ ਲਈ ਸਮੱਸਿਆ ਉਤਪੰਨ ਹੋ ਸਕਦੀ ਹੈ। ਸਵਾਰੀਆਂ ਨੂੰ ਚਲਾਕ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਉਹ ਟਿਕਟ, ਪਾਸਪੋਰਟ ਅਤੇ ਵੀਜ਼ੇ ਦਾ ਨਿਰੀਖਣ ਬੜੀ ਸੰਜੀਦਗੀ ਨਾਲ ਕਰਦੇ ਹਨ। ਉਹ ਵੇਖਦੇ ਹਨ ਪਾਸਪੋਰਟ ਤੇ ਵੀਜ਼ਾ ਨਕਲੀ ਤੇ ਨਹੀਂ ਉਥੋਂ ਦੇ ਮੁਲਾਜ਼ਮ ਖਾਮਖਾਹ ਕਿਸੇ ਨੂੰ ਤੰਗ ਨਹੀਂ ਕਰਦੇ, ਆਪਣਾ ਕੰਮ ਲਗਨ ਨਾਲ ਕਰਦੇ ਹਨ। ਹਮੇਸ਼ਾ ਸੱਚ ਬੋਲਦੇ, ਆਪਣਾ ਫ਼ਰਜ਼ ਪਾਬੰਦੀ ਨਾਲ ਨਿਭਾਉਂਦੇ ਹਨ-ਹੇਰਾ ਫੇਰੀ ਉਨ੍ਹਾਂ ਦੇ ਸ਼ਬਦਕੋਸ਼ 'ਚੋ ਗਾਇਬ ਹੈ। ਉਥੋਂ ਦੇ ਲੋਕ ਭਾਵੇਂ ਰੱਬ ਵਿਚ ਯਕੀਨ ਨਹੀਂ ਰੱਖਦੇ ਪਰ ਈਮਾਨਦਾਰੀ ਕਾਰਨ ਉਹ ਰੱਬ ਦੇ ਨਜ਼ਦੀਕ ਹਨ। ਜਿੰਨਾ ਅਸੀਂ ਧਰਮ ਦੀ ਸਾਧਨਾ ਵਿਚ ਲੀਨ ਹੁੰਦੇ ਹਾਂ, ਓਨਾ ਰੱਬ ਤੋਂ ਦੂਰ ਹਾਂ। ਅਸੀਂ ਇਮੀਗ੍ਰੇਸ਼ਨ ਦੇ ਨਿਰੀਖਣ ਤੋਂ ਬਾਅਦ ਮੈਂ ਤੇ ਮੇਰੀ ਪਤਨੀ ਆਪਣਾ ਸਾਮਾਨ ਲੈਣ ਲਈ ਲਾਂਜ ਵਿਚ ਪੁੱਜ ਗਏ-ਉਥੋਂ ਟਰਾਲੀ ਲਈ ਦੋ ਡਾਲਰ ਦੇਣੇ ਪੈਂਦੇ ਹਨ। ਇਹ ਟਰਾਲੀਆਂ ਮੁਫ਼ਤ ਨਹੀਂ ਮਿਲਦੀਆਂ। ਸਾਮਾਨ ਟਰਾਲੀਆਂ 'ਚ ਭਰ ਕੇ ਅਸੀਂ ਕਨੇਡੀਅਨ ਏਅਰ ਲਾਇਨਜ਼ ਦਫ਼ਤਰ ਗਏ ਕਿਉਂਕਿ ਅਸੀਂ ਟਰਾਂਟੋ ਤੋ ਐਡਮਿੰਟਨ ਜਾਣਾ ਸੀ। ਟਰਾਂਟੋ ਤੋਂ ਐਡਮਿੰਟਨ ਦੋ ਘੰਟੇ ਦਾ ਸਫ਼ਰ ਹੈ। ਫਲਾਇਟ ਹਰ ਦੋ ਘੰਟੇ ਬਾਅਦ ਚੱਲਦੀ ਹੈ। ਜਦੋਂ ਮੈਂ ਕਨੇਡੀਅਨ ਏਅਰ ਲਾਇਨਜ਼ ਦੇ ਦਫ਼ਤਰ ਸਾਮਾਨ ਲੈ ਕੇ ਪੁੱਜਾ ਮੇਰੇ ਸਾਮਾਨ ਨੂੰ ਵੇਖ ਕੇ ਇਕ ਔਰਤ ਕਰਮਚਾਰੀ ਨੇ ਚੀਕਣਾ ਆਰੰਭ ਦਿੱਤਾ ਕਿ ਤੇਰੇ ਸਾਮਾਨ ਨਾਲ ਸ਼ਨਾਖ਼ਤੀ ਟੈਗ ਨਹੀਂ ਲਗਾ ਹੈ। ਤੂੰ ਇਹ ਪੀਲੀ ਲਕੀਰ ਤੋਂ ਅੱਗੇ ਨਹੀਂ ਜਾ ਸਕਦਾ। ਬੜਬੜਾਹਟ ਵਿਚ ਕਿਸੇ ਵਿਅਕਤੀ ਨੇ ਬਿਨਾਂ ਟੈਗ ਵੇਖਿਆਂ ਚਲਦੀ ਪਟੜੀ (Moving Strip) 'ਤੇ ਰੱਖ ਦਿਤਾ। ਪਤਾ ਹੀ ਨਹੀਂ ਲਗਾ ਕਿ ਸਾਮਾਨ ਕਿਧਰ ਗਿਆ। ਮੈਂ ਮਾਯੂਸ ਹੋ ਗਿਆ, ਸ਼ਾਇਦ ਮੇਰਾ ਸਾਮਾਨ ਗੁਆਚ ਗਿਆ ਕਿਉਂਕਿ ਟੈਗ ਤੋਂ ਬਿਨਾਂ ਸਾਮਾਨ ਔਖਿਆਂ ਮਿਲਦਾ ਹੈ। ਮੇਰੀ ਪਤਨੀ ਟਾਟਰੀਆਂ ਅੱਖਾਂ ਨਾਲ ਵੇਖਦੀ ਰਹੀ ਸੀ-ਮੈਂ ਕਾਊਂਟਰ 'ਤੇ ਅਗਲੇ ਸਫ਼ਰ ਦਾ ਪਤਾ ਕਰਨ ਚਲਾ ਗਿਆ। ਉਹ ਇਹ ਸਭ ਕੁਝ ਚੁੱਪਚਾਪ ਵੇਖਦੀ ਰਹੀ ਕਿਉਂਕਿ ਅੰਗਰੇਜ਼ੀ ਭਾਸ਼ਾ, ਪੜ੍ਹਨ ਲਿਖਣ ਤੇ ਬੋਲਣ ਵਿਚ ਮੇਰੀ ਪਤਨੀ ਦਾ ਹੱਥ ਤੰਗ ਹੈ। ਸੰਚਾਰ ਵਿਥ (Communication) ਨੇ ਸਾਰਾ ਮਾਮਲਾ ਗੜਬੜ ਕਰ ਦਿੱਤਾ। ਖ਼ੁਸ਼ਕਿਸਮਤੀ ਨਾਲ ਉਥੋਂ ਦੇ ਕਾਰਗੋ (Cargo) ਦਾ ਮੈਨੇਜਰ ਪੰਜਾਬੀ ਸੀ ਜਿਸਦਾ ਨਾਂ ਕੁਲਦੀਪ ਸਿੰਘ ਸੀ। ਜਿਸਨੇ ਮੈਨੂੰ ਭਰੋਸਾ ਦਿਤਾ ਕਿ ਤੁਹਾਡਾ ਸਾਮਾਨ ਕਿਧਰੇ ਨਹੀਂ ਜਾਏਗਾ, ਤੁਸੀਂ ਬੇਫਿਕਰ ਅਗਲਾ ਸਫ਼ਰ ਕਰੋ। ਸਾਡਾ ਸਾਰਾ ਸਾਮਾਨ ਸੂਟਕੇਸਾਂ ਵਿਚ ਸੀ ਅਤੇ ਇਸਦੀਆਂ ਦਵਾਈਆਂ ਵੀ ਇਨ੍ਹਾਂ ਵਿਚ ਸਨ। ਸਾਡੇ ਕੋਲ ਉਹੀ ਵਸਤਰ ਸਨ ਜਿਹੜੇ ਅਸਾਂ ਪਹਿਨੇ ਹੋਏ ਸਨ-ਅਸੀਂ ਸਾਮਾਨ ਮਿਲਣ ਜਾਂ ਨਾ ਮਿਲਣ 'ਤੇ ਤਨਾਉ ਵਿਚ ਸਾਂ ਤੇ ਸਾਡੇ ਦਿਮਾਗ਼ਾਂ ਨੇ ਜਿਵੇਂ ਕੰਮ ਕਰਨਾ ਛੱਡ ਦਿਤਾ। ਇਹ ਸਾਡਾ ਦੂਜੇ ਮੁਲਕ ਦਾ ਪਹਿਲਾ ਸਉਰ ਸੀ। ਨਾ ਜਾਣ ਤੇ ਨਾ ਪਛਾਣ ਜਿਵੇਂ ਪਾਂਧੀ ਮਾਰੂਥਲ ਦੀ ਚਮਕਦੀ ਰੇਤ ਨੂੰ ਪਾਣੀ ਸਮਝ ਬਹਿੰਦਾ ਹੈ ਅਤੇ ਉਸ ਵਲ ਭੱਜ-ਭੱਜ ਕੇ ਹਫ ਜਾਂਦਾ ਹੈ।

ਹਰੇਕ ਨੇ ਭਰੋਸਾ ਦਿਤਾ ਕਿ ਤੁਹਾਡਾ ਸਾਮਾਨ ਤੁਹਾਨੂੰ ਮਿਲ ਜਾਏਗਾ ਪਰ ਕਿਸੇ ਸਮੇਂ ਦਿਲਾਸਾ ਸੋਨੇ 'ਤੇ ਸੁਹਾਗੇ ਦਾ ਕੰਮ ਕਰਦਾ ਹੈ। ਐਡਮਿੰਟਨ ਜਾਣ ਲਈ ਆਪਣਾ ਪਾਸਪੋਰਟ ਤੇ ਟਿਕਟ ਦੱਸਣ ਤੋਂ ਬਾਅਦ ਬੋਰਡਿੰਗ ਕਾਰਡ ਕਾਊਂਟਰ ਤੋਂ ਪ੍ਰਾਪਤ ਕਰਕੇ ਅਸੀਂ ਗੇਟ ਨੰਬਰ 136 'ਤੇ ਪੁੱਜ ਗਏ। ਇਸ ਉਲਝਣ ਕਾਰਨ ਤਣਾਉ ਵਿਚ ਹੋਣ ਕਾਰਨ ਮੈਂ ਗੁੰਝਲਦਾਰ ਸਥਿਤੀ ਵਿਚ ਸਾਂ ਪਰ ਮੇਰੇ ਲਈ ਮੌਕਾ ਸੰਭਾਲਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਸਾਡਾ ਟਿਕਟ ਵੇਟਿੰਗ ਸੂਚੀ ਵਿਚ ਸੀ-ਵੇਟਿੰਗ ਦਾ ਭਾਵ ਹੈ ਸੀਟ ਖ਼ਾਲੀ ਹੋਵੇਗੀ ਤੇ ਮਿਲੇਗੀ। ਮਰਤਾ ਕਿਆ ਨਾ ਕਰਦਾ। ਸਮਾਂ ਰਾਤ ਦੇ 10.30

ਦਾ ਸੀ। ਉਥੇ ਇਕ ਸਿੱਖ ਲੜਕੀ ਸੀ, ਜਿਸਦਾ ਨਾਂ ਜਸਬੀਰ ਕੌਰ ਸੀ। ਉਸਨੇ ਮੇਰੀ ਬਹੁਤ ਮਦਦ ਕੀਤੀ-ਉਸਦਾ ਜਹਾਜ਼ ਛੇ ਵਜੇ ਜਾਣਾ ਸੀ, ਉਹ ਵੀ ਮੇਰਾ ਪੂਰਾ ਸਾਥ ਨਾ ਦੇ ਸਕੀ। ਉਸਦਾ ਜਾਣਾ ਮੈਨੂੰ ਇਉਂ ਲਗਿਆ ਜਿਵੇਂ ਮੈਂ ਸੰਸਾਰ ਵਿਚ ਇਕੱਲਾ ਹੀ ਰਹਿ ਗਿਆ ਹੋਵਾਂ। ਪਿੱਛੇ ਮੇਰੇ ਘਰ ਦੇ ਹਾਲਾਤ ਵੀ ਕੁਝ ਉਤਰਾਅ-ਚੜ੍ਹਾਅ ਕਾਰਨ ਸੁਖਾਵੇਂ ਨਹੀ ਸਨ। ਇਹ ਮੇਰੇ ਲਈ ਤਣਾਉ ਦਾ ਕਾਰਨ ਸਨ। ਤਣਾਉ ਹੋਣ ਕਾਰਨ ਵੀ ਨਾ ਮੈਂ ਤੇ ਨਾ ਮੇਰੀ ਪਤਨੀ ਨੇ ਦਿਮਾਗ਼ ਦਾ ਤਵਾਜ਼ਨ ਛੱਡਿਆ ਅਤੇ ਹੌਂਸਲੇ ਬੁਲੰਦ ਰਖੇ-ਦਿਮਾਗ਼ੀ ਠੰਡਕ ਵੀ ਸਫ਼ਰ ਵਿਚ ਬਹੁਤ ਸਹਾਇਕ ਹੁੰਦੀ ਹੈ। ਮੇਰਾ ਗਲਾ ਪਿਆਸ ਕਾਰਨ ਖੁਸ਼ਕ ਹੋ ਰਿਹਾ ਸੀ।

ਟਰਾਂਟੋ ਹਵਾਈ ਅੱਡੇ ਤੋਂ ਮੈਂ ਚਾਰ ਸ਼ਲਿੰਗ ਵਿਚ ਇਕ ਪਾਣੀ ਦੀ ਬੋਤਲ ਖ਼ਰੀਦੀ ਅਤੇ ਆਪਣੀ ਤੇ ਆਪਣੀ ਪਤਨੀ ਦੀ ਪਿਆਸ ਬੁਝਾਈ। ਮੈਂ ਆਪਣੀ ਧੀ ਨੂੰ ਫ਼ੋਨ ਰਾਹੀਂ ਦੱਸਿਆ ਕਿ ਮੈਂ ਛੇ ਵਜੇ ਦੀ ਉਡਾਨ ਵਿਚ ਨਹੀਂ ਆ ਰਿਹਾ-ਉਹ ਵੀ ਪਰੇਸ਼ਾਨ ਸੀ। ਪਰ ਉਸਨੇ ਇੰਟਰਨੈਟ 'ਤੇ ਵੇਖ ਲਿਆ ਸੀ ਕਿ ਮੈਂ ਛੇ ਵਜੇ ਦੀ ਫਲਾਇਟ ਵਿਚ ਨਹੀਂ ਆ ਰਿਹਾ ਸਾਂ। ਮੈਂ ਨਾਲ ਇਹ ਵੀ ਸੋਚ ਰਿਹਾ ਸੀ ਕਿ ਰਾਤੀਂ ਕਿੱਥੇ ਠਹਿਰਾਗਾਂ, ਕਿਉਕਿ ਸਾਡੇ ਟਿਕਟ ਇੰਤਜ਼ਾਰ ਸੂਚੀ ਵਿਚ ਸਨ। ਮੈਂ ਹਵਾਈ ਅੱਡੇ ਦੇ ਹਾਲ ਵਿਚ ਸਮਾਂ ਕੱਟਣ ਲਈ ਇਧਰ-ਉਧਰ ਘੁੰਮ ਫਿਰ ਰਿਹਾ ਸੀ ਤਾਂਕਿ ਅੱਡੇ ਦੀ ਰੌਣਕ ਨੂੰ ਮਾਣਾ। ਏਨੇ ਵਿਚ ਮੈਂ ਸਕਿਉਰਿਟੀ ਦੀ ਵਰਦੀ ਵਿਚ ਦੋ ਖਾਲਦੇ ਵੇਖੇ, ਜੋ ਕਨੇਡੀਅਨ ਸੁਰੱਖਿਆ ਦੇ ਅਧਿਕਾਰੀ ਸਨ। ਮੈਂ ਉਨ੍ਹਾਂ ਤੋਂ ਰਾਤੀਂ ਰਹਿਣ ਦੀ ਥਾਂ ਬਾਰੇ ਪੁੱਛਿਆ। ਉਨ੍ਹਾਂ ਨੇ ਕਿਹਾ, "ਤੁਸੀਂ ਏਅਰਪੋਰਟ ’ਤੇ ਰਾਤ ਗੁਜ਼ਾਰ ਸਕਦੇ ਹੋ। ਏਅਰਪੋਰਟ ਹਮੇਸ਼ਾ ਗਰਮ ਹੁੰਦਾ ਹੈ ਅਤੇ ਇਥੇ ਕੰਬਲ ਦੀ ਲੋੜ ਵੀ ਨਹੀਂ ਪੈਂਦੀ-ਅੰਦਰ ਹੀ ਖਾਣ-ਪੀਣ ਨੂੰ ਸਭ ਕੁਝ ਮਿਲਦਾ ਹੈ।"

ਇਸ ਸਮੇਂ ਕਨੇਡੀਅਨ ਸਮੇਂ ਅਨੁਸਾਰ ਰਾਤ ਦੇ 8.30 ਪੀ.ਐਮ. ਸੀ, ਬਾਹਰ ਤਾਪਮਾਨ ਮਾਇਨਸ 13 ਡਿਗਰੀ ਸੈਲਸਿਅਸ ਸੀ ਪਰ ਅੰਦਰ ਤਾਪਮਾਨ 25 ਡਿਗਰੀ ਸੀ। ਠੰਡ ਦਾ ਨਾਮੋ-ਨਿਸ਼ਾਨ ਨਹੀਂ ਸੀ, ਏਅਰਪੋਰਟ ਅੰਦਰੋਂ ਸਵਰਗ ਤੋਂ ਘੱਟ ਨਹੀਂ ਸੀ। ਸਾਫ਼-ਸੁਥਰੇ ਫ਼ਰਸ਼ 'ਚ ਵੇਖ ਕੇ ਬੰਦਾ ਪਗੜੀ ਬੰਨ੍ਹ ਸਕਦਾ ਹੈ। ਕੁਰਸੀਆਂ 'ਤੇ ਬੈਠੇ ਵਿਅਕਤੀ ਜਾਂ ਤਾਂ ਆਪਸ ਵਿਚ ਧੀਮੀ ਆਵਾਜ਼ ਵਿਚ ਗੱਲਾਂ ਕਰ ਰਹੇ ਸਨ ਜਾਂ ਪੁਸਤਕਾਂ ਪੜ੍ਹ ਰਹੇ ਸਨ। ਵਾਤਾਵਰਨ ਖ਼ਾਮੋਸ਼ ਤੇ ਸੁਖਾਵਾਂ ਸੀ। ਸਾਡੇ ਹਵਾਈ ਅੱਡਿਆਂ ਵਾਂਗ ਮੱਛੀ ਬਜ਼ਾਰ ਨਹੀਂ ਸੀ। ਮੈਂ ਤਣਾਉ ਵਿਚ ਸੀ ਸ਼ਾਇਦ ਟਿਕਟ ਓ.ਕੇ. ਹੋਵੇਗੀ ਜਾਂ ਨਹੀਂ, ਮੈਂ ਆਪਣੀ ਧੀ ਨੂੰ ਹਾਲਾਤ ਤੋਂ ਜਾਣੂ ਕਰਾਉਣਾ ਚਾਹੁੰਦਾ ਸੀ ਮੇਰੇ ਕੋਲ ਕਨੇਡੀਅਨ ਕਰੰਸੀ ਦਾ ਕਾਰਡ ਨਹੀਂ ਸੀ। ਇਸ ਲਈ ਮੈਂ ਟੈਲੀਫ਼ੋਨ ਨਹੀਂ ਸੀ ਕਰ ਸਕਦਾ।

ਮੈਂ ਇਕ ਅੰਗਰੇਜ਼ ਮੁੰਡੇ ਨੂੰ ਫ਼ੋਨ ਦੇਣ ਲਈ ਕਿਹਾ, ਉਸਨੇ ਸਾਫ਼ ਇਨਕਾਰ ਕਰ ਦਿਤਾ ਕਿ ਮੈਂ ਆਪਣਾ ਫ਼ੋਨ ਕਿਸੇ ਨੂੰ ਇਸਤੇਮਾਲ ਕਰਨ ਲਈ ਨਹੀਂ ਦਿੰਦਾ। ਮੈਨੂੰ ਕਨੇਡੀਅਨ ਸਿੱਕਿਆਂ ਦੀ ਲੋੜ ਪਈ-ਮੈਂ ਟਰਾਲੀ ਦੀ ਠੇਕੇਦਾਰਣੀ ਅਫਰੀਕਨ ਕੁੜੀ ਮਾਰੀਆ ਨੂੰ ਬੇਨਤੀ ਕੀਤੀ ਕਿ ਮੈਨੂੰ ਵੀਹ ਡਾਲਰ ਦੇ ਸਿੱਕੇ ਦਿਉ ਤਾਂਕਿ ਮੈਂ ਲੋੜ ਅਨੁਸਾਰ ਇਸਤੇਮਾਲ ਕਰ ਸਕਾਂ ਅਤੇ ਕੁਝ ਖਾ ਸਕਾਂ। ਮਾਰੀਆ ਨੇ ਵੀਹ ਡਾਲਰ ਵਾਪਸ ਕਰ ਦਿੱਤੇ ਅਤੇ ਦਸ ਡਾਲਰ ਦੇ ਸਿੱਕੇ ਹੋਰ ਵੀ ਦਿੱਤੇ। ਮੈਂ ਉਸਨੂੰ ਕਿਹਾ ਸ਼ਾਇਦ ਤੈਨੂੰ ਭੁਲੇਖਾ ਲੱਗਾ ਹੈ, ਤੂੰ ਵੀਹ ਡਾਲਰ ਵੀ ਵਾਪਸ ਦਿਤੇ ਨੇ ਨਾਲ ਦਸ ਡਾਲਰ ਦੇ ਸਿੱਕੇ ਵੀ। ਉਹ ਮੇਰੇ ਵਲ ਵੇਖ ਕੇ ਹੱਸੀ ਤੇ ਆਖਣ ਲਗੀ, ਮੈਂ ਇਸੇ ਬਹਾਨੇ ਤੇਰੇ ਕੰਮ ਆਈ ਹਾਂ।

ਜਦੋਂ ਮੈਨੂੰ ਗੋਰੇ ਲੜਕੇ ਨੇ ਆਪਣੇ ਫ਼ੋਨ ਦਾ ਪ੍ਰਯੋਗ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਮੇਰੇ ਨਾਲ ਦੀ ਕੁਰਸੀ ’ਤੇ ਅਫਰੀਕਨ ਵਿਅਕਤੀ ਬੈਠਾ ਸੀ। ਉਸਨੂੰ ਬਹੁਤ ਦੁਖ ਹੋਇਆ ਤੇ ਕਹਿਣ ਲਗਾ, ਤੂੰ ਕਿੱਥੇ ਟੈਲੀਫ਼ੋਨ ਕਰਨਾ ਹੈ। ਮੈਂ ਕਿਹਾ, ਮੈਂ ਐਡਮਿੰਟਨ ਕਰਨਾ ਹੈ ਆਪਣੀ ਧੀ ਨੂੰ ਅਤੇ ਉਸਨੇ ਮੈਨੂੰ ਆਪਣਾ ਕਾਰਡ ਦਿਤਾ ਅਤੇ ਕਿਹਾ ਜਾ ਕਰ ਫ਼ੋਨ। ਸਾਨੂੰ ਕਦੀ ਇਹ ਮਹਿਸੂਸ ਹੁੰਦਾ ਹੈ ਕਿ ਅਫਰੀਕਨ

ਜਾਂ ਨੀਗਰੋ ਲੋਕ ਕਰੂਰ ਸੁਭਾਅ ਦੇ ਹੁੰਦੇ ਹਨ ਪਰ ਮੇਰੇ ਪ੍ਰਤੀ ਇਨ੍ਹਾਂ ਦਾ ਵਿਵਹਾਰ ਬਹੁਤ ਚੰਗਾ ਸੀ ਅਤੇ ਮਦਦਗਾਰ ਵੀ।

ਅੰਦਰੋਂ-ਅੰਦਰ ਮੈਂ ਬਹੁਤ ਤਣਾਉ ਵਿਚ ਸਾਂ ਕਿ ਮੇਰੀ ਟਿਕਟ ਓ.ਕੇ. ਹੋਵੇਗੀ ਜਾਂ ਨਹੀਂ। ਕਿਉਂਕਿ ਇਹ ਭਾਰਤ ਨਹੀਂ ਕਨੇਡਾ ਹੈ ਅਤੇ ਇਹ ਲੋਕ ਸਾਡੇ ਨਾਲੋਂ ਈਮਾਨਦਾਰ ਤੇ ਸੱਚੇ ਹਨ। ਦੂਜਾ ਤਣਾਉ ਸੀ ਕਿ ਮੇਰਾ ਸਾਮਾਨ ਵੀ ਖਬਰੇ ਕਿਧਰ ਚਲਾ ਗਿਆ ਸੀ ਅਤੇ ਮਿਲਣ ਦੀ ਆਸ ਇਕ ਜਾਦੂਗਰੀ ਹੀ ਮਹਿਸੂਸ ਹੁੰਦੀ ਸੀ। ਸਾਮਾਨ ਮਿਲਣ ਦੀ ਆਸ ਛੱਡ ਦਿਤੀ ਸੀ ਪਰ ਧੁੰਦਲੀ ਜਿਹੀ ਆਸ ਬਾਕੀ ਸੀ। ਇਨ੍ਹਾਂ ਸੋਚਾਂ ਕਾਰਨ ਮੈਨੂੰ ਇਉਂ ਲੱਗ ਰਿਹਾ ਸੀ ਜਿਵੇਂ ਮੈਨੂੰ ਬੁਖਾਰ ਹੋਵੇ ਅਤੇ ਸਾਰਾ ਸਰੀਰ ਦੁਖਦਾ ਹੋਵੇ। ਵੇਖਣ ਵਿਚ ਆਇਆ ਹੈ ਮਨੁੱਖ ਕੁਝ ਸੋਚਦਾ ਹੈ ਪਰ ਹੁੰਦਾ ਕੁਝ ਹੋਰ ਹੈ।

ਕਨੇਡੀਅਨ ਏਅਰ ਲਾਇਨਜ਼ ਵਿਚ ਕੰਮ ਕਰਦੀ ਇਕ ਲੜਕੀ ਨੂੰ ਆਪਣੀ ਆਪਬੀਤੀ ਸੁਣਾਈ। ਮੈਂ ਉਸ ਨਾਲ ਅੰਗਰੇਜ਼ੀ ਭਾਸ਼ਾ ਵਿਚ ਗੱਲ ਕੀਤੀ। ਉਹ ਕਹਿਣ ਲਗੀ, ਮੈਂ ਪੰਜਾਬਣ ਹਾਂ ਮੇਰੇ ਨਾਲ ਪੰਜਾਬੀ ਭਾਸ਼ਾ ਵਿਚ ਗੱਲ ਕਰੋ। ਮੈਂ ਉਸਨੂੰ ਜਦ ਆਪਣਾ ਹਾਲ ਸੁਣਾਇਆ ਤਾਂ ਉਹ ਕਹਿਣ ਲੱਗੀ, ਤੁਹਾਡਾ ਸਾਮਾਨ ਵੀ ਮਿਲ ਜਾਏਗਾ ਅਤੇ ਤੁਹਾਡਾ ਟਿਕਟ ਓ.ਕੇ. ਕਰਨ ਵਿਚ ਵੀ ਮੈਂ ਤੁਹਾਡੀ ਮਦਦ ਕਰਾਂਗੀ, ਫਿਕਰ ਕਰਨ ਦੀ ਲੋੜ ਨਹੀਂ। ਉਹ ਕਾਊਂਟਰ ’ਤੇ ਬੈਠੀ ਕੁੜੀ ਨਾਲ ਗੱਲ ਕਰਕੇ ਆਈ ਅਤੇ ਮੈਨੂੰ ਕਹਿਣ ਲਗੀ ਤੁਸੀਂ ਦਰਵਾਜ਼ਾ ਨੰਬਰ 138 ਕੋਲ ਬੈਠੋ ਉਹ ਤੁਹਾਨੂੰ ਸਿੰਘ ਤੇ ਕੌਰ ਦੇ ਨਾਂ ਨਾਲ ਸੱਦੇਗੀ। ਮੇਰੀ ਉੱਚਾ ਸੁਣਨ ਦੀ ਸਮੱਸਿਆ ਕਾਰਨ ਮੈਂ ਆਪਣੀ ਪਤਨੀ ਨੂੰ ਕਿਹਾ ਸਿੰਘ ਤੇ ਕੌਰ ਦਾ ਨਾਂ ਸੁਣ ਕੇ ਮੈਨੂੰ ਦੱਸੀਂ, ਜੇ ਤੂੰ ਮੇਰੇ ਕੰਨਾਂ 'ਤੇ ਭਰੋਸਾ ਕੀਤਾ ਤਾਂ ਰਾਤੀਂ ਅਸੀਂ ਕੁਰਸੀਆਂ ’ਤੇ ਪਲਸੇਟੇ ਮਾਰਦੇ ਰਹਾਂਗੇ। ਕਾਊਂਟਰ ’ਤੇ ਬੈਠੀ ਕਨੇਡੀਅਨ ਕੁੜੀ ਨੇ ਮਾਇਕ ’ਤੇ ਸਿੰਘ ਤੇ ਕੌਰ ਦਾ ਨਾਂ ਬੁਲਾਇਆ। ਮੈਨੂੰ ਪਤਨੀ ਨੇ ਕਿਹਾ, ਮੈਂ ਉਸ ਕੋਲ ਗਿਆ, ਆਪਣਾ ਪਾਸਪੋਰਟ ਤੇ ਟਿਕਟ ਉਸਨੂੰ ਦਿਤੇ। ਉਹਨੇ ਵੇਟਿੰਗ ਟਿਕਟ ਆਪਣੇ ਕੋਲ ਰਖੇ ਅਤੇ ਸਾਨੂੰ ਨਵਾਂ ਬੋਰਡਿੰਗ ਕਾਰਡ ਦਿੱਤਾ। ਸਾਡੀਆਂ ਸੀਟਾਂ ਬਿਜ਼ਨਸ ਕਲਾਸ ਵਿਚ ਬੁਕ ਕੀਤੀਆਂ। ਬਿਜ਼ਨਸ ਕਲਾਸ ਵੀ.ਆਈ.ਪੀ. ਲੋਕਾਂ ਲਈ ਰਾਖਵੀਂ ਹੁੰਦੀ ਹੈ। ਬਿਜ਼ਨਸ ਕਲਾਸ ਵਿਚ ਹੋਣ ਕਾਰਨ ਕਨੇਡੀਅਨ ਏਅਰ ਲਾਇਨਜ਼ ਦੇ ਅਮਲੇ ਨੇ ਸਾਡੀ ਬਹੁਤ ਸੇਵਾ ਕੀਤੀ।

ਖਾਣ-ਪੀਣ ਲਈ ਕਈ ਪਕਵਾਨ ਸਾਡੇ ਸਾਹਮਣੇ ਰਖੇ। ਦਸ ਹਜ਼ਾਰ ਰੁਪਏ ਦੀ ਵਿਸਕੀ ਦੀ ਬੋਤਲ ਮੇਰੇ ਸਾਹਮਣੇ ਰੱਖ ਦਿਤੀ। ਪਤਨੀ ਕਹਿਣ ਲਗੀ ਇਹ ਬੋਤਲ ਕਾਹਦੀ ਹੈ। ਮੈਂ ਕਿਹਾ, ਇਹ ਕਨੇਡੀਅਨ ਸ਼ਰਬਤ ਹੈ। ਮੈਂ ਪਤਨੀ ਨੂੰ ਕਿਹਾ ਤੂੰ ਪੀਏਂਗੀ। ਉਸਨੇ ਕੌਫੀ ਮੰਗਵਾਈ ਅਤੇ ਬਾਅਦ ਵਿਚ ਚਾਹ ਦਾ ਇਕ ਕੱਪ। ਮੈਂ ਕਦੇ ਗੰਗਾਜਲੀ ਵਿਚ ਗੋਤੇ ਨਹੀਂ ਸਨ ਲਾਏ ਪਰ ਥਕਾਵਟ ਨੇ ਗੋਤੇ ਲਾਉਣ ਲਈ ਮਜ਼ਬੂਰ ਕੀਤਾ। ਮੈਂ ਗਲਾਸ ਵਿਚ ਦੋ ਪੈੱਗ ਪਾ ਲਏ ਤੇ ਸਹਿਜੇ-ਸਹਿਜੇ ਚੁਸਕੀਆਂ ਲੈਣ ਲੱਗ ਪਿਆ। ਦੋ ਪੈੱਗ ਪੀ ਕੇ ਮੈਂ ਰਾਜਾ ਪੁੱਤਰ ਬਣ ਗਿਆ। ਸਾਮਾਨ ਦੇ ਗੁਆਚਣ ਕਾਰਨ ਮੇਰੀ ਭੁੱਖ ਮਰ ਗਈ ਸੀ ਪਰ ਦੋ ਪੈੱਗ ਪੀਣ ਤੋਂ ਬਾਅਦ ਮੈਨੂੰ ਸਭ ਕੁਝ ਭੁੱਲ ਗਿਆ। ਉਡਾਨ ਦਾ ਸਫ਼ਰ ਬਹੁਤ ਸੁਖਾਵਾਂ ਬਣ ਗਿਆ ਅਤੇ ਮੇਰੀ ਅੱਖ ਲੱਗ ਗਈ। ਅੱਖ ਖੁਲ੍ਹੀ ਤਾਂ ਏਅਰ ਹੋਸਟਸ ਨੇ ਸਭ ਕੁਝ ਸਮੇਟ ਲਿਆ ਸੀ।

ਮੇਰੇ ਜਵਾਈ ਦਰਮਿੰਦਰ ਨੇ ਇੰਟਰਨੈਟ 'ਤੇ ਵੇਖ ਲਿਆ ਸੀ ਕਿ ਅਸੀਂ 29.12.09 ਨੂੰ 10.30 ਵਜੇ ਦੀ ਕਨੇਡੀਅਨ ਉਡਾਨ ਵਿਚ ਸਫ਼ਰ ਕਰ ਰਹੇ ਹਾਂ। ਮੈਂ ਸੋਚਿਆ ਸੀ ਕਿ ਐਡਮਿੰਟਨ ਪੁੱਜ ਕੇ ਉਨ੍ਹਾਂ ਨੂੰ ਫ਼ੋਨ ਕਰਾਂਗਾ ਕਿਉਂਕਿ ਜਿਸ ਸਮੇਂ ਜਹਾਜ਼ ਨੇ ਏਅਰਪੋਰਟ 'ਤੇ ਲੈਂਡ ਕੀਤਾ ਉਸ ਸਮੇਂ ਰਾਤ ਦੇ ਤਿੰਨ ਵੱਜ ਚੁਕੇ ਸਨ। ਜਦੋਂ ਮੈਂ ਹਵਾਈ ਅੱਡੇ ਤੋਂ ਬਾਹਰ ਆਇਆ ਤਾਂ ਮੇਰੀ ਧੀ ਅਤੇ ਜਵਾਈ ਸਾਡਾ ਇੰਤਜ਼ਾਰ ਕਰ ਰਹੇ ਸਨ। ਮੇਰਾ ਦਿਲ ਖ਼ੁਸ਼ੀ ਦੀਆਂ ਹੱਦਾਂ ਪਾਰ ਕਰ ਗਿਆ। ਮੇਰਾ ਸਾਰਾ ਤਣਾਉ ਖੰਭ ਲਾ ਕੇ ਉੱਡ ਗਿਆ ਪਰ ਮੇਰੀ ਪਤਨੀ ਬਹੁਤ ਗ਼ਮਗੀਨ ਸੀ ਕਿ ਅਸੀਂ ਸਾਮਾਨ ਦੀ ਰਪਟ ਦਰਜ ਨਹੀਂ

ਕਰਵਾਈ ਪਰ ਉਥੇ ਬੈਠੇ ਅਧਿਕਾਰੀ ਨੇ ਉਮੀਦ ਜਤਾਈ ਕਿ ਤੁਹਾਡਾ ਸਾਮਾਨ ਕਿਧਰੇ ਨਹੀਂ ਜਾਏਗਾ। ਸਾਨੂੰ ਇਕ-ਦੋ ਦਿਨ ਲਗਣਗੇ, ਸਾਮਾਨ ਤੂਹਾਨੂੰ ਮਿਲ ਜਾਏਗਾ। ਮੇਰੇ ਜਵਾਈ ਨੇ ਕਾਰਗੋ ਮੈਨੇਜਰ ਕੁਲਬੀਰ ਮੰਡ ਨਾਲ ਟੈਲੀਫ਼ੋਨ 'ਤੇ ਗੱਲ ਕੀਤੀ। ਉਸਨੇ ਉਤੱਰ ਦਿਤਾ ਕਿ ਸਾਮਾਨ ਲੱਭ ਰਹੇ ਹਾਂ, ਤੁਹਾਨੂੰ ਮਿਲ ਜਾਏਗਾ। ਸਾਨੂੰ ਸਵੇਰੇ ਟੈਲੀਫ਼ੋਨ ਆ ਗਿਆ ਕਿ ਤੁਹਾਡੀ ਇਕ ਅਟੈਚੀ ਮਿਲ ਗਈ ਤੇ ਦੂਜੀ ਲੱਭ ਰਹੇ ਹਾਂ। ਏਅਰ ਲਾਈਨਜ਼ ਦੇ ਅਮਲੇ ਨੇ ਰਾਤ ਦੇ ਅੱਠ ਵਜੇ ਅਟੈਚੀ ਕੇਸ ਘਰ ਪੁਚਾਅ ਦਿਤਾ ਪਰ ਮੇਰੀ ਪਤਨੀ ਦਾ ਸਾਮਾਨ ਤੇ ਦਵਾਈਆਂ ਦੂਜੀ ਅਟੈਚੀ ਵਿਚ ਸਨ, ਉਸਦੀ ਅਟੈਚੀ ਹਾਲੇ ਨਹੀਂ ਸੀ ਮਿਲੀ-ਇਸ ਗ਼ਮ ਵਿਚ ਸਾਰੀ ਰਾਤ ਜਾਗਦੀ ਰਹੀ। ਪਰ ਮੇਰੇ ਜਵਾਈ ਨੇ ਉਨ੍ਹਾਂ ਦਾ ਪਿੱਛਾ ਨਹੀਂ ਛੱਡਿਆ। ਆਖ਼ਰ ਦੋ ਦਿਨ ਬਾਅਦ ਦੂਜੀ ਅਟੈਚੀ ਵੀ ਮਿਲ ਗਈ, ਪਤਨੀ ਦਾ ਤਣਾਉ ਦੂਰ ਹੋ ਕੇ ਉਸਦਾ ਬਲੱਡ ਪ੍ਰੈਸ਼ਰ ਵੀ ਘਟਿਆ।

ਅਸੀਂ ਦੋ ਦਿਨ ਘਰ ਤੋਂ ਬਾਹਰ ਨਹੀਂ ਨਿਕਲੇ ਕਿਉਂਕਿ ਬਾਹਰ ਬਹੁਤ ਸਰਦੀ ਹੁੰਦੀ ਹੈ ਅਤੇ ਤਾਪਮਾਨ ਮਾਇਨਸ ਵਿਚ ਹੁੰਦਾ ਹੈ। ਕਿਉਂਕਿ ਉਤਰੀ ਧਰੂਵ ਇਲਾਕਾ, ਆਈਸਲੈਂਡ ਅਤੇ ਗਰੀਨਲੈਂਡ ਬਹੁਤ ਨਜ਼ਦੀਕ ਹਨ, ਇਹਦਾ ਅੱਧਾ ਖੇਤਰ ਉਤਰੀ ਧਰੂਵ (North Pole) ਨਾਲ ਮਿਲਦਾ ਹੈ। ਇਥੋਂ ਦੇ ਘਰ, ਕਮਰੇ ਸਾਫ਼-ਸੁਥਰੇ, ਕਚਰੇ ਦਾ ਕਿਧਰੇ ਨਾਮੋ-ਨਿਸ਼ਾਨ ਨਹੀਂ-ਘਰ ਦਾ ਕਚਰਾ ਕਾਲੇ ਪਲਾਸਟਿਕ ਦੇ ਵੱਡੇ ਲਿਫ਼ਾਫ਼ੇ ਵਿਚ ਪਾਉਂਦੇ ਹਨ ਅਤੇ ਦੂਜਾ ਜਿਸਨੂੰ ਮੁੜ ਇਸਤੇਮਾਲ ਲਈ ਪ੍ਰਯੋਗ ਕੀਤਾ ਜਾਂਦਾ ਹੈ, ਉਹ ਵੱਡੇ ਥੈਲੇ ਵਿਚ ਪਾਉਂਦੇ ਹਨ-ਇਹ ਦੋਵੇਂ ਪਲਾਸਟਿਕ ਦੇ ਥੈਲੇ ਘਰ ਦੇ ਸਾਹਮਣੇ ਰੱਖ ਦਿੰਦੇ ਹਨ। ਹਫ਼ਤੇ ਵਿਚ ਇਕ ਵਾਰੀ ਕਾਰਪੋਰੇਸ਼ਨ ਦੀ ਗੱਡੀ ਆਉਂਦੀ ਹੈ, ਉਹ ਇਹ ਦੋਵੇਂ ਥੈਲੇ ਚੁਕ ਕੇ ਲੈ ਜਾਂਦੀ ਹੈ। ਘਰ ਦੀ ਬੇਸਮੈਂਟ ਵਿਚ ਸੀਮੇਂਟ ਤੇ ਪੱਥਰ ਦਾ ਪ੍ਰਯੋਗ ਹੁੰਦਾ ਹੈ। ਬੇਸਮੈਂਟ ਤੋਂ ਉੱਪਰ ਦੀਆਂ ਮੰਜ਼ਲਾਂ ਵਿਚ, ਸਖ਼ਤ ਕਾਰਡ ਬੋਰਡ, ਕਾਗਜ਼ ਲੱਕੜ ਦਾ ਇਸਤੇਮਾਲ ਹੁੰਦਾ ਹੈ। ਘਰ ਵਿਚ ਇਸਤੇਮਾਲ ਦੇ ਹਰ ਗੈਜੇਟ ਫਿਟ ਹੁੰਦੇ ਹਨ। ਖ਼ੂਬਸੂਰਤ ਘਰ ਬਹੁਤ ਹੀ ਆਕਰਸ਼ਿਤ ਕਰਨ ਵਾਲੇ ਹੁੰਦੇ ਹਨ-ਘਰ ਦੇ ਸਾਹਮਣੇ ਕੋਈ ਦੀਵਾਰ ਤੇ ਗੇਟ ਨਹੀਂ ਹੁੰਦਾ-ਘਰ ਦੇ ਸਾਹਮਣੇ ਖਬਲ ਲਗੀ ਹੁੰਦੀ ਹੈ। ਸੜਕ ਤੋਂ ਘਰ ਆਉਣ ਲਈ ਸੀਮੇਂਟ ਦਾ ਰਸਤਾ ਹੁੰਦਾ ਹੈ। ਜਿਸ ਵਿਚ ਫੁੱਲ ਲਗੇ ਹੁੰਦੇ ਨੇ-ਜ਼ਿਆਦਾਤਰ ਸਫੈਦੇ ਦੇ ਬੂਟੇ ਹੁੰਦੇ ਹਨ-ਫ਼ਲ ਵਾਲੇ ਬੂਟੇ ਘੱਟ ਲਾਉਂਦੇ ਹਨ।

ਹਰ ਘਰ ਬਾਹਰਲੀ ਦੁਨੀਆਂ ਨਾਲ ਇਨਟਰਨੈਟ ਰਾਹੀਂ ਜੁੜਿਆ ਹੁੰਦਾ ਹੈ। ਘਰ ਵਿੱਚ ਰਹਿ ਕੇ ਤੁਸੀਂ ਸਾਰਾ ਗ੍ਰੇਟਰ ਕਸ਼ਮੀਰ ਅਖ਼ਬਾਰ ਪੜ੍ਹ ਸਕਦੇ ਹੋ। ਕਸ਼ਮੀਰ ਵਿਚ ਰਹਿ ਕੇ ਸਾਨੂੰ ਇੰਨਾ ਪਤਾ ਨਹੀਂ, ਜਿੰਨਾ ਉਨ੍ਹਾਂ ਲੋਕਾਂ ਨੂੰ ਪਤਾ ਹੈ। ਘਰ ਏਨੇ ਗਰਮ ਹੁੰਦੇ ਹਨ ਕਿ ਅੰਦਰ ਬੈਠੇ, ਕਾਂਗੜੀ ਬੁਖਾਰੀ ਅਤੇ ਘਰ ਨੂੰ ਗਰਮ ਰੱਖਣ ਲਈ ਕਿਸੇ ਚੀਜ਼ ਦੀ ਲੋੜ ਨਹੀਂ ਹੁੰਦੀ-ਗੈਸ ਪਾਈਪਾਂ ਰਾਹੀਂ ਆਉਂਦੀ ਹੈ-ਹਰ ਘਰ ਵਿਚ ਗੈਸ, ਪਾਣੀ ਤੇ ਬਿਜਲੀ ਦੇ ਮੀਟਰ ਲਗੇ ਹੋਏ ਹਨ-ਕੋਈ ਵੀ ਬੰਦਾ ਮੀਟਰਾਂ ਨਾਲ ਛੇੜਖਾਨੀ ਨਹੀਂ ਕਰਦਾ। ਜਿਵੇਂ ਸਾਡੇ ਦੇਸ਼ ਵਿਚ ਹੁੰਦਾ ਹੈ। ਸਾਡੇ ਦੇਸ਼ ਦੀ ਕੜਛੀ ਤੇ ਪਤੀਲਾ ਦੋਵੇਂ ਚੋਰ ਹਨ। ਬਿਜਲੀ ਕਦੇ ਵੀ ਨਹੀਂ ਜਾਂਦੀ। ਉਥੋਂ ਦੇ ਬਿਜਲੀ ਦੇ ਲਾਈਨਮੈਨ ਕੋਲ ਗੱਡੀ ਹੁੰਦੀ ਹੈ, ਜਿਸਦੀ ਛੱਤ 'ਤੇ ਪੌੜੀ ਰੱਖੀ ਹੁੰਦੀ ਹੈ। ਉਹ ਹਰ ਰੋਜ਼ ਆ ਕੇ ਬਿਜਲੀ ਦੀਆਂ ਲਾਈਨਾਂ ਨੂੰ ਵੇਖਦਾ ਹੈ, ਕੋਈ ਖ਼ਰਾਬੀ ਤਾਂ ਨਹੀਂ। ਘਰਾਂ ਵਿਚ ਪਾਣੀ ਦੋ ਵਸੀਲਿਆਂ ਤੋਂ ਆਉਂਦਾ ਹੈ। ਆਮ ਇਸਤੇਮਾਲ ਲਈ ਗਰਮ ਪਾਣੀ ਅਤੇ ਪੀਣ ਲਈ ਕੋਸਾ ਪਾਣੀ ਮੁਹੱਈਆ ਕੀਤਾ ਜਾਂਦਾ ਹੈ। ਸਕੂਲੀ ਬੱਚਿਆਂ ਨੂੰ ਸੰਸਾਰ ਵਿਚ ਬੀਤਦੀ ਸਮੱਸਿਆ ਜਾਂ ਬੀਤੇ ਹਾਲਾਤ ਦਾ ਸਾਡੇ ਬੱਚਿਆਂ ਨਾਲੋਂ ਜ਼ਿਆਦਾ ਪਤਾ ਹੁੰਦਾ ਹੈ-ਉਥੋਂ ਦੇ ਬੱਚੇ ਨੂੰ ਇਤਿਹਾਸ ਤੇ ਭੂਗੋਲ ਦਾ ਪੂਰਾ ਪਤਾ ਹੈ। ਉਥੋਂ ਦੇ ਭੂਗੋਲਿਕ ਵੇਰਵੇ ਨੂੰ ਪੂਰੀ ਤਰ੍ਹਾਂ ਜਾਣਦੇ ਹਨ-ਅਵਰੈਸਟ ਚੋਟੀ ਦਾ ਚੀਨੀ ਨਾਂ ਕੀ ਹੈ, ਉਨ੍ਹਾਂ ਨੂੰ ਪਤਾ ਹੈ। ਉਥੋਂ ਦੇ ਬੱਚੇ ਦੋ ਸਾਲ ਤੱਕ ਸੋਸ਼ਲ ਕੰਮ ਕਰਦੇ ਹਨ, ਜਿਸਦਾ ਇਨ੍ਹਾਂ ਨੂੰ ਅਗਲੀ ਪੜ੍ਹਾਈ ਲਈ ਲਾਭ ਮਿਲਦਾ ਹੈ। ਉਥੇ ਬੱਚੇ ਕਿਸੇ ਕੰਮ ਤੋਂ ਕਤਰਾਉਂਦੇ ਨਹੀਂ-ਉਹ ਕੰਮ ਨੂੰ ਹਿਣ ਅਤੇ ਸਾਧਨਾ ਸਮਝਦੇ ਹਨ। ਇੱਥੋਂ ਦੇ ਬੱਚੇ ਕੰਮ ਕਰਨ ਨੂੰ ਹੇਠੀ

ਸਮਝਦੇ ਹਨ, ਚਲਦੀ ਗੱਡੀ ’ਚੋਂ ਕੇਲਾ ਖਾ ਕੇ ਸੜਕ 'ਤੇ ਸੁੱਟ ਦਿੰਦੇ ਹਨ, ਅਗਰ ਉਧਰ ਐਸਾ ਕਰੇਗਾ ਉਸਨੂੰ ਪੰਜਾਹ ਡਾਲਰ ਜ਼ੁਰਮਾਨਾ ਦੇਣਾ ਪਏਗਾ। ਦਰਿਆ ਵਿਚ ਗੰਦ ਸੁੱਟਣ ਦੀ ਮਨਾਹੀ ਹੈ-ਦਰਿਆ ਇੰਨਾ ਸਾਫ਼-ਸੁਥਰਾ ਹੈ ਕਿ ਜੀਅ ਕਰਦਾ ਹੈ ਸਾਰਾ ਪਾਣੀ ਡੀਕ ਲਾ ਕੇ ਪੀ ਜਾਈਏ। ਮੈਂ ਇਕ ਅਮਰੀਕਨ ਨੂੰ ਪੁੱਛਿਆ, "ਭਾਰਤ ਪ੍ਰਤੀ ਤੇਰਾ ਕੀ ਖ਼ਿਆਲ ਹੈ?" ਉਹ ਕਹਿਣ ਲੱਗਾ, "ਭਾਰਤ ਗ਼ਰੀਬ ਮੁਲਕ ਹੈ, ਤਾਈਂ ਉਥੋਂ ਦੇ ਲੋਕ ਇਥੇ ਕੰਮ ਕਰਨ ਲਈ ਆਉਂਦੇ ਨੇ, ਉਥੋਂ ਦੇ ਲੋਕ ਔਰਤਾਂ ਦੀ ਇੱਜ਼ਤ ਨਹੀਂ ਕਰਦੇ। ਉਨ੍ਹਾਂ ਨੂੰ ਮਾੜੀ ਨਜ਼ਰ ਨਾਲ ਵੇਖਦੇ ਹਨ। ਭਾਰਤੀ ਮਨ ਦੇ ਗ਼ੁਲਾਮ ਲੋਕ ਹਨ-ਇਕਦਮ ਕ੍ਰੋਧ ਵਿਚ ਆ ਜਾਂਦੇ ਨੇ-ਭਾਰਤ ਵਿਚ ਭਿਖਾਰੀਆਂ ਦੀ ਜਨਸੰਖਿਆ ਬਹੁਤ ਹੈ-ਪੈਸੇ ਮੰਗਣ ਲਈ ਪਿੱਛੇ ਲੱਗ ਜਾਂਦੇ ਹਨ। ਕਦੀ-ਕਦੀ ਮਹੀਨਾ-ਮਹੀਨਾ ਨਹਾਉਂਦੇ ਨਹੀਂ। ਇਕ ਭਿਖਾਰੀ ਨੇ ਪੈਸਿਆਂ ਲਈ ਮੇਰੀ ਪਤਨੀ ਦਾ ਹੱਥ ਫੜ ਲਿਆ। ਦਸ ਰੁਪਏ ਦੇਣ ’ਤੇ ਉਸਨੇ ਮੇਰੀ ਪਤਨੀ ਦਾ ਪਿੱਛਾ ਛਡਿਆ। ਇਸ ਕਰਕੇ ਜੋ ਭਾਰਤ ’ਚੋਂ ਇਧਰ ਆਉਂਦਾ ਹੈ, ਉਹ ਮੁੜ ਵਾਪਸ ਨਹੀਂ ਜਾਂਦਾ। ਲੋਕ ਚੀਨ ਜਾਣਾ ਚੰਗਾ ਸਮਝਦੇ ਹਨ-ਚੀਨ ਹਰ ਸਾਲ 15 ਕਰੋੜ ਸੈਲਾਨੀ ਸੈਰ ਕਰਨ ਜਾਂਦੇ ਹਨ-ਭਾਰਤ ਵਿਚ 90 ਲੱਖ ਜਾਂਦੇ ਹਨ। ਅਗਰ ਭਾਰਤ ਚਾਹੁੰਦਾ ਹੈ ਕਿ ਬਾਹਰ ਦੇ ਸੈਲਾਨੀ ਉਥੇ ਆਉਂਣ ਤਾਂ ਉਨ੍ਹਾਂ ਨੂੰ ਸੈਲਾਨੀਆਂ ਲਈ ਹਰ ਸਹੂਲਤ ਮੁਹੱਈਆ ਕਰਨੀ ਚਾਹੀਦੀ ਹੈ, ਆਪਣੇ ਹੇਠਲੇ ਢਾਂਚੇ ਦਾ ਵਿਕਾਸ ਕਰਨਾ ਚਾਹੀਦਾ ਹੈ ਤਾਂਕਿ ਸੈਰ-ਸਪਾਟੇ ਲਈ ਜ਼ਿਆਦਾ ਸੈਲਾਨੀ ਆ ਸਕਣ। ਭਾਰਤ ਨੂੰ ਚਾਹੀਦਾ ਹੈ ਕਿ ਉਹ ਕਾਨੂੰਨ ਨੂੰ ਦ੍ਰਿੜ੍ਹ ਕਰੇ-ਪੁਲਿਸ ਨੂੰ ਜਵਾਬਦੇਹ ਬਣਾਏ। ਅਗਰ ਭਾਰਤ ਐਸਾ ਨਹੀਂ ਕਰਦਾ ਤਾਂ ਉਹ ਹਵਾ ਵਿਚ ਤਲਵਾਰਾਂ ਘੁੰਮਾਉਦਾ ਰਹੇਗਾ।" ਕਨੇਡਾ, ਅਮਰੀਕਾ ਤੇ ਯੂਰਪ ਨਾਲੋਂ ਸਾਡੇ ਦੇਸ਼ ਦੇ ਬੱਚੇ ਇਕ ਸੌ ਸਾਲ ਪਿੱਛੇ ਹਨ। ਹਰ ਬੱਚੇ ਨੂੰ ਉਥੇ ਲਾਇਬ੍ਰੇਰੀ ’ਚੋਂ ਪੁਸਤਕਾਂ ਮਿਲਦੀਆਂ ਹਨ-ਜਿਹੜੀਆਂ ਕਲਾਸ ਵਿਚ ਪੜ੍ਹਨੀਆਂ ਹਨ-ਕਲਾਸ ਵਿਚ ਬੱਚੇ ਪੁਸਤਕ ’ਤੇ ਵਿਚਾਰ ਵਟਾਂਦਰਾ ਕਰਦੇ ਹਨ। ਉਥੇ ਸਿੱਖਿਆ ਦਾ ਟੀਚਾ ਬੱਚੇ ਨੂੰ ਨਿਪੁੰਨ ਬਣਾਉਣਾ ਹੈ-ਜੇ ਬੱਚੇ ਨੂੰ ਭਾਰਤ ਵਿਚ ਪੁੱਛੀਏ ਤੂੰ ਕੀ ਬਣਨਾ ਹੈ ਤਾਂ ਕਹੇਗਾ ਡਾਕਟਰ ਜਾਂ ਇੰਜੀਨੀਅਰ। ਇਨ੍ਹਾਂ ਦੋਵਾਂ ਖੇਤਰਾਂ ਤੋਂ ਇਲਾਵਾ ਬੱਚਿਆਂ ਨੂੰ ਕੁਝ ਪਤਾ ਨਹੀਂ।

ਐਡਮਿੰਟਨ ਦੇ ਕਈ ਸਕੂਲਾਂ ਨੂੰ ਵੇਖਿਆ, ਬੱਚਿਆਂ ਤੇ ਅਧਿਆਪਕਾਂ ਨਾਲ ਵਿਚਾਰ ਵਟਾਂਦਰਾ ਕੀਤਾ, ਜਿਵੇਂ ਖ਼ਾਲਸਾ ਹਾਈ ਸਕੂਲ, ਇਸਲਾਮੀਆ ਸਕੂਲ ਅਤੇ ਕਨੇਡੀਅਨ ਵਲੋਂ ਚਲਾਏ ਜਾ ਰਹੇ ਸਕੂਲਾਂ ਨੂੰ ਵੇਖਿਆ। ਤਿੰਨ ਸਕੂਲ ਮੈਂ ਇਕੱਠੇ ਵੇਖੇ, ਜਿਹੜੇ ਅੱਸੀਂ ਏਕੜ ਵਿਚ ਸਨ-ਕੁੜੀਆਂ-ਮੁੰਡੇ ਇਕੱਠੇ ਫੁਟਬਾਲ ਖੇਡ ਰਹੇ ਸਨ। ਮੈਂ ਮੁੱਖ ਅਧਿਆਪਕ ਨੂੰ ਪੁੱਛਿਆ ਕੀ ਇਨ੍ਹਾਂ ਸਕੂਲਾਂ ਦੇ ਬੱਚੇ ਆਪਸ ਵਿਚ ਲੜਦੇ ਵੀ ਹਨ। ਉਸਦਾ ਉਤੱਰ ਸੀ ਇਹ ਬੱਚੇ ਲੜਨ ਵਾਸਤੇ ਨਹੀਂ ਆਉਂਦੇ ਇਹ ਪੜ੍ਹਨ ਲਈ ਆਉਂਦੇ ਹਨ। ਅਗਰ ਕੋਈ ਬੱਚਾ ਸ਼ਰਾਰਤੀ ਹੁੰਦਾ ਹੈ ਤਾਂ ਅਸੀਂ ਉਸਦੀ ਮਾਂ ਨੂੰ ਸੱਦ ਕੇ ਚੇਤਾਵਨੀ ਦਿੰਦੇ ਹਾਂ-ਸਾਡੇ ਦਾਖਲਾ ਫਾਰਮਾਂ 'ਤੇ ਮਾਂ ਦਾ ਨਾਮ ਹੁੰਦਾ ਹੈ।

ਮੈਂ ਇਕ ਵਿਅਕਤੀ ਨੂੰ ਪੁੱਛਿਆ ਮਾਂ ਦਾ ਨਾਂ ਕਿਉਂ, ਪਿਉ ਦਾ ਕਿਉਂ ਨਹੀਂ? 'ਕਿਉਂਕਿ ਇਥੋਂ ਦੀਆਂ ਗੋਰੀਆਂ ਕੁੜੀਆਂ ਕਈ ਮਰਦਾਂ ਨਾਲ ਹੁੰਦੀਆਂ ਨੇ-ਸਾਨੂੰ ਕੀ ਪਤਾ ਇਸਦਾ ਪਿਉ ਕੌਣ ਹੈ।'

ਕਨੇਡਾ ਤੇ ਅਮਰੀਕਾ ਵਿਚ ਸਾਰੇ ਮਕਾਨਾਂ ਦੀ ਬਣਤਰ ਇੱਕੋ ਜਿਹੀ ਹੈ। ਸੜਕਾਂ ਤੋਂ ਬਰਫ਼ ਘਰ ਦੇ ਵਿਅਕਤੀ ਸਾਫ਼ ਕਰਦੇ ਹਨ। ਅਗਰ ਬਰਫ਼ ਤੋਂ ਕੋਈ ਫਿਸਲ ਕੇ ਘਰ ਦੇ ਸਾਹਮਣੇ ਡਿੱਗ ਪਿਆ ਤੇ ਉਸਨੂੰ ਚੋਟ ਆਈ ਤਾਂ ਉਸਦਾ ਸਾਰਾ ਖ਼ਰਚਾ ਘਰ ਵਾਲਿਆਂ ਨੂੰ ਦੇਣਾ ਪੈਂਦਾ ਹੈ, ਅਗਰ ਬਰਫ਼ ਸਾਫ਼ ਨਾ ਹੋਈ ਹੋਵੇ। ਇਸ ਡਰ ਤੋਂ ਘਰ ਦੇ ਸਾਹਮਣੇ-ਪਾਸਿਉਂ ਬਰਫ਼ ਸਾਫ਼ ਕਰਨੀ ਪੈਂਦੀ ਹੈ। ਮੈਨੂੰ ਇਉਂ ਲਗਿਆ ਜਿਵੇਂ ਮੈਂ ਨਰਕ ’ਚੋਂ ਨਿਕਲ ਕੇ ਸਵਰਗ ਵਿਚ ਆ ਗਿਆ ਹਾਂ। ਆਪਣਾ ਦੇਸ਼ ਕਦੀ ਮੰਦਾ ਨਹੀਂ ਹੁੰਦਾ-ਲੋਕ ਦੇਸ਼ ਨੂੰ ਮੰਦਾ ਬਣਾਉਂਦੇ ਨੇ। ਸਾਡੇ ਦੇਸ਼ ਵਿਚ ਰਿਸ਼ਵਤ ਤੋਂ ਬਿਨਾਂ ਕੋਈ ਕੰਮ ਨਹੀਂ ਹੁੰਦਾ। ਲੋਕ ਈਮਾਨਦਾਰ ਨਹੀਂ ਹਨ-ਹਰ ਵਿਅਕਤੀ ਮੁਲਕ ਦਾ ਲਹੂ ਚੂਸਣ ’ਤੇ ਤੁਲਿਆ ਹੁੰਦਾ ਹੈ। ਅਗਰ ਕੋਈ ਸੜਕ ’ਤੇ ਗੱਡੀ ਦੇ ਧੱਕੇ ਨਾਲ ਡਿੱਗ ਪਏ ਤਾਂ ਉਸਨੂੰ ਚੁੱਕਣ ਵਾਸਤੇ ਅੱਗੇ ਕੋਈ ਨਹੀਂ ਆਉਂਦਾ।

ਅਗਰ ਕੋਈ ਕਿਸੇ ਦੀ ਬੇਇੱਜ਼ਤੀ ਕਰਦਾ ਹੈ ਉਸਨੂੰ ਬਚਾਉਣ ਲਈ ਕੋਈ ਸਾਹਮਣੇ ਨਹੀਂ ਆਉਂਦਾ। ਇਸ ਕਰਕੇ ਸਾਡਾ ਦੇਸ਼ ਨਰਕ ਤੋਂ ਘੱਟ ਨਹੀਂ। ਹਰ ਘਰ ਸਾਹਮਣੇ ਦੋ ਜਾਂ ਤਿੰਨ ਕਾਰਾਂ ਹਨ। ਗੈਰਾਜ ਦੇ ਖੁੱਲ੍ਹਣ ਦਾ ਯੰਤਰ ਗੱਡੀ ਅੰਦਰ ਲੱਗਾ ਹੁੰਦਾ ਹੈ-ਘਰ ਕੋਲ ਪੁੱਜ ਕੇ ਕਾਰ ਵਿਚ ਲੱਗਿਆ ਬਟਨ ਦਬਾਉ, ਗੈਰਜ ਦਾ ਸ਼ਟਰ ਆਪਣੇ -ਆਪ ਖੁੱਲ੍ਹ ਜਾਂਦਾ ਹੈ। ਕਾਰਾਂ ਹਰ ਵੇਲੇ ਗਰਮ ਰਹਿੰਦੀਆਂ ਹਨ-ਇਤਨੀ ਸਰਦੀ ਵਿਚ ਵੀ ਲੋਕ ਇਕ ਕਮੀਜ਼ ਜਾਂ ਸਵੈਟਰ ਉਪੱਰ ਜੈਕਟ ਪਹਿਨ ਲੈਂਦੇ ਹਨ। ਐਡਮਿੰਟਨ ਪੁੱਜਣ ’ਤੇ ਮੈਨੂੰ ਇਉਂ ਲਗਿਆ ਜਿਵੇਂ ਮੇਰੀ ਆਮਦ ਵਿਚ ਕਿਸੇ ਨੇ ਚਿੱਟੀ ਚਾਦਰ ਵਿਛਾ ਦਿੱਤੀ ਹੋਵੇ। ਭਾਰਤ ਕੁਦਰਤੀ ਵਸੀਲਿਆਂ ਵਿਚ ਅਮੀਰ ਦੇਸ਼ ਹੈ, ਪਰ ਕਰੋੜਾਂ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ, ਗੁਜ਼ਰ ਬਸਰ ਕਰਦੇ ਹਨ ਅਤੇ ਅਣਸੁਖਾਵੇਂ ਹਾਲਾਤ ਵਿਚ ਦਿਨ ਗੁਜ਼ਾਰਦੇ ਹਨ। ਪਰ ਕਨੇਡਾ ਵਰਗੇ ਦੇਸ਼ ਕੁਦਰਤੀ ਵਸੀਲਿਆਂ ਵਿਚ ਘੱਟ ਅਮੀਰ ਹੁੰਦੇ ਹੋਏ ਵੀ ਆਪਣੇ ਲੋਕਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਦਿੰਦੇ ਹਨ-ਜਿਸ ਕਾਰਨ ਜੀਵਨ ਤੇ ਸਿੱਖਿਆ ਦਾ ਮਿਆਰ ਬਹੁਤ ਉੱਚਾ ਹੈ।

ਸਕੂਲਾਂ ਵਿਚ ਬੱਚਿਆਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਹੈ। ਖ਼ਾਲਸਾ ਹਾਈ ਸਕੂਲ ਵਿਚ ਵੇਖਿਆ-ਉਥੇ ਬੱਚਿਆਂ ਨੂੰ ਗੋਰੀਆਂ ਅਤੇ ਭਾਰਤੀ ਅਧਿਆਪਕਾਂ ਪੜ੍ਹਾਉਂਦੀਆਂ ਹਨ। ਸਕੂਲ ਦੇ ਸਮੇਂ ਉਹ ਬੱਚਿਆਂ ਦੀ ਪੜ੍ਹਾਈ ਵੱਲ ਵੀ ਧਿਆਨ ਰੱਖਦੀਆਂ ਹਨ। ਇਕ ਮਿੰਟ ਵੀ ਜ਼ਾਇਆ ਨਹੀਂ ਕਰਦੀਆਂ-ਉਥੇ ਬੱਚਿਆਂ ਕੋਲ ਦੋ ਤਰ੍ਹਾਂ ਦੇ ਬੂਟ ਹੁੰਦੇ ਹਨ। ਇਕ ਸਕੂਲ ਦੇ ਅੰਦਰ ਪਹਿਨਣ ਲਈ ਅਤੇ ਦੂਜੇ ਘਰ ਤੋਂ ਸਕੂਲ ਤੱਕ-ਘਰ ਦੇ ਬੂਟ ਸਕੂਲ ਦੇ ਅੰਦਰ ਨਹੀਂ ਲਿਜਾ ਸਕਦੇ ਅਤੇ ਸਕੂਲ ਦੇ ਬੂਟ ਘਰ ਨਹੀਂ ਲਿਜਾ ਸਕਦੇ। ਹਰ ਬੱਚੇ ਕੋਲ ਅਲਮਾਰੀ ਦੇ ਖ਼ਾਨੇ ਦੀ ਚਾਬੀ ਹੁੰਦੀ ਹੈ। ਬੱਚਾ ਉਸ ਵਿਚੋਂ ਘਰ ਦੇ ਬੂਟ ਕੱਢ ਕੇ ਘਰ ਜਾਣ ਲਈ ਪਹਿਨਦਾ ਹੈ। ਸਕੂਲ ਦੇ ਬੂਟ ਉਸ ਵਿਚ ਰੱਖ ਦਿੰਦਾ ਹੈ। ਸਕੂਲ ਗੁਰਦੁਆਰੇ ਦੀ ਇਮਾਰਤ ਵਿਚ ਸਥਿਤ ਹੈ। ਕੋਈ ਕਮੇਟੀ ਮੈਂਬਰ ਸਕੂਲ ਦੇ ਕੰਮ ਵਿਚ ਦਖਲ ਨਹੀਂ ਦਿੰਦਾ। ਉਥੇ ਦੋ-ਤਿੰਨ ਸਾਲ ਦੇ ਬੱਚੇ ਨੂੰ ਲੈਪਟਾਪ ਦਾ ਪਤਾ ਹੈ। ਵੱਡੀਆਂ-ਵੱਡੀਆਂ ਸਕੂਲ ਬੱਸਾਂ ਕੁੜੀਆਂ ਚਲਾਉਂਦੀਆਂ ਹਨ। ਕੋਈ ਟ੍ਰੈਫ਼ਿਕ ਦੇ ਕਾਨੂੰਨ ਦੀ ਉਲੰਘਣਾ ਨਹੀਂ ਕਰਦਾ। ਮੈਂ ਟ੍ਰੈਫ਼ਿਕ ਪੁਲਿਸ ਦਾ ਕੋਈ ਸਿਪਾਹੀ ਸੜਕ 'ਤੇ ਆਉਂਦਾ ਨਹੀਂ ਵੇਖਿਆ, ਨਾ ਹੀ ਸੜਕਾਂ ’ਤੇ ਕੋਈ ਜਾਮ ਲਗਿਆ ਵੇਖਿਆ ਅਤੇ ਨਾ ਹੀ ਆਵਾਜਾਈ ਵਿਚ ਕੋਈ ਰੁਕਾਵਟ ਆਉਂਦੀ ਹੈ।

ਲੋਕ ਆਪਣੀਆਂ ਮੰਗਾਂ ਮਨਾਉਣ ਲਈ ਹੜਤਾਲ ਨਹੀਂ ਕਰਦੇ। ਸਾਰੇ ਕਨੇਡਾ ਤੇ ਅਮਰੀਕਾ ਵਿਚ ਰਿਸ਼ਵਤਖੋਰੀ, ਮਿਲਾਵਟ, ਹੇਰਾਫੇਰੀ ਦਾ ਨਾਮੋ-ਨਿਸ਼ਾਨ ਨਹੀਂ। ਇਥੋਂ ਦੇ ਲੋਕ ਪਹਿਲਾਂ ਕਨੇਡੀਅਨ ਹਨ ਅਤੇ ਫਿਰ ਕਿਸੇ ਧਰਮ ਦੇ ਅਨੁਯਾਈ ਹਨ। ਸਾਡੇ ਦੇਸ਼ ਵਿਚ ਲੋਕ ਪਹਿਲਾਂ ਕਿਸੇ ਧਰਮ ਦੇ ਅਨੁਯਾਈ ਹਨ ਤੇ ਫਿਰ ਭਾਰਤੀ। ਉਥੇ ਮਜ਼ਦੂਰ ਦੀ ਕਦਰ ਹੈ, ਕੰਮ ਦੀ ਕਦਰ ਹੈ, ਉਥੇ ਕੋਈ ਉੱਚਾ ਨੀਵਾਂ ਨਹੀਂ, ਸਾਰੇ ਬਰਾਬਰ ਹਨ। ਉਥੇ ਮੰਤਰੀ ਸਾਈਕਲਾਂ ’ਤੇ ਇਧਰ-ਉਧਰ ਜਾਂਦੇ ਹਨ। ਤੁਸੀਂ ਜਦੋਂ ਚਾਹੋ ਮੰਤਰੀ ਨੂੰ ਮਿਲ ਸਕਦੇ ਹੋ, ਤੁਹਾਡਾ ਕੰਮ ਆਫਿਸ ਵਾਲੇ ਆਪਣੇ-ਆਪ ਕਰਦੇ ਹਨ, ਚੱਕਰ ਲਗਾਉਣ ਦੀ ਕੋਈ ਲੋੜ ਨਹੀਂ।

ਮੈਂ ਆਪਣੇ ਪਾਸਪੋਰਟ ਦੀ ਮਿਆਦ ਨੂੰ ਛੇ ਮਹੀਨਿਆਂ ਲਈ ਵਧਾਉਣਾ ਸੀ। ਪਾਸਪੋਰਟ ਦਫਤਰ 'ਚ ਦੇਣ ਤੋਂ ਬਾਅਦ ਆਪਣੇ-ਆਪ ਘਰ ਪਹੁੰਚ ਗਿਆ। ਦੂਜੀ ਵਾਰ ਜਾਣ ਦੀ ਲੋੜ ਨਹੀਂ ਪਈ। ਉਥੇ ਮੰਤਰੀ ਅਤੇ ਮਜ਼ਦੂਰ ਵਿਚ ਕੋਈ ਫ਼ਰਕ ਨਹੀਂ-ਤੁਸੀਂ ਕਿਸੇ ਵੀ ਵਿਅਕਤੀ ਨੂੰ ਮਿਲਣ ਲਈ ਜਾਓ ਉਪਲਬਦ ਹੀ ਹੋਵੇਗਾ। ਸਾਡੇ ਦੇਸ਼ ਦੇ ਲੋਕ ਸ਼ੈਤਾਨਾਂ ਵਾਲੇ ਕੰਮ ਕਰਦੇ ਹਨ ਉਥੋਂ ਦੇ ਲੋਕਾਂ ਦੀ ਕਥਨੀ ਤੇ ਕਰਨੀ ਵਿਚ ਕੋਈ ਫ਼ਰਕ ਨਹੀਂ, ਸਾਡੀ ਕਥਨੀ ਤੇ ਕਰਨੀ ਵਿਚ ਜ਼ਮੀਨ-ਅਸਮਾਨ ਜਿੰਨਾ ਫ਼ਰਕ ਹੈ। ਉਥੇ ਵੀ ਲੋਕ ਅਪਰਾਧ ਕਰਦੇ ਹਨ ਪਰ ਅਪਰਾਧ ਨੂੰ ਮੰਨ ਲੈਂਦੇ ਹਨ। ਝੂਠ ਨਹੀਂ ਬੋਲਦੇ ਕਿ ਮੈਂ

ਨਹੀਂ ਕੀਤਾ। ਇਥੇ ਕਈ ਸਾਲ ਅਪਰਾਧੀ ਨੂੰ ਅਪਰਾਧ ਪ੍ਰਤੀ ਮਨਾਉਣ ਨੂੰ ਲੱਗ ਜਾਂਦੇ ਹਨ। ਉਥੇ ਕਾਨੂੰਨੀ ਕਾਰਵਾਈ ਇੱਥੇ ਨਾਲੋਂ ਜਲਦੀ ਹੁੰਦੀ ਹੈ।

ਕਨੇਡਾ ਇਕ ਬਹੁ-ਸਭਿਆਚਾਰਕ ਸਮਾਜ ਹੈ, ਜਿਸ ਵਿਚ ਸਾਰੀਆਂ ਕੌਮਾਂ ਦੇ ਲੋਕ ਵਸਦੇ ਹਨ, ਜਿਵੇਂ : 76.6 ਪ੍ਰਤੀਸ਼ਤ ਗੋਰੇ, 14.2 ਪ੍ਰਤੀਸ਼ਤ ਨੀਗਰੋ (ਕਾਲੇ ਲੋਕ), 1.2% ਪ੍ਰਤੀਸ਼ਤ ਦੱਖਣ ਅਮਰੀਕੀ (Latin American), 0.5 ਪ੍ਰਤੀਸ਼ਤ ਬਹੁ-ਜਾਤੀ ਲੋਕ, 0.3 ਪ੍ਰਤੀਸ਼ਤ ਹੋਰ ਲੋਕ। 67.2% ਈਸਾਈ, 23.7% ਨਾਸਤਕ, 3.2% ਮੁਸਲਮਾਨ, 1.5% ਹਿੰਦੂ, 1.4% ਸਿੱਖ, 1.1% ਬੋਧ, 1.0% ਯਹੂਦੀ, 0.6% ਮਿਸ਼ਰਤ ਲੋਕ (Different Attitude)। ਲੋਕਾਂ ਨੂੰ ਆਪਣੀ ਕੁਸ਼ਲਤਾ ਅਨੁਸਾਰ ਕੰਮ ਮਿਲਦਾ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਉਥੇ ਜਾਣ ਵਾਲੇ ਹਰੇਕ ਵਿਅਕਤੀ ਨੂੰ ਪਹਿਲਾਂ ਹਰ ਕੰਮ ਸਿਖਾਇਆ ਜਾਂਦਾ ਫਿਰ ਨੌਕਰੀ ਮਿਲਦੀ ਹੈ। ਸਾਡੇ ਦੇਸ਼ ਵਿਚ ਕੰਮ ਕਰਨ ਨੂੰ ਹੇਠੀ ਸਮਝਦੇ ਹਨ-ਉਥੇ ਭਾਰਤੀ ਲੋਕ ਵਾਸ਼ਰੂਮ ਵੀ ਸਾਫ਼ ਕਰਦੇ ਨੇ।

ਕਨੇਡਾ ਦੇ ਮੂਲ ਨਿਵਾਸੀ, ਇਕ ਕਬੀਲੇ ਵਾਂਗ ਰਹਿੰਦੇ ਹਨ। ਇਨ੍ਹਾਂ ਦੀ ਜ਼ਿਆਦਾ ਵਸੋਂ ਉੱਤਰੀ ਕਨੇਡਾ ਵਿਚ ਹੈ। ਇਨ੍ਹਾਂ ਲੋਕਾਂ ਦਾ ਆਪਣਾ ਸਭਿਆਚਾਰ ਤੇ ਭਾਸ਼ਾ ਹੈ। ਇਹ ਉਬਿਕ ਭਾਸ਼ਾ ਬੋਲਦੇ ਹਨ। ਵੈਸੇ ਕਨੇਡਾ ਵਿਚ ਅੰਗਰੇਜ਼ੀ, ਫਰੈਂਚ ਇਥੋਂ ਦੀਆਂ ਸਰਕਾਰੀ ਭਾਸ਼ਾਵਾਂ ਹਨ, ਕਿਉਂਕਿ ਕਨੇਡਾ ਬਰਤਾਨੀਆ ਤੇ ਫਰਾਂਸ ਦੀ ਨੋਆਬਾਦੀ ਰਹੀ ਹੈ। ਇਸ ਤੋਂ ਜਿਹੜੀਆਂ ਸਮਾਨਤ ਭਾਸ਼ਾਵਾਂ ਹਨ, ਉਹ ਪੰਜਾਬੀ ਤੇ ਚੀਨੀ ਹਨ-ਚੀਨੀ ਤੀਜੀ ਬੋਲਣ ਵਾਲੀ ਭਾਸ਼ਾ ਹੈ, ਜਿਸਨੂੰ ਅੱਠ ਲੱਖ ਲੋਕ ਬੋਲਦੇ ਨੇ ਅਤੇ ਚੌਥੀ ਬੋਲਣ ਵਾਲੀ ਭਾਸ਼ਾ ਪੰਜਾਬੀ ਹੈ-ਪੰਜ ਲੱਖ ਲੋਕੀਂ ਪੰਜਾਬੀ ਬੋਲਦੇ ਹਨ। ਕਨੇਡਾ ਦੇ ਮੂਲ ਵਾਸੀਆਂ ਦਾ ਬਾਕੀ ਲੋਕਾਂ ਨਾਲ ਘੱਟ ਮੇਲਜੋਲ ਹੈ। ਇਨ੍ਹਾਂ ਦੀ ਆਬਾਦੀ ਕੁਝ ਲੱਖ ਹੈ। ਇਨ੍ਹਾਂ ਦਾ ਖਤੋਖਾਲ ਅਸਕੀਮੋ ਲੋਕਾਂ ਨਾਲ ਮਿਲਦਾ-ਜੁਲਦਾ ਹੈ। ਇਹ ਜ਼ਿਆਦਾਤਰ ਰੈਡੀਅਰ ਪਾਲਦੇ ਹਨ। ਲੂੰਬੜੀਆਂ ਨੂੰ ਖੱਲ ਵਾਸਤੇ ਮਾਰਨਾ, ਮੱਛੀਆਂ ਫੜਨਾ ਅਤੇ ਸ਼ਿਕਾਰ ਕਰਨਾ ਇਨ੍ਹਾਂ ਦਾ ਮੂਲ ਧੰਦਾ ਹੈ। ਕਨੇਡਾ ਦੀ ਆਬਾਦੀ ਤਿੰਨ ਕਰੋੜ ਚਾਲੀ ਲੱਖ (33.4 ਮਿਲੀਅਨ) ਹੈ, ਇਸਦਾ ਖੇਤਰਫਲ 3851809 ਵਰਗ ਮੀਲ ਹੈ। 4.2% ਜ਼ਮੀਨ ਖੇਤੀ ਤੇ ਬਾਗ਼ਾਂ ਹੇਠ ਹੈ, 2% ਚਰਾਂਦਾ ਹੇਠ ਹੈ। 44.4% ਜੰਗਲ ਹੇਠ ਹੈ। ਕਨੇਡਾ ਵਿਚ 97% ਲੋਕ ਬਾਹਰਲੇ ਦੇਸ਼ਾਂ 'ਚੋਂ ਆ ਕੇ ਇਥੇ ਵਸੇ ਹਨ-ਇਹ ਲੇਕ ਭਾਵੇਂ ਬਾਹਰੋਂ ਆਏ ਹਨ ਪਰ ਇਹ ਵੱਖ-ਵੱਖ ਸਭਿਆਚਾਰ, ਧਰਮ ਤੇ ਭਾਸ਼ਾ ਦੇ ਹੁੰਦੇ ਹੋਏ ਵੀ ਇਕ ਕੌਮ ਵਿਚ ਘੁਲ ਮਿਲ ਗਏ ਹਨ।

ਕਨੇਡਾ ਦਾ ਇਤਿਹਾਸ ਦਸ ਹਜ਼ਾਰ ਸਾਲ ਪੁਰਾਣਾ ਹੈ। ਇਨ੍ਹਾਂ ਲੋਕਾਂ ਕੋਲ ਹਜ਼ਾਰਾ ਏਕੜ ਜ਼ਮੀਨ ਸੀ। ਜਦੋਂ ਅੰਗਰੇਜ਼ ਤੇ ਫਰਾਂਸੀਸੀ ਲੋਕ ਇਥੇ ਆਏ, ਉਨ੍ਹਾਂ ਨੇ ਕੁਝ ਪੌਂਡਾਂ ਵਿਚ ਇਨ੍ਹਾਂ ਮੂਲ ਵਸਨੀਕਾਂ ਕੋਲੋਂ ਸੈਂਕੜੇ ਏਕੜ ਜ਼ਮੀਨਾਂ ਖ਼ਰੀਦ ਲਈਆਂ ਅਤੇ ਵੱਡੇ-ਵੱਡੇ ਫਾਰਮ ਹਾਊਸ ਬਣਾਏ। ਅੱਜ ਇਨ੍ਹਾਂ ਲੋਕਾਂ ਕੋਲ ਵਿਸ਼ਾਲ ਖੇਤੀ ਫਾਰਮ, ਗਊਆਂ ਅਤੇ ਘੋੜੀਆਂ ਦੇ ਫਾਰਮ ਹਨ-ਮੈਨੂੰ ਕੁਝ ਫਾਰਮਾਂ ਨੂੰ ਅੱਖੀਂ ਵੇਖਣ ਦਾ ਅਵਸਰ ਮਿਲਿਆ। ਮੈਂ ਇਨ੍ਹਾਂ ਦੇ ਪਿੰਡ ਵੀ ਵੇਖੇ, ਇਨ੍ਹਾਂ ਨੇ ਹਰ ਪਿੰਡ ਵਿਚ ਦਾਣੇ-ਫੱਕੇ ਲਈ, ਉਚੇ-ਉਚੇ ਕੁਠਾਰ ਬਣਾਏ ਹਨ। ਖੇਤੀਬਾੜੀ ਮਸ਼ੀਨਾਂ ਨਾਲ ਹੁੰਦੀ ਹੈ। ਗਊਆਂ ਦੇ ਫਾਰਮ ਵੀ ਵੇਖੇ, ਇਨ੍ਹਾਂ ਫਾਰਮਾਂ ਵਿਚ ਸੈਂਕੜੇ ਗਊਆਂ ਘਾਹ ਚਰਦੀਆਂ ਹਨ-ਇਨ੍ਹਾਂ ਤੋਂ ਦੁੱਧ ਮਸ਼ੀਨਾਂ ਨਾਲ ਚੋਇਆ ਜਾਂਦਾ ਹੈ, ਜੋ ਇਕ ਵੱਡੇ ਬੈਰਲ ਵਿਚ ਭਰਿਆ ਜਾਂਦਾ ਹੈ। ਟੈਂਕਰਾਂ 'ਚ ਭਰ ਕੇ ਫੈਕਟਰੀਆਂ ਤੱਕ ਲਿਆਇਆ ਜਾਂਦਾ ਹੈ। ਜਿਥੇ ਦੁੱਧ ਦੀਆਂ ਖਾਣ-ਪੀਣ ਦੀਆਂ ਵਸਤੂਆਂ ਬਣਦੀਆਂ ਹਨ। ਦੁੱਧ ਦੇ ਪੈਕ ਮਾਲਾਂ ਵਿਚ ਭੇਜੇ ਜਾਂਦੇ ਹਨ-ਜਿਥੋਂ ਲੋਕੀਂ ਰੋਜ਼ਾਨਾ ਇਸਤੇਮਾਲ ਲਈ ਖ਼ਰੀਦਦੇ ਹਨ। ਉਥੇ ਘਰ-ਘਰ ਦੋਧੀ ਦੁੱਧ ਨਹੀਂ ਵੇਚਦਾ। ਲੋਕ ਹਫ਼ਤੇ ਲਈ ਸਾਰਾ ਸਟਾਕ ਮਾਲਾਂ ਤੋਂ ਹੀ ਖ਼ਰੀਦਦੇ ਹਨ। ਮੈਂ ਇਕ ਗਊ ਫਾਰਮ ਦੇ ਮਾਲਕ ਨੂੰ ਪੁੱਛਿਆ-ਜਦੋਂ ਗਊ ਦੁੱਧ ਘੱਟ ਦਿੰਦੀ ਹੈ ਤਾਂ ਤੁਸੀਂ ਕੀ ਕਰਦੇ ਹੋ? ਉਸਨੇ ਉਤੱਰ

ਦਿਤਾ ਕਿ ਅਸੀਂ ਉਸਨੂੰ ਬੁਚੜਖਾਨੇ ਦੇ ਮਾਲਕ ਨੂੰ ਵੇਚ ਦਿੰਦੇ ਹਾਂ। ਮੂਲ ਵਾਸੀ ਸੁਰੱਖਿਅਤ ਖੇਤਰ ਵਿਚ ਰਹਿੰਦੇ ਹਨ। ਉਨ੍ਹਾਂ ਦੀ ਦੇਖ-ਰੇਖ ਦਾ ਸਾਰਾ ਇੰਤਜ਼ਾਮ ਸਰਕਾਰ ਦੇ ਹੱਥ ਵਿਚ ਹੈ। ਹਾਲੇ ਵੀ ਇਹ ਸਮਾਜਕ-ਆਰਥਿਕ ਖੇਤਰ ਵਿਚ ਪਛੜੇ ਹੋਏ ਹਨ। ਇਨ੍ਹਾਂ ਦੇ ਜ਼ਿਆਦਾਤਾਰ ਬੱਚੇ ਦਵਾਈਆਂ ਦਾ ਸੇਵਨ ਕਰਦੇ ਹਨ।

ਕਨੇਡਾ ਪਹਿਲਾਂ ਫਰੈਂਚ ਦੀ ਨੌ-ਆਬਾਦੀ ਸੀ। ਕਨੇਡਾ ਫਰੈਂਚ ਭਾਸ਼ਾ ਦੇ 'ਸ਼ਬਦ 'ਕਨਾਟਾ' 'ਚੋਂ ਨਿਕਲਿਆ ਹੈ, ਜਿਸਦਾ ਭਾਵ ਮਕਾਨ ਰਹਿਣ ਦੀ ਥਾਂ ਹੈ। ਬਾਅਦ ਵਿਚ ਬਰਤਾਨੀਆ ਨੇ ਵੀ ਮਾਹਾਰਾਨੀ ਵਿਕਟੋਰੀਆ ਦੇ ਸਮੇਂ ਆਪਣੇ ਪੈਰ ਇੱਥੇ ਜਮਾਉਣੇ ਅਰੰਭ ਦਿਤੇ। ਕਨੇਡਾ ਵਿਚ ਅੰਗਰੇਜ਼ੀ ਤੇ ਫਰੈਂਚ ਸਰਕਾਰੀ ਭਾਸ਼ਾਵਾਂ ਹਨ। ਸਰਕਾਰੀ ਕੰਮਕਾਜ ਅੰਗਰੇਜ਼ੀ ਭਾਸ਼ਾ ਵਿਚ ਹੁੰਦਾ ਹੈ। ਪੰਜਾਬੀ ਕਨੇਡਾ ਵਿਚ ਚੌਥੀ ਭਾਸ਼ਾ ਹੈ-ਉਥੇ ਸੜਕਾਂ ਦੇ ਮੀਲ-ਪੱਥਰਾਂ 'ਤੇ ਪੰਜਾਬੀ ਵਿਚ ਜਗ੍ਹਾ ਦਾ ਨਾਂ, ਪਤਾ ਤੇ ਫਾਸਲਾ ਲਿਖਿਆ ਹੁੰਦਾ ਹੈ। ਦੁਕਾਨਾਂ ’ਤੇ ਲੱਗੇ ਬੋਰਡ ਉਤੇ ਪੰਜਾਬੀ ਵੀ ਲਿਖੀ ਹੈ। ਉਸਨੇ ਕਿਹਾ ਕਿ ਅਸੀਂ ਗੁਰਦੁਆਰਿਆਂ ਵਿਚ ਪੰਜਾਬੀ ਕਲਾਸਾਂ ਵੀ ਸਥਾਪਤ ਕੀਤੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਆਪਣੇ ਸਭਿਆਚਾਰ ਨਾਲ ਜੁੜੇ ਰਹਿਣ ਪਰ ਨਵੀਂ ਪਨੀਰੀ ਵਿਚ ਬਾਕੀ ਦੇ ਲੋਕਾਂ ਨਾਲ ਮਿਲਣ ਕਾਰਨ ਫ਼ਰਕ ਆ ਰਿਹਾ ਹੈ। ਅਠਾਰਾਂ ਸਾਲ ਦੀ ਉਮਰ ਤੋਂ ਬਾਅਦ ਮੁੰਡੇ ਕੁੜੀ ਨੂੰ ਆਪਣੀ ਦੇਖ-ਰੇਖ ਆਪ ਕਰਨੀ ਪੈਂਦੀ ਹੈ। ਪੰਜਾਬ ਵਿਚੋਂ ਵੀ ਵੱਡੇ ਅਫ਼ਸਰਾਂ ਤੇ ਅਮੀਰ ਲੋਕਾਂ ਅਤੇ ਜਟਾਂ ਜੇ ਬੱਚੇ ਪਤਿਤ ਨੇ, ਉਨ੍ਹਾਂ ਨੂੰ ਆਪਣੇ ਧਰਮ ਨਾਲ ਜੋੜ ਕੇ ਰਖਣਾ ਹੈ। ਇਸ ਤੋਂ ਇਲਾਵਾ ਕਈ ਥਾਵਾਂ ਤੇ ਸੁਪਰ ਬਜ਼ਾਰਾਂ ਦੇ ਬੋਰਡ ਵੀ ਪੰਜਾਬੀ ਵਿਚ ਲਿਖੇ ਹੋਏ ਹਨ। ਮੈਨੂੰ ਸਾਰੇ ਕਨੇਡਾ ਵਿਚ ਅੰਗਰੇਜ਼ੀ ਬੋਲਣ ਦੀ ਲੋੜ ਨਹੀਂ ਪਈ।

ਕਨੇਡਾ ਦੇ ਛੇ ਪ੍ਰਾਂਤਾਂ ਵਿਚ ਪੰਜਾਬੀਆਂ ਦੀ ਵਸੋਂ ਹੈ। ਜਿਵੇਂ ਟਰਾਂਟੋ, ਵੈਨਕੂਵਰ, ਕੈਲਬਰੀ, ਬ੍ਰਿਟਿਸ਼ ਕੋਲੰਬੀਆ, ਐਡਮਿੰਟਨ, ਐਲਬਰਟਾ ਅਤੇ ਸਰੀ। ਸਰੀ ਪੂਰਾ ਪੰਜਾਬ ਲਗਦਾ ਹੈ। ਤੁਹਾਨੂੰ ਮਹਿਸੂਸ ਹੋਵੇਗਾ ਜਿਵੇਂ ਤੁਸੀਂ ਪੰਜਾਬ ਦੇ ਕਿਸੇ ਸ਼ਹਿਰ ਵਿਚ ਫਿਰ ਰਹੇ ਹੋ। ਕੈਲਗਰੀ ਵੀ ਸਿਖਾਂ ਦੀ ਆਬਾਦੀ ਕਾਫ਼ੀ ਹੈ, ਉਥੇ ਸਿੱਖ ਕਮਿਉਨਿਟੀ ਸੈਂਟਰ ਹੈ, ਜਿੱਥੇ ਪੰਜਾਬੀ ਦੇ ਸੱਭਿਆਚਾਰਕ ਪ੍ਰੋਗਰਾਮ ਹੁੰਦੇ ਹਨ, ਮੁਸ਼ਾਇਰੇ ਵੀ ਹੁੰਦੇ ਹਨ। ਇੱਥੇ ਸਿੱਖਾਂ ਨੇ ਆਪਣੇ ਰੇਡੀਓ ਤੇ ਦੂਰਦਰਸ਼ਨ ਖੋਲ੍ਹੇ ਹੋਏ ਹਨ। ਦੂਰਦਰਸ਼ਨ ’ਤੇ ਹਫ਼ਤੇ ਵਿਚ ਇਕ ਵਾਰ ਪੰਜਾਬੀ ਪ੍ਰੋਗਰਾਮ ਹੁੰਦੇ ਹਨ। ਰੇਡੀਓ ਪ੍ਰੋਗਰਾਮ ਆਪਣੇ ਨਿਸਚਿਤ ਸਮੇਂ ਤੱਕ ਚਲਦੇ ਹਨ। ਐਡਮਿੰਟਨ ਵਿਚ ਹਰ ਸਮੇਂ ਕਲਚਰਲ ਪ੍ਰੋਗਰਾਮ ਹੁੰਦੇ ਹਨ। ਜਿਸ ਵਿਚ ਬੱਚਿਆਂ ਦੇ ਪ੍ਰੋਗਰਾਮ, ਗਿੱਧਾ, ਭੰਗੜਾ ਤੇ ਖੇਡਾਂ ਦੇ ਪ੍ਰੋਗਰਾਮ ਹੁੰਦੇ ਹਨ। ਸਿੱਖ ਸੰਗਤ ਖਾਣ-ਪੀਣ ਦੇ ਸਟਾਲ ਵੀ ਲਗਾਉਂਦੀ ਹੈ। ਐਡਮਿੰਟਨ ਵਿਚ ਭਗਤ ਸਿੰਘ ਪ੍ਰਤੀ ਮੁਸ਼ਾਇਰੇ ਵਿਚ ਹਿੱਸਾ ਲਿਆ ਸੀ। ਐਡਮਿੰਟਨ ਵਿਖੇ ਰੇਡੀਓ ਸਟੇਸ਼ਨ ਸਥਾਪਤ ਕੀਤਾ ਗਿਆ, ਜਿਸ 'ਤੇ ਪੰਜਾਬੀ ਪ੍ਰੋਗਰਾਮ ਨਸ਼ਰ ਹੁੰਦੇ ਹਨ। ਭਾਰਤ ਤੋਂ ਗਏ ਲੋਕਾਂ ਨਾਲ ਵੀ ਵਿਚਾਰ-ਵਟਾਂਦਰਾ ਹੁੰਦਾ ਹੈ। ਪੰਜਾਬੀ ਨੈਸ਼ਨਲ ਅਖ਼ਬਾਰ ਵਿਚ ਸਿੱਖ ਰਾਜ ਪ੍ਰਤੀ ਮੇਰਾ ਇਕ ਲੇਖ ਵੀ ਛਪਿਆ ਸੀ। ਕਨੇਡਾ ਵਿਚ ਪੰਜਾਬੀ ਦੇ 100 ਦੇ ਲਗਭਗ ਰਸਾਲੇ, ਮੈਗਜ਼ੀਨ ਅਤੇ ਅਖ਼ਬਾਰ ਪੰਜਾਬੀ ਭਾਸ਼ਾ ਵਿਚ ਛਪਦੇ ਹਨ ਜਿਨ੍ਹਾਂ ਨੂੰ ਲੋਕਾਂ ਵਿਚ ਮੁਫ਼ਤ ਵੰਡਿਆ ਜਾਂਦਾ ਹੈ। ਇਹ ਹਰ ਹਫ਼ਤੇ ਗੁਰਦੁਆਰਿਆਂ ਤੇ ਪੰਜਾਬੀਆਂ ਦੇ ਮਾਲਾਂ 'ਤੇ ਰੱਖੇ ਜਾਂਦੇ ਹਨ, ਜਿਥੋਂ ਸੰਗਤਾਂ ਪੜ੍ਹਨ ਲਈ ਲੈ ਜਾਂਦੀਆਂ ਹਨ।

ਕਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਦੂਰਦਰਸ਼ਨ ਕੇਂਦਰ ਹਨ। ਉਨ੍ਹਾਂ ਤੋਂ ਪੰਜਾਬੀ ਪ੍ਰੋਗਰਾਮ ਹਰ ਸ਼ਨੀਵਾਰ ਨੂੰ ਪ੍ਰਸਾਰਿਤ ਹੁੰਦੇ ਹਨ ਅਤੇ ਕਈ ਰੇਡੀਓ ਕੇਂਦਰ ਹਨ ਜਿਨ੍ਹਾਂ ਤੋਂ ਪੰਜਾਬੀ ਪ੍ਰੋਗਰਾਮ ਰੋਜ਼ ਪ੍ਰਸਾਰਤ ਹੁੰਦੇ ਹਨ। ਭਾਰਤ ਤੋਂ ਉਥੇ ਜਾਣ ਵਾਲਿਆਂ ਦੇ ਇੰਟਰਵਿਊ ਲਏ ਜਾਂਦੇ ਹਨ। ਮੇਰੇ ਕਈ ਲੇਖ ਪੰਜਾਬੀ ਰਸਾਲਿਆਂ ਤੇ ਅਖ਼ਬਾਰਾਂ ਵਿਚ ਛਪੇ ਹਨ।

ਕਨੇਡਾ ਵਿਚ ਸਿੱਖਾਂ ਦੀ ਵੱਸੋਂ ਸਾਢੇ ਤਿੰਨ ਲੱਖ ਹੈ। ਨੌਜਵਾਨ ਪੀੜ੍ਹੀ ਵਿਚ ਟਾਵੇਂ-ਟਾਵੇਂ ਹੀ ਕੇਸਧਾਰੀ ਦਿਸਦੇ ਹਨ, ਭਾਵੇਂ ਬੱਚਿਆਂ ਨੂੰ ਦਸਤਾਰ ਸਜਾਉਣ ਦੀ ਤਰਬੀਅਤ ਤੇ ਅੰਮ੍ਰਿਤ ਪ੍ਰਚਾਰ ਕੀਤਾ ਜਾਂਦਾ ਹੈ। ਪਰ ਜੈਸਾ ਦੇਸ ਵੈਸਾ ਭੇਸ ਵਾਲਾ ਵਾਤਾਵਰਨ ਹੀ ਮਨੁੱਖਾਂ ’ਤੇ ਅਸਰ ਅੰਜਾਜ਼ ਹੁੰਦਾ ਹੈ। ਸਾਬਤ ਸੂਰਤ ਸਿੱਖ ਸਿਰਫ਼ ਬਜ਼ੁਰਗ ਅਤੇ ਉਹ ਲੋਕ ਹਨ, ਜਿਹੜੇ ਧਰਮ ਪ੍ਰਤੀ ਵਚਨਬਧ ਨੇ। ਮੈਨੂੰ ਇੱਥੇ ਰਹਿ ਕੇ ਅਭਿਆਸ ਹੋਇਆ ਕਿ ਜਿੰਨੇ ਵੀ ਪ੍ਰਚਾਰਕ ਇੱਥੇ ਆਉਂਦੇ ਹਨ, ਸਿੱਖੀ ਦਾ ਪ੍ਰਚਾਰ ਕਰਨ ਘੱਟ ਤੇ ਡਾਲਰ ਕਮਾਉਣ ਲਈ ਜ਼ਿਆਦਾ ਆਉਂਦੇ ਹਨ। ਜਿੰਨੇ ਵੀ ਪ੍ਰਚਾਰਕਾਂ ਨੂੰ ਮੈਂ ਇੱਥੇ ਸੁਣਿਆ ਹੈ, ਉਹ ਨਿਰੋਲ ਕੀਰਤਨ ਘੱਟ ਤੇ ਘਲੂਘਆਰਿਆਂ ਪ੍ਰਤੀ ਜ਼ਿਆਦਾ ਬੋਲਦੇ ਹਨ। ਨਿਰੋਲ ਕੀਰਤਨ ਤੇ ਪ੍ਰਚਾਰ ਏਨਾ ਨਹੀਂ ਕਰਦੇ। ਇਹ ਸਿੱਖ ਦਰਸ਼ਨ (Philosophy) ਗੁਰੂਆਂ ਦਾ ਗਿਆਨ ਸ਼ਾਸਤਰ, ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਪੰਥ ਸਜਾਉਣ ਪਿੱਛੇ ਮਨੋਰਥ ਅਤੇ ਸਿੱਖ ਧਰਮ ਵਿਚ ਕੇਸਾਂ ਤੇ ਪੰਜ ਕਕਾਰਾਂ ਦੀ ਮਹੱਤਤਾ ਪ੍ਰਤੀ ਘੱਟ ਚਾਨਣ ਪਾਉਂਦੇ ਹਨ। ਇਸ ਗੱਲ ਦਾ ਮਨੁੱਖ ਨੂੰ ਅਫ਼ਸੋਸ ਹੁੰਦਾ ਹੈ ਕਿ ਹਰੇਕ ਪ੍ਰਚਾਰਕ ਇਹ ਸਮਝਦਾ ਹੈ ਕਿ ਉਹ ਸਿੱਖ ਧਰਮ ਪ੍ਰਤੀ ਬਹੁਤ ਜਾਣਦਾ ਹੈ, ਬਾਲੀ ਗੁਰਦੁਆਰੇ ਵਿਚ ਬੈਠੀ ਸੰਗਤ ਮੂਰਖ ਹੈ।

ਦਸੰਬਰ 2009 ਵਿਚ ਰੇਡੀਓ ਐਡਮਿੰਟਨ ਦੇ ਸੰਚਾਲਕ ਨੇ ਲੁਧਿਆਣੇ ਤੋਂ ਗਏ ਇਕ ਰਾਗੀ ਸਿੰਘ ਨਾਲ ਵਿਚਾਰ-ਵਟਾਂਦਰਾ ਕਰਦੇ ਉਸ ਤੋਂ ਪੁੱਛਿਆ, “ਤੁਹਾਡਾ ਇੱਥੇ ਆਉਣ ਦਾ ਕੀ ਮਨੋਰਥ ਹੈ?” ਰਾਗੀ ਸਿੰਘ ਨੇ ਉਤਰ ਦਿੰਦਿਆਂ ਕਿਹਾ, “ਸਾਡੇ ਇਥੇ ਆਉਣ ਦੇ ਦੋ ਮਨੋਰਥ ਹਨ। ਇਕ ਕੀਰਤਨ ਦੁਆਰਾ ਲੋਕਾਂ ਦਾ ਮਾਰਗ ਦਰਸ਼ਨ ਕਰਨਾ, ਦੂਜੇ ਸਮਾਂ ਬਦਲ ਗਿਆ ਹੈ-ਦੁਨੀਆਂ ਦੇ ਲੋਕਾਂ ਦਾ ਝੁਕਾਉ ਪਦਾਰਥਵਾਦ ਵੱਲ ਹੋ ਗਿਆ ਹੈ-ਰੁਪਿਆ ਮਨੁੱਖ ਦੇ ਮਿਆਰ ਨੂੰ ਨਿਰਧਾਰਤ ਕਰਦਾ ਹੈ-ਸਾਡੇ ਭਾਰਤ ਵਿਚ ਅਮੀਰ ਦੀ ਕਦਰ ਹੈ। ਮਨੁੱਖ ਦੇ ਕਿਰਦਾਰ ਤੇ ਸਿਧਾਂਤ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ। ਗ਼ਰੀਬ ਨਾਲ ਕੋਈ ਰਿਸ਼ਤਾ ਸਥਾਪਤ ਨਹੀਂ ਕਰਦਾ।” ਰੇਡੀਓ ਸੰਚਾਲਕ ਨੇ ਕਿਹਾ, "ਦੂਜਾ ਡਾਲਰ ਕਮਾਉਣਾ।" ਰਾਗੀ ਸਿੰਘ ਨੇ ਉਤੱਰ ਦਿੰਦਿਆ ਕਿਹਾ, "ਸਾਨੂੰ ਵੀ ਚੰਗੇ ਘਰ ਦੀ ਲੋੜ ਹੈ। ਚੰਗਾ ਖਾਣਾ-ਪੀਣਾ, ਬੱਚਿਆਂ ਨੂੰ ਮਿਆਰੀ ਸਕੂਲਾਂ ਵਿਚ ਪੜ੍ਹਾਉਣਾ, ਕਾਰ ਦਾ ਘਰ ਵਿਚ ਹੋਣਾ ਜ਼ਰੂਰੀ ਹੋ ਗਿਆ ਹੈ। ਜੇ ਤੁਹਾਡੇ ਕੋਲ ਪੈਸਾ ਨਹੀਂ ਤਾਂ ਇਹ ਸਭ ਕੁਝ ਕਿਵੇਂ ਪੂਰਾ ਹੋਵੇਗਾ।" ਸੰਚਾਲਕ ਨੂੰ ਕਿਹਾ, "ਤੁਸੀਂ ਵੀ ਤਾਂ ਘਰ-ਬਾਰ ਛੱਡ ਕੇ ਇਥੇ ਡਾਲਰ ਕਮਾਉਣ ਆਏ ਹੋ।" ਸੰਚਾਲਕ ਇਹ ਸੁਣ ਕੇ ਖ਼ਾਮੋਸ਼ ਹੋ ਗਿਆ।" 70% ਲੋਕ ਭਾਰਤ ਤੋਂ ਇਨ੍ਹਾਂ ਦੇਸ਼ਾਂ ਵਿਚ ਡਾਲਰ ਕਮਾਉਣ ਆਉਂਦੇ ਨੇ। ਹੇਰਾ-ਫੇਰੀ ਤੇ ਜ਼ਮੀਨਾਂ ਵੇਚ ਕੇ ਏਜੰਟਾਂ ਨੂੰ ਪੈਸੇ ਦੇ ਕੇ ਇਨ੍ਹਾਂ ਦੇਸ਼ਾਂ ਵਿਚ ਆਉਂਦੇ ਨੇ। ਕਈ ਤਾਂ ਇਥੇ ਹੀ ਮਿੱਟੀ ਨਾਲ ਮਿੱਟੀ ਹੋ ਜਾਂਦੇ ਨੇ-ਅਸੀਂ ਤਾਂ ਲੋਕਾਂ ਨੂੰ ਧਰਮ ਨਾਲ ਜੋੜਨ ਆਉਂਦੇ ਹਾਂ।"

ਇੱਥੇ ਸਮਾਜਕ ਤੇ ਧਾਰਮਿਕ ਪ੍ਰੋਗਰਾਮ ਗੁਰਦੁਆਰਿਆਂ ਵਿਚ ਹੁੰਦੇ ਹਨ ਕਿਉਂਕਿ ਗੁਰਦੁਆਰੇ ਸਮਾਜਕ ਤੇ ਧਾਰਮਿਕ ਕਾਰਜਾਂ ਦੇ ਕੇਂਦਰ ਹਨ। ਇਸ ਤਰ੍ਹਾਂ ਭਾਰਤੀਆਂ ਦਾ ਆਪਸ ਵਿਚ ਤਾਲਮੇਲ ਬਣਿਆ ਰਹਿੰਦਾ ਹੈ ਅਤੇ ਆਪਸੀ ਨੇੜਤਾ ਵਧਦੀ ਹੈ। ਭਾਰਤ ਤੋਂ ਆਏ ਦੂਸਰੇ ਧਰਮਾਂ ਦੇ ਲੋਕਾਂ ਵਿਚ ਇਹੋ ਜਿਹਾ ਆਪਸੀ ਮੇਲਜੋਲ ਨਹੀਂ, ਮੰਦਰਾਂ ਤੇ ਗਿਰਜਿਆਂ ਵਿਚ ਇਸ ਤਰ੍ਹਾਂ ਦੇ ਪ੍ਰੋਗਰਾਮ ਆਯੋਜਿਤ ਨਹੀਂ ਹੁੰਦੇ। ਗੁਰਦੁਆਰਿਆਂ ਵਿਚ ਜਿੱਥੇ ਵੀ ਪ੍ਰੋਗਰਾਮ ਆਯੋਜਿਤ ਹੁੰਦੇ ਹਨ, ਉਹ ਰਾਤੀਂ ਹੁੰਦੇ ਹਨ ਕਿਉਂਕਿ ਸਾਰੀ ਦਿਹਾੜੀ ਸਾਰੇ ਆਪਣੇ ਕੰਮਕਾਜ ਵਿਚ ਰੁਝੇ ਹੁੰਦੇ ਹਨ। ਭਾਵੇਂ ਰਾਤ ਦਾ ਤਾਪਮਾਨ ਜ਼ੀਰੋ ਡਿਗਰੀ ਸੈਲਸੀਅਸ ਤੋਂ ਵੀ ਘੱਟ ਹੋਵੇ ਪਰ ਲੋਕਾਂ ਦਾ ਗੁਰਦੁਆਰੇ ਆਉਣ ਦਾ ਉਤਸ਼ਾਹ ਵੇਖਣ ਵਾਲਾ ਹੁੰਦਾ ਹੈ। ਉਥੇ ਸਰਦੀ ਗਰਮੀ ਦਾ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਘਰ, ਕਾਰਾਂ ਤੇ ਗੁਰਦੁਆਰੇ ਦੇ ਹਾਲ ਗਰਮ ਹੁੰਦੇ ਹਨ। ਘਰ ਨੂੰ ਗੈਸ ਪਾਈਪਾਂ ਰਾਹੀਂ ਗਰਮ ਰੱਖਿਆ ਜਾਂਦਾ ਹੈ। ਇਥੇ ਨਵਾਂ ਸਾਲ ਮਨਾਉਣ ਦੇ ਪ੍ਰੋਗਰਾਮ ਵੀ ਗੁਰਦੁਆਰਿਆਂ ਵਿਚ ਹੁੰਦੇ ਹਨ।

ਮੈਂ 31.12.2009 ਨੂੰ ਸਾਰੇ ਜਣ-ਮੇਰੀ ਧੀ, ਦੋਹਤੀ ਤੇ ਦੀਪੀ (ਮੇਰਾ ਜਵਾਈ) ਤੇ ਉਸਦਾ ਦੋਸਤ ਸੁਨੀਲ ਰੈਨਾ ਜੋ ਕਸ਼ਮੀਰੀ ਪੰਡਤ ਹੈ, ਇਸ ਨਾਲ ਉਸਦੀ ਪਤਨੀ ਪਾਇਲ ਅਤੇ ਧੀ ਸਾਡੇ ਨਾਲ ਗੁਰਦੁਆਰੇ ਗਏ। ਸੁਨੀਲ ਰੈਨਾ ਬਾਰਾਮੂਲਾ ਕਾਲਜ ਤੋਂ ਪੜ੍ਹਿਆ ਹੈ ਅਤੇ ਰੂਸ ਤੋਂ ਇੰਜੀਨੀਅਰਿੰਗ ਕੀਤੀ ਸੀ। ਗੁਰਦੁਆਰਾ ਸਾਡੇ ਘਰ ਤੋਂ ਥੋੜ੍ਹੀ ਦੂਰ ਸੀ। ਮੈਂ ਅਕਸਰ ਪੈਦਲ ਹੀ ਗੁਰਦੁਆਰੇ ਜਾਂਦਾ ਸਾਂ-ਉਥੇ ਗੁਰਦੁਆਰਿਆਂ ਵਿਚ ਲੰਗਰ ਸਾਰਾ ਦਿਨ ਵਰਤਦਾ ਰਹਿੰਦਾ ਹੈ। ਜਿਹੜੇ ਲੋਕੀਂ ਭੁੰਜੇ ਨਹੀਂ ਬਹਿ ਸਕੇ ਉਨ੍ਹਾਂ ਲਈ ਲੰਗਰ ਹਾਲ ਵਿਚ ਕੁਰਸੀਆਂ ਮੇਜ਼ ਲਗੇ ਹੋਏ ਹਨ। ਕਨੇਡਾ ਦੇ ਕਈ ਵਸਨੀਕ ਗੋਰੇ ਤੇ ਗੋਰੀਆਂ ਆਮ ਸੰਗਤ ਨਾਲ ਪੰਗਤ ਵਿਚ ਲੰਗਰ ਛਕਦੇ ਹਨ। ਉਥੇ ਹਰ ਪਰਿਵਾਰ ਲੰਗਰ ਲਈ ਰਸਦ ਦਿੰਦਾ ਹੈ। ਜੋ ਮਾਈ ਭਾਈ ਗੁਰਦੁਆਰੇ ਆਉਂਦੇ ਹਨ ਉਹ ਆਟਾ, ਚੌਲ, ਦਾਲਾਂ ਅਤੇ ਚੀਨੀ ਨਾਲ ਲਿਆਉਂਦੇ ਹਨ ਅਤੇ ਕਈ ਗੁਰੂ ਘਰ ਦੇ ਪ੍ਰੇਮੀ ਸਬਜ਼ੀਆਂ ਤੇ ਮੇਵਾ ਵੀ ਲਿਆਉਂਦੇ ਹਨ। ਸਾਡੇ ਇੱਥੇ ਜੋ ਵੀ ਗੁਰਦੁਆਰੇ ਆਉਂਦਾ ਹੈ ਉਹ ਖ਼ਾਲੀ ਹੱਥ ਆਉਂਦਾ ਹੈ। ਉਥੇ ਆਈ ਸੰਗਤ ਤੋਂ ਪੈਸੇ ਉਗਰਾਹੁਣ ਦਾ ਰਿਵਾਜ ਨਹੀਂ, ਨਾ ਹੀ ਕਿਸੇ ਕੰਮਕਾਜ ਲਈ ਕਮਰੇ ਬਹੁਤ ਸਜੇ ਹੁੰਦੇ ਹਨ-ਹਰ ਕਮਰੇ ਵਿਚ ਵਾਲ ਕਾਰਪੈਟ ਲੱਗਾ ਹੁੰਦਾ ਹੈ। ਹਰ ਕਮਰਾ ਕੰਪਿਊਟਰ ਤੇ ਇੰਟਰਨੈਟ ਨਾਲ ਲੈਸ ਹੁੰਦਾ ਹੈ।

ਐਡਮਿੰਟਨ ਗੁਰਦੁਆਰਾ ਸਿੰਘ ਸਭਾ ਹੈ ਅਤੇ ਚੁਣੀ ਗਈ ਕਮੇਟੀ ਗੁਰਦੁਆਰੇ ਦਾ ਕੰਮਕਾਜ ਤੇ ਦੇਖ-ਰੇਖ ਕਰਦੀ ਹੈ। ਗੁਰਦੁਆਰੇ ਵਿਚ ਖ਼ਾਲਸਾ ਮਿਡਲ ਸਕੂਲ ਸਥਿਤ ਹੈ ਅਤੇ ਕਾਰਾਂ ਦੀ ਪਾਰਕਿੰਗ ਲਈ ਅਲੱਗ ਇੰਤਜ਼ਾਮ ਹੈ। ਸਕੂਲ ਦੀਆਂ ਬੱਸਾਂ ਕੁੜੀਆਂ ਚਲਾਉਂਦੀਆਂ ਹਨ-ਬੱਚਿਆਂ ਨੂੰ ਘਰੋਂ ਚੁਕਣਾ ਤੇ ਛੱਡਣਾ ਉਨ੍ਹਾਂ ਦਾ ਕੰਮ ਹੈ। ਮਰਦ ਡਰਾਇਵਰਾਂ ਨੂੰ ਅਤੇ ਸਕੂਲ ਵਿਚ ਕੰਮ ਕਰਨ ਵਾਲੇ ਮਰਦ ਸਟਾਫ਼ ਨੂੰ ਪੁਲਿਸ ਕੋਲੋਂ ਆਪਣੇ ਚਾਲ ਦੀ ਸਨਦ ਲਿਆਉਣੀ ਪੈਂਦੀ ਹੈ। ਉਥੇ ਬੱਚਿਆਂ ਨੂੰ ਸਿੱਖਿਆ ਅਤੇ ਉਨ੍ਹਾਂ ਦੀ ਹਿਫ਼ਾਜ਼ਤ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ।

ਗੁਰਦੁਆਰੇ ਨਤਮਸਤਕ ਹੋਣ ਤੋਂ ਬਾਅਦ ਕੁਝ ਚਿਰ ਪਿੱਛੇ ਬਹਿ ਕੇ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਲਈ ਹੋ ਰਿਹਾ ਕੀਤਰਨ ਸੁਣਿਆ। ਕੀਰਤਨ ਨਾਲ ਨਿਹਾਲ ਹੋਣ ਦੇ ਬਾਅਦ ਅਸੀਂ ਲੰਗਰ ਛਕਣ ਲਈ ਹੇਠਾਂ ਬੇਸਮੈਂਟ ਵਿਚ ਆਏ, ਇੱਥੇ ਲੰਗਰ ਬੇਸਮੈਂਟ ਵਿਚ ਹੁੰਦੇ ਹਨ। ਲੰਗਰ ਛਕਣ ਵੇਲੇ ਭਾਰਤ ਤੇ ਕਸ਼ਮੀਰ ਵਰਗੀ ਅਫਰਾ-ਤਫਰੀ ਨਹੀਂ ਹੁੰਦੀ। ਸਾਡੇ ਦੇਸ਼ ਵਿਚ ਲੰਗਰ ਛਕਣ ਲਈ ਲੋਕੀਂ ਇਸ ਤਰ੍ਹਾਂ ਦੌੜਦੇ ਹਨ ਜਿਵੇਂ ਉਮਰਾਂ ਦੇ ਭੁੱਖੇ ਹੋਣ। ਉਥੇ ਲੰਗਰ ਛਕਣ ਲਈ ਬੂਹਿਓਂ ਬਾਹਰ ਕਤਾਰਾਂ ਨਹੀਂ ਲਗਦੀਆਂ ਅਤੇ ਨਾ ਹੀ ਲੰਗਰ ਛਕਣ ਵਾਲੇ ਪਿੱਛੇ ਬੰਦਾ ਥਾਂ ਲਈ ਖਲੋਤਾ ਹੁੰਦਾ ਹੈ। ਲੋਕ ਸਹਿਜ ਭਾਵ ਨਾਲ ਲੰਗਰ ਛਕਦੇ ਹਨ। ਮੇਜ਼ 'ਤੇ ਪਲੇਟਾਂ ਜਾਂ ਥਾਲੀਆਂ ਰੱਖੀਆਂ ਹੁੰਦੀਆਂ ਹਨ, ਹਰ ਵਿਅਕਤੀ ਧੱਕਾਮੁੱਕੀ ਤੋਂ ਬਿਨਾਂ ਆਪਣੀ ਪਲੇਟ ਚੁੱਕ ਕੇ ਲੰਗਰ ਲੈ ਕੇ ਪਿਆਰ ਨਾਲ ਭੁੰਜੇ ਬਹਿ ਕੇ ਛਕਦਾ ਹੈ। ਸੇਵਾਦਾਰ ਬਿਨਾਂ ਦੋੜ-ਭੱਜ ਦੇ ਸੇਵਾ ਕਰ ਰਹੇ ਹੁੰਦੇ ਹਨ। ਗੁਰਦੁਆਰੇ ਵਿਚ ਸਹਿਜਧਾਰੀਆਂ ਦੀ ਗਿਣਤੀ ਕੇਸਾਧਾਰੀਆਂ ਨਾਲੋਂ ਜ਼ਿਆਦਾ ਹੁੰਦੀ ਹੈ।

ਲੰਗਰ ਛਕਣ ਤੋਂ ਬਾਅਦ ਅਸੀਂ ਗੁਰਦੁਆਰੇ ਆ ਕੇ ਮੁੜ ਬਹਿ ਗਏ ਤੇ ਕੀਰਤਨ ਸੁਣਨ ਵਿਚ ਲੀਨ ਹੋ ਗਏ। ਸਭ ਤੋਂ ਪਹਿਲਾਂ ਕਥਾਵਾਚਕ ਨੇ ਸਿੱਖ ਧਰਮ ਪ੍ਰਤੀ ਗੁਰੂ ਗ੍ਰੰਥ ਸਾਹਿਬ ਦਿਆਂ ਸਲੋਕਾਂ ਅਨੁਸਾਰ ਵਿਆਖਿਆ ਕੀਤੀ। ਇਹ ਕਥਾ ਭਾਈ ਸਾਹਿਬ ਇਕ ਘੰਟਾ ਕਰਦੇ ਰਹੇ। ਇਸ ਤੋਂ ਬਾਅਦ ਵੱਖ-ਵੱਖ ਜੱਥਿਆਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਮੰਤਰ-ਮੁਗਧ ਕੀਤਾ। ਕਈ ਗੋਰੇ ਤੇ ਗੋਰੀਆਂ ਵੀ ਗੁਰਦੁਆਰੇ ਆਏ ਸਨ ਅਤੇ ਸੰਗਤ ਵਿਚ ਬਹਿ ਕੇ ਕੀਰਤਨ ਸੁਣ ਰਹੇ ਸੀ। ਇਨ੍ਹਾਂ ਨਾਲ ਇਕ ਸਹਾਇਕ ਸੀ ਜੋ ਇਨ੍ਹਾਂ ਲਈ ਅੰਗਰੇਜ਼ੀ ਭਾਸ਼ਾ ਵਿਚ ਸ਼ਬਦਾਂ ਦਾ ਅਨੁਵਾਦ ਕਰਦਾ ਸੀ। ਮੈਂ ਇਕ ਕਨੇਡੀਅਨ ਗੋਰੇ ਤੋਂ ਪੁੱਛਿਆ, ਜਿਹੜਾ ਵਿਅਕਤੀ ਮੰਚ 'ਤੇ ਕੀਰਤਨ ਕਰ ਰਿਹਾ ਹੈ, ਤੂਹਾਨੂੰ ਉਸਦੀ ਸਮਝ ਆਉਂਦੀ ਹੈ? ਉਸਦਾ ਉੱਤਰ ਸੀ ਅਸੀਂ ਸੰਗਤ ਦਾ ਰਸ ਮਾਣ ਰਹੇ ਹਾਂ। ਗੁਰਦੁਆਰੇ ਵੜਦਿਆਂ

ਹੀ ਪਿੰਗਲਵਾੜਾ (ਅੰਮ੍ਰਿਤਸਰ) ਦੀ ਸੰਦੂਕੜੀ ਸੀ। ਲੋਕੀਂ ਪਿੰਗਲਵਾੜੇ ਲਈ ਦਿਲ ਖੋਲ੍ਹ ਕੇ ਇਸ ਵਿਚ ਡਾਲਰ ਪਾ ਰਹੇ ਸਨ। ਅੰਤ ਵਿਚ ਆਨੰਦ ਸਾਹਿਬ ਦੇ ਪਾਠ ਤੋਂ ਬਾਅਦ ਅਰਦਾਸ ਅਤੇ ਵਾਕ ਤੋਂ ਬਾਅਦ ਕੜਾਹ ਪ੍ਰਸ਼ਾਦ ਵਰਤਣ ਤੋਂ ਬਾਅਦ ਅਸੀਂ ਘਰ ਆ ਗਏ। ਐਤਵਾਰ ਨੂੰ ਦਿਨੇ ਗੁਰਦੁਆਰੇ ਵਿਚ ਸਮਾਗਮ ਹੁੰਦਾ ਹੈ। ਨਵੇਂ ਸਾਲ ਦੀ ਆਮਦ 'ਤੇ ਮੈਂ ਕਨੇਡਾ ਬੈਠੇ ਇਕ ਕਵਿਤਾ ਲਿਖੀ। ਕਵਿਤਾ ਇਸ ਪ੍ਰਕਾਰ ਹੈ:

ਨਵੇਂ ਸਾਲ ਦੀਆਂ ਨਵੀਆਂ ਉਮੀਦਾਂ
ਨਵੇ ਟੀਚੇ ਮਿਥਦੇ ਹਾਂ।
ਸਾਰੀ ਖ਼ਲਕਤ ਮਿਲ ਕੇ ਇਸਦੀ,
ਕਾਮਨਾ ਵਿਚ ਜੁਟ ਜਾਂਦੇ ਹਾਂ।
ਜਿਉਂ-ਜਿਉਂ ਸਾਲ ਬੀਤਦਾ ਜਾਂਦਾ,
ਮਿਥੇ ਟੀਚੇ ਭੁੱਲ ਜਾਂਦੇ ਹਾਂ।
ਅਫਰਾ-ਤਫਰੀ ਲਹੂ ਦੇ ਦਰਿਆ,
ਮੁੜ-ਮੁੜ ਅਸੀਂ ਵਹਾਉਂਦੇ ਹਾਂ।
ਨਵੇਂ ਸਾਲ ਦੀ ਆਮਦ ਵਿਚ, ਖੁੱਲ੍ਹ ਕੇ ਧਮਾਲ ਪਾਉਂਦੇ ਹਾਂ।
ਤਿਥ ਵਾਰ ਜਿਉਂ ਪਲ-ਪਲ ਬੀਤੇ,
ਗ਼ਮ ਦੇ ਦਰਿਆ ਡੁੱਬ ਜਾਂਦੇ ਹਾਂ।
ਸ਼ਾਲਾ ਨਵਾਂ ਸਾਲ ਲਿਆਵੇ,
ਰੌਣਕਾਂ ਤੇ ਸੱਦ ਬਹਾਰਾਂ।
ਖੇੜੇ ਵਿਚ ਸਾਰੀ ਸ੍ਰਿਸ਼ਟੀ ਰਹੇ,
ਖਿੜਦੀਆਂ ਰਹਿਣ ਗੁਜ਼ਾਰਾਂ।
ਅਮਨ ਦੇ ਅਸੀਂ ਗੀਤ ਗਾਈਏ,
ਸਾਰੇ ਜਗ ਨੂੰ ਸਵਰਗ ਬਣਾਈਏ।
"ਐਸਾ ਕੰਮੁ ਮੂਲੇ ਨ ਕੀਚੈ,
ਜਿਤ ਅੰਤ ਪਛੋਤਾਈਐ।"
ਅੰਗਮ ਅਗੋਚਰ ਅਲਖ ਸੁਨਹੇ ਨੂੰ,
ਸਵੱਛ ਅਮਲਾਂ ਸੰਘ ਨਭਾਈਏ।
"ਸਾਚੁ ਕਹੋਂ ਸੁਨ ਲੇਹ ਸਭੇ,
ਜਿਨਿ ਪ੍ਰੇਮ ਕੀਓ ਤਿਨੁ ਹੀ ਪ੍ਰਭ ਪਾਇਉ।।"
ਨਿੰਦਿਆ ਬਿਖਿਆ ਸਭ ਤਜ ਕੇ,
ਪ੍ਰੇਮ ਪਿਆਰ ਦੇ ਗੀਤ ਗਾਈਏ।

ਕੁਝ ਚਿਰ ਸਫ਼ਰ ਦੀ ਥਕਾਨ ਲਾਹੁਣ ਬਾਅਦ ਮੈਂ ਆਪਣੀ ਧੀ ਦੇ ਪਰਿਵਾਰ ਨਾਲ (Super Bazar) ਤੋਂ ਆਪਣੇ ਲਈ ਇਕ ਗਰਮ ਸੂਟ ਖ਼ਰੀਦਣ ਗਿਆ। ਰੋਜ਼ ਪਾਉਣ ਵਾਲੇ ਆਮ ਸੂਟ ਇਧਰ ਘੱਟ ਹੀ ਚਲਦੇ ਹਨ। ਪੈਰਾਂ ਨੂੰ ਗਰਮ ਰਖਣ ਲਈ ਖ਼ਾਸ ਕਰ ਬਰਫ਼ ਵਿਚ ਪਹਿਨਣ ਵਾਲੇ ਬੂਟ ਖ਼ਰੀਦਣੇ ਪੈਂਦੇ ਹਨ। ਇਕ ਅਖਾਣ ਹੈ 'ਪੈਰ ਗਰਮ, ਪੇਟ ਨਰਮ ਤੇ ਸਿਰ ਠੰਡਾ, ਘਰ ਵਿਚ ਆਏ ਡਾਕਟਰ ਉਸਦੇ ਸਿਰ ਤੇ ਮਾਰੋ ਡੰਡਾ।' ਇਨ੍ਹਾਂ ਮਾਲਾਂ ਦਾ ਖੇਤਰਫਲ ਇਕ ਵਰਗਮੀਲ ਹੁੰਦਾ ਹੈ। ਇਕ ਛੱਤ ਹੇਠ ਤੁਸੀਂ ਸੂਈ ਤੋਂ ਲੈ ਕੇ ਵੱਡੀ ਤੋਂ ਵੱਡੀ ਵਸਤੂ ਖ਼ਰੀਦ ਸਕਦੇ ਹੋ। ਇਹ ਭਿਆਨਕ ਠੰਡ ਵਿਚ ਇੰਨੇ ਗਰਮ ਹੁੰਦੇ ਹਨ ਕਿ ਤੁਸੀਂ ਇਕ ਕਮੀਜ਼ ਪਹਿਨਕੇ ਕੰਮ ਕਰਦੇ ਹੋ। ਮਾਲ ਵਿਚ ਕੈਮਰੇ ਲੱਗੇ ਹੁੰਦੇ ਹਨ, ਜਿਹੜੇ ਗਾਹਕਾਂ ਦੀ ਹਰ ਹਰਕਤ ਨੂੰ ਆਪਣੇ ਅੰਦਰ ਸਮੋ ਲੈਂਦੇ ਨੇ। ਸਾਰਾ ਸਾਮਾਨ ਗਾਹਕ

ਟਰਾਲੀ ਵਿੱਚ ਪਾ ਕੇ ਕਾਊਂਟਰ 'ਤੇ ਲਿਆਉਂਦੇ ਹਨ ਅਤੇ ਕਾਊਂਟਰ 'ਤੇ ਬੈਠਾ ਕਰਮਚਾਰੀ ਸਾਮਾਨ ਦੀ ਰੇਟ ਲਿਸਟ ਤੁਹਾਡੇ ਹੱਥ ਫੜਾਉਂਦਾ ਹੈ, ਤੁਸੀਂ ਡਾਲਰਾਂ ਵਿਚ ਭੁਗਤਾਨ ਕਰਕੇ ਬਾਹਰ ਆਉਂਦੇ ਹੋ। ਗੇਟ 'ਤੇ ਚੁਸਤ ਰੱਖਿਅਕ ਖਲੋਤੇ ਹੁੰਦੇ ਹਨ, ਜੋ ਗਾਹਕ 'ਤੇ ਪੂਰੀ ਨਜ਼ਰ ਰੱਖਦੇ ਹਨ-ਜ਼ਿਆਦਾਤਰ ਸਿੱਖ ਰੱਖਿਅਕ ਹੁੰਦੇ ਹਨ-ਤੁਹਾਡੀ ਹਰ ਹਰਕਤ 'ਤੇ ਬਾਜ਼ ਅੱਖ ਰਖਦੇ ਹਨ-ਈਮਾਨਦਾਰੀ ਉਨ੍ਹਾਂ ਦੀ ਰਗ-ਰਗ ਵਿਚ ਸਮਾਈ ਹੋਈ ਹੈ। ਕਿੰਨਾ ਵੱਡਾ ਅਪਰਾਧ ਵੀ ਕੀਤਾ ਹੋਵੇ ਉਹ ਸੱਚ ਬੋਲਦੇ ਹਨ। ਸਾਮਾਨ ਖ਼ਰੀਦਣ ਬਾਅਦ ਅਸੀਂ ਘਰ ਆ ਗਏ। ਘਰ ਇੰਨੇ ਗਰਮ ਹੁੰਦੇ ਹਨ ਕਿ ਤੁਹਾਨੂੰ ਆਪਣੇ ਸਰੀਰ ਨੂੰ ਗਰਮ ਕਰਨ ਲਈ ਕਿਸੇ ਕਿਸਮ ਦੀ ਬੁਖਾਰੀ ਜਾਂ ਕਾਂਗੜੀ ਦੀ ਲੋੜ ਨਹੀਂ ਪੈਂਦੀ।

ਇਨ੍ਹਾਂ ਮਾਲਾਂ ਵਿਚ ਚਾਹ ਪਾਣੀ ਦੀਆਂ ਦੁਕਾਨਾਂ ਦੇ ਸਾਹਮਣੇ ਬਹਿਣ ਲਈ ਖੁੱਲ੍ਹੀ ਥਾਂ ਹੁੰਦੀ ਹੈ, ਤੁਹਾਨੂੰ ਖਾਣ-ਪੀਣ ਲਈ ਕੁਝ ਨਹੀਂ ਲੱਭਣਾ ਪੈਂਦਾ। ਸਿੱਖ ਬਜ਼ੁਰਗ ਸਾਰਾ ਦਿਨ ਮਾਲਾਂ ਜਾਂ ਗੁਰਦੁਆਰਿਆਂ ਵਿਚ ਗੁਜ਼ਾਰਦੇ ਹਨ। ਕਿਉਂਕਿ ਘਰ ਦਾ ਸਾਰਾ ਟੱਬਰ ਕੰਮਕਾਜ 'ਤੇ ਚਲਾ ਜਾਂਦਾ ਹੈ। ਇਹ ਘਰ ਬਹਿਣ ਦੀ ਬਜਾਇ ਇਨ੍ਹਾਂ ਥਾਵਾਂ 'ਤੇ ਆ ਕੇ ਇਕ-ਦੂਜੇ ਨਾਲ ਗੱਪਾਂ ਮਾਰ ਕੇ ਦਿਹਾੜੀ ਟਪਾਉਂਦੇ ਹਨ। ਗੁਰਦੁਆਰਿਆਂ ਵਿਚ ਹਰ ਵੇਲੇ ਲੰਗਰ ਮਿਲਦਾ ਹੈ ਅਤੇ ਬਹੁਤੇ ਬਜ਼ੁਰਗ ਉਥੇ ਹੀ ਲੰਗਰ ਤੇ ਚਾਹ ਛਕਦੇ ਹਨ। ਕੁਝ ਵਿਅਕਤੀ ਲਾਇਬ੍ਰੇਰੀ ਵਿਚ ਬਹਿ ਕੇ ਪੁਸਤਕਾਂ ਪੜ੍ਹਦੇ ਰਹਿੰਦੇ ਹਨ ਜਾਂ ਕੰਪਿਊਟਰ 'ਤੇ ਗੇਮਾਂ ਖੇਡਦੇ ਰਹਿੰਦੇ ਹਨ। ਇਥੇ ਕਰਾਟੇ ਕੇਂਦਰ ਹਨ, ਜਿੱਥੇ ਬੱਚਿਆਂ ਨੂੰ ਸਵੈ-ਰੱਖਿਆ ਦੇ ਕਰਤਬ ਸਿਖਾਏ ਜਾਂਦੇ ਹਨ।

ਇਥੇ ਪੰਜਾਬ ਤੋਂ ਆਏ ਬਜ਼ੁਰਗਾਂ ਨੇ ਕਲੱਬ ਖੋਲ੍ਹੇ ਹੋਏ ਹਨ-ਜਿਥੇ ਬਹਿ ਕੇ ਇਹ ਆਪਸ ਵਿਚ ਆਪੋ-ਆਪਣਾ ਦੁੱਖ-ਸੁੱਖ ਫਰੋਲਦੇ ਹਨ, ਖੇਡਾ ਖਡਦੇ ਹਨ। ਸਾਰੀਆਂ ਭਾਸ਼ਾਵਾਂ ਦੇ ਅਖ਼ਬਾਰ ਆਉਂਦੇ ਹਨ ਅਤੇ ਕੁਝ ਬਜ਼ੁਰਗ ਇਨ੍ਹਾਂ ਨੂੰ ਪੜ੍ਹਦੇ ਰਹਿੰਦੇ ਹਨ। ਇੱਥੇ ਇਨ੍ਹਾਂ ਨੇ ਚਾਹ ਪਾਣੀ ਦਾ ਵੀ ਇੰਤਜ਼ਾਮ ਰੱਖਿਆ ਹੋਇਆ ਹੈ-ਜਿਸਨੇ ਚਾਹ ਪੀਣੀ ਹੋਵੇ ਉਹ ਆਪ ਚਾਹ ਬਣਾ ਕੇ ਪੀ ਸਕਦਾ ਹੈ। ਜਿਹੜਾ ਵੀ ਖ਼ਾਸ ਵਿਅਕਤੀ ਭਾਰਤੀ ਤੋਂ ਜਾਂਦਾ ਹੈ ਉਸਨੂੰ ਨਿਉਤਾ ਦਿੰਦੇ ਹਨ ਅਤੇ ਉਹ ਭਾਸ਼ਣ ਰਾਹੀਂ ਇਨ੍ਹਾਂ ਸਾਹਮਣੇ ਆਪਣੇ ਵਿਚਾਰ ਰੱਖਦਾ ਹੈ। ਮੈਂ ਵੀ ਇਸ ਕਲੱਬ ਵਿਚ ਅਕਸਰ ਜਾਇਆ ਕਰਦਾ ਸਾਂ। ਮੈਂ ਇਕ ਬਜ਼ੁਰਗ ਨਾਲ ਵਿਚਾਰ-ਵਟਾਂਦਰਾ ਕਰਦਾ ਸਾਂ। ਮੈਂ ਇਕ ਬਜ਼ੁਰਗ ਨੂੰ ਪੁੱਛਿਆ, "ਤੁਹਾਡਾ ਪੰਜਾਬ ਜਾਂ ਆਪਣੇ ਵਤਨ ਜਾਣ ਦਾ ਜੀਅ ਨਹੀਂ ਕਰਦਾ?"

"ਜਿਹੜਾ ਆਪਣੀ ਧਰਤੀ 'ਤੇ ਜੰਮਿਆ ਪਲਿਆ ਹੈ, ਉਹ ਆਪਣੇ ਵਤਨ ਜਾਂ ਧਰਤੀ ਨੂੰ ਕਿਵੇਂ ਭੁੱਲ ਸਕਦਾ ਹੈ। ਉਹ ਕਿਧਰੇ ਵੀ ਰਹੇ, ਉਸਦਾ ਮਨ ਆਪਣੇ ਖੇਤਾਂ ਦੇ ਬਨੇਰਿਆਂ 'ਤੇ ਨੱਚਦਾ ਹੈ ਅਤੇ ਪੈਲੀਆਂ ਵਿਚ ਉਛਲਕੂਦ ਕਰਦਾ ਹੈ। ਅਗਰ ਅਸੀਂ ਆਪਣੇ ਪਿੰਡ ਜਾਂਦੇ ਹਾਂ ਤਾਂ ਉਥੋਂ ਦੇ ਲੋਕ ਸੋਚਦੇ ਨੇ ਸ਼ਾਇਦ ਆਪਣੀ ਜ਼ਮੀਨ ਜਾਂ ਘਰ ਵਾਪਸ ਲੈਣ ਲਈ ਆ ਗਿਆ ਹੈ ਜਾਂ ਕਿਸੇ ਹੋਰ ਨੂੰ ਜ਼ਮੀਨ ਠੇਕੇ 'ਤੇ ਦੇ ਦੇਵੇਗਾ, ਉਹ ਖਿੱਝਿਆ-ਖਿੱਝਿਆ ਰਹਿੰਦਾ ਹੈ। ਨਾ ਹੱਥ ਮਿਲਾਉਂਦਾ ਹੈ, ਨਾ ਜੀ ਆਇਆ ਆਖਦਾ ਹੈ। ਜੇ ਕਹਿ ਦਿਉ ਮੈਂ ਆਪਣੇ ਪਿੰਡ ਵਾਪਸ ਆਇਆਂ ਅਤੇ ਆਪਣੀ ਜ਼ਮੀਨ ਦੀ ਖ਼ੁਦ ਕਾਸ਼ਤ ਕਰਾਂਗਾ, ਜਾਂ ਘਰ ਰਹਿਣ ਲਈ ਆਇਆ ਹਾਂ ਤਾਂ ਤੁਹਾਡੀ ਖ਼ੈਰ ਨਹੀਂ ਆਖਦੇ ਨੇ ਚਾਚਾ ਤੂੰ ਸਵਰਗ ਵਿਚ ਰਹਿੰਦਾ ਹੈਂ, ਭਾਰਤ ਜਿਹੇ ਨਰਕ ਵਿਚ ਆ ਕੇ ਤੂੰ ਕੀ ਕਰਨਾ ਹੈ। ਇੱਥੇ ਹਰ ਚੀਜ਼ ਥੁੜ੍ਹ ਹੈ। ਜ਼ਮੀਨਾਂ ਵੀ ਹੁਣ ਫ਼ਸਲ ਦੇਣ ਤੋਂ ਉਕਾ ਜਵਾਬ ਦੇ ਗਈਆ ਨੇ, ਤੂੰ ਇੱਥੇ ਆ ਕੇ ਕੀ ਕਰਨਾ ਹੈ, ਜੇ ਜ਼ਿਆਦਾ ਸ਼ੋਰ ਪਾਉ ਤਾਂ ਮਾਰ ਵੀ ਛੱਡਦੇ ਨੇ, ਜਿਵੇਂ ਕਈ ਬਾਹਰੋਂ ਆਏ ਵਿਅਕਤੀਆਂ ਨਾਲ ਹੋਇਆ ਹੈ। ਜੇ ਕਹਿ ਦਿਉ, ਅਸੀਂ ਫਲ੍ਹਾਂ ਦਿਨ ਵਾਪਸ ਜਾ ਰਹੇ ਹਾਂ ਤਾਂ ਮੂੰਹ 'ਤੇ ਲਾਲੀ ਆ ਜਾਂਦੀ ਹੈ। ਵਾਪਸ ਆਉਣ 'ਤੇ ਖਾਣਾ ਵੀ ਖੁਆਉਂਦੇ ਨੇ ਕਿ ਸਿਰ ਤੋਂ ਬਲਾ ਟਲੀ। ਫਿਰ ਉਥੇ ਜਾ ਕੇ ਤੁਸੀਂ ਕਿਵੇਂ ਰਹਿ ਸਕਦਾ ਹੋ?"

ਕਨੇਡਾ ਵਿਚ ਵਸਦੇ ਕਸ਼ਮੀਰੀ ਸਿੱਖਾਂ ਦਾ ਆਪਸ ਵਿਚ ਸੁਖਾਵਾਂ ਤਾਲਮੇਲ ਅਤੇ ਮੇਲਜੋਲ ਵੀ ਹੈ ਇਹ ਵੀਕ ਐਂਡ ’ਤੇ ਆਪਸ ਵਿਚ ਮਿਲਦੇ ਰਹਿੰਦੇ ਹਨ। ਐਡਮਿੰਟਨ ਇੱਥੇ ਰਹਿੰਦੇ ਸਿੱਖ ਬਾਰਾਮੂਲੇ ਦੇ ਹਨ। 5.1.2010 ਨੂੰ ਬਾਰਾਮੂਲੇ ਦੇ ਸ੍ਰ. ਪ੍ਰੇਮ ਸਿੰਘ ਦੱਤ ਤੇ ਸਪੁੱਤਰ ਪਪੂ ਜਾ ਨੇ ਸਾਨੂੰ ਆਪਣੇ ਘਰ ਖਾਣੇ ’ਤੇ ਬੁਲਾਇਆ ਅਤੇ ਉਸਦੇ ਘਰ ਆਏ ਬਾਰਾਮੂਲਾ ਦੇ ਕਈ ਵਿਅਕਤੀਆਂ ਨਾਲ ਮੁਲਾਕਾਤ ਹੋਈ। ਪ੍ਰੇਮ ਸਿੰਘ ਜੀ ਨੂੰ ਮੈਂ ਪਹਿਲਾਂ ਹੀ ਜਾਣਦਾ ਸੀ ਕਿਉਂਕਿ ਉਹ ਅਕਸਰ ਮੇਰੇ ਮਾਸੜ ਸ੍ਰ. ਉਜਾਗਰ ਸਿੰਘ ਦੱਤ ਦੇ ਘਰ ਕਈ-ਕਈ ਦਿਨ ਠਹਿਰਦਾ ਸੀ। ਮੈਂ ਆਪਣੇ ਮਾਸੀ ਦੇ ਘਰ ਪੜ੍ਹਦੇ ਸਮੇਂ ਰਹਿੰਦਾ ਸੀ। ਮੇਰੇ ਮਾਸੜ ਜੀ ਸ੍ਰ. ਉਜਾਗਰ ਸਿੰਘ ਦੱਤ ਬਾਰਾਮੂਲਾ ਦੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਨ, ਉਨ੍ਹਾਂ ਦੇ ਘਰ ਸੰਬੰਧਤ ਲੋਕਾਂ ਤੇ ਮਹਿਮਾਨਾਂ ਦਾ ਆਉਣ-ਜਾਣ ਰਹਿੰਦਾ ਸੀ। ਮੇਰੇ ਮਾਸੜ ਤੇ ਮਾਸੀ ਖੁੱਲਦਿਲੇ ਵਿਅਕਤੀ ਸਨ। ਮੈਂ ਆਪਣੀ ਮਾਸੀ ਤੇ ਮਾਸੜ ਨੂੰ ਆਏ-ਗਏ ਮਹਿਮਾਨਾਂ ਦੇ ਪ੍ਰਤੀ ਕਦੇ ਮੱਥੇ ਵੱਟ ਪਾਉਂਦੇ ਨਹੀਂ ਸੀ ਵੇਖਿਆ। ਉਹ ਖੁੱਲਦਿਲ ਨਾਲ ਹਰੇਕ ਨੂੰ ਜੀਅ ਆਇਆਂ ਆਖਦੇ ਸਨ। ਉਹੋ ਜਿਹੇ ਵਿਅਕਤੀ ਮੁੜ ਇਸ ਸੰਸਾਰ ਵਿਚ ਪੈਦਾ ਨਹੀਂ ਹੋ ਸਕਦੇ। ਮੈਂ ਜੋ ਕੁਝ ਹਾਂ ਇਹ ਮਾਸੀ ਦੇ ਟੱਬਰ ਸਦਕਾ ਹਾ।

ਪਪੂ ਜੀ ਦੇ ਘਰ ਆਏ ਸਾਰੇ ਲੋਕਾਂ ਨੂੰ ਮੈਂ ਜਾਣਦਾ ਸਾਂ, ਮੈਨੂ ਉਨ੍ਹਾਂ ਨਾਲ ਮੇਲਜੋਲ ਵਿਚ ਕੋਈ ਕਠਿਨਾਈ ਨਹੀਂ ਆਈ। ਖਾਣਾ ਖਾਣ ਤੋਂ ਪਹਿਲਾਂ ਤੇ ਬਾਅਦ ਵਿਚ ਬਹੁਤ ਚਿਰ ਗੱਲਾਂ ਕਰਦੇ ਰਹੇ। ਬਾਰਾਮੂਲੇ ਤੋਂ ਆਏ ਵਿਅਕਤੀ ਜਿਹੜੇ ਕਨੇਡਾ ਵਿਚ ਵਸ ਗਏ ਹਨ, ਉਨ੍ਹਾਂ ਸਾਰਿਆਂ ਕੋਲ ਆਪਣੇ ਖ਼ੂਬਸੂਰਤ ਘਰ ਹਨ ਅਤੇ ਆਪਣਾ ਗੁਜ਼ਾਰਾ ਚੰਗੀ ਤਰ੍ਹਾਂ ਕਰ ਰਹੇ ਹਨ। ਇਨ੍ਹਾਂ ਦੇਸ਼ਾਂ ਵਿਚ ਜੀਵਨ ਇਕ ਪਰਸਪਰ ਕਸ਼ਮਕਸ਼ ਹੈ। ਫੁੱਲ੍ਹਾਂ ਦੀ ਸੇਜ ਨਹੀਂ, ਜਿਵੇਂ ਭਾਰਤ ਵਿਚ ਸਮਝਿਆ ਜਾਂਦਾ ਹੈ। ਐਡਮਿੰਟਨ, ਕੈਲਗਰੀ, ਸਰੀ ਅਤੇ ਵੈਨਕੂਵਰ ਵਿਚ ਜ਼ਿਆਦਾ ਪੰਜਾਬੀ ਹਨ, ਇਹ ਲੋਕ ਆਪਣਾ ਝੰਡਾ ਗੱਡ ਕੇ ਵਸਦੇ ਹਨ। ਹੋਰ ਦੇਸ਼ ਦੇ ਲੋਕਾਂ ਨਾਲੋਂ ਜ਼ਿਆਦਾ ਮਿਹਨਤੀ ਹਨ। ਉਥੋਂ ਦੀ ਰਾਜਨੀਤੀ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ। ਕਈ ਪੰਜਾਬੀ ਮੰਤਰੀ ਤੇ ਕੌਂਸਲਰ ਵੀ ਹਨ। ਇਨ੍ਹਾਂ ਖੇਤਰਾਂ ਵਿਚ ਪੰਜਾਬੀਆਂ ਕੋਲ ਵਿਸ਼ਾਲ ਫਾਰਮ ਹਾਊਸ ਤੇ ਜ਼ਮੀਨਾਂ ਹਨ ਅਤੇ ਇਹ ਟਰਾਂਸਪੋਰਟ ਵੀ ਹਨ। ਪੰਜਾਬ ਤੇ ਭਾਰਤ ਦੇ ਹੋਰ ਪ੍ਰਾਂਤਾਂ ਤੋਂ ਗਏ ਪੰਜਾਬੀ (ਸਿੱਖ) ਹਰ ਤਰ੍ਹਾਂ ਦਾ ਕੰਮ-ਧੰਦਾ ਕਰਦੇ ਹਨ।

ਇਥੋਂ ਦੀਆਂ ਸਾਹਿਤ ਸਭਾਵਾਂ ਭਾਸ਼ਾ, ਪੰਜਾਬੀ ਸਭਿਆਚਾਰ ਅਤੇ ਆਪਣੇ ਸਿੱਖ ਰਸਮੋ-ਰਿਵਾਜਾਂ ਦੇ ਵਿਕਾਸ ਲਈ ਗਤੀਸ਼ੀਲ ਹਨ, ਭਾਸ਼ਾ ਦੀ ਉਨਤੀ ਲਈ ਸੈਮੀਨਾਰ ਅਤੇ ਮੇਲੇ ਆਯੋਜਿਤ ਕਰਦੇ ਹਨ। ਹਰ ਪੰਦਰਾਂ ਦਿਨਾਂ ਬਾਅਦ ਸਭਾ ਦੀ ਸਾਹਿਤਕ ਬੈਠਕ ਹੁੰਦੀ ਹੈ-ਬਾਹਰੋਂ ਆਏ ਸਾਹਿਤਕਾਰਾਂ ਲਈ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਹਰ ਪੰਜਾਬੀ ਸਾਹਿਤ ਸਭਾ ਆਪਣਾ ਮੈਗਜ਼ੀਨ ਪ੍ਰਕਾਸ਼ਿਤ ਕਰਦੀ ਹੈ। ਜਿਹੜੇ ਲੋਕਾਂ ਵਿਚ ਮੁਫ਼ਤ ਵੰਡੇ ਜਾਂਦੇ ਹਨ। ਪੰਜਾਬੀਆਂ ਦੀ ਪਹਿਲੀ ਖੇਪ 1873 ਈ. ਵਿਚ, ਜਿਸ 'ਚ ਜ਼ਿਆਦਾ ਸਿੱਖ ਸਨ, ਜਿਹੜੇ ਬ੍ਰਿਟਿਸ਼ ਕੇਲੰਬੀਆ ਰੇਲਵੇ ਪਟੜੀ ਵਿਛਾਉਣ ਲਈ ਭਾਰਤ ਤੋਂ ਲਿਆਂਦੇ ਗਏ ਸਨ। ਕੁਝ ਲੋਕਾਂ ਦਾ ਖ਼ਿਆਲ ਹੈ ਕਿ ਮਹਾਰਾਣੀ ਵਿਕਟੋਰੀਆ ਦੀ ਪੰਜਾਹਵੀਂ ਵਰ੍ਹੇਗੰਢ ਸਮੇਂ ਕੁਝ ਲੋਕ ਇਸ ਵਿਚ ਸ਼ਾਮਲ ਹੋਣ ਲਈ ਆਏ ਸਨ। ਇਸ ਤੋਂ ਬਾਅਦ ਸਿੱਖਾਂ ਦਾ ਕਨੇਡਾ ਆਉਣਾ ਸ਼ੁਰੂ ਹੋ ਗਿਆ।

ਕੁਝ ਲੋਕਾਂ ਨਾਲ ਗੱਲਬਾਤ ਕਰਨ ’ਤੇ ਪਤਾ ਚਲਿਆ ਕਿ 80% ਪੰਜਾਬੀਂ ਨੇ ਆਪਣੇ ਪਰਿਵਾਰ ਪੰਜਾਬ ਦਿਆਂ ਵੱਖ-ਵੱਖ ਥਾਵਾਂ ਤੋਂ ਲਿਆਂਦੇ ਹਨ ਅਤੇ ਆਪਣਾ ਕੰਮਕਾਜ ਕਰਦੇ ਹਨ। ਕਈ ਮਾਂ-ਪਿਉ ਨੂੰ ਪੁੱਤਰਾਂ ਦੀ ਬਜਾਏ ਧੀਆਂ ਲਿਆਈਆਂ ਹਨ। ਪੰਜਾਬੀਆਂ ਨੂੰ ਆਪਣੇ ਪਰਿਵਾਰ ਵਿਚ ਲਿਆਉਣ ਲਈ ਕਈ ਪਾਪੜ ਵੇਲਣੇ ਪਏ ਅਤੇ ਨੀਵੇਂ ਤੋਂ ਨੀਵੇਂ ਪੈਂਤੜੇ ਅਪਨਾਉਣੇ ਪਏ। ਬਹੁਤ ਨੌਜਵਾਨ ਪੰਜਾਬ ਤੋਂ ਖਾੜਕੂ ਅੰਦੋਲਨ ਸਮੇਂ ਆਏ। ਇੱਥੇ ਰਹਿੰਦੇ ਲੋਕਾਂ ਨੇ ਆਪਣੀਆਂ ਧੀਆਂ ਭੈਣਾਂ ਨਾਲ ਆਰਜ਼ੀ ਵਿਆਹ ਕਰਵਾ ਕੇ ਆਪਣੇ ਰਿਸ਼ਤੇਦਾਰਾਂ ਨੂੰ ਕਾਗਜ਼ ਪੱਤਰ ਬਣਵਾ ਕੇ ਪੰਜਾਬ ਤੋਂ ਇਧਰ ਲਿਆਂਦਾ।

ਕਈ ਲੋਕ ਗਾਂਧੀ ਤੇ ਸਿੱਖ ਧਰਮ ਦੇ ਪ੍ਰਚਾਰਕ ਬਣ ਕੇ ਇੱਥੇ ਆਏ ਅਤੇ ਲੋਕਾਂ ਵਿਚ ਘੁਲ-ਮਿਲ ਗਏ। ਬਹੁਤਿਆਂ ਦੇ ਕੇਸ ਅਦਾਲਤ ਵਿਚ ਚਲਦੇ ਹਨ। ਇਥੋਂ ਦੇ ਵਕੀਲਾਂ ਦੇ ਵਾਰੇ-ਨਿਆਰੇ ਨੇ। ਕਈ ਨੌਜਵਾਨਾਂ ਨੂੰ ਏਜੰਟਾਂ ਨੇ ਸਬਜ਼-ਬਾਗ਼ ਦਿਖਾ ਕੇ ਮੈਕਸੀਕੋ ਦੀ ਖਾੜੀ ਤੋਂ ਕਿਸ਼ਤੀਆਂ ਰਾਹੀਂ ਅਮਰੀਕਾ ਵਾੜਨ ਦੀ ਕੋਸ਼ਿਸ਼ ਕੀਤੀ, ਜਿਸ ਵਿਚ ਪੰਜਾਬ ਦੇ ਕਈ ਨੌਜਵਾਨ ਖਾੜੀ ਦੀਆਂ ਲਹਿਰਾਂ ਵਿਚ ਗਰਕ ਗਏ ਅਤੇ ਘਰ ਵਾਲੇ ਪਿੱਛੇ ਹਾਲੇ ਤੱਕ ਤਾਰੇ ਗਿਣਦੇ ਹਨ।

ਇਨ੍ਹਾਂ ਮੁਲਕਾਂ ਵਿਚ ਮਿਹਨਤ ਦੀ ਕਦਰ ਹੈ-ਇਥੇ ਕੋਈ ਨੀਵਾਂ ਨਹੀਂ ਸਾਰੇ ਕੰਮ ਬਰਾਬਰ ਹਨ, ਕੋਈ ਵੱਡਾ ਨਹੀਂ। ਹਰ ਵਿਅਕਤੀ ਹਰ ਕੰਮ ਨੂੰ ਮਾਣ ਨਾਲ ਕਰਦਾ ਹੈ। ਭਾਰਤ ਦੇ ਲੋਕਾਂ ਨੂੰ ਮੁਲਕਾਂ ਦੇ ਲੋਕਾਂ ਦੇ ਬਰਾਬਰ ਪੁੱਜਣ ਵਿਚ ਇਕ ਹਜ਼ਾਰ ਸਾਲ ਲੱਗਣਗੇ। ਹਾਲੇ ਵੀ ਨੀਵੀਆਂ ਜਾਤੀਆਂ ਦੇ ਲੋਕ ਦਲਿੱਦਰ ਭੋਗ ਰਹੇ ਹਨ। ਕਨੇਡਾ 'ਚ ਹਰ ਕੰਮ ਨੂੰ ਸਤਿਕਾਰ ਨਾਲ ਵੇਖਿਆ ਜਾਂਦਾ ਹੈ।

ਇੱਥੇ ਵਿਹਲੜ ਨੂੰ ਨਫ਼ਰਤ ਨਾਲ ਵੇਖਿਆ ਜਾਂਦਾ ਹੈ। ਬਿਨਾਂ ਕੰਮ ਦੇ ਰੋਟੀ ਖਾਣੀ ਮੁਸ਼ਕਲ ਹੈ। ਸਾਡੇ ਦੇਸ਼ ਵਿਚ ਵਿਹਲੜ ਨੂੰ ਸਤਿਕਾਰ ਨਾਲ ਵੇਖਿਆ ਜਾਂਦਾ ਹੈ ਅਤੇ ਖਾਣਾ ਬਿਨਾਂ ਕੰਮ ਕੀਤਿਆ ਮਿਲਦਾ ਹੈ। ਕਨੇਡਾ ਤੇ ਅਮਰੀਕਾ ਅਤੇ ਯੂਰਪ ਦੇ ਦੇਸ਼ਾਂ ਵਿਚ ਹੱਥੀਂ ਕੰਮ ਕਰਨ ਵਾਲੇ ਵਿਅਕਤੀ, ਜਿਵੇਂ ਡਰਾਈਵਰ, ਤਰਖਾਣ, ਮੇਸਨ, ਮੋਟਰ ਮਕੈਨਿਕ, ਪਲੰਬਰ ਅਤੇ ਬਿਜਲੀ ਦਾ ਕੰਮ ਜਾਨਣ ਵਾਲੇ ਮਜ਼ੇ ਵਿਚ ਹਨ। ਇਨ੍ਹਾਂ ਲਈ ਕੰਮ ਕਰਨ ਤੋਂ ਪਹਿਲਾਂ ਛੇ ਮਹੀਨੇ ਕਿਸੇ ਕੇਂਦਰ ਵਿਚ ਕੰਮ ਸਿੱਖਣਾ ਜ਼ਰੂਰੀ ਹੈ। ਆਪਣੇ ਕੰਮ ਵਿਚ ਹਰ ਸਿਖਾਂਦਰੂ ਨੂੰ ਨਿਪੁੰਨਤਾ ਦੀ ਸਨਦ ਦਿੱਤੀ ਜਾਂਦੀ ਹੈ ਕਿ ਉਹ ਕੰਮ ਕਰ ਸਕਦਾ ਹੈ। ਇਹ ਲੋਕ ਮਜ਼ੇ ਵਿਚ ਹਨ ਕਿਉਂਕਿ ਇਹ ਆਪਣੀ ਆਮਦਨ ਲਕਾਉਣ ਕਾਰਨ ਟੈਕਸ ਦੇਣ ਤੋਂ ਬਚ ਜਾਂਦੇ ਹਨ ਅਤੇ ਕਿਸੇ ਸੰਸਥਾ ਵਿਚ ਕੰਮ ਕਰਨ ਵਾਲੇ ਜਾ ਨੌਕਰੀ ਕਰਨ ਵਾਲੇ ਨੂੰ ਤਨਖ਼ਾਹ ਤੋਂ ਟੈਕਸ ਵਸੂਲਿਆ ਜਾਂਦਾ ਹੈ। ਬਿਜਲੀ ਤੇ ਪਾਣੀ ਦਾ ਖ਼ਰਚਾ ਵੀ ਤਨਖ਼ਾਹ 'ਚੋ ਕੱਟਿਆ ਜਾਂਦਾ ਹੈ।

ਹਰ ਵਿਅਕਤੀ ਨੂੰ ਬੈਂਕ ਦੇ ਕੰਮ ਵਿਚ ਜਾਂ ਬੈਂਕ ਨਾਲ ਇਮਾਨਦਾਰੀ ਨਾਲ ਚਲਣਾ ਪੈਂਦਾ ਹੈ। ਅਗਰ ਬੈਂਕ ਨਾਲ ਤੁਹਾਡਾ ਹਿਸਾਬ-ਕਿਤਾਬ ਠੀਕ ਨਹੀਂ ਤਾਂ ਤੁਹਾਨੂੰ ਕੋਈ ਲੋਨ ਨਹੀਂ ਮਿਲ ਸਕਦਾ ਅਤੇ ਸਾਰੇ ਮੁਲਕ ਦੇ ਬੈਂਕਾ ਨੂੰ ਸੂਚਨਾ ਦੇ ਦਿੱਤੀ ਜਾਂਦੀ ਹੈ। ਬਹੁਤੇ ਲੋਕ ਅਪਣੀ ਆਮਦਨ ਨੂੰ ਘੱਟ ਦੱਸ ਕੇ ਲੋਨ ਪ੍ਰਾਪਤ ਕਰਦੇ ਹਨ। ਉਥੇ ਜੰਮਣ ਤੋਂ ਲੈ ਕੇ ਸਕੂਲ ਜਾਣ ਤੱਕ ਬੱਚੇ/ਬੱਚੀ ਦੀ ਦੇਖਭਾਲ ਕਰਨ ਲਈ ਮਾਂ-ਪਿਉ ਨੂੰ ਸਰਕਾਰ ਵਲੋਂ ਮਾਲੀ ਮਦਦ ਕੀਤੀ ਜਾਂਦੀ ਹੈ ਤਾਂਕਿ ਉਹ ਬੱਚੇ-ਬੱਚੀ ਦੇ ਸਰੀਰਕ ਤੇ ਮਾਨਸਿਕ ਵਿਕਾਸ ਵੱਲ ਧਿਆਨ ਦੇਣ। ਚੰਗੀ ਨੌਕਰੀ ਪ੍ਰਾਪਤ ਕਰਨ ਲਈ ਪੜ੍ਹਨਾ ਪੈਂਦਾ ਹੈ। ਇੱਥੇ ਪੜ੍ਹਾਈ ਕਰਨ ਲਈ ਸਰਕਾਰ ਵਜ਼ੀਫਾ ਦੇਂਦੀ ਹੈ। ਇੱਥੇ ਵੀ ਭਾਰਤੀ ਲੋਕ ਭਾਰਤ ਵਾਂਗ ਉਲਟੇ-ਸਿੱਧੇ ਕੰਮ ਕਰਦੇ ਹਨ।

ਇਥੇ ਪੰਜ ਦਿਨ ਦਾ ਹਫ਼ਤਾ ਹੁੰਦਾ ਹੈ। ਸਨਿੱਚਰ ਤੇ ਐਤਵਾਰ ਨੂੰ ਛੁਟੀ ਹੁੰਦੀ ਹੈ। ਅੰਗਰੇਜ਼ ਲੋਕ ਇਹ ਦੋ ਦਿਨ ਘਰੋਂ ਬਾਹਰ ਗੁਜ਼ਾਰਦੇ ਹਨ ਤੇ ਐਤਵਾਰ ਸ਼ਾਮੀਂ ਵਾਪਸ ਆ ਜਾਂਦੇ ਹਨ। ਦਫ਼ਤਰ ਦਾ ਫਾਟਕ ਸਮੇਂ ਸਿਰ ਬੰਦ ਹੋ ਜਾਂਦਾ ਹੈ। ਫਿਰ ਪੰਜ ਮਿੰਟ ਲੇਟ ਵੀ ਕੋਈ ਅੰਦਰ ਪ੍ਰਵੇਸ਼ ਨਹੀਂ ਕਰ ਸਕਦਾ। ਦੂਜੇ ਦਿਨ ਉਸਨੂੰ ਤਾੜਨਾ ਕੀਤੀ ਜਾਂਦੀ ਹੈ, ਇਸ ਕਰਕੇ ਕੋਈ ਦੇਰ ਨਾਲ ਨਹੀਂ ਆ ਸਕਦਾ। ਇਕ ਅੰਗਰੇਜ਼ ਮੈਨੂੰ ਕਹਿੰਦਾ ਸੀ। ਭਾਰਤ ਕਰਮਚਾਰੀ ਦਫ਼ਤਰ ਪੁੱਜਣ ਵਿਚ ਆਪੋ-ਧਾਪੀ ਕਰਦੇ ਹਨ ਅਤੇ ਜਦ ਦਫ਼ਤਰ ਪੁੱਜਦੇ ਹਨ ਤਾਂ ਮੂੰਹ ਲਮਕਾ ਕੇ ਕੁਰਸੀ 'ਤੇ ਬਹਿ ਜਾਂਦੇ ਹਨ। ਘੰਟਾ ਦੋ ਘੰਟੇ ਦਫ਼ਤਰ ਵਿਚ ਬਹਿ ਕੇ ਪਤਾ ਨਹੀਂ ਚਲਦਾ ਉਹ ਕਿਧਰ ਗਏ। ਦਫ਼ਤਰ ਵਿਚ ਕੰਮ ਲਈ ਆਇਆ ਲੋੜਵੰਦ ਵਿਅਕਤੀ ਮਾਯੂਸ ਹੋ ਕੇ ਵਾਪਸ ਮੁੜ ਜਾਂਦਾ ਹੈ।

ਕਨੇਡਾ ਵਿਚ ਜੰਮੀ ਪਲੀ ਪੀੜ੍ਹੀ ਆਪਣੀ ਪਹਿਲੀ ਤੇ ਦੂਜੀ ਪੀੜ੍ਹੀ ਨਾਲੋਂ ਟੁੱਟ ਰਹੀ ਹੈ। ਇਥੋਂ ਦੇ ਸਭਿਆਚਾਰ ਤੇ ਰਸਮੋ-ਰਿਵਾਜ ਅਪਣਾ ਰਹੇ ਹਨ। ਉਥੇ ਵੀ ਨੌਜਵਾਨਾਂ ਨੂੰ ਨਸ਼ੇ ਵਾਲੀਆਂ ਦਵਾਈਆਂ

ਦਾ ਸੇਵਨ ਕਰਨ ਦੀ ਲਤ ਲਗੀ ਹੋਈ ਹੈ। ਇਸ ਸੰਦਰਭ ਵਿਚ ਮਾਂ-ਪਿਉ ਦਿਨ ਰਾਤ ਚਿੰਤਿਤ ਰਹਿੰਦੇ ਹਨ। ਧਰਮ ਪ੍ਰਚਾਰ ਦਾ ਬੋਲ-ਬਾਲਾ ਹੁੰਦੇ ਹੋਏ ਵੀ ਨੌਜਵਾਨ ਪੀੜ੍ਹੀ ਲਈ ਧਾਰਮਿਕ ਵਿਚਾਰ ਕੋਈ ਮਹੱਤਵ ਨਹੀਂ ਰੱਖਦੇ। ਵਿਹਲੇ ਸਮੇਂ ਜਾਂ ਸਕੂਲ ਤੋਂ ਬਾਅਦ ਕਈ ਥਾਵਾਂ ’ਤੇ ਕੰਮਕਾਜ ਕਰਕੇ ਆਪਣੀ ਪੜ੍ਹਾਈ ਦਾ ਖ਼ਰਚਾ ਪੂਰਾ ਕਰਦੇ ਹਨ। ਇਹ ਬੱਚੇ ਆਪਣੇ ਮਾਂ-ਪਿਉ ’ਤੇ ਨਿਰਭਰ ਨਹੀਂ ਕਰਦੇ। ਸਾਡੇ ਦੇਸ਼ ਵਿਚ ਪੰਜਾਹ ਜਾਂ ਇਸ ਤੋਂ ਜ਼ਿਆਦਾ ਉਮਰ ਦਾ ਵਿਅਕਤੀ ਵੀ ਹਰ ਮਦਦ ਲਈ ਮਾਂ-ਪਿਉ ’ਤੇ ਆਸ ਰੱਖਦਾ ਹੈ। ਮੈਂ ਵੇਖਿਆ ਕਿ ਯੂਰਪੀਅਨ ਮੁਲਕਾਂ ਵਿਚ 18 ਸਾਲ ਤੋਂ ਬਾਅਦ ਬੱਚਾ ਸੁਤੰਤਰ ਹੋ ਕੇ ਕੰਮ ਕਰਦਾ ਹੈ ਤੇ ਮਾਂ-ਪਿਉ ਤੋਂ ਅਲੱਗ ਰਹਿਣ ਲੱਗ ਪੈਂਦਾ ਹੈ। ਇਥੋਂ ਦੇ ਹਰ ਬੱਚੇ ਨੂੰ ਪੁਲਿਸ ਨੇ ਆਪਣਾ ਨੰਬਰ ਦਿੱਤਾ ਹੈ, ਜਦੋਂ ਮਾਂ-ਪਿਉ ਜਾਂ ਹੋਰ ਕੋਈ ਬੱਚਿਆਂ ’ਤੇ ਤਸ਼ੱਦਦ ਕਰਦਾ ਹੈ ਤਾਂ ਉਹ ਪੁਲਿਸ ਦੇ ਕੰਟਰੋਲ ਰੂਮ ਨੂੰ ਫ਼ੋਨ ਕਰ ਦਿੰਦੇ ਹਨ ਤੇ ਪੁਲਿਸ ਤੁਰੰਤ ਪੁੱਜ ਜਾਂਦੀ ਹੈ।

ਮੈਂ ਨਵਾਂ ਕਨੇਡਾ ਪੁੱਜਾ ਸੀ। ਮੇਰੀ ਧੀ ਨੇ ਮੈਨੂੰ ਹਰ ਥਾਂ ਦੱਸੀ, ਉਥੋਂ ਦੇ ਲੋਕਾਂ ਦੇ ਰਹਿਣ-ਸਹਿਣ, ਰਸਮੋਂ-ਰਿਵਾਜ, ਸੜਕ ’ਤੇ ਚੱਲਣ ਦਾ ਤੌਰ-ਤਰੀਕਾ, ਜੇ ਸੜਕ ਪਾਰ ਕਰਨੀ ਹੈ ਤਾਂ ਕਿਹੜਾ ਬਟਨ ਦਬਾਉਣਾ ਹੈ, ਕਿਹੜੇ ਲੈਂਪ ਦੇ ਬਲਣ ਨਾਲ ਗੱਡੀਆਂ ਤੇ ਕਾਰਾਂ ਰੁਕਦੀਆਂ ਹਨ ਅਤੇ ਫਿਰ ਤੁਸੀਂ ਦਿਨੇ ਸੜਕ ਪਾਰ ਕਰਨੀ ਹੈ। ਉਹ ਮੈਨੂੰ ਮਾਲ ਵਿਚ ਲੈ ਗਈ ਤੇ ਉਥੋਂ ਦੀ ਲਾਇਬ੍ਰੇਰੀ ਬਾਰੇ ਵੀ ਦੱਸਿਆ-ਤੁਹਾਨੂੰ ਪੜ੍ਹਨ ਦਾ ਸ਼ੌਕ ਹੈ। ਤੁਸੀਂ ਦਿਨੇ ਇੱਥੇ ਬਹਿ ਕੇ ਪੜ੍ਹ ਸਕਦੇ ਹੋ। ਮੈਂ ਆਪਣੀਆਂ ਕੁਝ ਪੁਸਤਕਾਂ ਲਾਇਬ੍ਰੇਰੀ ਨੂੰ ਦਿੱਤੀਆਂ ਉਨ੍ਹਾਂ ਨੇ ਸੈਲਫ ਵਿਚ ਪਾਠਕਾਂ ਦੇ ਪੜ੍ਹਨ ਲਈ ਰੱਖ ਦਿੱਤੀਆਂ। ਉਸਨੇ ਮੈਨੂੰ ਤਿੰਨ ਗੁਰਦੁਆਰੇ ਦੱਸੇ, ਜਦ ਚਾਹੇ ਤੁਸੀਂ ਇੱਥੇ ਆ ਸਕਦੇ ਹੋ। ਮੈਂ ਆਪ ਵੀ ਬਿਨਾਂ ਕਿਸੇ ਦੀ ਮਦਦ ਦੇ ਸ਼ਹਿਰ ਵਿਚ ਆਉਣ ਜਾਣ ਲਗ ਪਿਆ।

ਇਕ ਗੁਆਂਢੀ ਮੇਰਾ ਦੋਸਤ ਬਣ ਗਿਆ। ਮੈਂ ਉਸ ਨਾਲ ਸ਼ਹਿਰ ਆਉਂਦਾ-ਜਾਂਦਾ ਸੀ। ਮੈਨੂੰ ਮੇਰੀ ਧੀ ਨੇ ਪੁਲਿਸ ਦਾ ਕੰਮਕਾਜ ਕਰਨ ਦਾ ਤੌਰ-ਤਰੀਕਾ ਅਤੇ ਉਥੋਂ ਦੇ ਕਾਇਦੇ-ਕਾਨੂੰਨ ਵੀ ਦੱਸੇ ਅਤੇ ਮੈਂ ਹਰ ਚੀਜ਼ ਵਿਚ ਨਿਪੁੰਨ ਹੋ ਗਿਆ। ਕਈ ਸਾਹਿਤਕਾਰ ਤੇ ਮੈਗਜ਼ੀਨਾਂ ਦੇ ਸੰਪਾਦਕ ਤੇ ਚੋਣਵੇਂ ਲੋਕ ਮੇਰੇ ਜਾਣ-ਪਛਾਣ ਵਿਚ ਆ ਗਏ।

ਇਕ ਦਿਨ ਮੈਂ ਸਾਬਕਾ ਮੰਤਰੀ ਰਾਮੂਵਾਲੀਆ ਦੇ ਭਰਾ ਇਕਬਾਲ ਰਾਮੂਵਾਲੀਆ, ਜੋ ਟਰਾਂਟੋ ਵਿਖੇ ਰਹਿੰਦੇ ਹਨ, ਉਹ ਆਪਣਾ ਦੂਰਦਰਸ਼ਨ ਵੀ ਚਲਾਉਂਦਾ ਹੈ, ਜਿਸ ਤੇ ਪੰਜਾਬੀ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ, ਫ਼ੋਨ ਰਾਹੀਂ ਇਕ ਪੰਜਾਬੀ ਪ੍ਰੋਗਰਾਮ ਪ੍ਰਤੀ ਵਿਚਾਰ-ਵਟਾਂਦਰਾ ਕੀਤਾ। ਉਸਨੇ ਮੈਨੂੰ ਟਰਾਂਟੋ ਆਉਣ ਲਈ ਕਿਹਾ। 'ਮਰਤਾ ਕਿਆ ਨਾ ਕਰਤਾ', ਜੇਬ ਹਲਕੀ ਹੋਣ ਕਾਰਨ ਮੈਂ ਕਈ ਪ੍ਰੋਗਰਾਮਾਂ ਵਿਚ ਹਿੱਸਾ ਨਹੀਂ ਲੈ ਸਕਿਆ। ਇਕ ਦਿਹਾੜੇ ਘਰਦਿਆਂ ਨੂੰ ਦੱਸੇ ਬਿਨਾਂ ਘਰੋਂ ਲਾਇਬ੍ਰੇਰੀ ਜਾਣ ਲਈ ਨਿਕਲ ਆਇਆ। ਰਸਤੇ ਵਿਚ ਮੈਨੂੰ ਪਿਸ਼ਾਬ ਦੀ ਹਾਜ਼ਤ ਹੋਈ ਪਰ ਆਸੇ-ਪਾਸੇ ਕੋਈ (Washroom) ਨਹੀਂ ਸੀ। ਲਾਗਲੇ ਰਾਹ ਵਿਚ ਕਾਂਨੀਫਰ ਰੁੱਖਾਂ ਦਾ ਝੁੰਡ ਸੀ। ਰੁੱਖ ਸੰਘਣੇ ਹੋਣ ਕਾਰਨ ਕਿਸੇ ਰਾਹਗੀਰ ਦਾ ਵੇਖਣਾ ਅਸੰਭਵ ਸੀ। ਮੈਂ ਇਧਰ-ਉਧਰ ਵੇਖਿਆ ਤੇ ਖਲੋ ਕੇ ਪਿਸ਼ਾਬ ਕਰਨ ਲਗ ਪਿਆ। ਮੇਰੀ ਨਜ਼ਰੋਂ ਓਹਲੇ ਮਕਾਨ ਦੀ ਦੀਵਾਰ ’ਤੇ ਕੈਮਰਾ ਲੱਗਿਆ ਹੋਇਆ ਸੀ। ਇਹ ਕੈਮਰਾ ਹਰ ਬੰਦੇ ਦੀ ਹਰਕਤ ਬਾਰੇ ਪੁਲਿਸ ਕੰਟਰੋਲ ਰੂਮ ਨੂੰ ਸਾਰੀ ਸੂਚਨਾ ਭੇਜਦਾ ਹੈ।

ਮੈਂ ਜਦੋਂ ਰੁੱਖਾਂ ਦੇ ਝੁੰਡ 'ਚੋਂ ਬਾਹਰ ਆਇਆ ਤਾਂ ਪੁਲਿਸ ਵੈਨ ਮੇਰਾ ਇੰਤਜ਼ਾਰ ਕਰ ਰਹੀ ਸੀ। ਪੁਲਿਸ ਕਰਮਚਾਰੀ ਨੇ ਮੈਨੂੰ ਪੁੱਛਿਆ, "ਤੂੰ ਪੇਸ਼ਾਬ ਕੀਤਾ ਹੈ ਇੱਥੇ।"

ਮੈਂ ਉਤੱਰ ਹਾਂ ਵਿਚ ਦਿੱਤਾ।

ਫਿਰ ਉਨ੍ਹਾਂ ਕਿਹਾ, “ਤੂੰ ਕਿਉ ਕੀਤਾ?”

ਮੈਂ ਕਿਹਾ, "ਮੈਂ ਸ਼ਹਿਰ ਵਿਚ ਨਵਾਂ ਆਇਆ ਹਾਂ, ਮੈਂ ਇਧਰ-ਉਧਰ ਵੇਖਿਆ ਵਾਸ਼ ਰੂਮ ਨਹੀਂ ਮਿਲਿਆ। ਆਈ ਐਮ ਸੌਰੀ।"

"ਥਾਣੇ ਚਲੋ ਉਥੇ ਚਲ ਕੇ ਵੇਖਾਂਗੇ।" ਮੈਂ ਥਾਣੇ ਪੁੱਜਿਆ, ਉਥੇ ਮੇਰੇ ਕੋਲੋਂ ਫੇਰ ਪੁੱਛਗਿਛ ਕੀਤੀ ਗਈ ਕਹਿਣ ਲੱਗੇ, ਤੂੰ ਕਿਥੋਂ ਦਾ ਹੈਂ?"

ਮੈਂ ਕਿਹਾ "ਮੈਂ ਹਿੰਦੋਸਤਾਨ ਕਸ਼ਮੀਰ ਵਿਚ ਰਹਿੰਦਾ ਹਾਂ।"

ਪੁਲਿਸ ਕਰਮਚਾਰੀ ਨੇ ਪੁਛਿਆ, "ਤੂੰ ਇਥੇ ਕਿਉਂ ਆਇਆ ਹੈਂ?"

ਮਾਂ ਕਿਹਾ, "ਇਸ ਮੁਲਕ ਨੂੰ ਵੇਖਣ ਲਈ ਆਇਆ ਹਾਂ।"

"ਵੇਖਣ ਲਈ ਕਿ ਰਹਿਣ ਲਈ?"

ਮੈਂ ਨਾਂਹ ਵਿਚ ਉਤੱਰ ਦਿੱਤਾ ਤੇ ਕਿਹਾ, “ਇਹ ਮੁਲਕ ਮੈਨੂੰ ਬਹੁਤ ਪਿਆਰਾ ਲੱਗਦਾ ਹੈ, ਇਹ ਮੁਲਕ ਇਥੋਂ ਦੇ ਲੋਕਾਂ ਨੇ ਸੰਭਾਲ ਕੇ ਰੱਖਿਆ ਹੈ ਅਤੇ ਵਾਤਾਵਰਨ ਵੀ ਬਹੁਤ ਚੰਗਾ ਹੈ, ਲੋਕੀਂ ਪਿਆਰ ਵਾਲੇ ਨੇ। ਇਥੋਂ ਦੀ ਪੁਲਿਸ ਅਨੁਸ਼ਾਸਨ ਕਾਇਮ ਕਰਨ ਵਿਚ ਬਹੁਤ ਹੀ ਨਿਪੁੰਨ ਹੈ। ਮੈਂ ਇਸ ਮੁਲਕ ਬਾਰੇ ਪੁਸਤਕ ਲਿਖਣਾ ਚਾਹੁੰਦਾ ਹਾਂ।”

ਪੁਲਿਸ ਅਧਿਕਾਰੀ ਨੇ ਪੁੱਛਿਆ, “ਤੂੰ ਲੇਖਕ ਹੈਂ?”

ਮੈਂ ਹਾਂ ਵਿਚ ਉਤਰ ਦਿੱਤਾ।

"ਫਿਰ ਤੂੰ ਕੋਈ ਹੋਰ ਕੰਮ ਕਰਦਾ ਸੀ?"

ਮੈਂ ਕਿਹਾ ਮੈਂ ਸਮਾਜ ਵਿਗਿਆਨੀ ਸਾਂ, ਹੁਣ ਸੇਵਾਮੁਕਤ ਹਾਂ।

ਉਥੇ ਇਕ ਬੰਦਾ ਖ਼ਾਮੋਸ਼ ਬੈਠਾ ਸੀ। ਉਸ ਤੋਂ ਪੁਲਿਸ ਅਧਿਕਾਰੀ ਨੇ ਕੁਝ ਪੁੱਛਿਆ। ਮੈਂ ਇੰਨਾ ਹੀ ਸੁਣਿਆ-ਇਨੋਸੈਂਟ (Innocent)। ਇਸ ਤੋਂ ਬਾਅਦ ਮੈਨੂੰ ਤਾੜਨਾ ਕਰਕੇ ਜਾਣ ਲਈ ਕਿਹਾ।

ਕਨੇਡਾ ਦੇ ਥਾਣੇ ਬਹੁਤ ਗਰਮ ਸਨ, ਸਰਦੀ ਦਾ ਨਾਂ ਹੀ ਨਹੀਂ ਸੀ। ਸਾਰੇ ਥਾਣੇ ਵਿਚ ਵਾਲ ਕਾਰਪੈਟ ਵਿਛਿਆ ਸੀ। ਥਾਣੇ ਵਿਚ ਲਾਇਬ੍ਰੇਰੀ ਵੀ ਸੀ, ਇਸ ਤਰ੍ਹਾਂ ਲੱਗ ਰਿਹਾ ਸੀ ਇਹ ਥਾਣਾ ਨਹੀਂ ਸਵਰਗ ਹੈ। ਸਾਡੇ ਦੇਸ਼ ਦੇ ਥਾਣੇ ਵਾਂਗ ਭੂਤਵਾੜਾ ਨਹੀਂ ਸਨ। ਥਾਣਾ ਉਥੋਂ ਦੇ ਟਾਊਨ (Down Town) ਦੇ ਲਾਗੇ ਸੀ। ਮੈਂ ਜਦੋਂ ਬਾਹਰ ਆਇਆ ਤਾਂ ਮੈਨੂੰ ਇਹ ਪਤਾ ਨਹੀਂ ਸੀ ਕਿ ਮੈਂ ਕਿੱਥੇ ਹਾਂ ਤੇ ਕਿਧਰ ਜਾਣਾ ਹੈ। ਉਥੇ ਲੋਕੀਂ ਪੈਦਲ ਨਹੀਂ ਚਲਦੇ, ਸਾਰੇ ਕਾਰਾਂ ਵਿਚ ਹੀ ਸਫ਼ਰ ਕਰਦੇ ਨੇ। ਮੈਨੂੰ ਇੰਨਾ ਪਤਾ ਸੀ ਜਿਥੇ ਮੈਂ ਰਹਿੰਦਾ ਸਾਂ ਉਸ ਥਾਂ ਨੂੰ ਮਿਲ ਵੁੱਡ (Mill Wood) ਆਖਦੇ ਹਨ। ਮੈਂ ਅੰਦਰੋਂ ਬਹੁਤ ਘਬਰਾ ਰਿਹਾ ਸੀ। ਨਵੀਂ ਥਾਂ ਸੀ, ਰਸਤਿਆਂ ਦਾ ਵੀ ਕੁਝ ਪਤਾ ਨਹੀਂ ਸੀ। ਮੈਂ ਸੰਕੇਤ ਵੇਖ-ਵੇਖਕੇ ਸੜਕ ’ਤੇ ਪੁੱਜ ਗਿਆ। ਚਾਣਚਕ ਮੇਰੀ ਨਜ਼ਰ ਕਾਰ 'ਤੇ ਪਈ, ਜਿਸਨੂੰ ਇਕ ਸਰਦਾਰ ਚਲਾ ਰਿਹਾ ਸੀ। ਮੈਂ ਹੱਥ ਦਿੱਤਾ ਉਹ ਖਲੋ ਗਿਆ। ਮੈਨੂੰ ਪੁੱਛਿਆ, "ਸਿੰਘ ਸਾਹਬ ਕਿੱਥੇ ਜਾਣੈ?"

ਮੈਂ ਕਿਹਾ, "ਮਿਲ ਵੁੱਡ।"

ਉਸਨੇ ਕਿਹਾ "ਬਹਿ ਜਾਉ।" ਤੇ ਮਾਂ ਬਹਿ ਗਿਆ।

ਉਸਦਾ ਉਸ ਪਾਸੇ ਫਰਨੀਚਰ ਦਾ ਬਹੁਤ ਵੱਡਾ ਸ਼ੋਅ ਰੂਮ ਸੀ। ਉਸਨੇ ਮੇਰੇ ਤੋਂ ਪਤਾ ਟਿਕਾਣਾ ਪੁੱਛਿਆ ਤੇ ਕਿਹਾ ਤੁਸੀਂ ਇਧਰ ਕਿਸ ਤਰ੍ਹਾਂ। ਮੈਂ ਉਸਨੂੰ ਸਾਰੀ ਕਥਾ ਵਾਰਤਾ ਸੁਣਾਈ। ਉਸਨੇ ਕਿਹਾ,

"ਤੁਸੀਂ ਕਿਸਮਤ ਵਾਲੇ ਹੋ ਉਨ੍ਹਾਂ ਤੁਹਾਨੂੰ ਛੱਡ ਦਿੱਤਾ, ਕਲ੍ਹ ਗੁਰਦੁਆਰੇ ਪ੍ਰਸ਼ਾਦ ਕਰਾ ਦੇਣਾ। ਇਨ੍ਹਾਂ ਨੇ ਤੁਹਾਨੂੰ ਰਾਤੀਂ ਥਾਣੇ ਰੱਖਣਾ ਸੀ ਤੇ ਦੂਜੇ ਦਿਨ ਜੱਜ ਕੋਲ ਪੇਸ਼ ਕਰਨਾ ਸੀ ਤੁਹਾਨੂੰ ਪੰਜ ਸੌ ਡਾਲਰ ਤੋਂ ਘੱਟ ਜ਼ੁਰਮਾਨਾ ਨਹੀਂ ਸੀ ਹੋਣਾ।"

ਉਹ ਮੈਨੂੰ ਘਰ ਦੇ ਸਾਹਮਣੇ ਉਤਾਰ ਕੇ ਚਲਾ ਗਿਆ। ਮੈਂ ਉਸਨੂੰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਉਹ ਫਿਰ ਨਹੀਂ ਲੱਭਿਆ। ਪਤਨੀ ਤੇ ਧੀ ਨੇ ਕਿਹਾ, "ਤੁਸੀਂ ਦੇਰ ਨਾਲ ਕਿਉ ਆਏ, ਕਿੱਥੇ ਸੀ?" ਮੈਂ ਕਿਹਾ "ਇਕ ਬੰਦਾ ਮਿਲ ਗਿਆ ਉਸ ਨਾਲ ਬਹਿ ਗਿਆ ਗੱਲਾਂ ਕਰਨ ਤੇ ਚਿਰ ਹੋ ਗਿਆ।" “ਅਸੀਂ ਘਰ ਸਾਰੇ ਪਰੇਸ਼ਾਨ ਸਾਂ।”

ਐਤਵਾਰ ਨੂੰ ਜੋਤੀ ਨੇ ਖਾਣੇ 'ਤੇ ਸੱਦਿਆ ਸੀ। ਉਸਨੇ ਕਈ ਲਜ਼ੀਜ ਪਕਵਾਨ ਤਿਆਰ ਕੀਤੇ ਸੀ। ਇਕ ਚੰਗੀ ਗੱਲ ਵੇਖਣ ਵਿਚ ਆਈ ਕਿ ਸਾਰੀਆਂ ਤੀਵੀਆਂ ਮਿਲ ਕੇ ਕੰਮ ਵਿਚ ਇਕ-ਦੂਜੇ ਦਾ ਹੱਥ ਵਟਾਉਂਦੀਆਂ ਹਨ। ਖਾਣੇ ਦਾ ਸੁਆਦ ਆਪਣੇ ਕਸ਼ਮੀਰੀ ਖਾਣੇ ਵਰਗਾ ਸੀ। ਜੋਤੀ ਮੇਰੇ ਮਿੱਤਰ ਰਣਧੀਰ ਸਿੰਘ ਦੀ ਪੁੱਤਰੀ ਹੈ ਅਤੇ ਡਾਕਟਰ ਬੀਰ ਸਿੰਘ ਦੀ ਭਾਣਜੀ। ਰਣਧੀਰ ਸਿੰਘ ਬਾਲ ਵਰੇਸ ਤੋਂ ਮੇਰਾ ਹਮਜਮਾਤੀ ਸੀ ਅਤੇ ਅਸੀਂ ਇਕੋ ਪਿੰਡ ਦੇ ਰਹਿਣ ਵਾਲੇ ਸਾਂ। ਅੱਠਵੀਂ ਤੱਕ ਅਸੀਂ ਇਕੋ ਕਲਾਸ ਵਿਚ ਪੜ੍ਹਦੇ ਰਹੇ। ਕਨੇਡਾ ਵਿਚ ਰਹਿਣ-ਸਹਿਣ ਦੇ ਮਿਆਰ ਨੂੰ ਕਾਇਮ ਰੱਖਣ ਲਈ, ਜੀਵਨ ਦਾ ਨਿਰਬਾਹ ਕਰਨ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ।

ਡਾ. ਜੰਗ ਬਹਾਦਰ ਸਿੰਘ, ਜੋ ਮੇਰੇ ਹੀ ਪਿੰਡ ਦਾ ਰਹਿਣ ਵਾਲਾ ਹੈ, ਅੱਜਕਲ੍ਹ ਕਨੇਡਾ ਦੇ ਨੈਨੋ ਦੀਪ ਤੇ ਰਹਿੰਦਾ ਹੈ। ਕਈ ਸਾਲਾਂ ਤੋਂ ਉਥੇ ਰਹਿੰਦਾ ਹੈ ਅਤੇ ਹੁਣ ਕਨੇਡਾ ਦਾ ਸ਼ਹਿਰੀ ਹੈ। ਉਸਦਾ ਛੋਟਾ ਭਰਾ ਲੱਕੀ ਐਡਮਿੰਟਨ ਰਹਿੰਦਾ ਹੈ। ਲੱਕੀ ਦਾ ਆਪਣੇ ਕਸ਼ਮੀਰੀਆਂ ਨਾਲ ਚੰਗਾ ਮੇਲਜੋਲ ਹੈ। ਆਪਣੇ ਸਾਰਿਆਂ ਨਾਲ ਪਿਆਰ ਤੇ ਉਨ੍ਹਾਂ ਦਾ ਸਤਿਕਾਰ ਕਰਦਾ ਹੈ। ਲੱਕੀ ਉਥੇ ਕੰਮ ਕਰਦਾ ਹੈ। ਇਥੇ ਪੇਟ ਦੀ ਅੱਗ ਬੁਝਾਉਣ ਲਈ ਜੂਝਣਾ ਪੈਂਦਾ ਹੈ। ਉਥੋਂ ਦਾ ਡਾਲਰ ਸਾਡੇ ਰੁਪਏ ਤੋਂ ਜ਼ਿਆਦਾ ਮਜ਼ਬੂਤ ਹੈ-ਵਟਾਉ ਦਰ ਰੁਪਏ ਨਾਲੋਂ ਜ਼ਿਆਦਾ ਹੈ। ਉਥੇ ਚੀਜ਼ਾਂ ਡਾਲਰਾਂ ਵਿਚ ਖ਼ਰੀਦਣੀਆਂ ਪੈਂਦੀਆਂ ਹਨ। ਇੱਥੇ (ਭਾਰਤ) ਜੇ ਕੋਈ ਚਾਜ਼ ਖ਼ਰੀਦਣੀ ਹੋਵੇ ਤਾਂ ਪੈਸੇ ਜ਼ਿਆਦਾ ਦੇਣੇ ਪੈਂਦੇ ਹਨ, ਅਸੀਂ ਕਹਿੰਦੇ ਹਾਂ ਇੱਥੇ ਮਹਿੰਗਾਈ ਹੈ ਪਰ ਸਾਰੀਆਂ ਥਾਵਾਂ ’ਤੇ ਚੀਜ਼ਾਂ ਦੀ ਕੀਮਤ ਵਿਚ ਘੱਟ-ਵੱਧ ਅੰਤਰ ਹੁੰਦਾ ਹੈ।

ਉਥੇ ਲੋਕਾਂ ਨੂੰ ਵੀ ਚੀਜ਼ਾਂ ਮਹਿੰਗੀਆਂ ਲੱਗਦੀਆਂ ਹਨ। ਉਥੇ ਬਜ਼ਾਰ ਵਿਚ ਵਿਕਦੀਆਂ ਚੀਜ਼ਾਂ ਦੇ ਮਿਆਰ ਅਤੇ ਕੀਮਤਾਂ ’ਤੇ ਸਰਕਾਰ ਵਲੋਂ ਬਾਜ਼ ਨਜ਼ਰ ਰੱਖੀ ਜਾਂਦੀ ਹੈ। ਪਰ ਇੱਥੇ ਐਸਾ ਤਰੀਕਾ ਨਹੀਂ, ਰਿਸ਼ਵਤ ਨੇ ਸਭ ਮਲੀਆਮੇਟ ਕਰ ਦਿੱਤਾ ਹੈ। ਉਥੇ ਕਾਨੂੰਨ ਦੀ ਉਲਘਣਾ ਕੋਈ ਨਹੀਂ ਕਰ ਸਕਦਾ। ਇਥੋਂ ਦਾ ਕਾਨੂੰਨ ਅਲਮਾਰੀ ਦੀਆਂ ਫਾਇਲਾਂ ਵਿਚ ਸੁੱਤਾ ਪਿਆ ਹੈ, ਜਗਾਉਣ ’ਤੇ ਵੀ ਨਹੀਂ ਜਾਗਦਾ, ਕੁੰਭਕਰਨ ਵਾਂਗ। ਮੈਂ ਆਪਣਾ ਦੇਸ਼ ਨਹੀਂ ਆਖਦਾ, ਇਹ ਧਰਤੀ ਦਾ ਇਕ ਟੁਕੜਾ ਹੈ, ਜਿਥੇ ਲੋਕੀ ਵਸਦੇ ਨੇ, ਜਿਥੇ ਲੋਕ ਜੰਮਦੇ, ਪਲਦੇ ਤੇ ਮਰ ਜਾਂਦੇ ਨੇ।

ਕਈ ਵਾਰ ਭਾਰਤ ਤੋਂ ਆਏ ਲੋਕੀਂ ਇਨ੍ਹਾਂ ਕੋਲ ਹੀ ਕੁਝ ਚਿਰ ਠਹਿਰਦੇ ਹਨ ਅਤੇ ਆਪਣਾ ਜੁਗਾੜ ਜੋੜਦੇ ਹੀ ਚਲੇ ਜਾਂਦੇ ਹਨ। ਮੇਰੀ ਧੀ ਦੇ ਪਰਿਵਾਰ ਨਾਲ ਇਨ੍ਹਾਂ ਦਾ ਚੰਗਾ ਤਾਲਮੇਲ ਹੈ। ਇਨ੍ਹਾਂ ਦੇ ਬੱਚੇ ਵੀ ਆਪਸ ਵਿਚ ਮਿਲ-ਜੁਲ ਕੇ ਰਹਿੰਦੇ ਹਨ।

ਇੱਥੇ ਸਾਰੀਆਂ ਚੀਜ਼ਾਂ ਇਕੋ ਛੱਤ ਹੇਠ ਮਿਲ ਜਾਂਦੀਆਂ ਹਨ। ਤੁਸੀਂ ਇਥੋਂ ਖ਼ਰੀਦੋ ਨਾ ਖ਼ਰੀਦੋ, ਤੁਹਾਡੀ ਮਰਜ਼ੀ ਤੇ ਨਿਰਭਰ ਕਰਦਾ ਹੈ। ਹਰ ਚੀਜ਼ ਸਾਫ਼-ਸੁਥਰੀ ਤੇ ਮਿਲਾਵਟ ਬਿਨਾਂ ਮਿਲਦੀ ਹੈ। ਸਬਜ਼ੀ ਤੇ ਫ਼ਲ ਫਰੂਟ ਤੁਸੀਂ ਆਪਣੀ ਮਰਜ਼ੀ ਨਾਲ ਚੁਣ ਸਕਦੇ ਹੋ, ਤੁਹਾਨੂੰ ਕੋਈ ਨਹੀਂ ਟੋਕੇਗਾ। ਭਾਰਤ ਵਿਚ ਚੀਜ਼ ਦੁਕਾਨਦਾਰ ਦੀ ਮਰਜ਼ੀ ਨਾਲ ਚੁਣ ਸਕਦੇ ਹੋ, ਇੱਥੇ ਆਪਣੀ ਮਰਜ਼ੀ ਨਾਲ। ਸਾਡੇ ਕਸ਼ਮੀਰ

'ਚ ਕਿਸੇ ਨੂੰ ਆਖੋ ਕਿ ਚੀਜ਼ ਸਾਫ਼ ਤੇ ਚੰਗੀ ਦੇਣਾ, ਉਸਦਾ ਜਵਾਬ ਹੁੰਦਾ ਹੈ ਲੈਣੀ ਤੇ ਲੈ, ਵਰਨਾ ਅਗਲਾ ਰਾਹ ਨਾਪ। ਇੱਥੇ ਹਰ ਮੋੜ 'ਤੇ ਬੰਦਾ ਬੰਦੇ ਨੂੰ ਬੇਇੱਜ਼ਤ ਕਰਦਾ ਹੈ। ਉਥੇ ਐਸਾ ਨਹੀਂ-ਹਰ ਗੋਰਾ ਜਾਂ ਗੋਰੀ ਕੋਲੋਂ ਲੰਘਦਿਆਂ ਮੁਸਕਰਾਉਂਦੇ ਹਨ। ਭਾਰਤੀ ਤੇ ਪੰਜਾਬੀ ਇਕ-ਦੂਜੇ ਕੋਲੋਂ ਇਸ ਤਰ੍ਹਾਂ ਲੰਘਦੇ ਹਨ ਜਿਵੇਂ ਇਕ-ਦੂਜੇ ਦੇ ਪਿਉ ਨੂੰ ਮਾਰਿਆ ਹੋਵੇ। ਸਾਰੇ ਕਨੇਡਾ, ਅਮਰੀਕਾ, ਯੂਰਪ ਤੇ ਆਸਟ੍ਰੇਲੀਆ ਵਿਚ ਅਪਰਾਧ ਹੁੰਦੇ ਹਨ, ਗੋਲੀਆਂ ਚਲਦੀਆਂ ਹਨ ਅਤੇ ਚੋਰੀਆਂ ਤੇ ਕਤਲ ਵੀ ਹੁੰਦੇ ਹਨ, ਇਹ ਤਸਵੀਰ ਦਾ ਇਕ ਪਾਸਾ ਹੈ ਦੂਜੇ ਪਾਸੇ ਲੋਕ ਇਮਾਨਦਾਰ, ਭਰੋਸੇ ਵਾਲੇ, ਆਪਣੇ ਮੁਲਕ ਨਾਲ ਅਤਿ ਦਾ ਪਿਆਰ ਕਰਨ ਵਾਲੇ ਵੀ ਹਨ। ਇਥੋਂ ਵਰਗੇ ਬੇਈਮਾਨ ਮੁਲਕ ਨੂੰ ਲੁੱਟਣ ਵਾਲੇ, ਮੁਨਾਫ਼ਾਖੋਰ ਤੇ ਮਿਲਾਵਟਖੋਰ ਨਹੀਂ। ਇਸ ਕਰਕੇ ਸਾਡਾ ਦੇਸ਼ ਗ਼ਰੀਬੀ ਦੀ ਸਫ਼ ਦਾ ਪਹਿਲਾ ਦੇਸ਼ ਹੈ।

ਜਿੱਥੇ ਮੈਂ ਰਹਿੰਦਾ ਸੀ, ਮੇਰੇ ਘਰ ਦੇ ਸਾਹਮਣੇ ਇਕ ਬਹੁਤ ਅਮੀਰ ਸਿੱਖ ਦਾ ਘਰ ਸੀ। ਉਹ ਰੋਜ਼ ਉਠ ਕੇ ਇਕ ਕਿਲੋਮੀਟਰ ਤੱਕ ਸੜਕ ਸਾਫ਼ ਕਰਦਾ ਪਲਾਸਟਿਕ ਦੇ ਬੈਗ ਵਿਚ ਪਾਉਂਦਾ ਸੀ। ਕਚਰਾ ਚੁੱਕਣ ਵਾਲੀ ਗੱਡੀ ਬੈਗ ਭਰ ਕੇ ਲੈ ਜਾਂਦੀ। ਉਸ ਬਸਤੀ ਦੇ ਲੋਕ ਉਸਦੀ ਬਹੁਤ ਇੱਜ਼ਤ ਕਰਦੇ ਸਨ ਅਤੇ ਉਸਦਾ ਆਦਰ ਵੀ ਕਰਦੇ ਸਨ। ਇੱਥੇ ਅਸੀਂ ਸਾਰਾ ਕੁਝ ਸਰਕਾਰ ਦੇ ਸਿਰ 'ਤੇ ਸੁੱਟ ਦਿੰਦੇ ਹਾਂ, ਜਦਕਿ ਟੈਕਸ ਦੀ ਚੋਰੀ ਨੂੰ ਕਾਲੇ ਧੰਨ ਵਿਚ ਪਰਿਵਰਤਿਤ ਕਰਦੇ ਹਾਂ। ਉਹਨਾਂ ਦੇਸ਼ਾਂ ਵਿਚ ਰਿਸ਼ਵਤ ਦਾ ਕਿਧਰੇ ਨਾਮੋ-ਨਿਸ਼ਾਨ ਨਹੀਂ। ਉੱਥੇ ਬੱਚਿਆਂ ਦੀ ਪੜ੍ਹਾਈ ਦਾ ਇਕ ਮਿਆਰ ਹੈ, ਜਿਹੜਾ ਸਾਡੇ ਦੇਸ਼ ਵਿਚ ਨਹੀਂ। ਇੱਥੋਂ ਦੀ ਸਿੱਖਿਆ ਸਾਡੀ ਦਿਬ ਦ੍ਰਿਸ਼ਟੀ ਤੇ ਮਨ ਨੂੰ ਪਰਿਵਰਤਿਤ ਨਹੀਂ ਕਰ ਸਕੀ। ਅਸੀਂ ਨੌਕਰੀ ਤੇ ਪੈਸੇ ਕਮਾਉਣ ਲਈ ਪੜ੍ਹਦੇ ਹਾਂ, ਚੰਗੇ ਜਾਂ ਮੰਦੇ ਕਰਤੱਵ ਨਾਲ ਨਹੀਂ। ਅਸੀਂ ਸਿੱਖਿਆ ਦੇ ਖੇਤਰ ਵਿਚ ਉਨ੍ਹਾਂ ਤੋਂ ਬਹੁਤ ਪਿੱਛੇ ਹਾਂ। ਭਾਰਤ ਤੋਂ ਗਏ ਸਿੱਖਿਅਤ ਲੋਕਾਂ ਨੂੰ ਉਥੇ ਮੁੜ ਕੇ ਪੜ੍ਹਨਾ ਪੈਂਦਾ ਹੈ ਤਾਂਕਿ ਉੱਥੋਂ ਦੇ ਮਿਆਰ ਦੇ ਅਨੁਕੂਲ ਹੋ ਜਾਣ। ਗੋਰੇ ਲੋਕਾਂ ਵਿਚ ਕੋਈ ਫੋਕੀ ਸ਼ਾਨ ਨਹੀਂ। ਜੋ ਉਹ ਹਨ, ਉਹ ਹੀ ਹਨ। ਉਹ ਕਿਸੇ ਵੀ ਕੰਮ ਨੂੰ ਕਰਨਾ ਹੇਠੀ ਨਹੀਂ ਸਮਝਦੇ। ਕਿਚਨ ਦਾ ਕੰਮ ਦੋਵੇਂ ਪਤੀ ਪਤਨੀ ਮਿਲ ਕੇ ਕਰਦੇ ਹਨ। ਉਥੋਂ ਦੇ ਲੋਕ ਗਿਰਜੇ ਵਿਚ ਸਿਰਫ਼ ਐਤਵਾਰ ਨੂੰ ਜਾਂਦੇ ਹਨ ਪਰ ਇਨ੍ਹਾਂ ਲੋਕਾਂ ਦਾ ਵਤੀਰਾ ਹੋਰ ਲੋਕਾਂ ਨਾਲੋਂ ਉੱਚਾ ਤੇ ਸੁੱਚਾ ਹੈ। ਇਹ ਹਰ ਕੰਮ ਇਮਾਨਦਾਰੀ ਨਾਲ ਕਰਦੇ ਹਨ। ਚਰਿੰਦ, ਪਰਿੰਦ ਅਤੇ ਹਰ ਤਰ੍ਹਾਂ ਦੇ ਜਾਨਵਰਾਂ ਦੀ ਦੇਖਰੇਖ ਬੱਚਿਆਂ ਵਾਂਗੂੰ ਕਰਦੇ ਹਨ। ਇਨ੍ਹਾਂ ਦੇ ਪਸ਼ੂ ਸਿਹਤਮੰਦ ਹੁੰਦੇ ਹਨ। ਇਹ ਬਿਮਾਰ ਲੋਕਾਂ ਦੀ ਹਸਪਤਾਲ ਵਿਚ ਜਾ ਕੇ ਦੇਖ-ਰੇਖ ਕਰਦੇ ਹਨ ਅਤੇ ਲੋੜਾਂ ਪੂਰੀਆਂ ਕਰਦੇ ਹਨ।

ਇਨ੍ਹਾਂ ਦੇ ਚੰਗੇ ਕੰਮਾਂ ਤੋਂ ਪਤਾ ਚੱਲਦਾ ਹੈ ਕਿ ਇਹ ਰੱਬ ਦੇ ਬਹੁਤ ਕਰੀਬ ਹਨ ਅਤੇ ਮਨੁੱਖਾਂ ਵਾਲੇ ਕੰਮ ਕਰਦੇ ਹਨ। ਇਹ ਸਾਡੇ ਵਾਂਗ ਫੋਕੀ ਸ਼ਾਨ ਵਿਚ ਗਲਤਾਨ ਨਹੀਂ। ਇਨ੍ਹਾਂ ਲੋਕਾਂ ਲਈ ਕੰਮ ਗੁਣ ਅਤੇ ਪੂਜਾ ਹੈ। ਸਾਡੇ ਵਾਂਗ ਜਿਸ ਥਾਲੀ ਵਿਚ ਖਾਂਦੇ ਹਨ ਉਸ ਵਿਚ ਥੁੱਕਦੇ ਨਹੀਂ। ਅਸੀਂ ਚੌਵੀ ਘੰਟੇ ਗੁਰਦੁਆਰਿਆਂ, ਮੰਦਰਾਂ ਤੇ ਮਸਜਿਦਾਂ ਵਿਚ ਵੜੇ ਰਹਿੰਦੇ ਹਾਂ ਅਤੇ ਏਨਾ ਕਰਕੇ ਵੀ ਅਸੀਂ ਰੱਬ ਦੀ ਮਹਿਮਾ ਤੋਂ ਕੋਹਾਂ ਦੂਰ ਹਾਂ। ਮੈਂ ਲਾਇਬਰੇਰੀ ਵਿਚ ਅੰਗਰੇਜ਼ ਤੋਂ ਪੁੱਛਿਆ ਕਿ ਤੁਸੀਂ ਧਰਮ ਜਾਂ ਮੁਲਕ ਵਿੱਚੋਂ ਕਿਸਨੂੰ ਜ਼ਿਆਦਾ ਪਿਆਰ ਕਰਦੇ ਹੋ, ਉਸਦਾ ਉੱਤਰ ਸੀ ਮੁਲਕ ਨਾਲ। ਸਾਡੇ ਮੁਲਕ ਦੇ ਲੋਕ ਧਰਮ ਤੇ ਮੁਲਕ ਨੂੰ ਅਲੱਗ-ਅਲੱਗ ਤੋਲਦੇ ਹਨ। ਲੋਕਾਂ ਨੂੰ ਘੱਟ ਪਤਾ ਹੈ ਕਿ ਧਰਮ ਤੇ ਮੁਲਕ ਦਾ ਚੋਲੀ-ਦਾਮਨ ਦਾ ਰਿਸ਼ਤਾ ਹੈ।

ਇੱਥੇ ਪੰਜ ਦਿਨਾਂ ਦਾ ਹਫ਼ਤਾ ਹੁੰਦਾ ਹੈ, ਸ਼ਨਿੱਚਰ ਤੇ ਐਤਵਾਰ ਨੂੰ ਛੁੱਟੀ ਹੁੰਦੀ ਹੈ। ਇੱਥੋਂ ਦੇ ਰਹਿਣ ਵਾਲੇ ਸ਼ਨਿੱਚਰਵਾਰ ਨੂੰ ਘਰ ਲਈ ਲੋੜੀਂਦੀਆਂ ਚੀਜ਼ਾਂ ਹਫ਼ਤੇ ਭਰ ਲਈ ਖ਼ਰੀਦ ਲਿਆਉਂਦੇ ਹਨ

ਅਤੇ ਸਾਰਾ ਹਫ਼ਤਾ ਆਪਣੇ ਕੰਮਕਾਜ ਵਿਚ ਰੁੱਝੇ ਰਹਿੰਦੇ ਹਨ। 15.1.2009 ਸ਼ਨਿੱਚਰਵਾਰ ਨੂੰ ਅਸੀਂ ਮਾਲ (Super Bazar) ਵਿਚੋਂ ਸਾਮਾਨ ਖ਼ਰੀਦਣ ਚਲੇ ਗਏ। ਮਾਲ ਤੋਂ ਭਾਵ ਹੈ ਇੱਕੋ ਛੱਤ ਹੇਠ ਸਾਰੀਆਂ ਘਰੇਲੂ ਚੀਜ਼ਾਂ ਦੀ ਉਪਲਬਧੀ। ਐਸੀ ਕੋਈ ਚੀਜ਼ ਨਹੀਂ ਜਿਹੜੀ ਇੱਥੇ ਨਾ ਮਿਲਦੀ ਹੋਵੇ। ਲੋਕੀ ਟਰਾਲੀਆਂ, ਜਿਸਦਾ ਕਿਰਾਇਆ ਇਕ ਡਾਲਰ ਹੈ, ਆਪਣੇ ਨਾਲ ਬਾਹਰੋਂ ਲੈ ਕੇ ਮਾਲ ਵਿਚ ਪ੍ਰਵੇਸ਼ ਕਰਦੇ ਹਨ। ਸਾਰਾ ਸਾਮਾਨ ਇਕੱਠਾ ਕਰਕੇ ਆਟੋਮੈਟਿਕ ਬੈਲਟ (Converyor Belt) 'ਤੇ ਰੱਖਦੇ ਹਨ। ਇਕ-ਇਕ ਚੀਜ਼ ਕਾਊਂਟਰ 'ਤੇ ਬੈਠੀ ਤੀਵੀਂ ਦੇ ਸਾਹਮਣੇ ਪੁੱਜਦੀ ਹੈ ਅਤੇ ਹਰ ਚੀਜ਼ ਨੂੰ ਵਾਰੀ-ਵਾਰੀ ਚੁੱਕ ਕੇ ਸੂਚੀ ਤਿਆਰ ਕਰਕੇ ਪੈਸੇ ਵਸੂਲਦੀ ਹੈ। ਬਿੱਲ ਦੇਣ ਤੋਂ ਬਾਅਦ ਸਾਰਾ ਸਾਮਾਨ ਮੁੜ ਟਰਾਲੀ ਵਿਚ ਪਾ ਕੇ ਕਾਰ ਦੀ ਡਿੱਕੀ ਤੱਕ ਲਿਆਉਂਦੇ ਹਨ। ਸਭ ਸਾਮਾਨ ਖ਼ਰੀਦਣ ਵਿਚ ਮਗਨ ਹੁੰਦੇ ਹਨ, ਕੋਈ ਕਿਸੇ ਵੱਲ ਧਿਆਨ ਨਹੀਂ ਦਿੰਦਾ, ਕੌਣ ਕੀ ਖ਼ਰੀਦ ਰਿਹਾ ਹੈ। ਕੋਈ ਚੋਰੀ ਕਰਨ ਦੀ ਹਿੰਮਤ ਨਹੀਂ ਕਰਦਾ ਕਿਉਂਕਿ ਕੰਧਾਂ 'ਤੇ ਡੀਟੈਕਟਰ ਲੱਗੇ ਹਨ ਅਤੇ ਮਾਲ ਵਿਚ ਖ਼ੁਫ਼ੀਆ ਕੈਮਰੇ ਵੀ ਲੱਗੇ ਹਨ, ਜੋ ਖ਼ਰੀਦਦਾਰ ਦੀ ਹਰ ਹਰਕਤ 'ਤੇ ਨਜ਼ਰ ਰੱਖਦੇ ਹਨ। ਮਾਲ ਵਿਚ ਵਿਕਣ ਵਾਲੀਆਂ ਚੀਜ਼ਾਂ ਨਾਲ ਟੈਗ ਲੱਗੇ ਹੁੰਦੇ ਹਨ। ਕਿਸੇ ਵਿਅਕਤੀ ਨੂੰ ਕਿਸੇ ਹੈਲਪਰ ਤੋਂ ਕੀਮਤ ਪੁੱਛਣ ਦੀ ਲੋੜ ਨਹੀਂ ਪੈਂਦੀ। ਸਾਰੇ ਵਿਅਕਤੀ ਆਪੋ-ਆਪਣੇ ਕੰਮ ਵਿਚ ਰੁੱਝੇ ਰਹਿੰਦੇ ਹਨ। ਹਰ ਗੱਲ ਦਾ ਉੱਤਰ ਹਲੀਮੀ ਅਤੇ ਠਰ੍ਹੰਮੇ ਨਾਲ ਦਿੰਦੇ ਹਨ। ਮੈਨੂੰ ਇਕ ਗੱਲ ਦੀ ਅਸਚਰਜਤਾ ਹੋਈ ਕਿ ਮੈਂ ਭਾਰਤੀਆਂ ਵਾਂਗ ਕੋਈ ਤਣਾਉ ਗ੍ਰਸਤ ਨਹੀਂ ਹੁੰਦਾ ਵੇਖਿਆ।

ਮਾਲ ਵਿਚ ਬੱਚਿਆਂ ਦੇ ਖੇਡਣ ਦਾ ਪੂਰਾ ਇੰਤਜ਼ਾਮ ਹੈ। ਬਾਹਰ ਬਰਫ਼ ਕਾਰਨ ਜ਼ੀਰੋ ਤਾਪਮਾਨ ਹੁੰਦਾ ਹੈ, ਪਰ ਮਾਲ ਦੇ ਅੰਦਰ ਚਹਿਲ-ਪਹਿਲ ਵਾਲਾ ਵਾਤਾਵਰਣ ਹੁੰਦਾ ਹੈ। ਲੋਕੀ ਸਿਰਫ਼ ਇਕ ਕਮੀਜ਼ ਪਹਿਨ ਕੇ ਕੰਮ ਕਰਦੇ, ਸਰਦੀ ਰਤੀ ਭਰ ਵੀ ਮਹਿਸੂਸ ਨਹੀਂ ਹੁੰਦੀ ਕਿਉਂਕਿ ਕਾਰਾਂ ਤੇ ਘਰ ਦੋਵੇਂ ਗਰਮ ਹਨ। ਸਿੱਖ ਤੇ ਹੋਰ ਧਰਮਾਂ ਦੇ ਬਜ਼ੁਰਗ ਮਾਲ ਵਿਚ ਬੈਠੇ ਰਹਿੰਦੇ ਹਨ ਕਿਉਂਕਿ ਇੱਥੇ ਖਾਣ-ਪੀਣ ਨੂੰ ਸਭ ਕੁਝ ਮਿਲ ਜਾਂਦਾ ਹੈ ਜਾਂ ਗੁਰਦੁਆਰੇ ਵਿਚ ਬੈਠੇ ਹਨ ਕਿਉਂਕਿ ਗੁਰਦੁਆਰਿਆਂ ਵਿਚ ਦਿਨ-ਰਾਤ ਲੰਗਰ ਚੱਲਦਾ ਹੈ। ਮਾਲਾਂ ਵਿਚ ਤੁਸੀਂ ਇਕ ਦੋ ਡਾਲਰਾਂ ਨਾਲ ਰੱਜ ਕੇ ਸੱਤ ਪਦਾਰਥ ਖਾ ਸਕਦੇ ਹੋ। ਭਾਰਤ ਵਾਲੀ ਮਹਿੰਗਾਈ ਉਨ੍ਹਾਂ ਦੇਸ਼ਾਂ ਵਿਚ ਨਹੀਂ। ਇਕ ਕਨੇਡੀਅਨ ਡਾਲਰ ਸਾਡੇ ਪੰਜਾਹ ਰੁਪਏ ਦੇ ਬਰਾਬਰ ਹੈ। ਇਨ੍ਹਾਂ ਦੇ ਬੱਚੇ ਜਾਂ ਨੂੰਹ-ਪੁੱਤਰ ਦਿਹਾੜੀ ਕੰਮ 'ਤੇ ਚਲੇ ਜਾਂਦੇ ਹਨ, ਘਰ ਵਿਚ ਇਨ੍ਹਾਂ ਦਾ ਇਕੱਲਿਆਂ ਜੀਅ ਨਹੀਂ ਲੱਗਦਾ। ਮਾਲ ਤੇ ਗੁਰਦੁਆਰਿਆਂ ਵਿਚ ਇਕ-ਦੂਜੇ ਨਾਲ ਵਿਚਾਰ-ਵਟਾਦਰਾਂ ਕਰਕੇ ਦਿਨ ਟੱਪ ਜਾਂਦਾ ਹੈ। ਧੀਆਂ ਪੁੱਤ ਜਾਂ ਨੂੰਹ ਪੁੱਤਰ ਦਾ ਦਫ਼ਤਰੋਂ ਮੁੜਨ ਦਾ ਵੇਲਾ ਹੋਣ 'ਤੇ ਘਰ ਪੁੱਜ ਜਾਂਦੇ ਹਨ।

ਉੱਥੇ ਬੱਸਾਂ ਜਾਂ ਮੈਟਰੋ ਵਿਚ ਬਜ਼ੁਰਗਾਂ ਲਈ ਸਫ਼ਰ ਕਰਨ ਲਈ ਕਿਰਾਏ ਦੀ ਕਨਸੇਸ਼ਨ ਹੈ। ਮੈਂ ਕਿਸੇ ਹੋਰ ਕੌਮ ਜਾਂ ਫਿਰਕੇ ਦੇ ਬਜ਼ੁਰਗ ਨਹੀਂ ਵੇਖੇ, ਜਿੰਨੇ ਭਾਰਤੀ ਪੰਜਾਬੀ ਬਜ਼ੁਰਗ। ਪੰਜਾਬੀ ਬਜ਼ੁਰਗ, ਗੋਰੀਆਂ ਦੀਆਂ ਚਿੱਟੀਆਂ ਚੱਢੀਆਂ ਵੇਖ ਕੇ ਮੁੱਛਾਂ ਨੂੰ ਤਾਅ ਦਿੰਦੇ ਹਨ। ਮੈਂ ਬਹੁਤ ਬਜ਼ੁਰਗਾਂ

ਤੋਂ ਪੁੱਛਿਆ ਕਿ ਤੁਸੀਂ ਇਸ ਦੇਸ਼ ਵਿਚ ਕਿਵੇਂ ਆਏ ਹੋ। ਉਨ੍ਹਾਂ ਦਾ ਉੱਤਰ ਸੀ ਕਿ ਸਾਨੂੰ ਧੀਆਂ ਨੇ ਇੱਥੇ ਲਿਆਂਦਾ ਹੈ।

"ਪੁੱਤਰਾਂ ਨੇ ਨਹੀਂ", ਮੈਂ ਮੁੜ ਪੁੱਛਿਆ, "ਪੁੱਤਰਾਂ ਨੇ ਤਹਾਨੂੰ ਇੱਥੇ ਲਿਆਉਣ ਲਈ ਮਦਦ ਕਿਉਂ ਨਹੀਂ ਕੀਤੀ।"

"ਪੁੱਤ ਆਪਣੀਆਂ ਪਤਨੀਆਂ ਦੀ ਮੰਨਦੇ ਹਨ, ਇਸ ਕਰਕੇ ਜੋ ਉਹ ਆਖਣਗੀਆਂ ਉਹ ਕਰਦੇ ਨੇ। ਨੂੰਹਾਂ ਲਈ ਆਪਣੇ ਮਾਂ ਪਿਉ ਨਿਆਮਤ ਹੁਦੇ ਹਨ ਅਤੇ ਸੱਸ ਸਹੁਰਾ ਕਿਆਮਤ ਹੁੰਦੇ ਹਨ।"

ਮੈਨੂੰ ਬਜ਼ੁਰਗਾਂ ਨਾਲ ਹੋਈਆਂ ਗੱਲਾਂਬਾਤਾਂ 'ਚੋਂ ਇਹ ਪਤਾ ਚਲਿਆ ਕਿ ਉਥੇ (ਕਨੇਡਾ ਵਿਚ) ਬਾਕੀ ਜਾਤੀਆਂ ਦੇ ਪਰਿਵਾਰਾਂ ਨਾਲੋਂ ਸਿੱਖ ਪਰਿਵਾਰਾਂ ਵਿਚ ਜ਼ਿਆਦਾ ਤਣਾਉ ਹੈ।

ਮਾਲ ਵਿਚ ਲਾਇਬਰੇਰੀ ਵੀ ਹੁੰਦੀ ਹੈ, ਜਿੱਥੇ ਲੋਕੀ ਅਖ਼ਬਾਰ ਤੇ ਪੁਸਤਕਾਂ ਪੜ੍ਹਦੇ ਹਨ। ਉੱਥੇ ਸੰਸਾਰ ਦੀ ਹਰ ਭਾਸ਼ਾ ਦੀਆਂ ਪੁਸਤਕਾਂ ਰੱਖੀਆਂ ਹੁੰਦੀਆਂ ਹਨ। ਤੁਸੀਂ ਸੈਲਫ 'ਚੋਂ ਪੁਸਤਕ ਲੈ ਕੇ ਪੜ੍ਹ ਕੇ ਫਿਰ ਉੱਥੇ ਰੱਖ ਸਕਦੇ ਹੋ। ਮੈਂ ਕਿਸੇ ਜੰਮੂ-ਕਸ਼ਮੀਰ ਦੇ ਲੇਖਕ ਦੀ ਪੁਸਤਕ ਇਨ੍ਹਾਂ ਸੈਲਫਾਂ ਵਿਚ ਨਹੀਂ ਵੇਖੀ। ਮੈਂ ਹਫ਼ਤੇ ਵਿਚ ਤਿੰਨ ਦਿਨ ਮਾਲ ਦੀ ਲਾਇਬਰੇਰੀ ਜਾਂਦਾ ਸਾਂ। ਮੈਂ ਇਕ ਅੱਧ ਪੰਜਾਬੀ ਵੀਰ ਨੂੰ ਇਸ ਲਾਇਬਰੇਰੀ ਵਿਚ ਪੜ੍ਹਦਿਆਂ ਵੇਖਿਆ ਹੈ। ਜ਼ਿਆਦਾਤਰ ਗੋਰੀ ਨਸਲ ਦੇ ਲੋਕਾਂ ਨੂੰ ਪੜ੍ਹਦਿਆਂ ਵੇਖਿਆ ਹੈ। ਪਰ ਮਾਲ ਦੇ ਰੈਸਟੋਰਾਂ ਵਿਚ ਬੈਠੇ ਜ਼ਿਆਦਾਤਰ ਪੰਜਾਬੀ ਹੀ ਦਿਸਦੇ ਸੀ।

ਕਈ ਬਜ਼ੁਰਗ ਜਾਂ ਪੰਜਾਬੀ ਖ਼ਾਲਸਿਆਂ ਨਾਲ ਗੱਲਾਂ ਕਰਦਿਆਂ ਮਹਿਸੂਸ ਹੋਇਆ ਕਿ ਉਨ੍ਹਾਂ ਨੂੰ ਆਪਣੇ ਘਰ-ਬਾਰ ਅਤੇ ਪੰਜਾਬ ਵਿਚ ਰਹਿੰਦੇ ਸਾਕ-ਸੰਬੰਧੀਆਂ ਦਾ ਬਹੁਤ ਹੇਰਵਾ ਹੈ। ਜਿਸਨੂੰ ਅਸੀਂ ਪੰਜਾਬੀ ਡਾਇਸਪੋਰਾ ਦਾ ਨਾਂ ਦੇ ਸਕਦੇ ਹਾਂ। ਭਾਵੇਂ ਇਹ ਲੋਕ ਇੱਥੇ ਰਹਿੰਦੇ ਹਨ। ਭਾਰਤ ਨਾਲੋਂ ਜ਼ਿਆਦਾ ਸੁੱਖ-ਆਰਾਮ ਇਨ੍ਹਾਂ ਨੂੰ ਇੱਥੇ ਮਿਲਦਾ ਹੈ। ਸਰਕਾਰ ਵੱਲੋਂ ਬਜ਼ੁਰਗਾਂ ਨੂੰ ਹਰ ਕਿਸਮ ਦੀ ਸਹੂਲਤ ਤੋਂ ਇਲਾਵਾ ਪੈਨਸ਼ਨ ਵੀ ਮਿਲਦੀ ਹੈ ਪਰ ਅਵਚੇਤਨ ਵਿਚ ਪੰਜਾਬ ਦੀ ਯਾਦ ਗੇੜਾ ਮਾਰਦੀ ਹੈ। ਇਕ ਬਜ਼ੁਰਗ ਨੇ ਦੱਸਿਆ ਕਿ ਭਾਵੇਂ ਸਾਨੂੰ ਉਨ੍ਹਾਂ ਦੀ ਬਹੁਤ ਯਾਦ ਆਉਂਦੀ ਹੈ ਪਰ ਜਦ ਪੰਜਾਬ ਜਾਈਦਾ ਹੈ ਤਾਂ ਉੱਥੇ ਤਣਾਉ ਵਧ ਜਾਂਦਾ ਹੈ ਕਿਉਂਕਿ ਸਾਡੇ ਭਾਈ-ਭਤੀਜਿਆਂ ਨੂੰ ਇਹ ਚਿੰਤਾ ਸਤਾਉਣ ਲੱਗ ਪੈਂਦੀ ਹੈ ਕਿ ਸ਼ਾਇਦ ਅਸੀਂ ਆਪਣੀ ਜ਼ਮੀਨ-ਜਾਇਦਾਦ ਉਨ੍ਹਾਂ ਕੋਲੋਂ ਖੋਹਣ ਜਾਂ ਵੇਚਣ ਆਏ ਹਾਂ, ਜਿਸ ਕਾਰਨ ਸਾਨੂੰ ਉੱਥੇ ਵੀ ਆਪਣੇ ਭਰਾਵਾਂ ਅਤੇ ਪਰਿਵਾਰ ਦੇ ਜੀਆਂ ਤੋਂ ਸਤਿਕਾਰ ਨਹੀਂ ਮਿਲਦਾ।

ਇਥੇ ਕਨੇਡਾ ਵਿਚ ਵੀ ਅਪਰਾਧ ਹੁੰਦੇ ਹਨ ਪਰ ਕਾਨੂੰਨ ਸਖ਼ਤ ਹਨ। 'ਵਾਦੜੀਆਂ ਸਜਾਦੜੀਆਂ ਨਿਬਣ ਸਿਰਾਂ ਦੇ ਨਾਲ' ਵਾਲਾ ਹਿਸਾਬ ਹੈ। ਇੱਥੇ ਸਿੱਖਾਂ ਵਿਚ ਅਲੱਗ-ਅਲੱਗ ਜਾਤਾਂ ਤੇ ਫਿਰਕਿਆਂ ਦੇ ਗੁਰਦੁਆਰੇ ਹਨ, ਜਿਵੇਂ ਰਾਮਗੜ੍ਹੀਆਂ ਦਾ ਗੁਰਦੁਆਰਾ, ਸਹਿਜਧਾਰੀਆਂ ਤੇ ਰਾਮਦਾਸੀਆਂ ਦਾ ਗੁਰਦੁਆਰਾ ਅਤੇ ਸਿੰਘ ਸਭਾ ਗੁਰਅਆਰਾ। ਲੰਗਰ ਛਕਣ ਲਈ ਇਕ-ਦੂਜੇ ਦੇ ਗੁਰਦੁਆਰੇ ਜਾਂਦੇ ਹਨ ਪਰ ਪਾਠ ਪੂਜਾ ਆਪਣੇ ਹੀ ਗੁਰਦੁਆਰੇ ਹੁੰਦੀ ਹੈ। ਇੱਥੇ ਵੀ ਭਾਰਤ ਵਾਂਗ

ਗੁਰਦੁਆਰਿਆਂ ਦੀਆਂ ਚੋਣਾਂ ਸਮੇਂ ਡਾਂਗ-ਸੋਟਾ ਖੜਕਦਾ ਹੈ ਅਤੇ ਗੁਰਦੁਆਰਿਆਂ ਵਿਚ ਗੋਲੀਆਂ ਵੀ ਚੱਲਦੀਆਂ ਹਨ। ਪੁਲਿਸ ਬੂਟਾਂ ਸਮੇਤ ਗੁਰਦੁਆਰਿਆਂ ਵਿਚ ਵੜ ਜਾਂਦੀ ਹੈ।

ਮੈਂ ਆਪਣੀਆਂ ਪੁਸਤਕਾਂ ਲਾਇਬਰੇਰੀ ਵਿਚ ਦਾਨ ਵਜੋਂ ਦਿੱਤੀਆਂ ਸਨ, ਇੱਥੇ ਲਾਇਬਰੇਰੀ ਵੱਲੋਂ ਪੁਸਤਕਾਂ ਖ਼ਰੀਦਣ ਦੀ ਪਰੰਪਰਾ ਨਹੀਂ। ਫਾਲਤੂ ਪੁਸਤਕਾਂ ਦੀ ਸੇਲ ਲਗਾਈ ਜਾਂਦੀ ਹੈ। ਸੇਲ ਤੋਂ ਇਕੱਠੇ ਹੋਏ ਪੈਸੇ ਲਾਇਬਰੇਰੀ ਦੀ ਦੇਖ-ਰੇਖ ’ਤੇ ਖ਼ਰਚ ਕੀਤੇ ਜਾਂਦੇ ਹਨ। ਇੱਥੇ ਗੁਰਦੁਆਰਿਆਂ ਵਿਚ ਲਾਇਬਰੇਰੀਆਂ ਹਨ ਪਰ ਖ਼ਾਲਸਿਆਂ ਦਾ ਪੜ੍ਹਨ ਵੱਲ ਰੁਝਾਨ ਘੱਟ ਹੈ। ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਹੈ। ਸਿੱਖ ਵੀਰ ਗੁਰਦੁਆਰਿਆਂ ਵਿਚ ਸੋਨੇ ਦੀਆਂ ਕੰਧਾਂ ਬਣਵਾਉਣਗੇ ਪਰ ਜੇ ਕਿਸੇ ਗ਼ਰੀਬ ਦੀ ਮਦਦ ਕਰਨੀ ਹੋਵੇ ਤਾਂ ਹੱਥ ਵੱਟ ਲੈਂਦੇ ਨੇ।

ਇਨ੍ਹਾਂ ਸਕੂਲਾਂ ਵਿਚ ਪੜ੍ਹਾਉਣ ਦਾ ਮਿਆਰ ਬਹੁਤ ਉੱਚਾ ਹੈ। ਸਾਰੇ ਸਕੂਲ ਦੇ ਕਮਰਿਆਂ ਨੂੰ ਗਰਮ ਫਰਨਿਸ਼ਿੰਗ ਨਾਲ ਸਜਾਇਆ ਗਿਆ ਹੈ। ਹਰ ਅਧਿਆਪਕ ਤੇ ਅਧਿਆਪਕਾਵਾਂ ਘਰੋਂ ਪੂਰੀ ਤਰ੍ਹਾਂ ਪਾਠ ਤਿਆਰ ਕਰਕੇ ਲਿਆਉਂਦੇ ਹਨ, ਚੰਗੀ ਤਰ੍ਹਾਂ ਤਿਆਰੀ ਕਰਕੇ ਕਲਾਸ ਵਿਚ ਵੜਦੇ ਹਨ। ਹਰ ਸਕੂਲ ਵਿਚ ਲਾਇਬਰੇਰੀ ਹੈ ਤੇ ਸਾਰੇ ਬੱਚਿਆਂ ਲਈ ਲਾਇਬਰੇਰੀ ਜਾਣਾ ਜ਼ਰੂਰੀ ਹੈ। ਸਾਰੇ ਬੱਚਿਆਂ ਲਈ ਕੋਰਸ ਤੋਂ ਇਲਾਵਾ ਪੁਸਤਕਾਂ ਪੜ੍ਹਨੀਆਂ ਜ਼ਰੂਰੀ ਹਨ। ਪੁਸਤਕ ਪੜ੍ਹਨ ਦੇ ਅਲੱਗ ਅੰਕ ਹੁੰਦੇ ਹਨ। ਪੜ੍ਹਾਉਣ ਸਮੇਂ ਹਰ ਅਧਿਆਪਕ ਲਈ ਵਿਜ਼ੂਅਲ ਏਡ (Visual Aid) ਦਾ ਇਸਤੇਮਾਲ ਕਰਨਾ ਉਚਿਤ ਹੈ।

ਕੈਲਗਰੀ, ਵੈਨਕੂਅਰ, ਸਰੀ ਅਤੇ ਟਰਾਂਟੋ ਵਿਚ ਪੰਜਾਬੀਆਂ ਦੀ ਚੋਖੀ ਗਿਣਤੀ ਹੋਣ ਕਾਰਨ ਪੰਜਾਬੀ ਲੇਖਕ ਵੀ ਬਹੁਤ ਹਨ। ਇਨ੍ਹਾਂ ਸਾਰੇ ਪ੍ਰਾਂਤਾਂ ਵਿਚ ਸਾਹਿਤ ਸਭਾਵਾਂ ਐਡਮਿਨਟਨ ਨਾਲੋਂ ਵਧੇਰੇ ਕੰਮ ਕਰਦੀਆਂ ਹਨ। ਇੱਥੇ ਸਭਾਵਾਂ ਦੀਆਂ ਬੈਠਕਾਂ ਬਕਾਇਦਾ ਹੁੰਦੀਆਂ ਹਨ। ਮੈਨੂੰ ਐਡਮਿੰਟਨ ਦੀ ਸਾਹਿਤ ਸਭਾ ਵੱਲੋਂ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ’ਤੇ ਆਯੋਜਿਤ ਕਵੀ ਗੋਸ਼ਟੀ ਵਿਚ ਭਾਗ ਲੈਣ ਦਾ ਮੌਕਾ ਮਿਲਿਆ, ਲੋਕਾਂ ਤੇ ਅਖ਼ਬਾਰਾਂ ਵੱਲੋਂ ਉਚਿਤ ਹੁੰਗਾਰਾ ਮਿਲਿਆ। ਪੰਜਾਬੀ ਕੌਮੀ ਅਖ਼ਬਾਰ ਅਤੇ ਪਰਿਵਰਤਨ ਮੈਗਜ਼ੀਨ ਵਿਚ ਕਵਿਤਾਵਾਂ ਤੇ ਲੇਖ ਛਪਦੇ ਰਹੇ। ਇਹ ਪੰਜਾਬੀ ਅਖ਼ਬਾਰ ਅਮਰਜੀਤ ਸਿੰਘ ਕਾਹਲੋਂ ਦੀ ਦੇਖ-ਰੇਖ ਵਿਚ ਸੰਪਾਦਿਤ ਤੇ ਪ੍ਰਕਾਸ਼ਿਤ ਹੁੰਦਾ ਹੈ। ਅਖ਼ਬਾਰ ਦੀ ਲਿਖਾਈ ਛਪਾਈ ਤੇ ਕੰਪੋਜ਼ਿੰਗ ਬਹੁਤ ਵਧੀਆ ਹੈ ਅਤੇ ਲੇਖ ਵੀ ਮਿਆਰੀ ਹੁੰਦੇ ਹਨ। ਢਿੱਲੇ ਲੇਖਾਂ ਨੂੰ ਪ੍ਰਕਾਸ਼ਿਤ ਕਰਨ ਤੋਂ ਗੁਰੇਜ਼ ਕਰਦੇ ਹਨ। ਭਾਰਤ ਤੇ ਪੰਜਾਬ ਨਾਲ ਸੰਬੰਧਿਤ ਖ਼ਬਰਾਂ ਵੀ ਹੁੰਦੀਆਂ ਹਨ। ਕਨੇਡਾ ਵਿਚ ਪੰਜਾਬੀਆਂ ਦੇ ਛੇ ਰੇਡਿਓ ਸਟੇਸ਼ਨ ਤੇ ਦੂਰਦਰਸ਼ਨ ਹਨ, ਜਿੱਥੇ ਪੰਜਾਬੀ ਪ੍ਰੋਗਰਾਮ ਹੁੰਦੇ ਹਨ। ਐਡਮਿੰਟਨ ਵਿਖੇ ਦੇਸ਼ ਪੰਜਾਬ ਰੇਡੀਓ ਦੀ ਸਹਾਇਤਾ ਨਾਲ ਮਾਸਿਕ ਪੰਜਾਬ ਅੰਗਰੇਜ਼ੀ ਰਸਾਲਾ ਪਰਿਵਰਤਨ, ਕੁਲਮੀਤ ਸਿੰਘ ਸੰਘਾ ਤੇ ਜਸਬੀਰ ਸਿੰਘ ਦੀ ਦੇਖ-ਰੇਖ ਵਿਚ ਪ੍ਰਕਾਸ਼ਿਤ ਹੁੰਦਾ ਹੈ। ਜਿਸ ਵਿਚ ਮਿਆਰੀ ਲੇਖ ਤੇ ਕਵਿਤਾਵਾਂ ਹੁੰਦੀਆਂ ਹਨ। ਹਰ ਪ੍ਰਾਂਤ ਦੀਆਂ ਸਾਹਿਤ ਸਭਾਵਾਂ ਪੰਜਾਬੀ, ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਵਿਕਾਸ ਲਈ ਉਚਤਮ ਕੰਮ ਕਰਦੀਆਂ ਹਨ। ਮਾਲ ’ਚੋਂ ਖਾਣ-ਪੀਣ ਦੀਆਂ

ਚੀਜ਼ਾਂ ਖ਼ਰੀਦ ਕੇ ਚਿਰਕਿਆਂ ਘਰ ਮੁੜੇ ਤਾਂ ਜਗਮਗਾਉਂਦੀਆਂ ਬੱਤੀਆਂ ਦਿਲ ਖਿਚਵਾਂ ਦ੍ਰਿਸ਼ ਪ੍ਰਦਾਨ ਕਰ ਰਹੀਆਂ ਸਨ।

ਜੋਤੀ, ਰਣਧੀਰ ਦੀ ਲੜਕੀ ਨੇ ਨਵਾਂ ਘਰ ਖ਼ਰੀਦਿਆ। ਉਸਨੇ ਸਾਰੇ ਕਸ਼ਮੀਰੀਆਂ ਨੂੰ ਗ੍ਰਹਿ ਪ੍ਰਵੇਸ਼ ਸਮੇਂ ਸੁਖਮਨੀ ਸਾਹਿਬ ਦੇ ਪਾਠ ’ਤੇ ਸੱਦਿਆ ਸੀ। ਪਾਠ ਤੋਂ ਬਾਅਦ ਲੰਗਰ ਵਰਤਿਆ। ਜੋਗਿੰਤਰ ਸਿੰਘ ਪਾਂਧੀ ਦੀ ਸਾਲੀ ਜੋ ਕਨੇਡਾ ਵਿਚ ਰਹਿੰਦੀ ਹੈ, ਉਸ ਨਾਲ ਵੀ ਮੁਲਾਕਾਤ ਹੋਈ। ਉਹਦਾ ਪਤੀ ਉੱਥੇ ਉੜੀਕਾ ਵੈਲੀ ਵਿਖੇ ਆਪਣਾ ਹੋਟਲ ਚਲਾਉਂਦਾ ਹੈ। ਪਾਂਧੀ ਜੀ ਦੇ ਸਾਲੇ ਨਾਲ ਵੀ ਮੁਲਾਕਾਤ ਹੋਈ।

ਉੱਥੇ ਖਾੜਕੂਆਂ ਨੇ ਆਪਣੇ ਗੁਰਦੁਆਰੇ ਉਸਾਰੇ ਹਨ, ਜਿੱਥੋਂ ਇਨ੍ਹਾਂ ਨੂੰ ਚੋਖੀ ਆਮਦਨ ਹੁੰਦੀ ਹੈ। ਇਨ੍ਹਾਂ ਕੋਲ ਆਪਣੇ ਕੀਮਤੀ ਘਰ ਤੇ ਕਾਰਾਂ ਹਨ। ਇਨ੍ਹਾਂ ਵਿਰੁੱਧ ਕੋਈ ਕੁਝ ਨਹੀਂ ਕਹਿ ਸਕਦਾ ਅਤੇ ਕੁਝ ਕੰਮਕਾਜ ਵੀ ਕਰਦੇ ਹਨ। ਇਨ੍ਹਾਂ ਨੂੰ ਕੁਝ ਕਹਿਣਾ ਭੂੰਡਾਂ ਦੇ ਛੱਤੇ ਵਿਚ ਬਾਂਹ ਦੇਣ ਦੇ ਅਨੁਕੂਲ ਹੈ। ਵਿਸਾਖੀ ਵਾਲੇ ਦਿਨ ਇੱਥੇ ਗੁਰਦੁਆਰਿਆਂ ਵਿਚ ਭਾਰਤ ਵਰਗੀ ਚਹਿਲ-ਪਹਿਲ ਨਹੀਂ ਹੁੰਦੀ। ਲੋਕੀ ਕਾਰਾਂ ਵਿਚ ਆਉਂਦੇ ਹਨ, ਨਤਮਸਤਕ ਹੋ ਕੇ ਲੰਗਰ ਛਕ ਕੇ ਘਰਾਂ ਨੂੰ ਚਲੇ ਜਾਂਦੇ ਜਾਂਦੇ ਹਨ। ਨਗਰ ਕੀਰਤਨ ਦਾ ਦਿਹਾੜਾ ਨਿਸਚਿਤ ਕੀਤਾ ਜਾਂਦਾ ਹੈ, ਉਸ ਦਿਨ ਲੋਕਾਂ ਦਾ ਬਹੁਤ ਵੱਡਾ ਇਕੱਠ ਹੁੰਦਾ ਹੈ। ਕਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਨਗਰ ਕੀਰਤਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੁਆਰੀ ਇਕ ਸਜੀ-ਸਜਾਈ ਗੱਡੀ ਵਿਚ ਰੱਖੀ ਜਾਂਦੀ ਹੈ, ਅੱਗੇ ਪੰਜ ਪਿਆਰੇ ਹੁੰਦੇ ਹਨ। ਸਕੂਲਾਂ ਦੇ ਬੱਚੇ ਤੇ ਔਰਤਾਂ ਹੁਮ-ਹੁਮਾ ਕੇ ਨਗਰ ਕੀਰਤਨ ਵਿਚ ਸ਼ਾਮਿਲ ਹੁੰਦੀਆਂ ਹਨ। ਰਾਗੀ ਸਿੰਘ ਨਗਰ ਕੀਰਤਨ ਦੇ ਨਾਲ-ਨਾਲ ਸ਼ਬਦ ਕੀਰਤਨ ਦਾ ਗਾਇਨ ਕਰਦੇ ਹਨ। ਨਗਰ ਕੀਰਤਨ ਰਾਮਗੜ੍ਹੀਆਂ ਦੇ ਗੁਰਦੁਆਰੇ ਤੋਂ ਆਰੰਭ ਹੋ ਕੇ ਸਿੰਘ ਸਭਾ ਗੁਰਦੁਆਰੇ ’ਚ ਸਮਾਪਤ ਹੁੰਦਾ ਹੈ। ਰਾਹਾਂ ਵਿਚ ਖਾਣ-ਪੀਣ ਦੇ ਸਟਾਲ ਲੱਗੇ ਹੁੰਦੇ ਹਨ। ਹਰ ਚੀਜ਼ ਸੰਗਤਾਂ ਲਈ ਰੱਖੀ ਹੁੰਦੀ ਹੈ ਤੇ ਮੁਫ਼ਤ ਵੰਡੀਆਂ ਜਾਂਦੀਆਂ ਹਨ। ਇਨ੍ਹਾਂ ਨਗਰ ਕੀਰਤਨਾਂ ਵਿਚ ਧਰਮ ਪ੍ਰਤੀ ਜਾਣਕਾਰੀ ਘੱਟ ਤੇ ਸਿਆਸੀ ਦਮ-ਖਮ ਜ਼ਿਆਦਾ ਹੁੰਦਾ ਹੈ। ਜ਼ਿਆਦਾਤਰ ਕੀਰਤਨ ਤੇ ਗੁਰਬਾਣੀ ਦਾ ਗਾਇਨ ਹੁੰਦਾ ਹੈ। ਇਨ੍ਹਾਂ ਮੰਚਾਂ ਤੋਂ ਸਿੱਖ ਇਤਿਹਾਸ ਪ੍ਰਤੀ ਵੀ ਬੋਲਿਆ ਜਾਂਦਾ ਹੈ। ਖ਼ਾਲਿਸਤਾਨ ਸਮਰਥਕ ਲੋਕਾਂ ਦੇ ਭਾਸ਼ਣ ਵੀ ਹੁੰਦੇ ਹਨ। ਖ਼ਾਲਿਸਤਾਨ ਜ਼ਿੰਦਾਬਾਦ ਦੇ ਬੈਨਰ ਅਤੇ ਗੁਬਾਰਿਆਂ ’ਤੇ ਲਿਖੇ ਨਾਅਰੇ ਵੀ ਇਨ੍ਹਾਂ ਸਮਾਗਮਾਂ ਵਿਚ ਪ੍ਰਦਰਸ਼ਿਤ ਹੁੰਦੇ ਹਨ। ਮੈਂ ਨਗਰ ਕੀਰਤਨ ਵਿਚ ਇਕ ਵੀਰ ਤੋਂ ਪੁੱਛਿਆ ਮੈਂ ਖ਼ਾਲਿਸਤਾਨ ਦੇ ਨਾਅਰੇ ਅੱਜ ਹੀ ਸੁਣੇ ਨੇ, ਆਮ ਦਿਨਾਂ ਵਿਚ ਕੋਈ ਖ਼ਾਲਿਸਤਾਨ ਦੀ ਗੱਲ ਨਹੀਂ ਕਰਦਾ। ਉਸਦਾ ਉੱਤਰ ਸੀ ਆਪਣੀ ਹੋਂਦ ਦਾ ਪ੍ਰਗਟਾਵਾ ਕਰਦੇ ਹਨ ਕਿਉਂਕਿ ਇਨ੍ਹਾਂ ਨੇ ਆਪਣਾ ਰੁਜ਼ਗਾਰ ਚਲਾਉਣ ਲਈ ਸੰਗਤਾਂ ਤੋਂ ਡਾਲਰ ਉਗਰਾਉਣੇ ਹੁੰਦੇ ਹੁੰਦੇ ਹਨ। ਉੱਥੇ ਇਕ ਸਫ਼ੈਦ ਕੱਪੜੇ ਪਾਈ ਇਕ ਤੀਵੀਂ ਖ਼ਾਲਿਸਤਾਨੀ ਸਮੂਹ ਦਾ ਸੰਚਾਲਨ ਕਰਦੀ ਸੀ। ਉਸਦਾ ਕਹਿਣਾ ਸੀ ਜਦੋਂ ਇਹ ਭਾਰਤ ਤੋਂ ਆਈ ਸੀ, ਇਸ ਲਈ ਰੋਟੀ ਲਈ ਪੈਸੇ ਜੁਟਾਉਣੇ ਔਖੇ ਸੀ, ਕੁਝ ਹੀ ਸਾਲਾਂ ਵਿਚ ਅਮੀਰੀ ਦੇ ਹਵਾੜ ਛੱਡਦੀ ਹੈ। ਅੱਗੋਂ ਤੁਸੀਂ ਆਪ ਸਿਆਣੇ ਹੋ। ਮੈਂ ਚੁੱਪ-ਚਾਪ ਨਗਰ ਕੀਰਤਨ ਨਾਲ ਤੁਰਨ ਲੱਗ ਪਿਆ। ਇੱਥੋਂ ਦੇ ਸਿਆਸੀ ਲੀਡਰਾਂ ਕੋਲ ਪਗੜੀ, ਅੰਮ੍ਰਿਤਪਾਨ ਅਤੇ ਕਿਰਪਾਨ ਦੇ ਮੁੱਦੇ ਤੋਂ ਇਲਾਵਾ ਹੋਰ ਕੁਝ ਨਹੀਂ ਹੁੰਦਾ ਜਾਂ ਗੁਰਦੁਆਰਿਆਂ ਦੀ ਦੇਖਰੇਖ।

ਸਾਰੇ ਕਨੇਡਾ ਤੇ ਅਮਰੀਕਾ ਦੇ ਗੁਰਦੁਆਰਿਆਂ ਵਿਚ ਧਾਰਮਿਕ ਰਾਜਨੀਤੀ ਭਾਰੂ ਹੁੰਦੀ ਹੈ। ਗੁਰਦੁਆਰਿਆਂ ’ਤੇ ਨਿਯੰਤਰਨ ਲਈ ਆਪਸੀ ਝਗੜੇ ਜ਼ਿਆਦਾ ਹੁੰਦੇ ਹਨ। ਇਹ ਝਗੜੇ ਘਾਤਕ ਵੀ ਹੁੰਦੇ ਹਨ ਅਤੇ ਕਦੀ ਕਦਾਈਂ ਬੰਦੂਕਾਂ ਦੀਆਂ ਨਲੀਆਂ ਵੀ ਗਰਮ ਹੋ ਜਾਂਦੀਆਂ ਹਨ। ਬਾਕੀ ਧਰਮਾਂ ਦੇ ਧਰਮ ਅਸਥਾਨਾਂ ’ਤੇ ਝਗੜੇ ਨਹੀਂ ਹੁਦੇ।

ਐਡਮਿੰਟਨ ਵਿਖੇ ਮੇਰੀ ਜਾਣ-ਪਛਾਣ ਕਲੀਸੇ (Church) ਦਾ ਨਿਰਮਾਣ ਕਰਨ ਲਈ ਆਏ ਇੱਕ ਕੈਥੋਲਿਕ ਪਾਦਰੀ ਨਾਲ ਹੋ ਗਈ। ਉਸਨੇ ਕਲੀਸਾ (ਚਰਚ) ਉਸਾਰਨ ਦਾ ਠੇਕਾ ਸਿੱਖ ਤਰਖਾਣਾਂ ਨੂੰ ਦਿੱਤਾ ਸੀ, ਆਪ ਇਹ ਵਰਕਸ਼ਾਪ ਵਿਚ ਹੋਂਡਾ ਕਾਰਾਂ ਧੋਣ ਦਾ ਕੰਮ ਕਰਦਾ ਸੀ ਅਤੇ ਪਤਨੀ ਮਾਲ ਵਿਚ ਕੱਪੜੇ ਤੇ ਚੀਜ਼ਾਂ ਸੁਆਰਨ ਦਾ ਕੰਮ ਕਰਦੀ ਸੀ। ਇਕ ਧੀ ਸੀ ਜਿਹੜੀ ਲਾਗੇ ਸਕੂਲ ਵਿਚ ਪੜ੍ਹਦੀ ਸੀ। ਇਕ ਦਿਨ ਇਸਨੇ ਮੈਨੂੰ ਆਪਣੇ ਘਰ ਆਉਣ ਦਾ ਨਿਉਤਾ ਦਿੱਤਾ ਐਤਵਾਰ ਇਕ ਵਜੇ ਦਾ। ਕਿਉਂਕਿ ਐਤਵਾਰ ਨੂੰ ਇਹ ਸਵੇਰੇ ਚਰਚਾਂ ਵਿਚ ਧਰਮ ਵਿਖਿਆਨ ਲਈ ਜਾਂਦਾ ਸੀ। ਇੱਥੇ ਲੋਕ ਸਮੇਂ ਦੇ ਬਹੁਤ ਪਾਬੰਦ ਹੁੰਦੇ ਹਨ, ਜਿਹੜਾ ਕਿਸੇ ਨੇ ਤਹਾਨੂੰ ਸਮਾਂ ਦਿੱਤਾ ਹੈ ਉਸ ਸਮੇਂ ਪੁੱਜਣਾ ਜ਼ਰੂਰੀ ਹੈ। ਮੈਂ ਗੁਰਦੁਆਰੇ ਮੱਥਾ ਟੇਕਣ ਬਾਅਦ ਸਮੇਂ ਸਿਰ ਉਸਦੇ ਘਰ ਪੁੱਜ ਗਿਆ। ਉਹ ਆਪਣੇ ਲਾਅਨ ਵਿਚ ਮੇਰਾ ਇੰਤਜ਼ਾਰ ਕਰ ਰਿਹਾ ਸੀ। ਅਸੀਂ ਦੋਵੇਂ ਉਸਦੀ ਲਾਇਬਰੇਰੀ ਵਿਚ ਬਹਿ ਗਏ। ਉਹ ਕਹਿਣ ਲੱਗਾ,

“ਮੈਂ ਸਮਾਂ ਕੱਢ ਕੇ ਦੋ ਘੰਟੇ ਆਪਣੀ ਲਾਇਬਰੇਰੀ ਵਿਚ ਬਹਿ ਕੇ ਪੜ੍ਹਦਾ ਹਾਂ। ਅਗਰ ਮੈਂ ਨਾ ਪੜ੍ਹਾਂ ਤਾਂ ਮੈਨੂੰ ਇਉਂ ਲਗਦਾ ਹੈ ਜਿਵੇਂ ਕੁਝ ਗੁਆਚ ਗਿਆ ਹੈ।”

ਉਸਦੀ ਪਤਨੀ ਕੌਫੀ ਦੇ ਦੋ ਕੱਪ ਲਿਆਈ ਉਸ ਨਾਲ ਵੀ ਉਸੇ ਸਮੇਂ ਭੇਟ ਹੋਈ। ਮੈਂ ਉਸਨੂੰ ਪੁੱਛਿਆ, “ਤੁਸੀਂ ਇਥੇ ਚਰਚ ਉਸਾਰਨ ਆਏ ਹੋ ਕੀ ਤੁਹਾਡੀ ਸੰਸਥਾ ਤੁਹਾਡਾ ਰਹਿਣ ਦਾ ਖਰਚਾ ਪੂਰਾ ਨਹੀਂ ਕਰਦੀ, ਤੁਸੀਂ ਵਰਕਸ਼ਾਪ ਵਿਚ ਕੰਮ ਕਰਨ ਜਾਂਦੇ ਹੋ।”

ਉਸਦਾ ਉੱਤਰ ਸੀ, “ਚਰਚ ਉਸਾਰਨ ਲਈ ਜੋ ਪੈਸਾ ਮੈਨੂੰ ਭੇਜਿਆ ਜਾਂਦਾ ਹੈ ਉਹ ਲੋਕਾਂ ਦਾ ਪੈਸਾ ਹੈ ਤੇ ਉਹ ਲੋਕਾਂ ਦੀ ਅਮਾਨਤ ਹੈ। ਮੈਂ ਅਮਾਨਤ ਵਿਚ ਖਿਆਮਤ ਨਹੀਂ ਕਰ ਸਕਦਾ, ਅਗਰ ਕਰਾਂਗਾ ਤਾਂ ਲੋਕਾਂ ਦਾ ਭਰੋਸਾ ਮੇਰੇ ਤੋਂ ਟੁੱਟ ਜਾਏਗਾ। ਜੇ ਮੈਂ ਖਿਆਨਤ ਕਰਾਂਗਾ ਤਾਂ ਰੱਬ ਦੀ ਦਰਗਾਹ ਵਿਚ ਮੈਂ ਕਿਹੜਾ ਮੂੰਹ ਲੈ ਕੇ ਜਾਵਾਂਗਾ, ਜਿਸ ਰੱਬ ਨੇ ਮੈਨੂੰ ਉਸਦਾ ਘਰ ਬਣਾਉਣ ਲਈ ਭੇਜਿਆ ਹੈ। ਮੈਂ ਆਪਣੇ ਪਰਿਵਾਰ ’ਤੇ ਇਹ ਪੈਸਾ ਖ਼ਰਚ ਨਹੀਂ ਕਰ ਸਕਦਾ, ਇਸ ਲਈ ਮੈਨੂੰ ਕੰਮ ਕਰਨਾ ਪੈਂਦਾ ਹੈ।”

ਅਸਾਂ ਫਿਰ ਇਕ-ਦੂਜੇ ਦੇ ਧਰਮ ਪ੍ਰਤੀ ਗੱਲਾਂਬਾਤਾਂ ਕੀਤੀਆਂ। ਉਸਦਾ ਕਹਿਣਾ ਸੀ, “ਮੈਂ ਤੁਹਾਡੇ ਧਰਮ ਦੇ ਲੋਕਾਂ ਨੂੰ ਕਿਸੇ ਵੀ ਮੁਲਕ ਵਿਚ ਕਿਸੇ ਅੱਗੇ ਹੱਥ ਅੱਡਦਿਆਂ ਨਹੀਂ ਵੇਖਿਆ। ਤੁਸੀਂ ਬਹੁਤ ਮਿਹਨਤੀ ਲੋਕ ਹੋ। ਤੁਹਾਡੇ ਗੁਰਦੁਆਰਿਆਂ ’ਚ ਜੋ ਲੰਗਰ ਚਲਦੇ ਹਨ ਉਹ ਮੁਫਤ ਹੈ ਜਾਂ ਕੁਝ ਦੇਣਾ ਪੈਂਦਾ ਹੈ?”

"ਲੰਗਰ ਦੀ ਪਰੰਪਰਾ ਸਿੱਖ ਧਰਮ ਦੇ ਬਾਨੀ (Founder) ਗੁਰੂ ਨਾਨਕ ਦੇਵ ਜੀ ਤੋਂ ਚੱਲੀ ਆ ਰਹੀ ਹੈ। ਲੰਗਰ ਵਿਚ ਕਿਸੇ ਵੀ ਜਾਤ-ਪਾਤ, ਰੰਗ-ਨਸਲ ਤੇ ਧਰਮ ਦਾ ਅਨੁਯਾਈ ਬਿਨਾਂ ਕਿਸੇ ਧਰਮ ਦੇ ਲਿੰਗ-ਭੇਦ ਤੋਂ ਲੰਗਰ ਮੁਫ਼ਤ ਛਕ ਸਕਦਾ ਹੈ। ਗੁਰੂ ਨਾਨਕ ਸਿੱਖ ਧਰਮ ਦੇ ਬਾਨੀ ਹਨ ਉਹ ਫਰਮਾਉਂਦੇ ਹਨ ਮੇਰਾ ਹਰ ਅਨੁਯਾਈ ਕਿਰਤ ਕਰੇਗਾ, ਵੰਡ ਛਕੇਗਾ, ਰੱਬ ਦਾ ਨਾਮ ਜਪੇਗਾ, ਬਿਨਾਂ ਵਿਤਕਰੇ ਦੇ ਮਾਨਵਤਾ ਦੀ ਸੇਵਾ ਕਰੇਗਾ।"

"ਇਹ ਤੇ ਬਹੁਤ ਚੰਗੀਆਂ ਗੱਲਾਂ ਹਨ। ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ।"

ਕੁਝ ਚਿਰ ਬਹਿ ਕੇ ਮੈਂ ਵਾਪਸ ਆ ਕੇ ਗੁਰਦੁਆਰੇ 'ਚੋਂ ਲੰਗਰ ਛਕ ਕੇ ਘਰ ਪਰਤ ਆਇਆ। ਵੱਡੀ ਉਮਰ ਦੇ ਸਿੱਖ ਪੂਰਨ ਗੁਰਸਿੱਖ ਸਨ। ਨਵੀਂ ਪੀੜ੍ਹੀ ਆਪਣੀ ਪਛਾਣ ਵੱਲ ਘੱਟ ਧਿਆਨ ਦਿੰਦੀ ਹੈ। ਇਨ੍ਹਾਂ ਦੇਸ਼ਾਂ ਵਿਚ ਵੀ ਸਿੱਖ ਕੌਮ ਧੜਿਆਂ ਤੇ ਜਾਤਾਂ ਵਿਚ ਵੰਡੀ ਹੋਈ ਹੈ। ਪੰਜਾਬ ਤੋਂ ਆਏ ਸਿੱਖਾਂ ਨਾਲ ਇਨ੍ਹਾਂ ਦਾ ਮੇਲ-ਜੋਲ ਨਾ-ਮਾਤਰ ਹੀ ਹੈ। ਮਾਲ ਵਿਚ ਬੈਠੇ ਇਕ ਸਰਦਾਰ ਨੇ ਮੈਨੂੰ ਪੁੱਛਿਆ, ਤੁਸੀਂ ਕਿਥੋਂ ਆਏ ਹੋ। ਮੈਂ ਕਿਹਾ ਕਸ਼ਮੀਰ ਤੋਂ। ਉਹ ਮੇਰੇ ਕੋਲੋਂ ਉਠ ਕੇ ਲਾਇਬਰੇਰੀ ਵਿਚ ਚਲਾ ਗਿਆ।

ਇੱਥੇ ਸਭ ਤੋਂ ਜ਼ਿਆਦਾ ਆਪਸੀ ਤਾਲਮੇਲ ਚੀਨੀਆਂ ਵਿਚ ਹੈ। ਇਹ ਆਪਣੇ ਚੀਨੀਆਂ ਦੀ ਬਹੁਤ ਮਦਦ ਕਰਦੇ ਹਨ। ਨੌਕਰੀਆਂ ਦਿਵਾਉਣ ਵਿਚ ਇਕ-ਦੂਜੇ ਦੀ ਬਹੁਤ ਸਹਾਇਤਾ ਕਰਦੇ ਹਨ। ਚੀਨੀ ਲੋਕਾਂ ਨੇ ਉੱਤਰੀ ਤੇ ਦੱਖਣੀ ਅਮਰੀਕਾ ਵਿਚ ਹਰ ਪੇਸ਼ੇ 'ਚ ਮੱਲਾਂ ਮਾਰੀਆਂ ਹਨ। ਇਥੇ 90% ਚੀਨ ਵਿਚ ਬਣੀਆਂ ਚੀਜ਼ਾਂ ਦੁਕਾਨਾਂ 'ਤੇ ਵਿਕਦੀਆਂ ਹਨ। ਹਰ ਸ਼ਹਿਰ ਵਿਚ ਚੀਨੀਆਂ ਨੇ ਆਪਣੀਆਂ ਸੰਸਥਾਵਾਂ ਸਥਾਪਤ ਕੀਤੀਆਂ ਹੋਈਆਂ ਹਨ ਅਤੇ ਆਪਣੇ ਚੀਨੀਆਂ ਲਈ ਕੌਂਸਲਿੰਗ ਕੇਂਦਰ ਖੋਲ੍ਹੇ ਹੋਏ ਹਨ। ਇੱਥੇ ਨਿੱਕੇ ਜਿਹੇ ਰੁਮਾਲ ਤੋਂ ਲੈ ਕੇ ਬਿਜਲੀ ਦੀਆਂ ਚੀਜ਼ਾਂ ਉੱਤੇ ਚੀਨ ਦੀ ਛਾਪ ਹੈ। ਇੱਥੇ ਬੰਗਲਾਦੇਸ਼ ਦੇ ਸਵੈਟਰ ਤੇ ਜੈਕਟਾਂ ਅਤੇ ਪਕਿਸਤਾਨ ਦੀਆਂ ਚੱਪਲਾਂ ਤੇ ਤੌਲੀਏ ਆਮ ਮਿਲਦੇ ਹਨ। ਪਰ ਭਾਰਤੀ ਚੀਜ਼ਾਂ ਦਾ ਬੋਲੇ ਹੀ ਰਾਮ ਹੈ। ਭਾਰਤੀਆਂ ਨੂੰ ਭਾਰਤ ਦਾ ਘੱਟ ਤੇ ਆਪਣੇ ਆਪ ਦਾ ਜ਼ਿਆਦਾ ਖ਼ਿਆਲ ਰਹਿੰਦਾ ਹੈ।

ਜੇਕਰ ਭਾਰਤ ਤੋਂ ਕੋਈ ਉਸ ਮੁਲਕ ਵੱਲ ਹਿਜ਼ਰਤ ਕਰਦਾ ਹੈ ਤਾਂ ਉੱਥੋਂ ਦੇ ਰਹਿਣ ਵਾਲੇ ਭਾਰਤੀਆਂ ਨੂੰ ਦੁੱਖ ਹੁੰਦਾ ਹੈ 'ਮੈਂ ਤੇ ਇਹ ਕਿਉਂ'। ਇੱਥੇ ਹਰ ਚੀਨੀ ਆਪਣੇ ਮੁਲਕ ਦਾ ਦੂਤ ਬਣ ਕੇ ਕੰਮ ਕਰਦਾ ਹੈ। ਚੀਨੀ ਆਪਣੇ ਨਵੇਂ ਆਏ ਲੋਕਾਂ ਨੂੰ ਉੱਥੇ ਸਥਾਪਤ ਕਰਨ ਲਈ ਪੈਸੇ ਦੀ ਮਦਦ ਕਰਦੇ ਹਨ। ਭਾਰਤੀਆਂ ਵਿਚ ਇਹ ਮਿਲਵਰਤਨ ਨਹੀਂ। ਚੀਨੀ ਉੱਥੇ ਤੀਜੀ ਬੋਲਣ ਵਾਲੀ ਭਾਸ਼ਾ ਹੈ ਅਤੇ ਪੰਜਾਬੀ ਚੌਥੀ ਭਾਸ਼ਾ ਹੈ। ਇੱਥੋਂ ਦੀ ਨਵੀਂ ਪੀੜ੍ਹੀ ਆਪਣੇ ਵਿਰਸੇ ਨਾਲੋਂ ਟੁੱਟ ਰਹੀ ਹੈ। ਇਹ ਪੱਛਮੀ ਵਿਰਸੇ ਨੂੰ ਸਮਰਪਿਤ ਹੁੰਦੇ ਜਾ ਰਹੇ ਨੇ। ਬਜ਼ੁਰਗ ਪੀੜ੍ਹੀ ਨੂੰ ਆਪਣੇ ਵਤਨ ਦਾ ਬਹੁਤ ਹੇਰਵਾ ਹੈ। ਇਹ ਪੰਜਾਬੀ ਡਾਇਸਪੋਰਾ ਦਾ ਸ਼ਿਕਾਰ ਹਨ। ਬਜ਼ੁਰਗ ਪੀੜ੍ਹੀ ਆਪਣੀ ਮਾਤ ਭਾਸ਼ਾ ਵਿਚ ਗੱਲਬਾਤ ਕਰਦੀ ਹੈ। ਇੱਥੋਂ ਦਾ ਸਿੱਖ ਭਾਈਚਾਰਾ ਆਪਣੀ ਨਵੀਂ ਪੀੜ੍ਹੀ ਨੂੰ ਆਪਣੇ ਧਰਮ ਅਤੇ ਵਿਰਸੇ ਨਾਲ ਜੋੜਨ ਦੀ ਅਣਥੱਕ ਕੋਸ਼ਿਸ਼ ਕਰ ਰਿਹਾ ਹੈ। ਕਨੇਡਾ ਤੇ ਅਮਰੀਕਾ ਵਿਚ ਨੌਜਵਾਨ ਪੀੜ੍ਹੀ ਵਿਚ ਸ਼ਰਾਬ ਤੇ ਦਵਾਈਆਂ ਦੇ

ਸੇਵਨ ਦਾ ਰੁਝਾਨ ਵਧ ਰਿਹਾ ਹੈ। ਅੰਗਰੇਜ਼ ਪੀੜ੍ਹੀ ਵਿਚ ਅਪਰਾਧ ਦਾ ਰੁਝਾਨ ਵਧ ਰਿਹਾ ਹੈ। ਉੱਥੇ ਹਥਿਆਰ ਇਸ ਤਰ੍ਹਾਂ ਵਿਕਦੇ ਹਨ, ਜਿਵੇਂ ਇੱਥੇ ਅਚਾਰ ਵਿਕਦਾ ਹੈ।

ਉੱਥੇ ਬੱਚੇ ਅੰਗਰੇਜ਼ੀ ਭਾਸ਼ਾ ਬੋਲਦੇ ਹਨ ਕਿਉਂਕਿ ਉੱਥੇ ਹਰ ਕੰਮਕਾਜ ਤੇ ਸਕੂਲ, ਕਾਲਜਾਂ ਤੇ ਯੂਨੀਵਰਸਿਟੀਆਂ ’ਚ ਪੜ੍ਹਾਈ ਅੰਗਰੇਜ਼ੀ ਭਾਸ਼ਾ ਵਿਚ ਹੁੰਦੀ ਹੈ, ਇਸ ਲਈ ਇਹ ਭਾਸ਼ਾ ਸਿੱਖਣੀ ਬਹੁਤ ਜ਼ਰੂਰੀ ਹੈ। ਇੱਥੇ ਹਰ ਗੁਰਦੁਆਰੇ ਵਿਚ ਗੁਰਮਿਤ ਦੀਆਂ ਜਮਾਤਾਂ ਲੱਗਦੀਆਂ ਹਨ। ਬੱਚਿਆਂ ਵਿਚ ਪਗੜੀ ਬੰਨ੍ਹਣ ਦੇ ਮੁਕਾਬਲੇ ਵੀ ਹੁੰਦੇ ਹਨ। ਖ਼ਾਲਸਾ ਸਕੂਲਾਂ ਵਿਚ ਸਿੱਖ ਬੱਚੇ ਪਗੜੀ ਬੰਨ ਕੇ ਆਉਂਦੇ ਹਨ। ਇੱਥੇ ਭਾਰਤ ਵਿਚ ਗਰਮੀਆਂ ਆਰੰਭ ਹੁੰਦਿਆਂ ਹੀ ਭਾਰਤ ਤੋਂ ਲੋਕ, ਜਿਵੇਂ ਕੀਰਤਨੀਏ, ਰਾਗੀ ਸਿੰਘ, ਕਥਾਕਾਰ, ਢਾਡੀ ਅਤੇ ਭਾਸ਼ਣ ਦੇਣ ਵਾਲਿਆਂ ਤੇ ਗਾਇਕਾਂ ਦੇ ਸਮੂਹ ਆਵਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਆਉਣ ਵਾਲੇ ਲੋਕਾਂ ਦੀ ਦਿਲਚਸਪੀ ਡਾਲਰ ਕਮਾਉਣ ਅਤੇ ਵਾਹ-ਵਾਹ ਖੱਟਣ ਵਿਚ ਜ਼ਿਆਦਾ ਅਤੇ ਪ੍ਰਚਾਰ ਵਿਚ ਘੱਟ ਹੁੰਦੀ ਹੈ। ਇੱਥੇ ਲੋਕ ਆਪਣੇ ਕੰਮ ਵਿਚ ਇੰਨੇ ਰੁਝੇ ਹੁੰਦੇ ਹਨ ਕਿ ਉਨ੍ਹਾਂ ਕੋਲ ਇਕ-ਦੂਜੇ ਨੂੰ ਮਿਲਣ ਲਈ ਸਮਾਂ ਹੀ ਨਹੀਂ ਹੁੰਦਾ। ਹਰ ਭਾਰਤੀ ਨੇ ਆਪਣੇ ਬੱਚਿਆਂ ਦੀ ਦੇਖ-ਰੇਖ ਲਈ ਆਪਣੇ ਮਾਂ ਪਿਉ ਨੂੰ ਭਾਰਤ ਤੋਂ ਮੰਗਵਾਇਆ ਹੈ। ਇਹ ਬਜ਼ੁਰਗ ਔਰਤਾਂ ਦੇ ਮਰਦ ਬੱਚਿਆਂ ਨੂੰ ਪਾਰਕਾਂ ਵਿਚ ਲੈ ਕੇ ਜਾਂਦੇ ਹਨ। ਬੱਚੇ ਖੇਡਦੇ ਰਹਿੰਦੇ ਹਨ ਅਤੇ ਬਜ਼ੁਰਗ ਔਰਤਾਂ ਤੇ ਮਰਦ ਇਕ ਦੂਜੇ ਨਾਲ ਗੱਪਾਂ ਤੇ ਦੁੱਖ-ਸੁੱਖ ਨੂੰ ਸਾਂਝਾ ਕਰਕੇ ਦਿਲ ਦਾ ਬੋਝ ਹਲਕਾ ਕਰਦੇ ਹਨ। ਉੱਥੋਂ ਦੀ ਸਰਕਾਰ ਨੇ ਬੱਚਿਆਂ ਲਈ 65% ਘਰਾਂ ਵਿਚ ਕੋਈ ਨਾ ਕੋਈ ਕੁੱਤਾ ਜਾਂ ਬਿੱਲੀ ਪਾਲਿਆ ਹੋਇਆ ਹੈ। ਬੱਚਿਆਂ ਨਾਲ ਆਉਣ ਵਾਲੇ ਮਾਂ ਪਿਉ ਜਾਂ ਰਿਸ਼ਤੇਦਾਰ ਦੇ ਬਹਿਣ ਲਈ ਸੁਵਿਧਾ ਪ੍ਰਦਾਨ ਕੀਤੀ ਹੈ।

ਇੱਥੇ ਜਦੋਂ ਕਿਸੇ ਦਾ ਦੇਹਾਂਤ ਹੁੰਦਾ ਹੈ ਤਾਂ ਘਰ ਵਾਲੇ ਉਸਨੂੰ ਇਕ ਪਲ ਵੀ ਘਰ ਵਿਚ ਨਹੀਂ ਰੱਖ ਸਕਦੇ, ਉਸਨੂੰ ਤੁਰੰਤ ਮੁਰਦਾਘਰ ਵਿਚ ਲਿਜਾਇਆ ਜਾਂਦਾ ਹੈ। ਮੁਰਦੇ ਨੂੰ ਮਰਦਾਘਰ ਵਿਚ ਉਦੋਂ ਤੱਕ ਰੱਖਿਆ ਜਾਂਦਾ ਹੈ ਜਦੋਂ ਤੱਕ ਬਿਜਲੀ ਦੇ ਚੁੱਲ੍ਹੇ (Electric Oven) ਸੰਬੰਧੀ ਉੱਥੇ ਹੀ ਦੇਹ ਨੂੰ ਸਾੜਨ ਦੀ ਵਾਰੀ ਨਹੀਂ ਆਉਂਦੀ। ਇੰਨਾ ਚਿਰ ਸਾਕ-ਸੰਬੰਧੀ ਉੱਥੇ ਹੀ ਸ਼ਰਧਾ ਭੇਟ ਕਰਨ ਜਾਂਦੇ ਨੇ। ਲਾਸ਼ ਨੂੰ ਖ਼ਰਾਬ ਹੋਣ ਜਾਂ ਸੜਨ ਤੋਂ ਬਚਾਉਣ ਲਈ ਸੰਭਾਲ ਕੀਤੀ ਜਾਂਦੀ ਹੈ। ਮੁਰਦੇ ਨੂੰ ਬਿਜਲੀ ਦੇ ਚੁੱਲ੍ਹੇ ਵਿਚ ਪਾਉਣ ਲਈ ਘਰਦਿਆਂ ਨੂੰ ਘੱਟੋ-ਘੱਟ ਪੰਦਰਾਂ ਦਿਨ ਇੰਤਜ਼ਾਰ ਕਰਨਾ ਪੈਂਦਾ ਹੈ। ਰੇਡਿਓ ਜਾਂ ਮੋਬਾਇਲ ’ਤੇ ਵਿਅਕਤੀ ਦੇ ਪਰਲੋਕ ਸੁਧਾਰਨ ਦੀ ਖ਼ਬਰ ਦਿੱਤੀ ਜਾਂਦੀ ਹੈ। ਲੋਕ ਜ਼ਿਆਦਾਤਰ ਮੋਬਾਇਲ ਰਾਹੀਂ ਹੀ ਅਫ਼ਸੋਸ ਕਰਦੇ ਹਨ ਜਾਂ ਨਜ਼ਦੀਕੀ ਰਿਸ਼ਤੇਦਾਰ ਰੋਜ਼ ਮੁਰਦਾਘਰ ਜਾਂਦੇ ਹਨ ਜਦੋਂ ਤੱਕ ਮੁਰਦਾ ਅਗਨੀ ਭੇਂਟ ਨਹੀਂ ਹੋ ਜਾਂਦਾ। ਉਸ ਵੇਲੇ ਕੁਝ ਰਿਸ਼ਤੇਦਾਰ, ਧੀਆਂ ਪੁੱਤਰ ਉੱਥੇ ਹੁੰਦੇ ਨੇ ਤੇ ਮੁਰਦੇ ਦੀ ਰਾਖ ਵਾਰਸਾਂ ਦੇ ਹਵਾਲੇ ਕੀਤੀ ਜਾਂਦੀ ਹੈ, ਜਿਸਨੂੰ ਵਹਾਅ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਸਾਰਾ ਇੰਤਜ਼ਾਮ ਗੁਰਦੁਆਰੇ ਕੀਤਾ ਜਾਂਦਾ ਹੈ। ਅੰਤਿਮ ਅਰਦਾਸ ਤੋਂ ਬਾਅਦ ਚਾਹ ਦਾ ਲੰਗਰ ਛਕ ਕੇ ਆਏ ਲੋਕੀ ਘਰਾਂ ਨੂੰ ਚਲੇ ਜਾਂਦੇ ਹਨ।

ਬਾਅਦ ਵਿਚ ਨਾ ਕੋਈ ਆਉਂਦਾ ਹੈ ਤੇ ਨਾ ਕੋਈ ਜਾਂਦਾ ਹੈ। ਆਪਣੇ ਕੰਮਕਾਜ ਵਿਚ ਜੁਟ ਜਾਂਦੇ ਹਨ। ਸਾਡੇ ਕਸ਼ਮੀਰ ਵਰਗੇ ਰਸਮੋ ਰਿਵਾਜ ਨਹੀਂ ਕਿ ਲੋਕੀ ਦਸ ਦਿਨ ਤੱਕ ਆਉਂਦੇ ਰਹਿੰਦੇ ਹਨ। ਹਰੇਕ ਆਉਣ ਵਾਲੇ ਨੂੰ ਚਾਹ ਤੇ ਭੋਜਨ ਛਕਾਇਆ ਜਾਂਦਾ ਹੈ ਅਤੇ ਅੰਤਮ ਅਰਦਾਸ ਤੋਂ ਬਾਅਦ ਅਤੁੱਟ ਲੰਗਰ ਵਰਤਦਾ ਹੈ। ਕੁਝ ਦਿਨਾਂ ਬਾਅਦ ਪ੍ਰਾਣੀ ਦੀ ਯਾਦ ਵਿਚ ਸਤਿਸੰਗ ਕੀਤਾ ਜਾਂਦਾ ਹੈ। ਸਾਲ ਬਾਅਦ ਬਰਸੀ ਆਯੋਜਿਤ ਕੀਤੀ ਜਾਂਦੀ ਹੈ। ਉੱਥੇ ਪੈਸੇ ਦੀ ਕਦਰ ਹੈ। ਲੋਕ ਪੈਸੇ ਕਮਾਉਣ ਲਈ ਕਈ ਕੰਮ ਧੰਦੇ ਕਰਦੇ ਹਨ। ਸਾਡੇ ਕਸ਼ਮੀਰ ਵਿਚ ਵਾਹ-ਵਾਹ ਤੇ ਫੋਕੀ ਸ਼ਾਨ ਦੀ ਕਦਰ ਹੈ। ਬਾਹਰ ਦੇਸ਼ਾਂ ਵਿਚ ਹਰੇਕ ਕੰਮ ਦੀ ਕਦਰ ਹੈ। ਕੋਈ ਕੰਮ ਉਨ੍ਹਾਂ ਲਈ ਉੱਚਾ ਜਾਂ ਨੀਵਾਂ ਨਹੀਂ। ਉੱਥੇ ਮਿਹਨਤ ਦੀ ਕਦਰ ਹੈ। ਕੰਮ ਉਨ੍ਹਾਂ ਲਈ ਗੁਣ ਹੈ, ਅਰਾਧਨਾ ਹੈ, ਪੂਜਾ ਹੈ, ਇੱਥੇ ਮਨੁੱਖ ਨੂੰ ਕੰਮ ਤੋਂ ਪਰਖਿਆ ਜਾਂਦਾ ਹੈ। ਉਸਦੀ ਰਹਿਣੀ-ਬਹਿਣੀ, ਆਚਾਰ-ਵਿਚਾਰ ਤੇ ਵਿਵਹਾਰ ਤੋਂ ਨਹੀਂ ਪਰਖਿਆ ਜਾਂਦਾ। ਉੱਥੇ ਰਿਸ਼ਵਤਖੋਰ ਨੂੰ ਨਫ਼ਰਤ ਕੀਤੀ ਜਾਂਦੀ ਹੈ। ਇੱਥੇ ਉਸਨੂੰ ਅਮੀਰ ਗਿਣਿਆ ਜਾਂਦਾ ਹੈ ਤੇ ਇੱਜ਼ਤ ਕੀਤੀ ਜਾਂਦੀ ਹੈ। ਉੱਥੇ ਅਪਰਾਧੀ ਅਪਰਾਧੀ ਹੈ। ਇੱਥੇ ਅਪਰਾਧੀ ਨੂੰ ਯੋਧਾ ਸਮਝਦੇ ਹਨ। ਉੱਥੇ ਔਰਤ ਦੀ ਰੱਖਿਆ ਕੀਤੀ ਜਾਂਦੀ ਹੈ। ਇੱਥੇ ਉਸਦੀ ਪਤ ਲਾਹ ਕੇ ਲੋਕੀ ਖ਼ੁਸ਼ ਹੁੰਦੇ ਹਨ।

ਉੱਥੋਂ ਦਾ ਨਿਜ਼ਾਮ ਬਹੁਤ ਚੰਗਾ ਤੇ ਇਮਾਨਦਾਰ ਹੈ। ਉੱਥੇ ਘਰ ਖ਼ਰੀਦਣਾ ਬਹੁਤ ਸੌਖਾ ਹੈ। ਉੱਥੇ ਬੈਂਕਾਂ ਲੋਕਾਂ ਦੇ ਕਾਗਜ਼ ਪੱਤਰ ਵੇਖ ਕੇ ਘਰ ਖ਼ਾਤਰ ਕਰਜ਼ਾ ਦਿੰਦੀਆਂ ਹਨ। ਕਰਜ਼ਾ ਦੇਣ ਸਮੇਂ ਅਮੀਰ ਗ਼ਰੀਬ ਨਹੀਂ ਵੇਖਦੀਆਂ। ਉੱਥੇ ਬੈਂਕ ਨਾਲ ਤੁਹਾਡਾ ਹਿਸਾਬ-ਕਿਤਾਬ ਕਿਹੋ ਜਿਹਾ ਹੈ। ਤੁਹਾਡੀ ਕਰਜ਼ਾ ਵਾਪਸ ਕਰਨ ਦੀ ਯੋਗਤਾ ਨੂੰ ਵੇਖਿਆ ਜਾਂਦਾ ਹੈ। ਉੱਥੇ ਬੈਂਕਾਂ ਜਾਂ ਸਰਕਾਰ ਕਰਜ਼ਾ ਮੁਆਫ਼ ਨਹੀਂ ਕਰਦੀਆਂ। ਉੱਥੋਂ ਦੀ ਬੈਂਕ ਪ੍ਰਣਾਲੀ ਇੰਟਰਨੈੱਟ ਰਹੀਂ ਜੁੜੀ ਹੈ। ਅਗਰ ਕੋਈ ਵਿਅਕਤੀ ਕਿਸੇ ਬੈਂਕ ਦਾ ਕਰਜ਼ਾ ਨਹੀਂ ਚੁਕਾ ਸਕਿਆ ਜਾਂ ਦੋਸ਼ੀ ਹੈ ਤਾਂ ਉਸਨੂੰ ਬੈਂਕ ਕਰਜ਼ਾ ਨਹੀਂ ਦਿੰਦੀ। ਇੱਥੇ ਵਾਲਾ ਤੌਰ ਤਰੀਕਾ ਨਹੀਂ ਅਗਰ ਇਕ ਬੈਂਕ ਦਾ ਕਰਜ਼ਾ ਨਹੀਂ ਚੁਕਾ ਸਕੇ ਤਾਂ ਦੂਜੇ ਬੈਂਕ ਤੋਂ ਹੇਰਾਫੇਰੀ ਕਰਕੇ ਲੈ ਸਕਦੇ ਹੋ। ਇੱਥੋਂ ਦੀ ਬੈਂਕ ਪ੍ਰਣਾਲੀ ਅਮੀਰਾਂ ਲਈ, ਅਮੀਰਾਂ ਵਾਸਤੇ ਅਤੇ ਅਮੀਰਾਂ ਖ਼ਾਤਰ ਹੈ। ਬਾਹਰ ਦੇ ਦੇਸ਼ਾਂ ਵਿਚ ਤੁਹਾਡੇ ਕਾਗਜ਼ ਪੱਤਰ ਵੇਖ ਕੇ ਬਿਨਾਂ ਆਨਾਕਾਨੀ ਦੇ ਕਰਜ਼ਾ ਦਿੰਦੀਆਂ ਹਨ। ਇਸਦੇ ਬਾਵਜੂਦ 3.7% ਲੋਕ ਘਰ ਤੋਂ ਬਿਨਾਂ ਹਨ। ਉੱਥੇ ਵੀ ਭਿਖਾਰੀ ਹਨ ਪਰ ਭਾਰਤ ਵਰਗੇ ਢੀਠ ਭਿਖਾਰੀ ਨਹੀਂ। ਉੱਥੇ ਉਹ ਮੰਗਦੇ ਨਹੀਂ ਬਲਕਿ ਕਿਸੇ ਸਾਜ ਰਾਹੀਂ ਕੋਈ ਮਿੱਠੀ ਜਾਂ ਰਸਭਰੀ ਧੁੰਨ ਸੁਣਾਉਂਦੇ ਹਨ, ਕੋਲੋਂ ਲੰਘਦੇ ਲੋਕ ਕੁਝ ਨਾ ਕੁਝ ਉਨ੍ਹਾਂ ਦੀ ਝੋਲੀ ਪਾ ਕੇ ਅਗਾਂਹ ਲੰਘ ਜਾਂਦੇ ਹਨ।

ਮੈਂ ਆਪਣੇ ਤੇ ਪਤਨੀ ਦੇ ਪਾਸਪੋਰਟ ਨੂੰ ਛੇ ਮਹੀਨੇ ਲਈ ਵਧਾਉਣ ਦੀ ਅਰਜ਼ੀ ’ਤੇ ਕੌਂਸਲਰ ਦੇ ਹਸਤਾਖ਼ਰ ਕਰਵਾ ਕੇ ਲੈ ਗਿਆ। ਪਾਸਪੋਰਟ ਦੇ ਦਫ਼ਤਰ ਵਿਚ ਕੰਪਿਊਟਰ ’ਤੇ ਬੈਠੀ ਤੀਵੀਂ ਨੂੰ ਮੈਂ ਪੁੱਛਿਆ ਕਿ ਮੇਰੇ ਆਉਣ ਦੀ ਲੋੜ ਤਾਂ ਨਹੀਂ, ਉਸ ਕਿਹਾ, ਤੁਹਾਡਾ ਪਾਸਪੋਰਟ ਤੁਹਾਡੇ ਪਤੇ ’ਤੇ ਪੁੱਜ ਜਾਏਗਾ ਅਤੇ ਤਿੰਨ ਦਿਨ ਬਾਅਦ ਮੇਰਾ ਤੇ ਪਤਨੀ ਦਾ ਪਾਸਪੋਰਟ ਮੇਰੇ ਦਿੱਤੇ ਪਤੇ ’ਤੇ ਪੁੱਜ ਗਿਆ। ਰਿਸ਼ਵਤ ਵਿਚ ਧੇਲਾ ਨਹੀਂ ਦੇਣਾ ਪਿਆ। ਭਾਰਤ ਵਿਚ ‘ਹਾਂਡੀ ਵੀ ਚੋਰ  ਤੇ ਕੜਛੀ ਵੀ ਚੋਰ।’ ਸ਼ਹਿਰ ਵਿਚ ਲੋਕੀ ਬੱਸਾਂ ਅਤੇ ਮੈਟਰੋ ਰਾਹੀਂ ਸਫ਼ਰ ਕਰਦੇ ਨੇ। ਮੇਰੀ ਧੀ ਨੇ ਬੱਸ ਅਤੇ ਮੈਟਰੋ ’ਤੇ ਸਫ਼ਰ ਕਰਨ

ਲਈ ਪਾਸ ਲੈ ਕੇ ਦਿੱਤਾ ਸੀ। ਪੈਸੇ ਲੈਣ ਲਈ ਕਿਸੇ ਵੀ ਬੱਸ ਨਾਲ ਕੰਡਕਟਰ ਨਹੀਂ ਹੁੰਦਾ। ਡਰਾਈਵਰ ਕੋਲ ਇਕ ਡੱਬਾ ਲੱਗਾ ਹੁੰਦਾ ਹੈ, ਬੱਸ ਵਿਚ ਚੜ੍ਹਦੇ ਸਮੇਂ ਇਸ ਵਿਚ ਪੈਸੇ ਪਾਉਣੇ ਪੈਂਦੇ ਹਨ।

ਬੱਸਾਂ ਤੇ ਮੈਟਰੋ ਦਾ ਫਰਸ਼ ਸਾਫ-ਸੁਥਰਾ ਹੁੰਦਾ ਹੈ। ਇੱਥੋਂ ਦੇ ਕਾਨੂੰਨ ਬਹੁਤ ਸਖ਼ਤ ਹਨ। ਯੂਰਪ, ਅਮਰੀਕਾ ਅਤੇ ਕਨੇਡਾ ਦੇ ਸ਼ਹਿਰ ਬਹੁਤ ਸਾਫ਼-ਸੁਥਰੇ ਹਨ। ਬਿਜਲੀ ਤੇ ਪਾਣੀ ਕਦੇ ਮੁਕਦੇ ਨਹੀਂ। ਇਹ ਦੋਵੇਂ ਲੋੜਾਂ ਕਦੇ ਬੰਦ ਨਹੀਂ ਹੁੰਦੀਆਂ। ਇੱਥੇ ਹਰ ਵਿਅਕਤੀ ਪਿੱਛੇ ਦੋ ਕਾਰਾਂ ਹਨ। ਪੈਦਲ ਬਹੁਤ ਘੱਟ ਲੋਕ ਤੁਰਦੇ ਹਨ। ਮੈਂ ਕਦੀ ਘਰ ਤੋਂ ਲਾਇਬਰੇਰੀ ਪੈਦਲ ਜਾਂਦਾ ਆਪਣੇ ਆਪ ਨੂੰ ਬੇਗਾਨਾ ਸਮਝਦਾ ਸੀ। ਬਿਜਲੀ ਲਾਈਨ-ਮੈਨ ਜਦੋਂ ਬਿਜਲੀ ਦੀ ਦੇਖ-ਰੇਖ ਲਈ ਆਉਂਦਾ ਸੀ, ਉਹ ਵੀ ਆਪਣੀ ਕਾਰ ਵਿਚ ਆਉਂਦਾ ਸੀ। ਘਰ ਦੇ ਨਲਕੇ ’ਚੋਂ ਪਾਣੀ ਦਾ ਤੁਪਕਾ ਤੁਪਕਾ ਡਿਗਦਾ ਸੀ। ਮੇਰੇ ਜਵਾਈ ਨੇ ਇਕ ਸੰਸਥਾ ਨੂੰ ਪਲੰਬਰ ਭੇਜਣ ਲਈ ਕਿਹਾ। ਇਤਨੇ ਵਿਚ ਕਾਰ ਆ ਕੇ ਰੁਕੀ ਤੇ ਉਸਨੇ ਘੰਟੀ ਵਜਾਈ। ਮੈਂ ਬੂਹਾ ਖੋਲ੍ਹਿਆ। ਇਕ ਵਿਅਕਤੀ ਸਤਿਸ੍ਰੀ ਅਕਾਲ ਕਰਨ ਤੋਂ ਬਾਅਦ ਅੰਦਰ ਆਇਆ। ਨਲਕੇ ਦਾ ਮੁਆਇਨਾ ਕੀਤਾ ਤੇ ਕਿਹਾ ਨਲਕੇ ਦਾ ਵਾਲ ਖ਼ਰਾਬ ਹੈ, ਬਦਲਾਉਣਾ ਪਵੇਗਾ। ਉਸਨੇ ਆਪਣੇ ਬੈਗ ’ਚੋਂ ਵਾਲ ਕੱਢ ਕੇ ਫਿਟ ਕੀਤਾ, ਪਾਣੀ ਨਿਕਲਣਾ ਬੰਦ ਹੋ ਗਿਆ। ਮੇਰੇ ਪੁੱਛਣ ’ਤੇ ਉਸਨੇ ਕਿਹਾ ਮੈਂ ਪੰਜਾਬ ਤੋਂ ਹਾਂ ਉੱਥੇ ਮੈਂ ਮਕੈਨੀਕਲ ਇੰਜੀਨੀਅਰ ਸੀ। ਮੈਂ ਪੁੱਛਿਆ ਉੱਥੋਂ ਤੇ ਇੱਥੋਂ ਦੇ ਕੰਮ ਵਿਚ ਕੀ ਫ਼ਰਕ ਹੈ। ਇੱਥੇ ਕੰਮ ਕਰਨ ਦਾ ਹੌਂਸਲਾ ਮਿਲਦਾ ਹੈ, ਕੰਮ ਕਰਨ ਦੀ ਵੈਲਿਊ ਹੈ। ਇੱਥੇ ਕੰਮ ਦੀ ਕਦਰ ਹੈ। ਭਾਰਤ ਵਿਚ ਕੰਮ ਕਰਨ ਵਾਲੇ ਦੇ ਹੌਂਸਲੇ ਪਸਤ ਹੁੰਦੇ ਨੇ। ਉੱਥੇ ਚਾਪਲੂਸੀ ਵਾਲੇ ਨੂੰ ਮਾਣ ਮਿਲਦਾ ਹੈ ਅਤੇ ਕੰਮ ਕਰਨ ਵਾਲੇ ਨੂੰ ਝਾੜ-ਝੰਬ। ਸਾਡਾ ਭਾਰਤ ਇਕ ਹਜ਼ਾਰ ਸਾਲ ਬਾਅਦ ਵੀ ਇਨ੍ਹਾਂ ਦੇ ਬਰਾਬਰ ਨਹੀਂ ਪੁੱਜ ਸਕਦਾ। ਉਹ ਕੰਮ ਪੂਰਾ ਕਰਨ ਤੋਂ ਬਾਅਦ ਚਲਾ ਗਿਆ।

ਇੱਥੇ ਊਚ-ਨੀਚ ਦਾ ਕੋਈ ਪ੍ਰਸ਼ਨ ਹੀ ਨਹੀਂ। ਇੱਥੇ ਕਾਮੇ ਦੀ ਕਦਰ ਹੈ। ਇਨ੍ਹਾਂ ਮੁਲਕਾਂ ਵਿਚ ਸਾਰਿਆਂ ਨੂੰ ਇਕੋ ਨਜ਼ਰ ਨਾਲ ਵੇਖਿਆ ਜਾਂਦਾ ਹੈ, ਇੱਥੋਂ ਦੇ ਲੋਕਾਂ ਵਿਚ ਭਾਰਤੀਆਂ ਵਰਗੀ ਫੋਕੀ ਸ਼ਾਨ ਨਹੀਂ। ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਇੱਥੇ ਪੂਰੀ ਤਰ੍ਹਾਂ ਢੁੱਕਦਾ ਹੈ, “ਮਾਨਸ ਕੀ ਜਾਤੁ ਸਭੈ ਏਕੈ ਪਹਿਚਾਨਬੋ।”

23.5.2010 ਨੂੰ ਵਿਸਾਖੀ ਦੇ ਸੰਦਰਭ ਵਿਚ ਇਕ ਵਿਸ਼ਾਲ ਧਾਰਮਿਕ ਨਗਰ ਕੀਰਤਨ ਕੱਢਿਆ ਗਿਆ, ਜਿਸ ਵਿਚ ਸਰਿਆਂ ਪੰਜਾਬੀਆਂ ਨੇ ਸ਼ਮੂਲੀਅਤ ਕੀਤੀ। ਰਸਤੇ ਵਿਚ ਥਾਂ-ਥਾਂ ’ਤੇ ਸੰਗਤਾਂ ਦੇ ਖਾਣ-ਪੀਣ ਦਾ ਇੰਤਜ਼ਾਮ ਕੀਤਾ ਗਿਆ। ਕਿਸੇ ਵੀ ਚੀਜ਼ ਦੀ ਥੁੜ੍ਹ ਨਹੀਂ ਸੀ। ਖਾਣ-ਪੀਣ ਤੋਂ ਬਾਅਦ ਸੜਕ ’ਤੇ ਕਚਰਾ ਸੁੱਟਣ ਦੀ ਮਨਾਹੀ ਸੀ। ਹਰ ਖੰਭੇ ਨਾਲ ਵੱਡੇ ਪਲਾਸਟਿਕ ਦੇ ਬੈਗ ਟੰਗੇ ਗਏ ਸਨ, ਜਿਨ੍ਹਾਂ ਵਿਚ ਚੀਜ਼ਾਂ ਦੀ ਰਹਿੰਦ-ਖੂੰਹਦ ਪਾਈ ਜਾਂਦੀ ਹੈ। ਜਦੋਂ ਇਹ ਬੈਗ ਰਹਿੰਦ-ਖੂੰਹਦ ਨਾਲ ਭਰ ਜਾਂਦੇ ਹਨ ਤਾਂ ਨਗਰ ਪਾਲਿਕਾ ਦੀਆਂ ਗੱਡੀਆਂ ਲੈ ਜਾਂਦੀਆਂ ਹਨ ਅਤੇ ਨਵੇਂ ਬੈਗ ਟੰਗ ਜਾਂਦੀਆਂ ਹਨ। ਇਸ ਤੋਂ ਇਲਾਵਾ ਸਵੈ-ਸੰਸਥਾ ਦੇ ਤੇ ਸਕੂਲ ਦੇ ਬੱਚੇ ਕੋਈ ਵੀ ਰਹਿੰਦ-ਖੂੰਹਦ ਸੜਕ ’ਤੇ ਨਹੀਂ ਪੈਣ ਦਿੰਦੇ, ਚੁੱਕ ਕੇ ਬੈਗਾ ਵਿਚ ਪਾਉਂਦੇ ਸਨ। ਇਉਂ ਲੱਗਦਾ ਸੀ ਜਿਵੇਂ ਨਗਰ ਕੀਰਤਨ ਸੜਕ ਤੋਂ

ਲੰਘਿਆ ਹੀ ਨਹੀਂ। ਸਾਡੇ ਭਾਰਤ ਦੇ ਬੱਚੇ ਤਮਾਸ਼ਾ ਵੇਖਦੇ ਹਨ ਪਰ ਇਹੋ ਜਿਹੇ ਕੰਮ ਕਰਨ ਨੂੰ ਹੇਠੀ ਸਕਝਦੇ ਹਨ। ਸਾਡੇ ਸ਼ਹਿਰਾਂ ਵਿਚ ਨਗਰ ਕੀਰਤਨ ਸਮੇਂ ਖਾਣ-ਪੀਣ ਤੋਂ ਬਾਅਦ ਸਾਰੀ ਰਹਿੰਦ-ਖੂੰਹਦ ਸੜਕ ’ਤੇ ਸੁੱਟਦੇ ਹਨ। ਚੁੱਕਣ ਵਾਲਾ ਕੋਈ ਨਹੀਂ। ਇਹੋ ਜਿਹੇ ਸਮਾਗਮ ਆਯੋਜਿਤ ਕਰਨ ਵਾਲੀਆਂ ਸੰਸਥਾਵਾਂ ਤੇ ਕਮੇਟੀ ਨੂੰ ਉਨ੍ਹਾਂ ਵਰਗਾ ਪ੍ਰਬੰਧ ਕਰਨਾ ਚਾਹੀਦਾ ਹੈ।

ਨਗਰ ਕੀਰਤਨ ਦੇ ਅੱਗੇ-ਅੱਗੇ ਕੀਰਤਨੀਏ ਤੇ ਢਾਡੀ ਸਿੰਘ ਸੂਰਮਿਆਂ ਦੀਆਂ ਵਾਰਾਂ ਗਾ ਰਹੇ ਹੁਦੇ ਹਨ। ਇਸ ਮੌਕੇ ਮੋਟਰ-ਕਾਰਾਂ ਦੀ ਆਵਾਜ਼ ਬੰਦ ਹੁੰਦੀ ਹੈ। ਗੁਰੂ ਗ੍ਰੰਥ ਸਹਿਬ ਜੀ ਦੀ ਪਾਵਨ ਬੀੜ ਸਜੀ-ਸਜਾਈ ਬੱਸ ਵਿਚ ਬਿਰਾਜਮਾਨ ਹੁੰਦੀ ਹੈ। ਨਗਰ ਕੀਰਤਨ ਦੌਰਾਨ ਪੁਲਿਸ ਦਾ ਪੂਰਾ ਇੰਤਜ਼ਾਮ ਹੁੰਦਾ ਹੈ। ਨਗਰ ਕੀਰਤਨ ਦੌਰਾਨ ਆਵਾਜਾਈ ਨੂੰ ਮੋੜਨ ਲਈ ਇਨ੍ਹਾਂ ਇੰਤਜ਼ਾਮਾਂ ਲਈ ਕਮੇਟੀ ਨੂੰ, ਸਰਕਾਰ ਨੂੰ ਡਾਲਰਾਂ ਵਿਚ ਫ਼ੀਸ ਭਰਨੀ ਪੈਂਦੀ ਹੈ। ਇਨ੍ਹਾਂ ਦੇਸ਼ਾਂ ਵਿਚ ਅਨੁਸ਼ਾਸਨ ਬਹੁਤ ਸਖ਼ਤ ਹਨ। ਹਰ ਵਿਅਕਤੀ ਨੂੰ ਨਿਯੰਤਰਣ ਵਿਚ ਰਹਿਣਾ ਪੈਂਦਾ ਹੈ। ਜਿਸ ਤਰ੍ਹਾਂ ਭਾਰਤ ਵਿਚ ਹੋਰ ਫਿਰਕਿਆਂ ਦੇ ਲੋਕ ਸੜਕਾਂ ਦੇ ਦੋਵੇਂ ਪਾਸੇ ਜਲੂਸ ਦਾ ਤਮਾਸ਼ਾ ਵੇਖਣ ਲਈ ਸਫਾਂ ’ਚ ਖਲੋ ਜਾਂਦੇ ਹਨ, ਐਸਾ ਉੱਥੇ ਨਹੀਂ ਹੁੰਦਾ ਕਿਉਂਕਿ ਹਰ ਆਦਮੀ ਆਪਣੇ ਕੰਮ ਵਿਚ ਰੁੱਝਿਆ ਹੁੰਦਾ ਹੈ। ਉਨ੍ਹਾਂ ਕੋਲ ਸਮਾਂ ਹੀ ਨਹੀਂ ਕਿ ਉਹ ਤਮਾਸ਼ਾ ਵੇਖਣ।

ਇਹ ਨਗਰ ਕੀਰਤਨ ਮੇਲਾ ਜ਼ਿਆਦਾ ਅਤੇ ਧਰਮ ਪ੍ਰਚਾਰ ਘੱਟ ਦਿਸ ਰਿਹਾ ਸੀ। ਅਗਰ ਇਸਨੂੰ ਦੂਜੇ ਦੇਸ਼ਾਂ ਵਿਚ ਖ਼ਾਲਸੇ ਦਾ ਸ਼ਕਤੀ ਪ੍ਰਦਰਸ਼ਨ ਕਹੀਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇੱਥੇ ਗੁਰਦੁਆਰੇ ਵਿਚ ਰਾਜਨੀਤੀ ਜ਼ਿਆਦਾ ਤੇ ਧਰਮ ਪ੍ਰਤੀ ਵਿਆਖਿਆਨ ਘੱਟ ਹੈ। ਇੱਥੇ ਗੁਰਦੁਆਰੇ ਵਿਚ ਗੁਰਮਤਿ ਦੀਆਂ ਕਲਾਸਾਂ ਜ਼ਰੂਰ ਚਲਾਉਂਦੇ ਹਨ ਪਰ ਹਾਜ਼ਰੀ ਘੱਟ ਹੁੰਦੀ ਹੈ। ਗੁਰਦੁਆਰੇ ਆਉਣ ਵਾਲਾ ਵਿਅਕਤੀ ਹੱਥ ਹਿਲਾਉਂਦਾ ਨਹੀਂ ਆਉਂਦਾ ਬਲਕਿ ਉਹਦੇ ਹੱਥ ਵਿਚ ਲੰਗਰ ਲਈ ਕੋਈ ਨਾ ਕੋਈ ਜਿਨਸ ਹੁੰਦੀ ਹੁੰਦੀ ਹੈ ਤਾਂ ਉੱਥੇ ਲੰਗਰ ਚਲਦੇ ਹਨ। ਸਾਡੀ ਰਿਆਸਤ ਵਾਲਾ ਹਾਲ ਨਹੀਂ, ਇੱਥੇ ਹੱਥ ਹਿਲਾਉਂਦੇ ਹੀ ਗੁਰਦੁਆਰੇ ਦਰਸ਼ਨਾਂ ਲਈ ਆਉਂਦੇ ਹਨ ਅਤੇ ਲੰਗਰ ਛਕਦੇ ਹਨ।

ਪੰਜਾਬ ਦੇ ਜੱਟ ਸਿੱਖਾਂ ਦਾ ਆਪਸ ਵਿਚ ਹੀ ਮੇਲ ਜੋਲ ਹੈ, ਉਹ ਹੋਰ ਥਾਵਾਂ ਦੇ ਸਿੱਖਾਂ ਨਾਲ ਘੱਟ ਹੀ ਮਿਲਦੇ ਹਨ।

ਇਕ ਦਿਨ ਦਮਿੰਦਰ ਨੇ ਆਪਣੇ ਘਰ ਆਪਣੀ ਕਸ਼ਮੀਰੀ ਬਰਾਦਰੀ ਦੇ ਸੰਬੰਧੀਆਂ ਨੂੰ ਰਾਤ ਦੇ ਖਾਣੇ ’ਤੇ ਬੁਲਾਇਆ ਸੀ। ਖਾਣਾ ਖਾਣ ਤੋਂ ਬਾਅਦ ਰਾਤ ਦੇਰ ਤੱਕ ਸਾਰੇ ਬੈਠ ਕੇ ਆਪਸ ਵਿਚ ਗੱਪਾਂ ਮਾਰਦੇ ਰਹੇ।

ਮੈਨੂੰ ਬਹੁਤ ਸ਼ੌਂਕ ਸੀ ਕਿ ਮੈਂ ਇੱਥੋਂ ਦੇ ਵਿੱਦਿਆ ਢਾਂਚੇ ਪ੍ਰਤੀ ਕੁਝ ਜਾਣਕਾਰੀ ਪ੍ਰਾਪਤ ਕਰਾਂ। ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਜਗਦੀਪ ਸਿੰਘ ਗਿੱਲ ਨੂੰ ਮਿਲਣ ਲਈ ਉਨ੍ਹਾਂ ਦੇ ਦਫ਼ਤਰ ਪੁੱਜ ਗਿਆ। ਉਹ ਕਿਸੇ ਕੰਮ ਲਈ ਬਾਹਰ ਗਏ ਸਨ ਅਤੇ ਮੈਂ ਉਨ੍ਹਾਂ ਦਾ ਇੰਤਜ਼ਾਰ ਕਰਨ ਲਈ ਉਨ੍ਹਾਂ ਦੇ ਦਫ਼ਤਰ ਵਿਚ ਬਹਿ ਗਿਆ। ਜਦੋਂ ਉਹ ਵਾਪਿਸ ਆਏ, ਉਨ੍ਹਾਂ ਨਾਲ ਜਾਣ-ਪਛਾਣ ਕਰਨ ਤੋਂ ਬਾਅਦ

ਉਨ੍ਹਾਂ ਨਾਲ ਨਿੱਜੀ ਵਿਚਾਰ-ਵਟਾਂਦਰਾ ਹੋਇਆ। ਗੁਰਦੁਆਰੇ ਦੇ ਪਿਛਵਾੜੇ ਖ਼ਲਸਾ ਮਿਡਲ ਸਕੂਲ ਸਥਿਤ ਹੈ ਜਿਸ ਵਿਚ ਵਿਦਿਆਰਥੀਆਂ ਦੀ ਗਿਣਤੀ ਦੋ ਸੌ ਦੇ ਕਰੀਬ ਹੈ। ਇਸ ਵਿਚ ਪ੍ਰਿੰਸੀਪਲ ਸਮੇਤ ਦਸ ਅਧਿਆਪਕ ਹਨ। ਉਨ੍ਹਾਂ ਦੇ ਮੀਤ ਪ੍ਰਧਾਨ ਅਤੇ ਸਕੂਲ ਮੈਨੇਜਿੰਗ ਕਮੇਟੀ ਦਾ ਇਕ ਮੈਂਬਰ ਵੀ ਮੇਰੇ ਨਾਲ ਸਨ। ਪ੍ਰਿੰਸੀਪਲ ਨਾਲ ਗੱਲ ਕਰਦਿਆਂ ਉਸ ਦੱਸਿਆ ਕਿ ਇੱਥੋਂ ਦੀ ਐਜੂਕੇਸ਼ਨ ਪ੍ਰਣਾਲੀ ਵਿਚ ਬੱਚਿਆਂ ਦੇ ਸਰੀਰਕ, ਸਮਾਜਿਕ, ਮਾਨਸਿਕ ਅਤੇ ਆਤਮਿਕ ਵਿਕਾਸ ਵੱਲ ਬਹੁਤ ਧਿਆਨ ਦਿੱਤਾ ਜਾਂਦਾ ਹੈ। ਨਗਰ ਪਾਲਿਕਾ ਵੱਲੋਂ ਬੱਚਿਆਂ ਦੇ ਭਿੰਨ-ਭਿੰਨ ਖੇਡਾਂ ਖੇਡਣ ਲਈ 80 ਏਕੜ ਦਾ ਖੇਡ ਦਾ ਮੈਦਾਨ ਨਿਯੁਕਤ ਕੀਤਾ ਹੈ ਜਿਸ ਵਿਚ ਸਕੂਲਾਂ ਦੇ ਬੱਚੇ ਭਿੰਨ-ਭਿੰਨ ਖੇਡਾਂ ਖੇਡਦੇ ਹਨ। ਕਨੇਡਾ ਤੇ ਹੋਰ ਮੁਲਕਾਂ ਵਿਚ ਹਰ ਪ੍ਰਾਂਤ ਦਾ ਆਪਣਾ-ਆਪਣਾ ਐਜੂਕੇਸ਼ਨ ਬੋਰਡ ਹੈ ਜੋ ਬੱਚਿਆਂ ਦੇ ਇਮਤਿਹਾਨ ਲੈਂਦੇ ਹਨ। ਇਨ੍ਹਾਂ ਬੋਰਡਾਂ ਵਿਚ ਇਮਤਿਹਾਨਾਂ ਦੇ ਨਤੀਜਿਆਂ ਦੇ ਆਧਾਰ ’ਤੇ ਬੱਚੇ ਦੇ ਪ੍ਰਦਰਸ਼ਨ ਅਨੁਸਾਰ ਪੇਸ਼ਾਵਰ ਕਾਲਜਾਂ ਅਤੇ ਉੱਚੀ ਵਿੱਦਿਆ ਪ੍ਰਾਪਤ ਕਰਨ ਲਈ ਯੂਨੀਵਰਸਿਟੀਆਂ ਵਿਚ ਦਾਖਲਾ ਮਿਲਦਾ ਹੈ। ਸਾਰੇ ਸਕੂਲ ਨਗਰ ਪਾਲਿਕਾ ਦੇ ਅਧੀਨ ਹੁੰਦੇ ਹਨ ਅਤੇ ਇਕ ਕੌਂਸਲਰ ਸਿੱਖਿਆ ਵਿਭਾਗ ਦਾ ਜ਼ਿੰਮੇਵਾਰ ਹੁੰਦਾ ਹੈ। ਸਾਰੀ ਸਿੱਖਿਆ ਪ੍ਰਣਾਲੀ ਇਸਦੇ ਅਧੀਨ ਹੁੰਦੀ ਹੈ। ਨਗਰ ਪਾਲਿਕਾ ਹੀ ਸਕੂਲਾਂ ਦੀ ਉਸਾਰੀ ਲਈ ਗ੍ਰਾਂਟ ਦਿੰਦੀ ਹੈ। ਬਾਕੀ ਖਰਚਾ ਸਕੂਲ ਮੈਨੇਜਮੈਂਟ ਅਤੇ ਦਾਨੀ ਲੋਕ ਪੂਰਾ ਕਰਦੇ ਹਨ। ਉੱਥੇ ਸਕੂਲ ਦੀਆਂ ਫ਼ੀਸਾਂ ਬਹੁਤ ਨਾ-ਮਾਤਰ ਹੀ ਹੁੰਦੀਆਂ ਹਨ। ਉੱਥੇ ਸਕੂਲ ਦੇ ਬੱਚਿਆਂ ਨੂੰ ਆਪਣੇ ਦੇਸ਼ ਪ੍ਰਤੀ ਸਭ ਕੁਝ ਪਤਾ ਹੁੰਦਾ ਹੈ। ਹਰ ਫਿਰਕੇ ਦੇ ਬੱਚੇ ਬਿਨਾਂ ਭਿੰਨ-ਭੇਦ ਦੇ ਪੜ੍ਹਦੇ ਹਨ ਅਤੇ ਉਸਨੂੰ ਹਰ ਵਿਅਕਤੀ ਨੂੰ ਪਿਆਰ ਕਰਨ ਦਾ ਦਰਸ ਦਿੱਤਾ ਜਾਂਦਾ ਹੈ। ਉਹ ਪਸ਼ੂਆਂ ਨੂੰ ਪਿਆਰ ਕਰਦੇ ਹਨ।

ਮੈਨੂੰ ਖ਼ਾਲਸਾ ਸਕੂਲ ਵਿਚ ਪੜ੍ਹਦੇ ਅੰਗਰੇਜ਼ ਬੱਚੇ ਨੇ ਜਪੁਜੀ ਸਹਿਬ ਦੀਆਂ ਪਹਿਲੀਆਂ ਪੰਦਰਾਂ ਪਾਉੜੀਆਂ ਦਾ ਪਾਠ ਸੁਣਾਇਆ। ਅੰਗਰੇਜ਼ ਮਾਂ ਪਿਉ ਨੂੰ ਇਹ ਫਿਕਰ ਨਹੀਂ ਹੁੰਦਾ ਕਿ ਉਨ੍ਹਾਂ ਦਾ ਬੱਚਾ ਕਿਹੜੇ ਧਰਮ ਪ੍ਰਤੀ ਗਿਆਨ ਪ੍ਰਾਪਤ ਕਰ ਰਿਹਾ ਹੈ। ਇਹ ਸਿੱਖਾਂ ਤੇ ਮੁਸਲਮਾਨਾਂ ਨੂੰ ਫਿਕਰ ਹੈ ਕਿ ਉਨ੍ਹਾਂ ਦਾ ਬੱਚਾ ਕਿਸੇ ਹੋਰ ਧਰਮ ਪ੍ਰਤੀ ਗਿਆਨ ਪ੍ਰਾਪਤ ਨਾ ਕਰੇ। ਉਹ ਟਾਂਗੇ ਦੇ ਘੋੜੇ ਵਾਂਗ ਸਿੱਧਾ ਵੇਖੇ। ਇਸ ਕਾਰਨ ਭਾਰਤੀ ਬੱਚਿਆਂ ਦੀ ਸੋਚ ਸੰਕੀਰਣ ਹੈ। ਸਾਡੇ ਲਕੀਰ ਦੇ ਫ਼ਕੀਰ ਹਨ। ਉੱਥੋਂ ਦੇ ਬੱਚਿਆਂ ਨੂੰ ਆਪਣੇ ਦੇਸ਼ ਨਾਲ ਪਿਆਰ ਕਰਨ ਦਾ ਦਰਸ ਦਿੱਤਾ ਜਾਂਦਾ ਹੈ। ਸਕੂਲ ਵਿਚ ਬੱਚਿਆਂ ਨੂੰ ਹਰ ਪ੍ਰਕਾਰ ਦੀ ਸੁਵਿਧਾ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਦੇ ਬਹਿਣ ਲਈ ਆਰਾਮਦਾਇਕ ਫਰਨੀਚਰ ਰੱਖਿਆ ਜਾਂਦਾ ਹੈ। ਫਰਸ਼ ਵਾਲ-ਟੂ-ਵਾਲ ਕਾਰਪੈਟ ਨਾਲ ਗਹਿਗੱਚ ਹੈ। ਸਰਦੀਆਂ ਵਿਚ ਸਕੂਲ ਖੁੱਲ੍ਹੇ ਰਹਿੰਦੇ ਹਨ। ਸਕੂਲਾਂ ਦੇ ਕਮਰੇ ਗਰਮ ਹਨ, ਸਰਦੀ ਦਾ ਨਾਮੋ-ਨਿਸ਼ਾਨ ਨਹੀਂ। ਬੱਚੇ ਆਮ ਕੱਪੜਿਆਂ ਵਿਚ ਕਲਾਸਾਂ ’ਚ ਬਹਿੰਦੇ ਹਨ। ਉੱਥੇ ਸਰਦੀਆਂ ਬਜਾਏ ਗਰਮੀਆਂ ਵਿਚ ਬੱਚਿਆਂ ਨੂੰ ਛੁੱਟੀਆਂ ਹੁੰਦੀਆਂ ਹਨ। ਹਰ ਬੱਚੇ ਲਈ ਅਲਮਾਰੀ ਦਾ ਖ਼ਾਨਾ ਨਿਰਧਾਰਿਤ ਹੈ, ਜਿਸ ਵਿਚ ਉਹ ਸਕੂਲ ਵਿਚ ਕੰਮ ਆਉਣ ਵਾਲੀਆਂ ਚੀਜ਼ਾਂ ਸਾਂਭ ਕੇ ਰੱਖਦਾ ਹੈ। ਸਕੂਲ ਪ੍ਰਬੰਧਕ ਕਮੇਟੀ ਤੇ ਅਧਿਆਪਕਾਂ ਦਾ ਬੱਚਿਆਂ ਦੇ ਮਾਂ-ਪਿਉ ਨਾਲ ਪੂਰਾ ਰਾਬਤਾ ਹੈ। ਅਗਰ ਬੱਚਾ ਸਕੂਲ ਵਿਚ ਕੋਈ ਗ਼ਲਤ ਹਰਕਤ ਕਰਦਾ ਹੈ ਤਾਂ ਬੱਚੇ ਦੀ ਮਾਂ ਨੂੰ ਸਕੂਲ ਵਿਚ ਸੱਦਿਆ ਜਾਂਦਾ ਹੈ। ਬੱਚੇ ਦੇ ਸਕੂਲ ਵਿਚ ਪ੍ਰਦਰਸ਼ਨ ਪ੍ਰਤੀ ਮਾਂ-ਪਿਉ ਨੂੰ ਸੂਚਿਤ

ਕੀਤਾ ਜਾਂਦਾ ਹੈ। ਇੱਥੇ ਕਿਸੇ ਪਾਠ ਨੂੰ ਸਮਝਣ ਲਈ ਰੱਟਾ ਜਾਂ ਘੋਟਾ ਲਾਉਣ ਦੀ ਮਨਾਹੀ ਹੈ। (Mere repetition of Lesson is Prohibted) ਪਾਠ 'ਚ ਜੋ ਬੱਚੇ ਨੂੰ ਸਮਝ ਆਉਂਦਾ ਹੈ ਉਹ ਲਿਖੇ।

ਮੈਂ ਫਿਰ ਪ੍ਰਿੰਸੀਪਲ ਨੂੰ ਪੁੱਛਿਆ, "ਬੱਚੇ ਨੂੰ ਪਾਠ ਦਾ ਰੱਟਾ ਜਾਂ ਘੋਟਾ ਨਹੀਂ ਲਾਉਣ ਦਿੱਤਾ ਜਾਂਦਾ, ਇਸ  ਕੀ ਕਾਰਨ ਹੈ।"

ਉਸਦਾ ਉੱਤਰ ਸੀ, "ਬੱਚੇ ਦੀ ਸਮਝ (Understanding) ਦਾ ਵਿਸਥਾਰ ਨਹੀਂ ਹੁੰਦਾ ਅਤੇ ਉਸਦੀ ਜ਼ਿਹਨੀ ਜਾਂ ਮਾਨਸਿਕ ਸ਼ਕਤੀ ਗਤੀਹੀਣ ਹੋ ਜਾਂਦੀ ਹੈ ਤੇ ਉਹ ਲਕੀਰ ਦਾ ਫ਼ਕੀਰ ਬਣ ਜਾਂਦਾ ਹੈ।"

ਹਰ ਕਮਰੇ ਵਿਚ ਬੱਚਿਆਂ ਲਈ ਕੰਪਿਊਟਰ ਹਨ। ਇਨ੍ਹਾਂ ਨੂੰ ਆਧੁਨਿਕ ਸੂਚਨਾ ਪ੍ਰਤੀ ਰੋਜ਼ਾਨਾ ਸੁਚੇਤ ਰੱਖਿਆ ਜਾਂਦਾ ਹੈ। ਛੇਵੀਂ ਜਮਾਤ ਦੀ ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਇੰਨੀ ਪਰਪੱਕ ਹੁੰਦੀ ਹੈ ਕਿ ਸਾਡੇ ਐਮ.ਏ. ਇੰਗਿਲਿੰਸ਼ ਉਨ੍ਹਾਂ ਜਿਹੀ ਭਾਸ਼ਾ ਨਹੀਂ ਬੋਲ ਸਕਦਾ ਜਾਂ ਲਿਖ ਸਕਦਾ। ਇੱਥੇ ਬੱਚਾ ਅਧਿਆਪਕ ਅਪਣਾਉਂਦਾ ਹੈ, ਉੱਥੇ ਅਧਿਆਪਕ ਬੱਚੇ ਨੂੰ ਅਪਣਾਉਂਦਾ ਹੈ। ਬੱਚੇ ਤੇ ਅਧਿਆਪਕ ਦਾ ਰਿਸ਼ਤਾ ਨੇੜਤਾ ਵਾਲਾ ਹੁੰਦਾ ਹੈ। ਅਗਰ ਬੱਚਾ ਕਿਸੇ ਕਾਰਨ ਸਕੂਲ ਨਹੀਂ ਆਉਂਦਾ ਤਾਂ ਅਧਿਆਪਕ ਕਾਰਨ ਪ੍ਰਤੀ ਮਾਂ ਨੂੰ ਪੁੱਛਦਾ ਹੈ। ਅਗਰ ਕਿਸੇ ਬੱਚੇ ਦੇ ਮਾਂ-ਪਿਉ ਦੀ ਮਾਲੀ ਹਾਲਤ ਕਮਜ਼ੋਰ ਹੈ ਤਾਂ ਪ੍ਰਬੰਧਕ ਸਕੂਲ ਫੰਡ 'ਚ ਉਸਦੀ ਮਦਦ ਕਰਦੇ ਹਨ।

ਨੌਵੀਂ ਜਮਾਤ ਤੱਕ ਇਕੋ ਹੀ ਅਧਿਆਪਕ ਸਾਰੇ ਸਬਜੈਕਟ ਪੜ੍ਹਾਉਂਦਾ ਹੈ। ਦਸਵੀਂ ਵਿਚ ਹਰ ਸਬਜੈਕਟ ਦਾ ਵੱਖ-ਵੱਖ ਅਧਿਆਪਕ ਹੈ। ਹਰ ਅਧਿਆਪਕ ਆਪਣੀ ਕਲਾਸ ਦੇ ਬੱਚਿਆਂ ਨੂੰ ਬੱਸ 'ਤੇ ਚੜ੍ਹਾਉਣ ਦਾ ਜ਼ਿੰਮੇਵਾਰ ਹੈ। ਸਕੂਲ ਵਿਚ ਨਾ ਕੋਈ ਚਪੜਾਸੀ ਅਤੇ ਨਾ ਸਫ਼ਾਈ ਵਾਲਾ ਹੁੰਦਾ ਹੈ। ਵੈਕਯੂਮ ਕਲੀਨਰ ਰਾਹੀਂ ਬੱਚੇ ਆਪਣੀ-ਆਪਣੀ ਜਮਾਤ ਦੀ ਸਫ਼ਾਈ ਕਰਦੇ ਹਨ ਜਾਂ ਸਕੂਲ ਬੰਦ ਹੋਣ ਤੋਂ ਬਾਅਦ ਵੈਕਯੂਮ ਕਲੀਨਰ ਰਾਹੀਂ ਸਫ਼ਾਈ ਕਰਨ ਲਈ ਨੈਨੀ ਰੱਖੀ ਜਾਂਦੀ ਹੈ। ਸਰਕਾਰ ਸਕੂਲ ਦੀ ਉਸਾਰੀ ਲਈ ਗਰਾਂਟ ਦਿੰਦੀ ਹੈ। ਸਕੂਲ ਦੇ ਬੱਚਿਆਂ ਦੀ ਪੜ੍ਹਾਈ ਤੇ ਖੇਡਾਂ ਵਿਚ ਸਕੂਲ ਪ੍ਰਬੰਧਕ ਦਖਲਅੰਦਾਜ਼ੀ ਨਹੀਂ ਕਰਦਾ। ਸਕੂਲ ਦੀ ਕਾਰ-ਕਰਦਗੀ ਦੇ ਜ਼ਿੰਮੇਵਾਰ ਆਪ ਅਧਿਆਪਕ ਹਨ। ਪ੍ਰਿੰਸੀਪਲ ਨੂੰ ਕਲਾਸ ਵਿਚ ਜਾਣ ਦੀ ਲੋੜ ਨਹੀਂ, ਸਾਰੀਆਂ ਕਲਾਸਾਂ ਪ੍ਰਿੰਸੀਪਲ ਦੇ ਕਮਰੇ ਦੇ ਇੰਟਰਨੈੱਟ ਨਾਲ ਜੁੜੀਆਂ ਹਨ। ਜਦ ਕੋਈ ਅਧਿਆਪਕ ਛੁੱਟੀ 'ਤੇ ਹੁੰਦਾ ਹੈ ਤਾਂ ਪ੍ਰਿੰਸੀਪਲ ਉਸਦੀ ਕਲਾਸ ਆਪ ਲੈਂਦਾ ਹੈ। ਸਕੂਲ ਅੱਠ ਵਜੇ ਤੋਂ ਤਿੰਨ ਵਜੇ ਤੱਕ ਚਲਦੇ ਹਨ। ਸਕੂਲ ਦੀਆਂ ਸਾਰੀਆਂ ਬੱਸਾਂ ਤੀਵੀਆਂ ਚਲਾਉਂਦੀਆਂ ਹਨ। ਉੱਥੋਂ ਦੇ ਅਧਿਆਪਕ ਸਾਡੇ ਅਧਿਆਪਕਾਂ ਨਾਲੋਂ ਆਪਣੇ ਆਪ ਨੂੰ ਜ਼ਿੰਮੇਵਾਰ ਸਮਝਦੇ ਹਨ। ਅਗਰ ਕੋਈ ਅਧਿਆਪਕ ਗ਼ਲਤੀ ਕਰਦਾ ਹੈ ਤਾਂ ਉਸਨੂੰ ਤੁਰੰਤ ਬਰਖ਼ਾਸਤ ਕੀਤਾ ਜਾਂਦਾ ਹੈ।

ਉੱਥੋਂ ਦੇ ਸਕੂਲਾਂ ਵਿਚ ਕੋਈ ਗਰੁੱਪਇਜ਼ਮ ਨਹੀਂ ਅਤੇ ਨਾ ਹੀ ਸਿਆਸੀ ਦਖਲਅੰਦਾਜ਼ੀ ਹੈ। ਕੋਈ ਅਧਿਆਪਕ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਨਹੀਂ। ਉਥੋਂ ਦੀ ਪੜ੍ਹਾਈ ਇਸ ਤਰ੍ਹਾਂ ਦੀ ਹੈ ਕਿ ਹਰ ਬੱਚਾ 90% ਤੋਂ ਘੱਟ ਨੰਬਰ ਨਹੀਂ ਲਿਆਉਂਦਾ। ਉੱਥੇ ਸਕੂਲਾਂ ਵਿਚ ਮਿਲਵੀਂ ਸਿੱਖਿਆ (Co-

education) ਹੈ। ਗੋਰੀਆਂ ਕੁੜੀਆਂ ਮੁੰਡੇ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਆਪਣੇ ਬੁਆਏ ਜਾਂ ਗਰਲ ਫਰੈਂਡ ਬਣਾ ਲੈਂਦੇ ਹਨ ਪਰ ਏਸ਼ੀਅਨ ਬੱਚਿਆਂ ਵਿਚ ਰੁਝਾਨ ਘੱਟ ਹੈ। ਗੋਰੇ ਬੱਚੇ ਮਾਂ ਦੇ ਨਜ਼ਦੀਕ ਜ਼ਿਆਦਾ ਹੁੰਦੇ ਹਨ। ਕਈਆਂ ਨੂੰ ਆਪਣੇ ਪਿਉ ਦਾ ਪਤਾ ਹੀ ਨਹੀਂ ਕਿਉਂਕਿ ਗੋਰੀ ਔਰਤ ਇਕ ਤੋਂ ਵੱਧ ਮਰਦਾਂ ਨਾਲ ਤਾਲ-ਮੇਲ ਰੱਖਦੀ ਹੈ। ਉਨ੍ਹਾਂ ਲਈ ਸ਼ਾਦੀ ਪਵਿੱਤਰਤਾ ਦਾ ਅੰਸ਼ ਨਹੀਂ ਇਹ ਉਨ੍ਹਾਂ ਲਈ ਸਮਝੌਤਾ ਹੈ।

13 ਜੂਨ ਨੂੰ ਅਸੀਂ ਸਾਰੇ ਪੇਂਡੂ ਚਿੜੀਆ ਘਰ (Village Zoo) ਵੇਖਣ ਗਏ। ਇਹ ਥਾਂ ਮੇਰੇ ਧੀ ਦੇ ਘਰ ਤੋਂ ਕੋਈ ਪੰਦਰਾਂ ਕਿਲੋਮੀਟਰ ਹੈ। ਬਹੁਤ ਹੀ ਰਮਣੀਕ ਥਾਂ ਹੈ। ਰਾਹ ਵਿਚ ਦੋਵੇਂ ਪਾਸੇ ਸੁੰਦਰ ਘਰ ਬਣੇ ਹੋਏ ਹਨ। ਕਿਸੇ ਘਰ ਦੇ ਆਸੇ-ਪਾਸੇ ਦੀਵਾਰਾਂ ਨਹੀਂ। ਸਾਰੇ ਘਰਾਂ ਦੇ ਵਿਹੜੇ ਇਕ-ਦੂਜੇ ਘਰ ਨਾਲ ਮਿਲਦੇ ਹਨ। ਨਾਲ ਹਰੇ-ਭਰੇ ਬਿਰਖ ਜਿਵੇਂ, ਸੜਕ ’ਤੇ ਚੱਲਣ ਵਾਲਿਆਂ ਨੂੰ ਜੀ ਆਇਆ ਆਖ ਰਹੇ ਹੋਣ।

ਸੜਕਾਂ ’ਤੇ ਭੀੜ-ਭੜੱਕਾ ਨਹੀਂ, ਨਾ ਹੀ ਟ੍ਰੈਫਿਕ ਜਾਮ ਹੁੰਦਾ ਹੈ ਜਿਵੇਂ, ਸਾਡੇ ਦੇਸ਼ ਦੀਆਂ ਸੜਕਾਂ ’ਤੇ ਹੁੰਦਾ ਹੈ। ਘਰਾਂ ਸਾਹਵੇਂ ਬਗੀਚੇ ਸਾਫ਼-ਸੁਥਰੇ ਹਨ, ਘਰ ਦੇ ਸਾਹਮਣੇ ਕਿਧਰੇ ਕਿਸੇ ਚੀਜ਼ ਦਾ ਤਿਣਕਾ ਪਿਆ ਨਹੀਂ ਮਿਲਦਾ। ਘਰਾਂ ਵਿਚ ਹਰ ਚੀਜ਼ ਤਰਤੀਬ ਵਿਚ ਰੱਖੀ ਹੁੰਦੀ ਹੈ। ਕਿਸੇ ਵੀ ਸ਼ਹਿਰ ਦੀਆਂ ਟੁੱਟੀਆਂ ਭੱਜੀਆਂ ਜਾਂ ਟੋਇਆਂ ਵਾਲੀਆਂ ਸੜਕਾਂ ਨਹੀਂ ਵੇਖੀਆਂ। ਹਜ਼ਾਰਾਂ ਮੀਲਾਂ ਦਾ ਸਫ਼ਰ ਕਰਨ ’ਤੇ ਵੀ ਕਾਰ ਵਿਚ ਹਿਚਕੋਲੇ ਨਹੀਂ ਪੈਂਦੇ। ਹਰ ਪਾਸੇ ਖ਼ਾਮੋਸ਼ੀ ਹੈ। ਇਸਦਾ ਕਾਰਨ ਇਹ ਨਹੀਂ ਕਿ ਲੋਕ ਸਾਊ ਹਨ, ਭਾਵੇਂ ਕਾਲੇ ਨੀਗਰੋ ਲੋਕਾਂ ਵਿਚ ਅਪਰਾਧ ਦੀ ਦਰ ਜ਼ਿਆਦਾ ਹੈ। ਉਹ ਵੀ ਚੁੱਪਚਾਪ ਆਪਣਾ ਕੰਮ ਕਰਦੇ ਹਨ। ਇਸਦਾ ਕਾਰਨ ਉੱਥੋਂ ਦੇ ਕਾਨੂੰਨ ਦਾ ਪਾਲਨ ਕਰਦੇ ਹਨ। ਉੱਥੇ ਨਿੱਕੀ ਤੋਂ ਨਿੱਕੀ ਚੀਜ਼ ਦੀ ਅਣਗਹਿਲੀ ਜਾਂ ਅਣਦੇਖੀ ਨਹੀਂ ਕੀਤੀ ਜਾ ਸਕਦੀ।

ਅਰਸਤੂ ਅਨੁਸਾਰ, “ਸਮਾਜ ਦੁਆਰਾ ਸਿੱਖਿਅਤ ਮਨੁੱਖ ਸਭ ਜੀਵਾਂ ਤੋਂ ਉੱਤਮ ਹੁੰਦਾ ਹੈ। ਉਹ ਜਦੋਂ ਕਾਨੂੰਨ ਅਤੇ ਨਿਆਂ ਤੋਂ ਬਿਨਾਂ ਜੀਵਨ ਬਿਤਾਉਂਦਾ ਹੈ ਤਾਂ ਉਹ ਸਭ ਤੋਂ ਹਾਨੀਕਾਰਕ ਹੁੰਦਾ ਹੈ।” (When a man obey’s Law is perfect human being, but when disobey’s Law is worest of all)। ਇਨ੍ਹਾਂ ਦੇਸ਼ਾਂ ਵਿਚ ਸੰਚਾਰ ਦੇ ਹਰ ਮਾਧਿਅਮ ਰਾਹੀਂ ਲੋਕਾਂ ਨੂੰ ਆਪਣੇ ਹੱਕ ਤੇ ਫਰਜ਼ਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ। ਲੋਕਾਂ ਨੂੰ ਹਰ ਪੱਧਰ ਤੇ ਹਰ ਖੇਤਰ ਵਿਚ ਸੁਚੇਤ ਰਹਿਣਾ ਪੈਂਦਾ ਹੈ। ਐਡਮਿੰਟਨ ਇਕ ਦਰਿਆਈ ਘਾਟੀ ਹੈ ਜਿਸਦੀ ਮਿੱਟੀ ਕਾਲੀ ਤੇ ਚਿਕਨੀ ਹੈ। ਇੱਥੇ ਜ਼ਿਆਦਾ ਫਰ (Fir) ਤੇ ਸਫੈਦੇ ਦੇ ਬੂਟੇ ਹਨ। ਇੱਥੋਂ ਦੀ ਹਰ ਥਾਂ ਸੰਵਾਰੀ ਸਿਕਰੀ ਹੈ, ਹਰ ਥਾਂ ਕਚਰਾ ਸੁੱਟਣ ਲਈ ਡੱਬੇ ਲੱਗੇ ਹੋਏ ਹਨ। ਘਰ ਦਾ ਕੂੜਾ-ਕਚਰਾ ਕਾਲੇ ਥੈਲਿਆਂ ਵਿਚ ਭਰਿਆ ਜਾਂਦਾ ਹੈ ਅਤੇ ਰੀਸਾਈਕਲਿੰਗ (Recycling) ਪਦਾਰਥ ਨੂੰ ਹਰੇ ਥੈਲਿਆਂ ਵਿਚ ਰੱਖਿਆ ਜਾਂਦਾ ਹੈ। ਇਹ ਥੈਲੇ ਹਫ਼ਤੇ ਵਿਚ ਇਕ ਵਾਰੀ ਘਰ ਦੇ ਸਾਹਮਣੇ ਰੱਖੇ ਜਾਂਦੇ ਹਨ। ਸਫ਼ਾਈ ਵਾਲੀ ਗੱਡੀ ਇਨ੍ਹਾਂ ਨੂੰ ਚੁੱਕ ਕੇ ਲੈ ਜਾਂਦੀ ਹੈ।

ਅਸੀਂ ਕਾਰ ਨੂੰ ਚਿੜੀਆ ਘਰ ਤੋਂ ਬਾਹਰ ਖੜ੍ਹੀ ਕਰਕੇ ਚਿੜੀਆ ਘਰ ਵਿਚ ਦਾਖਲ ਹੋਏ। ਦੀਪੀ ਨੂੰ ਕੰਪਨੀ ਵੱਲੋਂ ਟਿਕਟ ਮਿਲੇ ਸਨ ਅਤੇ ਕੰਪਨੀ ਨੇ ਆਪਣੇ ਕਰਮਚਾਰੀਆਂ ਲਈ ਰਾਤ ਦੇ ਖਾਣੇ ਦਾ ਬੰਦੋਬਸਤ ਵੀ ਕੀਤਾ ਸੀ। ਪੇਂਡੂ ਚਿੜੀਆ ਘਰ ਦਾ ਅੰਦਰ ਦਾ ਵਾਤਾਵਰਣ ਬਹੁਤ ਰਮਣੀਕ ਸੀ। ਇਹ ਚਿੜੀਆ ਘਰ ਬਗੀਚਿਆਂ ਤੇ ਗੁਲਜ਼ਾਰਾਂ ਨਾਲ ਸੱਜਿਆ ਹੋਇਆ ਸੀ ਅਤੇ ਥਾਂ ਬਿਰਖਾਂ ਨਾਲ ਭਰਪੂਰ ਇਉਂ ਲਗ ਰਿਹਾ ਸੀ ਜਿਵੇਂ ਰੱਬ ਨੇ ਆਪਣੀ ਧੀ ਦੀ ਰਾਖੀ ਲਈ ਪਹਿਰੇਦਾਰ ਖਲ੍ਹਾਰੇ ਹੋਣ ਤਾਂਕਿ ਕੋਈ ਊਤ ਵਿਅਕਤੀ ਕੁਦਰਤ ਰਾਣੀ ਦੀ ਧੀ ਨਾਲ ਛੇੜਖਾਨੀ ਨਾ ਕਰੇ। ਚਿੜੀਆ ਘਰ ਵਿਚ ਕਈ ਤਰ੍ਹਾਂ ਦੇ ਜੰਗਲੀ ਪਸ਼ੂ ਤੇ ਸੱਪ ਲੋਕਾਂ ਦੇ ਮਨੋਰੰਜਨ ਲਈ ਰੱਖੇ ਹੋਏ ਸਨ। ਸਾਰੇ ਜਾਨਵਰਾਂ ਦੀ ਚਿੜੀਆ ਘਰ ਦੇ ਕਰਮਚਾਰੀ ਤਨਦੇਹੀ ਨਾਲ ਦੇਖ-ਰੇਖ ਕਰਦੇ ਹਨ। ਜਨਤਾਂ ਵੱਲੋਂ ਇਨ੍ਹਾਂ ਜਾਨਵਰਾਂ ਨੂੰ ਕੁਝ ਖਾਣ ਲਈ ਦੇਣ ਦੀ ਮਨਾਹੀ ਹੈ। ਚਿੜੀਆ ਘਰ ਵਿਭਾਗ ਨੇ ਹਰ ਥਾਂ ਤੇ ਸਿੱਖਿਅਤ ਕੇਂਦਰ ਖੋਲ੍ਹੇ ਹੋਏ ਹਨ ਤਾਂਕਿ ਲੋਕਾਂ ਨੂੰ ਜਾਨਵਰਾਂ ਦੇ ਵਿਵਹਾਰ ਪ੍ਰਤੀ ਪੂਰੀ ਜਾਣਕਾਰੀ ਮਿਲ ਸਕੇ। ਚਿੜੀਆ ਘਰ ਵਿਚ ਕੋਈ ਗੰਦ ਨਹੀਂ ਸੁੱਟ ਸਕਦਾ। ਹਰੇਕ ਵਿਅਕਤੀ ਆਪਣੇ ਕੋਲ ਪਲਾਸਟਿਕ ਦਾ ਛੋਟਾ ਥੈਲਾ ਰੱਖਦਾ ਹੈ, ਜਿਸ ਵਿਚ ਖਾਧੀਆਂ ਹੋਈਆਂ ਚੀਜ਼ਾਂ ਦੇ ਛਿਲਕੇ ਪਾਉਣ ਮਗਰੋਂ ਗੰਦ ਨੂੰ ਕੂੜੇਦਾਨ ਵਿਚ ਸੁੱਟਦੇ ਹਨ। ਹਰ ਔਰਤ ਮਰਦ, ਬੱਚੇ ਅਤੇ ਜੁਆਨ ਕੁੜੀਆਂ-ਮੁੰਡੇ ਆਜ਼ਾਦੀ ਨਾਲ ਘੁੰਮਦੇ ਫਿਰਦੇ ਹਨ। ਕੋਈ ਕਿਸੇ ਵੱਲ ਨਹੀਂ ਵੇਖਦਾ, ਜਿਵੇਂ ਕੁੜੀ ਵੇਖ ਕੇ ਸਾਡੇ ਕੰਨ ਖੜੇ ਹੋ ਜਾਂਦੇ ਹਨ। ਕੁੜੀਆਂ ਬੇਪਰਵਾਹ ਹੋ ਕੇ ਘੁੰਮਦੀਆਂ ਹਨ। ਚਿੜੀਆ ਘਰ ਵਿਚ ਪਾਣੀ ਦਾ ਪੂਰਾ ਪ੍ਰਬੰਧ ਹੁੰਦਾ ਹੈ। ਖਾਣ-ਪੀਣ ਦਾ ਸਾਰਾ ਇੰਤਜ਼ਾਮ ਚਿੜੀਆ ਘਰ ਵਿਚ ਹੀ ਹੁੰਦਾ ਹੈ। ਲੋਕ ਜਾਨਵਰਾਂ ਨੂੰ ਦਿਲਚਸਪੀ ਨਾਲ ਵੇਖਦੇ ਹਨ। ਜਿਹੜਾ ਇਨ੍ਹਾਂ ਜਾਨਵਰਾਂ ਦਾ ਰੱਖਿਅਕ ਹੁਦਾ ਹੈ ਉਸ ਤੋਂ ਬੱਚੇ ਜਾਨਵਰਾਂ ਪ੍ਰਤੀ ਭਾਂਤ-ਭਾਂਤ ਦੇ ਪ੍ਰਸ਼ਨ ਪੁੱਛਦੇ ਹਨ।

ਸੈਰ-ਸਪਾਟਾ ਕਰਨ ਵਾਲਿਆਂ ਵਿਚ ਗੋਰੇ ਲੋਕ ਹੁੰਦੇ ਹਨ, ਭਾਰਤੀ ਟਾਂਵੇਂ-ਟਾਂਵੇਂ ਦਿਸਦੇ ਹਨ। ਕਾਲੇ ਲੋਕ ਤਾਂ ਬਿਲਕੁਲ ਹੀ ਨਹੀਂ ਦਿਸਦੇ। ਉਹ ਘਰਾਂ ਵਿਚ ਆਪਣਿਆਂ ਨਾਲ ਹੀ ਸਮਾਂ ਬਤੀਤ ਕਰਦੇ ਹਨ ਜਾਂ ਬਾਰਾਂ ਵਿਚ ਲੜਖੜਾਉਂਦੇ ਹਨ। ਭਾਰਤੀ ਲੋਕਾਂ ਦੀ ਰੁਚੀ ਸੈਰ ਸਪਾਟੇ ਵੱਲ ਘੱਟ ਹੀ ਹੁੰਦੀ ਹੈ। ਸਾਡੇ ਲੋਕ ਛੁੱਟੀ ਵਾਲੇ ਦਿਨ ਕੰਮ ਕਰਨ ਲਈ ਜਾਂਦੇ ਹਨ ਅਤੇ ਪੈਸਾ ਕਮਾਉਣ ਦੀ ਦੌੜ ਵਿਚ ਫਸੇ ਹੁੰਦੇ ਹਨ। ਇਨ੍ਹਾਂ ਲਈ ਡਾਲਰ ਹੀ ਸਭ ਖ਼ੁਸ਼ੀਆਂ ਦਾ ਸੋਮਾ ਹਨ। “**ਹਰਜੀ ਭਾਪਾ ਦੁਨੀਆਂ ਅੰਦਰ ਬੰਦੇ ਵੱਲਦ ਰੁਪਈਆ, ਨਾ ਕੋਈ ਸਾਡਾ ਤਾਇਆ ਚਾਚਾ ਨਾ ਕੋਈ ਸਾਡਾ ਭਈਆ।**” ਸਾਡੇ ਲੋਕ ਜਾਂ ਬਜ਼ੁਰਗ ਆਪਣੀ ਸਿਹਤ ਦਾ ਘੱਟ ਧਿਆਨ ਰੱਖਦੇ ਹਨ। ਸਾਡੇ ਹਰ ਬਜ਼ੁਰਗ ਦੇ ਹੱਥ ਵਿਚ ਡੰਗੋਰੀ ਹੈ ਅਤੇ ਤਿੰਨ ਲੱਤੇ ਬੁੱਢੇ ਅਖਵਾਉਂਦੇ ਹਨ। ਗੋਰੀਆਂ ਤੇ ਗੋਰੇ ਸਾਡੇ ਲੋਕਾਂ ਨਾਲੋਂ ਜ਼ਿਆਦਾ ਸਿਹਤਮੰਦ ਹਨ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਸਾਡੇ ਬਜ਼ੁਰਗ ਆਪਣੀ ਦੇਹ ਨੂੰ ਘਸੀਟ ਰਹੇ ਹੋਣ।

ਚਿੜੀਆ ਘਰ ਵਿੱਚ ਛੇ ਵਜੇ ਸ਼ਾਮ ਪਾਰਟੀ ਆਰੰਭ ਹੋਈ। ਲੋਕ ਖਾਣਾ ਖਾਣ ਲਈ ਪੰਗਤ ਵਿਚ ਖਲੋ ਗਏ। ਮੈਂ ਵੇਖਿਆ ਕਿ ਖਾਣ-ਪੀਣ ਵਿਚ ਸਾਰੇ ਲੋਕਾਂ ਦਾ ਵਿਵਹਾਰ ਜੁੜਵਾਂ ਹੈ। ਖਾਣ-ਪੀਣ ਦੇ ਮਾਮਲੇ ਵਿਚ ਸਾਰੇ ਸਿਧਾਂਤ ਮਨਫੀ ਹੋ ਜਾਂਦੇ ਹਨ। ਖਾਣਾ ਇਉਂ ਖਾਂਦੇ ਹਨ ਜਿਵੇਂ ਪੇਟ ਦੀ ਬਜਾਏ ਬੋਰੀਆਂ ਭਰ ਰਹੇ ਹੋਣ। ਸ਼ਾਇਦ ਦੂਜੇ ਦਿਨ ਖਾਣਾ ਨਾ ਮਿਲੇ। ਮੈਂ ਗੋਰਿਆਂ ਤੇ ਗੋਰੀਆਂ ਦੇ ਚਿਹਰੇ ’ਤੇ

ਤਣਾਉ ਦੇ ਬਜਾਏ ਖਿੜਾਉ ਹੀ ਵੇਖਿਆ ਹੈ। ਇੱਥੇ ਮਿਲਣਾ-ਜੁਲਣਾ ਘੱਟ ਹੈ। ਜੇ ਕਿਸੇ ਦੇ ਘਰ ਜਾਣਾ ਹੋਵੇ ਤਾਂ ਫ਼ੋਨ ’ਤੇ ਪਹਿਲਾਂ ਹੀ ਸੂਚਿਤ ਕਰਨਾ ਪੈਂਦਾ ਹੈ। ਇੱਥੇ ਸਿੱਖ ਭਾਈਚਾਰਾ ਗੁੱਟਾਂ ਵਿਚ ਵੰਡਿਆ ਹੋਇਆ ਹੈ। ਖਾਣਾ ਖਾਣ ਤੋਂ ਬਾਅਦ ਅਸੀਂ ਵਾਪਸ ਘਰ ਆ ਗਏ।

27.10.2010 ਨੂੰ ਸਾਡਾ ਪਰੋਗਰਾਮ ਮਾਨਥਸ ਬੀਚ (Mathus Beach) ਦੀਪੀ ਜੀ ਨੂੰ ਆਪਣੇ ਮਿੱਤਰ ਹੇਸਲ ਨੇ ਸੱਦਾ ਦੇ ਕੇ ਆਪਣੇ ਫਾਰਮ ਹਾਊਸ ’ਤੇ ਬੁਲਾਇਆ ਸੀ। ਨਾਲ ਗੋਫਰ ਦਾ ਸ਼ਿਕਾਰ ਵੀ ਕਰਨਾ ਜਾਂ ਮਾਰਨੇ ਸਨ। ਗੋਫਰ ਇਕ ਚੂਹੇ ਵਰਗਾ ਹੁੰਦਾ ਹੈ ਅਤੇ ਫ਼ਸਲਾਂ ਦਾ ਬਹੁਤ ਨੁਕਸਾਨ ਕਰਦਾ ਹੈ। ਪਹਿਲਾਂ ਅਸੀਂ ਪਿੰਜਨ (Pigeon) ਝੀਲ ਵੇਖਣ ਗਏ। ਇਹ ਝੀਲ ਐਡਮਿੰਟਨ ਤੋਂ ਚਾਲੀ ਕਿਲੋਮੀਟਰ ਹੈ। ਇਹ ਮਿੱਠੇ ਪਾਣੀ ਦੀ ਝੀਲ ਹੈ। ਇਸਦਾ ਪਾਣੀ ਸ਼ੀਸ਼ੇ ਵਾਂਗ ਲਿਸ਼ਕਦਾ ਹੈ। ਕੁਦਰਤ ਨੇ ਸਾਰੀ ਧਰਤੀ ਇਕੋ ਜਿਹੀ ਬਣਾਈ ਹੈ। ਇਕੋ ਜਿਹੀ ਮਿੱਟੀ ਪਰ ਕੋਈ ਭੂਰੀ ਤੇ ਕੋਈ ਕਾਲੀ ਹੈ। ਇਕੋ ਜਿਹੇ ਪਹਾੜ, ਕੋਈ ਉੱਚਾ ਤੇ ਕੋਈ ਨੀਵਾਂ। ਉੱਥੋਂ ਦੇ ਪਾਣੀ ਦੇ ਵਸੀਲੇ ਪ੍ਰਦੂਸ਼ਨ ਤੋਂ ਮੁਕਤ ਹਨ। ਫਸਲਾਂ ਵੀ ਸਾਰੀਆਂ ਇੱਕੋ ਜਿਹੀਆਂ ਹਨ। ਪਸ਼ੂ ਤੇ ਜੰਗਲੀ ਜਾਨਵਰ ਇੱਕੋ ਜਿਹੇ ਹਨ। ਅਸਮਾਨ ਵੀ ਨੀਲੇ ਰੰਗ ਦਾ ਹੈ। ਦਿੱਲੀ ਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਅਸਮਾਨ ਧੂੰਏ ਨਾਲ ਭਰਿਆ ਪਿਆ ਹੈ ਜਿਸਦਾ ਆਪਣਾ ਕੁਦਰਤੀ ਰੰਗ ਦਿਸਦਾ ਹੀ ਨਹੀਂ। ਇੱਥੇ ਅਸਮਾਨ ਦਾ ਰੰਗ ਆਪਣੇ ਜੋਬਨ ਵਿਚ ਹੈ। ਸੂਰਜ ਸਾਰੀ ਦੁਨੀਆਂ ਵਿਚ ਚੜ੍ਹਦਾ ਹੈ, ਫ਼ਰਕ ਇਤਨਾ ਹੈ ਕਿਧਰੇ ਰਾਤ, ਕਿਧਰੇ ਦਿਨ, ਕਿਧਰੇ ਛੇ ਮਹੀਨੇ ਦੀ ਰਾਤ ਤੇ ਛੇ ਮਹੀਨੇ ਦਾ ਦਿਨ, ਕਿਧਰੇ ਬਹੁਤ ਸਰਦੀ ਤੇ ਕਿਧਰੇ ਗਰਮੀ, ਕਿਧਰੇ ਪਾਣੀ ਦੀ ਬਹੁਤਾਤ, ਕਿਧਰੇ ਕਮੀ, ਕਿਧਰੇ ਸਰਸਬਜ਼ ਜ਼ਮੀਨ ਤੇ ਕਿਧਰੇ ਮਾਰੂਥਲ। ਹਰ ਥਾਂ ਆਪਣੇ ਆਪ ਵਿਚ ਸੁੰਦਰ ਤੇ ਖੂਬਸੂਰਤ ਹੈ।

ਕੁਦਰਤ ਦੀ ਖ਼ੂਬਸੂਰਤੀ ’ਚੋਂ ਮਨੁੱਖ ਦੀ ਖ਼ੂਬਸੂਰਤੀ ਦਾ ਅਵਿਸ਼ਕਾਰ ਹੋਇਆ ਹੈ। ਰੱਬ ਨੇ ਧਰਤੀ ਨੂੰ ਹਰ ਨਿਆਮਤ ਦਾ ਵਰਦਾਨ ਦਿੱਤਾ ਹੈ। ਪਹਿਲਾਂ ਰੱਬ ਨੇ ਧਰਤੀ ਸਿਰਜੀ ਅਤੇ ਫਿਰ ਮਨੁੱਖ ਨੂੰ ਅਤੇ ਮਨੁੱਖ ਨੂੰ ਸਾਰੇ ਜੀਵਾਂ ਤੋਂ ਸਰਵ ਸ੍ਰੇਸ਼ਠ ਬਣਾਇਆ ਹੈ ਤਾਂਕਿ ਆਉਣ ਵਾਲੀਆਂ ਪੀੜ੍ਹੀਆਂ ਧਰਤੀ ਦਾ ਸੰਜੀਦਗੀ ਨਾਲ ਪ੍ਰਯੋਗ ਕਰਨ ਅਤੇ ਇਨ੍ਹਾਂ ਨੂੰ ਕਿਸੇ ਚੀਜ਼ ਦੀ ਕਮੀ ਨਾ ਰਹੇ ਅਤੇ ਮਨੁੱਖ ਲਈ ਰਹਿੰਦੀ ਦੁਨੀਆਂ ਤੱਕ ਉਪਜੀਵਕਾ ਦਾ ਵਸੀਲਾ ਬਣਿਆ ਰਹੇ। ਭਾਵੇਂ ਰੱਬ ਨੇ ਸਾਰੀ ਦੁਨੀਆਂ ਇੱਕੋ ਜਿਹੀ ਬਣਾਈ ਹੈ ਪਰ ਮਨੁੱਖ ਦੀ ਬੁੱਧੀ, ਕਲੇਵਰ, ਰੰਗ, ਨਸਲ, ਊਚ-ਨੀਚ ਤੇ ਧਰਮ ਹਰ ਥਾਂ ’ਤੇ ਭਿੰਨ ਹਨ। ਸੱਭਿਆਚਾਰ, ਸੰਸਕ੍ਰਿਤੀ, ਸੱਭਿਆ, ਰਸਮੋ-ਰਿਵਾਜ, ਖਾਣ-ਪੀਣ ਦੇ ਤੌਰ-ਤਰੀਕੇ, ਰਹਿਣ-ਸਹਿਣ, ਪੂਜਾ-ਪਾਠ ਦੇ ਤੌਰ-ਤਰੀਕਿਆਂ ਵਿਚ ਭਿੰਨਤਾ ਹੈ। ਮਨੁੱਖ ਨੇ ਹੀ ਆਪਣੇ ਸੁਆਰਥ ਲਈ ਜਾਤ-ਪਾਤ ਤੇ ਊਚ-ਨੀਚ ਨੂੰ ਉਦਗਮ ਕੀਤਾ ਹੈ।

ਮਨੁੱਖ ਹਰ ਥਾਂ ’ਤੇ ਇਕ-ਦੂਜੇ ਦਾ ਸ਼ੋਸ਼ਨ ਕਰਦਾ ਹੈ। ਰੱਬ ਨੇ ਮਨੁੱਖ ਨੂੰ ਅਧਿਆਤਮਿਕਤਾ ਦੇ ਗੁਣ ਪੈਦਾ ਕਰਕੇ ਉਸਨੂੰ ਕੁਦਰਤ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ ਤਾਂਕਿ ਮਨੁੱਖ ਉਪਜਾਊ ਵਸੀਲਿਆਂ ਦਾ ਜਾਇਜ਼ ਇਸਤੇਮਾਲ ਕਰੇ। ਇਕ-ਦੂਜੇ ਦੇ ਕੰਮ ਆਵੇ। ਚੰਗੇ ਕੰਮ ਕਰਨ ਵਿਚ ਆਲਸ

ਕਰਦਾ ਹੈ, ਬੁਰਾਈ ਕਰਨ ਲਈ ਸ਼ੇਰ ਬਣ ਜਾਂਦਾ ਹੈ। ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਰਗੀਆਂ ਬੁਰਾਈਆਂ ਵਿਚ ਹਮੇਸ਼ਾਂ ਜਕੜਿਆ ਰਹਿੰਦਾ ਹੈ। ਦੁਨੀਆਂ ਨੂੰ ਵੰਡਣ ਦੀਆਂ ਲੀਕਾਂ ਵੀ ਆਦਮੀ ਨੇ ਆਪ ਪਾਈਆਂ ਹਨ। ਅਗਰ ਆਰੰਭ ਵਿਚ ਕਿਸੇ ਨੇ ਲੀਕਾਂ ਮਿਟਾਈਆਂ ਹੁੰਦੀਆਂ ਤਾਂ ਅੱਜ ਸਾਰੀ ਦੁਨੀਆਂ ਇੱਕੋ ਹੁੰਦੀ। ਜਿੱਥੇ ਧਰਮ ਨੇ ਮਨੁੱਖ ਨੂੰ ਪਿਆਰ ਵੱਲ ਪ੍ਰੇਰਿਤ ਕਰਨਾ ਸੀ, ਉੱਥੇ ਪਾੜ ਤੇ ਤਾੜ ਵੱਲ ਕੀਤਾ। ਵੱਖ-ਵੱਖ ਧਰਮਾਂ ਨੇ ਆਪਣੀ ਸ਼ਕਤੀ ਨੂੰ ਵਧਾਉਣ ਲਈ ਇਕ-ਦੂਜੇ ਦਾ ਸ਼ੋਸ਼ਨ ਕੀਤਾ ਬਲਕਿ ਘਾਣ ਵੀ ਕੀਤਾ ਅਤੇ ਸ਼ਕਤੀਸ਼ਾਲੀ ਮਨੁੱਖ ਨੇ ਕਮਜ਼ੋਰ ਨੂੰ ਆਪਣਾ ਦਾਸ ਬਣਾਇਆ।

ਸਾਰੇ ਦੁਨੀਆਂ ਦੇ ਲੋਕਾਂ ਦਾ ਵਿਵਹਾਰ ਇਕੋ ਜਿਹਾ ਹੈ। ਧਰਮ ਦੇ ਨਾਂ ’ਤੇ ਅਰਬਾਂ ਲੋਕਾਂ ਨੂੰ ਮੌਤ ਦਾ ਨਿਵਾਲਾ ਬਣਨਾ ਪਿਆ। ਦੂਜੇ ਦੇਸ਼ਾਂ ਤੋਂ ਆਏ ਧਾੜਵੀਆਂ ਨੇ ਦੇਸ਼ ਦੇ ਅਸਲ ਵਸਨੀਕਾਂ ਨੂੰ ਜਾਂ ਤਾਂ ਮਾਰ ਮੁਕਾਇਆ ਜਾਂ ਉਨ੍ਹਾਂ ਨੂੰ ਆਪਣਾ ਗ਼ੁਲਾਮ ਬਣਾ ਕੇ ਆਪਣੇ ਸੁਆਰਥ ਨੂੰ ਪੂਰਾ ਕੀਤਾ। ਇਹੋ ਜਿਹਾ ਹਾਲ ਆਰੀਆ ਲੋਕਾਂ ਨੇ ਭਾਰਤ ਦੇ ਅਸਲੀ ਲੋਕਾਂ ਦਾ ਕੀਤਾ ਅਤੇ ਦਰਾਵੜ ਸੱਭਿਅਤਾ ਨੂੰ ਖਾਕ ਵਿਚ ਮਿਲਾ ਦਿੱਤਾ। ਸਮਾਜ ਨੂੰ ਵਰਣ ਵਿਵਸਥਾ ਵਿਚ ਵੰਡ ਕੇ ਕਰੋੜਾਂ ਲੋਕਾਂ (ਅਸਲੀ ਵਸਨੀਕਾਂ) ਦਾ ਸ਼ੋਸ਼ਣ ਕੀਤਾ ਅਤੇ ਉਨ੍ਹਾਂ ਨੂੰ ਨਰਕ ਵੱਲ ਧਕੇਲ ਦਿੱਤਾ। ਇਹ ਨਰਕ ਦਲਿਤ ਅੱਜ ਵੀ ਭੋਗ ਰਹੇ ਹਨ। ਬਾਹਰੋਂ ਆਏ ਲੋਕ ਬ੍ਰਾਹਮਣ ਅਖਵਾਉਣ ਲੱਗ ਪਏ। ਸਾਰੀਆਂ ਜਾਤੀਆਂ ਵਿਚੋਂ ਸਿਰਮੌਰ ਹੋ ਗਏ। ਮਨੂੰ ਸਿਮ੍ਰਤੀ ਅਨੁਸਾਰ ਹਰੇਕ ਹਿੰਦੂ ਵੀਰ ਨੂੰ ਬ੍ਰਾਹਮਣ ਤੇ ਗਊ ਦੀ ਪੂਜਾ ਕਰਨੀ ਚਾਹੀਦੀ ਹੈ। ਅਮਰੀਕਾ ਤੇ ਕਨੇਡਾ ਵਿਚ ਬਾਹਰੋਂ ਆਏ ਸਫੈਦਫਾਮ ਲੋਕਾਂ ਨੇ ਇਥੋਂ ਦੇ ਮੂਲ ਵਸਨੀਕਾਂ ਦੀਆਂ ਜ਼ਮੀਨਾਂ ਕੌਡੀਆਂ ਦੇ ਮੁੱਲ ਖ਼ਰੀਦ ਕੇ ਇਨ੍ਹਾਂ ਨੂੰ ਜ਼ਮੀਨ ਤੋਂ ਬੇਦਖਲ ਕਰਕੇ ਇਨ੍ਹਾਂ ਨੂੰ ਸੁਰੱਖਿਅਤ ਖੇਤਰਾਂ ਵਿਚ ਮੁੰਤਕਿਲ ਕਰ ਦਿੱਤਾ ਗਿਆ। ਇਨ੍ਹਾਂ ਨੂੰ ਗੋਰਿਆਂ ਨਾਲ ਮੇਲ-ਜੋਲ ਦੀ ਮਨਾਹੀ ਸੀ। ਇਨ੍ਹਾਂ ਨੂੰ ਬਿਨਾਂ ਆਗਿਆ ਦੇ ਸੁਰੱਖਿਅਤ ਸਥਾਨ ਤੋਂ ਬਾਹਰ ਆਉਣ ਦੀ ਮਨਾਹੀ ਸੀ। ਇਹ ਮੂਲ ਵਸਨੀਕ ਦਸ ਹਜ਼ਾਰ ਸਾਲ ਤੋਂ ਕਨੇਡਾ ਵਿਚ ਰਹਿ ਰਹੇ ਸੀ। ਇਨ੍ਹਾਂ ਲੋਕਾਂ ਦਾ ਮੂਲ ਧੰਦਾ ਲੂੰਬੜੀਆਂ ਨੂੰ ਖੱਲ ਵਾਸਤੇ ਮਾਰਨਾ, ਸ਼ਿਕਾਰ ਕਰਨਾ ਅਤੇ ਮੱਛੀਆਂ ਫੜਨਾ ਹੈ। ਇਹ ਦੂਜੇ ਦੇਸ਼ਾਂ ਨਾਲ ਖੱਲਾਂ ਦਾ ਵਿਉਪਾਰ ਕਰਦੇ ਸੀ। ਇਹੀ ਹਾਲ ਰੈੱਡ ਇੰਡੀਅਨਜ਼ (Red Indians) ਦਾ ਸੀ। ਬਾਹਰਲੇ ਦੇਸ਼ਾਂ ਤੋਂ ਆਏ ਅਮਰੀਕਨਾਂ ਨੇ ਕੀਤਾ। ਕੋਲੰਬਸ ਭਾਰਤ ਨੂੰ ਲੱਭਦੇ-ਲੱਭਦੇ ਉੱਤਰੀ ਅਮਰੀਕਾ ਪੁੱਜ ਗਿਆ। ਹਡਸੰਨ ਵਿਉਪਾਰ ਖ਼ਾਤਰ ਕਨੇਡਾ ਪੁੱਜ ਗਿਆ। ਕਨੇਡਾ ਤੇ ਸਪੇਨੀਆਂ, ਬਰਤਾਨੀਆਂ ਅਤੇ ਫਰਾਂਸ ਨੇ ਕਈ ਸਾਲ ਰਾਜ ਕੀਤਾ।

ਪਹਿਲਾਂ-ਪਹਿਲਾਂ ਭਾਵੇਂ ਇਹ ਲੋਕ ਯੂਰਪ ਦੇ ਬਾਕੀ ਮੁਲਕਾਂ ਤੋਂ ਆ ਕੇ ਇੱਥੇ ਵਸ ਗਏ। ਇਨ੍ਹਾਂ ਇਸ ਧਰਤੀ ਨੂੰ ਸਵਰਗ ਬਣਾਇਆ ਅਤੇ ਆਪਣੀ ਲੋੜ ਅਨੁਸਾਰ ਵਸੀਲੇ ਉਤਪੰਨ ਕੀਤੇ ਬਲਕਿ ਇਨ੍ਹਾਂ ਵਸੀਲਿਆਂ ਨੂੰ ਆਉਣ ਵਾਲੀਆਂ ਨਸਲਾਂ ਲਈ ਸਾਂਭ ਕੇ ਰੱਖਿਆ। ਇਹ ਲੋਕੀਂ ਆਪਣੇ ਮੁਲਕਾਂ ਨੂੰ ਪਿਆਰ ਕਰਦੇ ਨੇ। ਆਪਣੇ ਦੇਸ਼ ਵਾਸੀਆਂ ਨੂੰ ਸਾਫ਼-ਸੁਥਰੀਆਂ ਚੀਜ਼ਾਂ ਵੇਚਦੇ ਹਨ। ਇਨ੍ਹਾਂ ਦੇਸ਼ਾਂ ਵਿਚ ਖਾਣ-ਪੀਣ ਦੀ ਕਿਸੇ ਚੀਜ਼ ਵਿਚ ਮਿਲਾਵਟ ਨਹੀਂ ਹੁੰਦੀ। ਹਰ ਚੀਜ਼ ਸੰਵਾਰ ਸਿਕਰ ਕੇ ਵੇਚੀ ਜਾਂਦੀ ਹੈ। ਉੱਥੋਂ ਦੇ ਹੋਟਲ ਸਾਫ਼-ਸੁਥਰੇ, ਹਰ ਚੀਜ਼ ਤਰਤੀਬ ਵਿਚ ਰੱਖੀ ਹੁੰਦੀ ਹੈ। ਹੋਟਲਾਂ ਦੇ ਕਿਚਨ ਬਹੁਤ ਹੀ ਸਾਫ਼-ਸੁਥਰੇ ਹੁੰਦੇ ਹਨ। ਪੱਛੜੇ ਮੁਲਕਾਂ ਦੇ ਲੋਕ ਇਨ੍ਹਾਂ ਮੁਲਕਾਂ ਵਿਚ ਆਉਣ ਨੂੰ ਤਰਸਦੇ ਹਨ ਅਤੇ ਸਾਫ਼-

ਸੁਥਰੇ ਜੀਵਨ ਦੇ ਸੁਫ਼ਨੇ ਵੇਖਦੇ ਹਨ। ਅਜੋਕੀ ਭਾਰਤ ਦੀ ਪੀੜ੍ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਨਰਕ ਸਿਰਜ ਰਹੀ ਹੈ। ਜਿਸ ਤਰ੍ਹਾਂ ਭਾਰਤ ਦੀ ਆਬਾਦੀ ਵਧ ਰਹੀ ਹੈ ਇਸ ਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਉਹ ਵੀ ਸਮਾਂ ਆ ਰਿਹਾ ਹੈ ਜਦ ਹਰ ਵਿਅਕਤੀ ਕੋਲ ਇਕ ਮਰਲਾ ਜ਼ਮੀਨ ਹੋਵੇਗੀ। ਜਿੰਨੀਆਂ ਸਿਹਤ, ਸਿੱਖਿਆ ਤੇ ਧਾਰਮਿਕ ਝਗੜਿਆਂ ਦਾ ਕਾਰਨ ਵਧਦੀ ਅਬਾਦੀ ਅਤੇ ਚੀਜ਼ਾਂ ਦੀ ਥੁੜ੍ਹ ਹੈ।

ਭਾਰਤ ਦੇ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਅਨੁਸਾਰ ਭਾਰਤ ਦੇ 95% ਲੋਕ ਜ਼ੀਰੋ ਹਨ ਅਤੇ 5% ਹੀਰੋ ਹਨ। ਪਰ ਉਨ੍ਹਾਂ ਮੁਲਕਾਂ ਵਿਚ ਸਾਰੇ ਦੇ ਸਾਰੇ ਲੋਕ ਹੀਰੋ ਹਨ। ਜ਼ਿੰਦਗੀ ਦੇ ਉੱਚੇ ਮਿਆਰ ਦਾ ਲੁਤਫ ਲੈਂਦੇ ਹਨ।

ਉੱਥੋਂ ਦੀ ਪਿਜ਼ਨ ਝੀਲ ਵਿਸ਼ਾਲ ਤੇ ਡੂੰਘੇ ਪਾਣੀ ਦੀ ਝੀਲ ਹੈ। ਝੀਲ ਚਾਰੇ ਪਾਸੇ ਬਿਰਖਾਂ ਨਾਲ ਘਿਰੀ ਹੋਈ ਹੈ। ਜੋ ਉੱਥੇ ਇਕ ਬਿਰਖ ਵੱਢਦਾ ਹੈ, ਉਹ ਪੰਜ ਬਿਰਖ ਲਾਉਂਦਾ ਹੈ। ਆਸੇ-ਪਾਸੇ ਦੇ ਬਿਰਖਾਂ ਵਿਚ ਸੁੰਦਰ ਘਰ ਬਣੇ ਹੋਏ ਹਨ।

# ਯਾਤਰਾ ਹੇਮਕੁੰਟ ਸਾਹਿਬ

❑ ਦੀਦਾਰ ਸਿੰਘ

ਧਾਰਮਿਕ ਸ਼ਰਧਾ ਦੇ ਨਾਲ-ਨਾਲ ਜੇ ਕੁਦਰਤੀ ਨਜ਼ਾਰਿਆਂ ਪ੍ਰਤੀ ਮੋਹ ਵੀ ਹੋਵੇ ਤਾਂ ਹੀ ਵਿਅਕਤੀ ਯਾਤਰਾ ਦੇ ਰਸਤੇ ਆਉਣ ਵਾਲੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣ ਸਕਦਾ ਹੈ। ਕੁਦਰਤ ਨਾਲ ਲਗਾਵ ਰੱਖਣ ਵਾਲਾ ਸੈਲਾਨੀ ਜਦੋਂ ਸਾਂ-ਸਾਂ ਕਰਦੇ ਜੰਗਲਾਂ ਤੇ ਕਲ-ਕਲ ਕਰਦੇ ਸੰਗੀਤਮਈ ਝਰਨਿਆਂ ਵਿਚ ਹਰਿਆਲੀ ਦੀ ਗੋਦ ਵਿਚ ਵਿਚਰਦਾ ਹੋਇਆ ਪੰਛੀਆਂ ਦੇ ਸੰਗੀਤ ਨੂੰ ਸੁਣਦਾ ਹੈ ਤਾਂ ਉਹ ਆਪਣੇ ਆਪ ਨੂੰ ਜੰਨਤ ਵਿਚ ਪੁੱਜਾ ਮਹਿਸੂਸ ਕਰਦਾ ਹੈ। ਤੇ ਚਾਹੁੰਦਾ ਹੈ ਕਿ ਇਸ ਦਿਲਕਸ਼ ਮਾਹੌਲ 'ਚੋ ਕਦੀ ਦੂਰ ਨਾ ਜਾਵੇ। ਤੁਸੀਂ ਕਦੀ ਵੇਖਿਆ ਹੋਣਾ ਹੈ ਕਿ ਡਲਹੋਜ਼ੀ ਜਾਂ ਪਤਨੀਟਾਪ ਦੀ ਟੀਸੀ 'ਤੇ ਪੁੱਜ ਕਿ ਦੂਰ ਤੱਕ ਫੈਲੀਆਂ ਵਾਦੀਆਂ ਵੱਲ ਨਜ਼ਰ ਮਾਰੋ ਤਾਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਦੁਨੀਆਂ ਦੀ ਟੀਸੀ 'ਤੇ ਖੜੇ ਹੋਈਏ ਤੇ ਸਾਰੀ ਦੁਨੀਆਂ ਸਾਡੇ ਕਦਮਾਂ ਵਿਚ ਫੈਲੀ ਹੋਵੇ। ਜਾਂ ਹੇਮਕੁੰਟ ਸਾਹਿਬ ਪੁੱਜ ਕੇ ਲਗਦਾ ਹੈ ਕਿ ਹੱਥ ਉੱਚਾ ਕਰਕੇ ਅਸੀਂ ਆਕਾਸ਼ ਨੂੰ ਛੂੰਹ ਸਕਦੇ ਹਾਂ। ਇਹ ਅਲੌਕਿਕ ਅਨੁਭਵ ਕਿਸੇ ਸਵਰਗ ਦੇ ਝੂਟੇ ਤੋਂ ਘੱਟ ਨਹੀਂ। ਸ਼ਹਿਰਾਂ ਦੇ ਭੀੜ-ਭੜੱਕੇ, ਸ਼ੋਰ ਤੇ ਤਨਾਵ ਦੇ ਮਾਹੌਲ ਤੋਂ ਦੂਰ ਪਰਵਤਾਂ-ਜੰਗਲਾਂ ਝੀਲਾਂ ਦੁਆਲੇ ਘੁੰਮ ਕੇ ਮਨ ਨੂੰ ਕਿੰਨੀ ਸ਼ਾਤੀ ਮਿਲਦੀ ਹੈ। ਤੇ ਮਨ ਹੌਲਾ ਹੋ ਜਾਂਦਾ ਹੈ। ਫੇਰ ਉੱਥੇ ਦਾ ਸ਼ੁਧ ਵਾਤਾਵਰਨ ਤੇ ਚੜ੍ਹਾਈ-ਉੱਤਰਾਈ ਦੀ ਕਸਰਤ ਨਾਲ ਲੱਗਦਾ ਹੈ ਕਿ ਸਾਰੇ ਰੋਗਾਂ ਤੋਂ ਮੁਕਤੀ ਮਿਲ ਗਈ ਹੋਵੇ। ਸਾਲ ਵਿਚ ਇਕ ਵਾਰ ਵੀ ਜੇ ਔਖੀ ਚੜ੍ਹਾਈ ਦੀ ਯਾਤਰਾ ਕਰੇ ਤਾਂ ਸਰੀਰ ਤੰਦਰੁਸਤ ਰਹਿੰਦਾ ਹੈ।

ਯਾਤਰਾ ਦੇ ਹੋਰ ਵੀ ਬੜੇ ਲਾਭ ਹਨ। ਇਕ ਤਾਂ ਮਨੁੱਖ ਵਿਚ ਸ਼ਹਿਨਸ਼ੀਲਤਾ ਵਧਦੀ ਹੈ ( Travel Teaches Tolerence) ਨਵੇਂ-ਨਵੇਂ ਸਥਾਨ ਵੇਖਣ ਨੂੰ ਤੇ ਨਵੇਂ ਲੋਕਾਂ ਨਾਲ ਮੇਲ-ਮਿਲਾਪ ਦਾ ਮੌਕਾ ਮਿਲਦਾ ਹੈ। ਇੰਝ ਕਈ ਨਵੇਂ ਮਿੱਤਰ ਬਣ ਜਾਂਦੇ ਹਨ ਤੇ ਸਾਡੇ ਸੰਪਰਕ ਦਾ ਵਿਸਥਾਰ ਹੁੰਦਾ ਹੈ। ਫੇਰ ਇਸ ਯਾਤਰਾ ਦੀਆਂ ਮਿੱਠੀਆਂ ਯਾਦਾਂ ਕਿੰਨੀ ਦੇਰ ਬਾਅਦ ਮਨ ਨੂੰ ਸੁਫ਼ਨਿਆਂ ਦੀ ਦੁਨੀਆਂ ਵਿਚ ਲਈ ਫਿਰਦੀਆਂ ਹਨ।

ਮੈਨੂੰ ਬਚਪਨ ਤੋਂ ਹੀ ਸੈਰ-ਸਪਾਟੇ ਦਾ ਬਹੁਤ ਸ਼ੌਕ ਰਿਹਾ ਹੈ। ਇਹਦਾ ਇਕ ਕਾਰਣ ਇਹ ਵੀ ਹੈ ਕਿ ਮੇਰਾ ਜਨਮ ਐਸੇ ਖ਼ੂਬਸੂਰਤ ਇਲਾਕੇ ਵਿਚ ਹੋਇਆ ਜਿੱਥੇ ਮੈਂ ਜੰਗਲਾਂ ਪਰਬਤਾਂ ਤੇ ਝਰਨਿਆਂ ਦਵਾਲੇ ਵਿਚਰਦੇ ਹੀ ਹੋਸ਼ ਸੰਭਾਲੀ ਤੇ ਬਚਪਨ ਵਿਚ ਵੇਖੇ ਉਹ ਨਜ਼ਾਰੇ ਨਕਸ਼ੇ ਵਾਂਗ ਮੇਰੇ ਮਨ ਵਿਚ ਉੱਕਰ ਗਏ।

ਮੇਰਾ ਇਹ ਮੰਤਵ ਰਿਹਾ ਹੈ ਕਿ ਘੱਟ ਤੋਂ ਘੱਟ ਖ਼ਰਚ ਘੱਟ ਤੋਂ ਘੱਟ ਸਾਮਾਨ ਨਾਲ ਵੱਧ ਤੋਂ ਵੱਧ ਯਾਤਰਾ/ਸੈਰ ਕਰਨੀ। ਕੁਦ-ਪਤਨੀਟਾਪ, ਬਟੋਤ, ਸਨਾਸਰ, ਡਲਹੌਜ਼ੀ, ਚੰਬਾ, ਧਰਮਸ਼ਾਲਾ, ਯੋਲ ਆਦਿ ਇਲਾਕੇ ਮੈਂ ਪੈਦਲ ਚਲਕੇ ਨਾਪੇ ਹਨ। ਦਾਰਜ਼ੀਲਿੰਗ, ਕੈਲਿਮਪੋਂਗ, ਸਿਕਿਮ ਤੇ ਕੰਨਿਆਕੁਮਾਰੀ ਆਦਿ ਸਥਾਨ ਗੱਡੀਆਂ 'ਚ ਬਹਿ ਕੇ ਤੱਕੇ ਨੇ। ਪਟਨਾ ਸਾਹਿਬ ਅਤੇ ਹਜ਼ੂਰ ਸਹਿਬ ਦੇ ਕਈ ਵੇਰ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਗੋਆ, ਉੱਤਰ ਪ੍ਰਦੇਸ਼, ਰਾਜਸਥਾਨ ਹਿਮਾਚਲ ਵਿਚ ਕਈ ਵਾਰ ਘੁੰਮਿਆ ਹਾਂ ਤੇ ਹਾਲਾ ਦੇਸ਼ ਦੇ ਬਹੁਤ

ਸਾਰੇ ਇਲਾਕੇ ਵੇਖਣ ਦੀ ਮੇਰੀ ਹਸਰਤ ਹੈ। ਸਾਡਾ ਦੇਸ਼ ਬਹੁਤ ਵਿਸ਼ਾਲ ਦੇਸ਼ ਹੈ ਤੇ ਇੱਥੇ ਬਹੁਤ ਵਿਵਿਧਤਾ ਵੇਖਣ ਨੂੰ ਮਿਲਦੀ ਹੈ। ਭਾਰਤ ਆਪਣੇ-ਆਪ ਵਿਚ ਇਕ ਪੂਰੀ ਦੁਨੀਆਂ ਹੈ ਤੇ ਇੱਥੇ ਹਰ ਤਰ੍ਹਾਂ ਦੇ ਯਾਤਰੀ/ਸੈਲਾਨੀ ਲਈ ਕਈ ਖਿੱਚ ਦੇ ਕੇਂਦਰ ਹਨ।

ਹੇਮਕੁੰਟ ਸਾਹਿਬ ਦੀ ਯਾਤਰਾ ਦੀ ਲਲਕ ਮੇਰੇ ਮਨ ਵਿਚ ਬੜੇ ਸਾਲਾਂ ਤੋਂ ਬਣੀ ਸੀ। ਹਾਲਾਂਕਿ ਮੈਂ ਭਾਰਤ ਤੇ ਪਾਕਿਸਤਾਨ ਦੇ ਤਕਰੀਬਨ ਸਾਰੇ ਇਤਿਹਾਸਕ ਗੁਰਦਵਾਰਿਆਂ ਦੇ ਦਰਸ਼ਨ ਕੀਤੇ ਹਨ, ਪਰ ਹੇਮਕੁੰਟ ਸਾਹਿਬ ਵਾਸਤੇ ਮੇਰਾ ਕਈ ਵਾਰੀ ਬਣਿਆ ਪ੍ਰੋਗਰਾਮ ਮੁਲਤਵੀ ਹੋ ਜਾਂਦਾ। ਕੁਝ ਘਰੇਲੂ ਤੇ ਕੁਝ ਨੌਕਰੀ ਦੇ ਰੁਝੇਵਿਆਂ ਕਰਕੇ ਮੇਰੇ ਪ੍ਰੋਗਰਾਮ ਵਿਚ ਕੋਈ ਨਾ ਕੋਈ ਅੜਚਨ ਪੈ ਜਾਂਦੀ। ਮੇਰੀ ਕਲਪਨਾ ਵਿਚ ਇਸ ਯਾਤਰਾ ਦੀ ਤਸਵੀਰ ਬਣੀ ਬਣਾਈ ਹੀ ਰਹਿ ਜਾਂਦੀ।

ਅੰਤ ਸਤਿਗੁਰੂ ਨੇ ਮੇਰੀ ਇਹ ਇੱਛਾ ਪੂਰੀ ਕਰ ਦਿੱਤੀ ਤੇ ਮੈਂ ਨਵੀਂ ਸਦੀ ਦੇ ਆਗਮਨ ਤੇ 21 ਜੂਨ ਨੂੰ ਨਾਨਕ ਨਗਰ ਜੰਮੂ ਤੋਂ ਜਾਣ ਵਾਲੇ ਜੱਥੇ ਨਾਲ ਇਸ ਯਾਤਰਾ ’ਤੇ ਚਲ ਪਿਆ। ਦੋ ਹਫ਼ਤੇ ਦੀ ਇਸ ਯਾਤਰਾ ਵਿਚ ਹੇਮਕੁੰਟ ਸਾਹਿਬ ਤੋਂ ਇਲਾਵਾ ਪੰਜਾਬ ਦੇ ਉੱਤਰ ਪ੍ਰਦੇਸ਼ ਦੇ ਬਹੁਤ ਸਾਰੇ ਇਤਿਹਾਸਕ ਗੁਰਦਵਾਰੇ ਵੀ ਸ਼ਾਮਿਲ ਸਨ।

ਪਹਿਲਾਂ ਪੜਾਅ ਸਾਡਾ ਆਨੰਦਪੁਰ ਸਾਹਿਬ ਸੀ, ਤੇ ਉੱਥੋਂ ਤੇ ਆਲੇ-ਦੁਆਲੇ ਦੇ ਇਤਿਹਾਸਕ ਗੁਰਦਵਾਰਿਆਂ ਦੇ ਦਰਸ਼ਨ ਕਰਨ ਤੋਂ ਬਾਅਦ ਅਸੀ ਰਾਤ ਨੂੰ ਪਾਉਂਟਾ ਸਾਹਿਬ ਪੁੱਜੇ ਤੇ ਅਗਲੇ ਦਿਨ ਡੇਹਰਾਦੂਨ, ਹਰਿਦੁਆਰ ਤੋਂ ਹੁੰਦੇ ਹੋਏ ਨਜੀਬਾਬਾਦ ਡੇਰਾ ਲਾਇਆ। ਉਨ੍ਹਾਂ ਦਿਨਾਂ ਵਿਚ ਪਾਉਂਟਾ ਸਾਹਿਬ ਦੇ ਆਲੇ-ਦੁਆਲੇ ਤੇ ਡੇਹਰਾਦੂਨ ਦੇ ਸਾਰੇ ਇਲਾਕੇ ਵਿਚ ਅੰਬਾਂ ਦੇ ਬੂਟੇ ਫ਼ਲਾਂ ਨਾਲ ਲੱਦੇ ਪਏ ਸਨ।

ਯਾਤਰਾ ਵੇਲੇ ਪੂਰਾ ਜਥਾ ਇਕ ਪਰਿਵਾਰ ਬਣ ਜਾਂਦਾ ਹੈ ਤੇ ਆਪਸ ਵਿਚ ਸਾਂਝ ਪੈਦਾ ਹੋ ਜਾਂਦੀ ਹੈ। ਅਸੀ ਬੱਸ ਵਿਚ ਕਦੀ ਸ਼ਬਦ ਗਾਂਦੇ, ਕਦੀ ਸ਼ਬਦਾਂ ਜਾਂ ਗੁਰਬਾਣੀ ਦੀ ਕੈਸਟ ਸੁਣਦੇ, ਵਾਰੀ-ਵਾਰੀ ਕੋਈ ਯਾਤਰੀ ਕੋਈ ਫ਼ਲ ਜਾਂ ਮਿਠਾਈ ਖ਼ਰੀਦਦਾ ਤੇ ਬੱਸ ਦੀਆਂ ਸਾਰੀਆਂ ਸਵਾਰੀਆਂ ਵਿਚ ਵਰਤਾਂਦਾ।

ਵੈਸੇ ਤਾਂ ਹੇਮਕੁੰਟ ਸਾਹਿਬ ਜਾਣ ਵਾਸਤੇ ਡੇਹਰਾਦੂਨ ਤੋਂ ਸਿੱਧਾ ਰਾਹ ਮਾਰਫ਼ਤ ਰਿਸ਼ੀਕੇਸ਼, ਸ੍ਰੀ ਨਗਰ ਹੈ ਪਰ ਅਸੀ ਕਿਉਂਕਿ ਗੁਰਦਵਾਰਾ ਰੀਠਾ ਸਾਹਿਬ ਵੀ ਜਾਣਾ ਸੀ। ਇਸ ਲਈ ਸਾਨੂੰ ਬੜਾ ਲੰਮਾ ਚੱਕਰ ਕੱਟ ਕੇ ਹੇਮਕੁੰਟ ਸਾਹਿਬ ਪੁੱਜਣਾ ਸੀ। ਇਸ ਲਈ ਅਸੀਂ ਨਜੀਬਾਬਾਦ ਤੋਂ ਊਧਮ ਸਿੰਘ ਨਗਰ ਤੇ ਤਰਾਈ ਦੇ ਇਲਾਕੇ ਵਲ ਹੋ ਗਏ। ਰਸਤੇ ਵਿਚ ਨਾਨਕ ਪੁਰ, ਨਾਨਕ ਸਾਗਰ ਡੈਮ ਤੇ ਗੁਰਦੁਆਰਾ ਨਾਨਕਮਤਾ ਦੇ ਦਰਸ਼ਨ ਕੀਤੇ। ਉੱਥੇ ਅਸੀਂ ਵੇਖਿਆ ਦੂਰ ਜਿੱਥੇ ਤੱਕ ਨਜ਼ਰ ਜਾਵੇ ਬਿਲਕੁਲ ਲੈਵਲ ਕੀਤੇ ਖੇਤ, ਇੰਝ ਲੱਗਣ ਜਿਵੇਂ ਬਹੁਤ ਵੱਡਾ ਮੈਦਾਨ ਹੁੰਦਾ ਹੈ। ਸਿੱਖਾਂ ਦੇ ਬਹੁਤ ਵੱਡੇ-ਵੱਡੇ ਫਾਰਮ ਹਨ। ਟਰੈਕਟਰ-ਟਰਾਲੀਆਂ ਖੜੀਆਂ ਹਨ। ਏਨੀ ਪਹਾੜੀ ਚੜ੍ਹਾਈ ਚੜ੍ਹਨ ਤੋਂ ਬਾਅਦ ਉਹ ਮੈਦਾਨੀ ਇਲਾਕਾ ਵੇਖ ਕੇ ਵਿਸ਼ਵਾਸ਼ ਨਹੀਂ ਸੀ ਹੁੰਦਾ ਕਿ ਅਸੀ ਪਹਾੜ ਦੇ ਉੱਪਰ ਪੁੱਜੇ ਹਾਂ। ਲਗਦਾ ਸੀ ਕਿ ਅਸੀ ਪੰਜਾਬ ਵਿਚ ਹੀ ਘੁੰਮ ਰਹੇ ਹਾਂ। ਉੱਥੇ ਗੁਰਦਵਾਰਿਆਂ ਵਿਚ ਤੱਕਿਆ ਕਿ ਲੰਗਰ ਵਾਸਤੇ ਕਣਕ ਦੀਆਂ ਬੋਰੀਆਂ ਦੀ ਇੰਝ ਧਾਕ ਲੱਗੀ ਸੀ ਜਿਵੇਂ ਕੋਈ ਅਨਾਜ਼ ਮੰਡੀ ਹੋਵੇ। ਪੂਰੀ ਯਾਤਰਾ ਵਿਚ ਚਾਹ ਅਤੇ ਭੋਜਨ ਦਾ ਲੰਗਰ ਚੌਵੀ ਘੰਟੇ ਚਲਦਾ ਰਹਿੰਦਾ ਹੈ। ਦੇਸ਼ ਦੇ ਹਰ ਕੋਨੇ ਤੋਂ ਤੇ ਖ਼ਾਸ ਕਰਕੇ ਦਿੱਲੀ ਪੰਜਾਬ ਤੋਂ ਯਾਤਰੀਆਂ ਦੀਆਂ ਬੱਸਾਂ ਦੇ ਕਾਫ਼ਲੇ ਤੁਰੇ ਰਹਿੰਦੇ ਨੇ। ਹੇਮਕੁੰਟ ਸਾਹਿਬ ਯਾਤਰਾ ਜੂਨ ਤੋਂ ਸ਼ੁਰੂ ਹੋ ਕੇ ਅਕਤੂਬਰ ਦੇ ਪਹਿਲੇ ਹਫ਼ਤੇ ਤੱਕ ਚਲਦੀ ਹੈ। ਹੇਮਕੁੰਟ ਸਾਹਿਬ

ਵਾਲੇ ਪਾਸੇ ਹੀ ਬਦਰੀਨਾਥ, ਕੇਦਾਰ ਨਾਥ, ਤੇ ਯਮਨੋਤਰੀ ਆਦਿ ਹਿੰਦੂ ਤੀਰਥ ਸਥਾਨ ਵੀ ਹਨ, ਇਸ ਲਈ ਇਨ੍ਹਾਂ ਸਥਾਨਾਂ ਦੀ ਯਾਤਰਾ ਵੀ ਨਾਲ-ਨਾਲ ਚਲ ਰਹੀ ਹੁੰਦੀ ਹੈ।

ਗੁਰਦਵਾਰਾ ਨਾਨਕ ਮਤਾ ਤੋਂ ਲੈ ਕੇ ਰੀਠਾ ਸਾਹਿਬ ਤੱਕ ਰਸਤੇ ਵਿਚ ਕੋਈ ਗੁਰਦਵਾਰਾ ਨਹੀਂ ਆਉਂਦਾ। ਇਹ ਬੜਾ ਲੰਮਾ ਸਫ਼ਰ ਹੈ। ਰਸਤੇ ਵਿਚ ਘਣੇ ਜੰਗਲ, ਆਕਾਸ਼ ਨੂੰ ਛੂੰਹਦੇ ਬੜੇ ਭਾਰੀ ਤਨੇ ਵਾਲੇ ਸਾਲ ਦਰੱਖਤ ਹੀ ਦਰੱਖਤ ਹਨ। ਕੋਈ ਆਬਾਦੀ ਵੀ ਘੱਟ ਹੀ ਆਉਂਦੀ ਹੈ। ਕਾਂਸ਼ੀਪੁਰ, ਰੁਦਰਪੁਰ, ਕਾਠ ਗੋਦਾਮ, ਡੂੰਗਾਘਾਟ ਤੇ ਚੰਪਾਵਤ ਤੋਂ ਹੁੰਦੇ ਹੋਏ ਸਾਡੀ ਬੱਸ ਥੱਲੇ ਨੂੰ ਢਲਦੀ ਹੋਈ ਜ਼ਿਲ੍ਹਾ ਪਿਥੌਰਾਗੜ ਵਿਚ ਨੇਪਾਲ ਦੇ ਬਾਰਡਰ ਕੋਲ ਵੱਸੇ ਗੁਰਦਵਾਰਾ ਰੀਠਾ ਸਾਹਿਬ ਪੁੱਜਦਿਆਂ ਸਾਨੂੰ ਚੰਗੀ ਰਾਤ ਪੈ ਗਈ ਸੀ। ਸਵੇਰੇ ਤੜਕੇ ਦੇ ਬੱਸ ’ਚ ਬੈਠੇ-ਬੈਠੇ ਵੀ ਅਸੀਂ ਜ਼ਰਾ ਵੀ ਤੰਗ ਨਹੀਂ ਪਏ ਕਿਉਂਕਿ ਰਸਤੇ ਦੇ ਕੁਦਰਤੀ ਨਜ਼ਾਰੇ ਸਾਡਾ ਚੰਗਾ ਮਨੋਰੰਜਨ ਵੀ ਕਰਦੇ ਸਨ ਤੇ ਸਾਡੇ ਵਿਚ ਨਵੀਂ ਸ਼ਕਤੀ ਵੀ ਭਰਦੇ ਸਨ।

ਰੀਠਾ ਸਾਹਿਬ ਦੋ ਨਦੀਆਂ ਦੇ ਸੰਗਮ ਵਿਚਕਾਰ ਸਥਿਤ ਹੈ। ਉੱਤੇ ਰੀਠੇ ਦੇ ਬਾਗ਼ ਹੀ ਬਾਗ਼ ਨਜ਼ਰ ਆਉਂਦੇ ਹਨ। ਇਹ ਰੱਬੀ ਦੇਣ ਹੈ ਕਿ ਉੱਤੇ ਦੇ ਸਾਰੇ ਬੂਟਿਆਂ ਨੂੰ ਮਿੱਠੇ ਰੀਠੇ ਲਗਦੇ ਹਨ। ਉੱਥੇ ਦਿੱਲੀ ਤੋਂ ਅਫ਼ਗਾਨੀ ਸਿੱਖਾਂ ਦੀਆਂ ਬੱਸਾਂ ਵੀ ਆਈਆਂ ਸਨ। ਅਫ਼ਗਾਨੀ ਸਿੱਖ ਸ਼ਰਨਾਰਥੀ, ਜਿਨ੍ਹਾਂ ਦਿੱਲੀ ਵਿਚ ਸ਼ਰਣ ਲਈ ਸੀ, ਉਹ ਕਠੇ ਹੋ ਕੇ ਯਾਤਰਾ ਤੇ ਆਏ ਸਨ। ਹੇਮਕੁੰਟ ਦੀ ਯਾਤਰਾ ਵਿਚ ਆਉਣ ਵਾਲੇ ਗੁਰਦਵਾਰਿਆਂ ਦੇ ਲੰਗਰ ਵਿਚ ਇਹ ਪ੍ਰਥਾ ਵੇਖੀ ਹੈ ਕਿ ਸੰਗਤ ਆਪ ਹੀ ਰੈਕ ਵਿਚੋਂ ਥਾਲੀ, ਗਲਾਸ ਚਮਚ ਲੈਂਦੀ ਹੈ, ਤੇ ਲੰਗਰ ਛਕਣ ਤੋਂ ਬਾਅਦ ਬਰਤਨ ਸਾਫ਼ ਕਰਕੇ ਮੁੜ ਉੱਥੇ ਹੀ ਰੱਖਦੀ ਹੈ।

ਰੀਠਾ ਸਾਹਿਬ ਤੋਂ ਸਵੇਰੇ ਚਲ ਕੇ ਅਸੀਂ ਅਲਮੋੜਾ ਸ਼ਹਿਰ ਵਿਚ ਵਿਚੋਂ ਲੰਘ ਕੇ ਸ਼ਾਮ ਨੂੰ ਨਿਹਾਇਤ ਹੀ ਖ਼ੂਬਸੂਰਤ ਮੁਕਾਮ ‘ਕੋਸ਼ਾਨੀ’ ਪੁੱਜੇ। ਉਥੇ ਨਾ ਕੋਈ ਗੁਰਦਵਾਰਾ ਸੀ ਤੇ ਨਾ ਹੀ ਕੋਈ ਸਰ੍ਹਾ। ਹੋਟਲ ਹਨ ਜਾਂ ਫੇਰ ਗਾਂਧੀ ਆਸ਼ਰਮ ਹੈ। ਗਾਂਧੀ ਆਸ਼ਰਮ ਵਿਚ ਯਾਤਰੀਆਂ ਦੇ ਠਹਿਰਨ ਲਈ ਕਮਰੇ ਅਤੇ ਹਾਲ ਹਨ। ਸਵੇਰੇ ਸ਼ਾਮ ਪ੍ਰਾਰਥਨਾ ਹੁੰਦੀ ਹੈ। ਗਾਂਧੀ ਜੀ ਨਾਲ ਸੰਬੰਧਿਤ ਅਜਾਇਬ ਘਰ ਹੈ। ਜਿੱਥੇ ਇਹ ਆਸ਼ਰਮ ‘ਗਾਂਧੀ ਗ੍ਰਾਮ’ ਤੇ ਕੁੱਝ ਹੋਟਲ ਹਨ, ਉਸ ਥਾਂ ਨੂੰ ‘ਹਿਮਾਲੀਅਨ ਵਿਊ ਪੋਆਇੰਟ’ ਕਹਿੰਦੇ ਹਨ। ਇਹ ਨਿਹਾਇਤ ਸੁੰਦਰ ਸਥਾਨ ਹੈ। ਇੱਥੇ ਚੜ੍ਹਦੇ ਸੂਰਜ਼ ਦਾ ਨਜ਼ਾਰਾ ਵੇਖਣਯੋਗ ਹੁੰਦਾ ਹੈ। ਪਰ ਅਸੀਂ ਇਸ ਨਜ਼ਾਰੇ ਤੋਂ ਵੰਚਿਤ ਰਹੇ ਕਿਉਂਕਿ ਉਸ ਵੇਲੇ ਆਕਾਸ਼ ਦੇ ਬੱਦਲ ਛਾਏ ਸਨ। ਦਾਰਜੀਲਿੰਗ ਵਿਚ ‘ਟਾਇਗਰ ਹਿਲ’ ਤੇ ਇਥੇ ਇਸ ਸਥਾਨ ਤੇ ਸੂਰਜ ਨਿਕਲਦਾ ਵੇਖਣਯੋਗ ਹੁੰਦਾ ਹੈ ਤੇ ਕੰਨਿਆ ਕੁਮਾਰੀ ਸੂਰਜ ਡੁੱਬਦਾ ਵੇਖਣਯੋਗ ਹੁੰਦਾ ਹੈ।

ਮੈਨੂੰ ਜਦੋਂ ਕੋਈ ਸਥਾਨ ਬਹੁਤ ਖ਼ੂਬਸੂਰਤ ਲੱਭੇ ਤੇ ਮੈਂ ਉਸ ਵੇਲੇ ਇਹ ਅਹਿਦ ਕਰਦਾ ਹਾਂ ਕਿ ਇੱਥੇ ਮੈਂ ਕੁੱਝ ਦਿਨ ਰਹਿਣ ਦਾ ਪ੍ਰੋਗਰਾਮ ਬਣਾ ਕੇ ਕਦੀ ਜ਼ਰੂਰ ਆਵਾਂਗਾ। ਇੱਥੇ ਵੀ ਮੈਂ ਐਸੇ ਪ੍ਰੋਗਰਾਮ ਦਾ ਅਹਿਦ ਕੀਤਾ ਤੇ ਐਸਾ ਹੀ ਅਹਿਦ ਮੈਂ ਮਣੀਕਰਨ ਤੋਂ ਤਿੰਨ ਕਿਲੋਮੀਟਰ ਪਹਿਲਾਂ ‘ਜਰੀ’ ਸਥਾਨ ਨੂੰ ਤੱਕ ਕੇ ਵੀ ਕੀਤਾ ਸੀ। ਜਰੀ ਵੀ ਮੈਨੂੰ ਬਹੁਤ ਸੁੰਦਰ ਲੱਗਾ ਸੀ। ਪਰ ਭਾਵੁਕਤਾ ’ਚ ਕੀਤੇ ਇਹ ਅਹਿਦ ਬਾਅਦ ਦੇ ਰੁਝੇਵਿਆਂ ਵਿਚ ਕਿਤੇ ਗਵਾਚ ਜਾਂਦੇ ਨੇ।

ਕੋਸ਼ਾਨੀ ਤੋਂ ਚਲਕੇ ਸ਼ਾਮ ਅਸੀਂ ਜੋਸ਼ੀਮੱਠ ਪੁੱਜਣਾ ਸੀ। ਪਰ ਰਸਤੇ ਵਿਚ ਕਰਣ ਪ੍ਰਯਾਗ ਸਾਡੀ ਬੱਸ ਖ਼ਰਾਬ ਹੋ ਗਈ। ਕਾਫ਼ੀ ਸਮਾਂ ਲੱਗ ਗਿਆ। ਅੱਧੀ ਰਾਤੀ ਜੋਸ਼ੀਮੱਠ ਪੁੱਜੇ। ਲੰਗਰ ਛਕ ਕੇ ਅੱਗੇ ਤੁਰ ਪਏ ਤੇ ਜਦੋਂ ਗੋਬਿੰਦ ਘਾਟ ਪੁੱਜੇ ਤਾਂ ਜ਼ੋਰ ਦੀ ਬਾਰਿਸ਼ ਲੱਗੀ

ਸੀ। ਬਾਰਿਸ਼ਾਂ ਉੱਧਰ ਤਾਂ ਰੋਜ਼ ਦਾ ਕੰਮ ਹੈ ਤੇ ਕਈ ਵਾਰ ਪੂਰਾ-ਪੂਰਾ ਦਿਨ ਬਾਰਿਸ਼ ਲੱਗੀ ਰਹਿੰਦੀ ਹੈ। ਗੋਬਿੰਦ ਘਾਟ ਜਿੱਥੇ ਬੱਸਾਂ ਪਾਰਕ ਹੁੰਦੀਆਂ ਹਨ ਉਥੇ ਗੁਰਦਵਾਰੇ ਤੱਕ ਕੋਈ ਅੱਧਾ ਕਿਲੋਮੀਟਰ ਪੈਦਲ ਚਲਨਾ ਪੈਂਦਾ ਹੈ। ਸਾਨੂੰ ਮੀਂਹ ਵਿਚ ਹੀ ਆਪਣਾ-ਆਪਣਾ ਸਾਮਾਨ ਚੁੱਕ ਕੇ ਤੁਰਨਾ ਪਿਆ ਜਿਹਦੇ ਨਾਲ ਅਸੀਂ ਗੁਰਦਵਾਰੇ ਪੁੱਜਣ ਤੱਕ ਚੰਗੀ ਤਰ੍ਹਾਂ ਭਿੱਜ ਗਏ।

ਗੋਬਿੰਦ ਘਾਟ ਦੀ ਸਤਹਿ ਸਮੁੰਦਰ ਤੋਂ ਉਚਾਈ 1829 ਮੀਟਰ ਹੈ।

ਗੁਰਦਵਾਰੇ ਨਾਲ ਲੱਗਦਾ ਚੰਗਾ ਬਾਜ਼ਾਰ ਹੈ। ਬੱਸਾਂ, ਟੈਕਸੀਆਂ, ਤੇ ਸੂਮੋ ਗੱਡੀਆਂ ਪਾਰਕ ਕਰਨ ਵਾਸਤੇ ਬਾਜ਼ਾਰ ਤੋਂ ਬਹੁਤ ਪਿੱਛੇ ਪ੍ਰਬੰਧ ਹੈ। ਇਥੋਂ ਹੀ 18 ਕਿਲੋਮੀਟਰ ਦੇ ਫਾਸਲੇ ਉਤੇ ਬਦਰੀਨਾਥ ਦਾ ਮੰਦਿਰ ਹੈ। ਗੁਰਦਵਾਰਾ ਗੋਬਿੰਦ ਘਾਟ ਇਕ ਦਰਿਆ ਦੇ ਕੰਢੇ ’ਤੇ ਹੈ ਤੇ ਨਾਲ ਹੀ ਕਈ ਮੰਜ਼ਿਲਾਂ ਸਰ੍ਹਾਂ ਹੈ। ਜਿਸ ਵਿਚ ਵੱਡੇ-ਵੱਡੇ ਹਾਲ ਬਣੇ ਹਨ। ਦਰਿਆ ਬੜਾ ਭੀੜਾ ਅਤੇ ਤੇਜ਼ ਪ੍ਰਵਾਹ ਵਿਚ ਵਗਦਾ ਹੈ। ਸੰਗਤਾਂ ਵਾਸਤੇ ਸਾਰੇ ਗੁਰਦਵਾਰਿਆਂ ਵਿਚ 24 ਘੰਟੇ ਚਾਹ ਅਤੇ ਭੋਜਨ ਦੇ ਲੰਗਰ ਤੋਂ ਇਲਾਵਾ ਦਰੀਆ, ਕੰਬਲ, ਜ਼ਰੂਰਤ ਮੁਤਾਬਕ ਦਸਤਿਆਬ ਹੁੰਦੇ ਹਨ। ਗੋਬਿੰਦ ਘਾਟ ਲੰਗਰ ਵਿਚ ਕਈ ਵਾਰ ਖੀਰ ਅਤੇ ਬਦਾਮਾਂ ਵਾਲਾਂ ਦੁੱਧ ਵੀ ਵਰਤਾਇਆ ਜਾਂਦਾ ਹੈ। ਇਸ਼ਨਾਨ ਵਾਸਤੇ ਸਭ ਥਾਂ ਟੂਟੀਆਂ ਲੱਗੀਆਂ ਹਨ। ਕਿਤੇ-ਕਿਤੇ ਗੁਸਲਖ਼ਾਨੇ ਵੀ ਬਣੇ ਹਨ। ਰਿਸ਼ੀਕੇਸ਼ ਤੋਂ ਲੈਕੇ ਹੇਮਕੁੰਟ ਸਾਹਿਬ ਤੱਕ ਸਭ ਗੁਰਦਵਾਰਿਆਂ ਦਾ ਪ੍ਰਬੰਧ ਹੇਮਕੁੰਟ ਟ੍ਰਸਟ ਅਧੀਨ ਹੈ। ਇਸ ਲਈ ਤੁਸੀ ਪ੍ਰਸ਼ਾਦਿ ਲਈ ਪਰਚੀ ਭਾਵੇਂ ਗੋਬਿੰਦ ਘਾਟ, ਗੋਬਿੰਦ ਧਾਮ ਜਾਂ ਹੇਮਕੁੰਟ ਸਾਹਿਬ ਕਟਾਓ, ਬਦਲੇ ਵਿਚ-ਵਿਚ ਪ੍ਰਸ਼ਾਦਿ ਤੇ ਸਿਰੋਪਾ ਗੋਬਿੰਦ ਘਾਟ ਗੁਰਦਵਾਰੇ ’ਚੋ ਪਰਚੀ ਦਿਖਾ ਕੇ ਮਿਲਦਾ ਹੈ। ਗੋਬਿੰਦ ਘਾਟ ਤੋਂ ਹੇਮਕੁੰਟ ਸਾਹਿਬ ਵਾਸਤੇ ਪੈਦਲ ਯਾਤਰਾ ਸ਼ੁਰੂ ਹੁੰਦੀ ਹੈ। ਗੋਬਿੰਦ ਘਾਟ ਗੁਰਦਵਾਰੇ ਦੇ ਸਾਹਮਣੇ ਪੁੱਲ ਟੱਪ ਕੇ ਅੱਗੇ ਚੜ੍ਹਾਈ ਸ਼ੁਰੂ ਹੁੰਦੀ ਹੈ। ਵਲ਼ ਖਾਂਦਾ ਸਿੱਧੀ ਚੜ੍ਹਾਈ ਦਾ ਰਸਤਾ ਕਈ ਸੁੰਦਰ ਨਜ਼ਾਰਿਆਂ ਵਿਚੋਂ ਲੰਘਦਾ ਹੈ। ਯਾਤਰੀਆਂ ਵਾਸਤੇ ਪਾਲਕੀ ਤੇ ਖੱਚਰਾਂ ਦਾ ਵੀ ਪ੍ਰਬੰਧ ਹੈ। 13 ਕਿਲੋਮੀਟਰ ਦਾ ਇਹ ਪਹਿਲਾਂ ਪੜਾਅ ਕਾਫ਼ੀ ਹਿੰਮਤ ਦੀ ਮੰਗ ਕਰਦਾ ਹੈ। ਕਿਸੇ ਵੇਲੇ ਬਾਰਿਸ਼ ਸ਼ੁਰੂ ਹੋ ਸਕਦੀ ਹੈ। ਪਹਿਲਾਂ-ਪਹਿਲਾਂ ਦਾ ਰਸਤਾ ਬਹੁਤ ਅੱਛਾ ਹੈ। ਪਗਡੰਡੀ ’ਤੇ ਟਾਇਲਾਂ ਲੱਗੀਆਂ ਹਨ। ਪਰ ਅਖ਼ੀਰਲੇ ਕੁੱਝ ਕਿਲੋਮੀਟਰ ਗੋਲ, ਪਥਰੀਲੇ ਰਸਤੇ ਵਾਲੇ ਹਨ। ਆਪਣਾ ਫਾਲਤੂ ਸਾਮਾਨ ਗੋਬਿੰਦ ਘਾਟ ਹੀ ਛੱਡਣਾ ਪੈਂਦਾ ਹੈ ਤੇ ਨਿਹਾਇਤ ਲੋੜੀਂਦੀਆਂ ਵਸਤਾਂ ਨਾਲ ਲੈਣੀਆਂ ਪੈਂਦੀਆਂ ਹਨ। ਜੋ ਆਪ ਚੁੱਕ ਕੇ ਤੁਰ ਸਕੀਏ। ਇਨ੍ਹਾਂ ਵਸਤਾਂ ਵਿਚ ਛੱਤਰੀ, ਕੌਲੀ, ਗਲਾਸ, ਚਮਚ, ਸਵੈਟਰ, ਆਦਿ ਛੋਟਾ ਕੰਬਲ, ਚਾਦਰ ਤੇ ਚੰਗੀ ਗ੍ਰਿਪ ਵਾਲੇ ਬੂਟ ਜ਼ਰੂਰੀ ਹਨ।

ਅਸੀਂ ਜਦੋਂ ਗੋਬਿੰਦ ਘਾਟ ਤੋਂ ਚੱਲੇ ਤਾਂ ਪਹਿਲਾਂ ਤਾਂ ਪਸੀਨੇ ਨਾਲ ਮੇਰੀ ਪੂਰੀ ਜਰਸੀ ਭਿੱਜ ਗਈ। ਬੜੀ ਗਰਮੀ ਲੱਗਣ ਲੱਗੀ। ਬਾਅਦ ਵਿਚ ਹਵਾ ਚੱਲਣ ਨਾਲ ਉਹੋ ਜਰਸੀ ਤੇ ਪਸੀਨੇ ਨਾਲ ਭਿੱਜੇ ਕਪੜੇ ਜਦੋਂ ਠੰਡੇ-ਠੰਡੇ ਲਗਣ ਲੱਗੇ ਤਾਂ ਬੜਾ ਅੱਛਾ ਲੱਗਾ। ਰਸਤੇ ਵਿਚ ਯਾਤਰਾ ਕਰਕੇ ਵਾਪਿਸ ਆਉਣ ਵਾਲੇ ਯਾਤਰੀ ਅਕਸਰ ਹੱਥ ਵਿਚ ਗਲੂਕੋਜ਼ ਦਾ ਪੈਕਟ ਲੈਕੇ ਉੱਪਰ ਜਾਣ ਵਾਲੇ ਹਰ ਯਾਤਰੀ ਦੇ ਤਲੀ ’ਤੇ ਥੋੜ੍ਹਾ ਗਲੂਕੋਜ਼ ਰੱਖਦੇ ਜਾਂਦੇ ਨੇ ਤੇ ਨਾਲੇ ਕਹਿੰਦੇ ਜਾਂਦੇ ਨੇ ਵਾਹਿਗੁਰੂ, ਸਤਿਨਾਮ। ਗਲੂਕੋਜ਼ ਮੂੰਹ ਵਿਚ ਰੱਖਣ ਨਾਲ ਗਲਾ ਨਹੀ ਸੁਕਦਾ।

ਵੈਸੇ ਪੂਰੇ ਰਸਤੇ ਉੱਪਰ ਹੇਮਕੁੰਟ ਸਾਹਿਬ ਤੱਕ ਥਾਂ-ਥਾਂ ਟੀ-ਸਟਾਲ ਹਨ, ਜਿੱਥੇ ਹਰ ਕਿਸਮ ਦੀ ਤੇ ਹਰ ਸਾਇਜ਼ ਵਿਚ ਕੋਲਡ ਡਰਿੰਕ, ਨਿੰਬੂ, ਨਿੰਬੂ ਕਾਹਵਾ, ਚਾਹ, ਕਾਲੇ ਛੋਲਿਆਂ ਦਾ ਸੂਪ ਮਿਲਦਾ ਹੈ। ਇਸ ਤੋਂ ਇਲਾਵਾ ਥਾਂ-ਥਾਂ ਢਾਬੇ ਹਨ ਜਿੱਥੇ ਹਰ ਕਿਸਮ ਦੀ ਸਬਜ਼ੀ ਰੋਟੀ, ਚਾਵਲ ਮਿਲਦੇ ਹਨ।

ਗੋਬਿੰਦ ਧਾਮ ਰਾਤ ਠਹਿਰ ਕੇ ਸਵੇਰੇ ਫੇਰ ਅਗਲੀ ਯਾਤਰਾ ਸ਼ੁਰੂ ਕਰਨੀ ਹੁੰਦੀ ਹੈ। ਸੱਤ ਕਿਲੋਮੀਟਰ ਦਾ ਇਹ ਪੈਂਡਾ ਬਹੁਤ ਮੁਸ਼ਕਿਲ ਤੇ ਸਿੱਧੀ ਚੜ੍ਹਾਈ ਵਾਲਾ ਹੈ। ਇੱਥੋਂ ਜਾ ਕੇ ਗੁਰਦਵਾਰੇ ਦਰਸ਼ਨ ਕਰਕੇ ਫੇਰ ਰਾਤ ਗੋਬਿੰਦ ਧਾਮ ਵਾਪਸ ਆਉਣਾ ਹੁੰਦਾ ਹੈ। ਕਿਉਂਕਿ ਹੇਮਕੁੰਟ ਸਾਹਿਬ ਰਾਤੇ ਰਾਤ ਠਹਿਰਨ ਦਾ ਪ੍ਰਬੰਧ ਹੈ ਤੇ ਨਾਹੀ ਕੋਈ ਐਨੀ ਠੰਢ ਰਾਤ ਉੱਥੇ ਰਹਿ ਸਕਦਾ ਹੈ।

ਗੋਬਿੰਦ ਧਾਮ ਤੋਂ ਥੋੜ੍ਹਾ ਅੱਗੇ ਜਾਣ ’ਤੇ ਇਕ ਰਸਤਾ ਫੁੱਲਾਂ ਦੀ ਵਾਦੀ ਵੱਲ ਜਾਂਦਾ ਹੈ। ਫੁੱਲਾਂ ਦੀ ਵਾਦੀ ਜਾਣਾ ਹੋਵੇ ਤਾਂ ਸਤੰਬਰ ਮਹੀਨੇ ਜਾਣਾ ਚਾਹੀਦਾ ਹੈ। ਜਦੋਂ ਸਾਰੇ ਫੁੱਲ ਖਿੜੇ ਹੁੰਦੇ ਹਨ। ਫੁੱਲਾਂ ਦੀ ਵਾਦੀ ਵਿਚ ਜਿੱਥੇ ਤੱਕ ਨਜ਼ਰ ਜਾਂਦੀ ਹੈ, ਫੁੱਲ ਹੀ ਫੁੱਲ ਨਜ਼ਰ ਆਉਂਦੇ ਹਨ। ਇਹ ਵਾਦੀ ਵੀ ਇਕ ਅੰਗਰੇਜ਼ ਮਹਿਲਾ ਸੈਲਾਨੀ ਦੀ ਦੇਣ ਹੈ, ਜਿਸਨੂੰ ਇਹ ਸਥਾਨ ਭਾ ਗਿਆ ਤਾਂ ਉਹਨੇ ਇਹਨੂੰ ਫੁੱਲਾਂ ਦੀ ਵਾਦੀ ਵਿਚ ਬਦਲ ਦਿੱਤਾ।

ਗੋਬਿੰਦਧਾਮ ਤੋਂ ਅੱਗੇ ਜਾਂਦਿਆਂ ਕਈ ਵਾਰ ਬਰਫ਼ਾਨੀ ਗਲੇਸ਼ੀਅਰਾਂ ਉੱਤੋਂ ਤੁਰ ਕੇ ਲੰਘਣਾ ਪੈਂਦਾ ਜਿੱਥੇ ਪੈਰ ਫਿਸਲਨ ਦਾ ਡਰ ਹੁੰਦਾ ਹੈ। ਪਰ ਸਾਡੀ ਵਾਰੀ ਹੇਮਕੁੰਟ ਸਾਹਿਬ ਤੋਂ ਥੋੜ੍ਹਾ ਥੱਲੇ ਇਕ ਝਰਨੇ ਦੇ ਆਲੇ -ਦੁਆਲੇ ਥੋੜ੍ਹੀ ਬਰਫ਼ ਜੰਮੀ ਸੀ ਤੇ ਝਰਨੇ ਉੱਤੇ ਪੁੱਲ ਬਣਿਆ ਹੈ। ਜਿਥੋਂ ਲੋਕੀ ਆਸਾਨੀ ਨਾਲ ਲੰਘ ਰਹੇ ਸਨ। ਅੱਗੇ ਜਾ ਕੇ ਇਕ ਰਸਤਾ ਵਲ਼ ਖਾ ਜਾਂਦਾ ਹੈ ਤੇ ਦੂਜਾ ਸਿੱਧੀਆਂ ਪੌੜੀਆਂ ਦਾ ਹੈ। ਇਹ ਪੌੜੀਆਂ ਹੇਮਕੁੰਟ ਗੁਰਦੁਆਰੇ ਕੋਲ ਜਾ ਕੇ ਖ਼ਤਮ ਹੁੰਦੀਆਂ ਹਨ।

ਉੱਪਰ ਪੁੱਜੇ ਤਾਂ ਇਕ ਅਲੌਕਿਕ ਸਰੂਰ ਆਉਂਦਾ ਹੈ, ਇਕ ਅਲੌਕਿਕ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਲਗਦਾ ਹੈ ਜ਼ਮੀਨ ਥੱਲੇ ਰਹਿ ਗਈ ਹੈ ਤੇ ਤੁਸੀ ਬੱਦਲਾਂ ’ਤੇ ਸਵਾਰ ਹੈ। ਅਕਾਸ਼ ਤੁਹਾਡੇ ਸਿਰ ਨੂੰ ਛੂੰਹਦਾ ਹੈ। ਦੂਰ ਥੱਲੇ ਫੈਲੀਆਂ ਵਾਦੀਆਂ ਕੁਦਰਤ ਦੇ ਵਿਭਿੰਨ ਰੰਗ ਪੇਸ਼ ਕਰਦੀਆਂ ਹਨ। ਸਰੋਵਰ ਦਾ ਜਲ ਜਿਵੇਂ ਸ਼ੀਸ਼ਾ ਵਿਛਿਆ ਹੋਵੇ। ਨੀਲੇ ਅਕਾਸ਼ ਦਾ ਰੰਗ ਸਰੋਵਰ ਵਿਚ ਝਲਕਦਾ ਹੈ। ਪਹਿਲੀ ਚੁੱਭੀ ਵੇਲੇ ਤਾਂ ਜਿਸਮ ਸੁੰਨ ਹੋ ਜਾਂਦਾ ਹੈ। ਦੋ-ਤਿੰਨ ਚੁੱਭੀਆਂ ਮਾਰਨ ਦੇ ਬਾਅਦ ਵੀ ਪਾਣੀ ਵਿਚ ਇਕ ਮਿੰਟ ਤੋਂ ਵੱਧ ਨਹੀਂ ਖਲੋਤਾ ਜਾਂਦਾ ਹੈ। ਬਹੁਤ ਹੀ ਠੰਡਾ ਜਲ ਹੈ। ਲੋਕੀ ਇਸ਼ਨਾਨ ਕਰਦੇ ਨੇ, ਕੈਨੀਆਂ ਵਿਚ ਸਰੋਵਰ ਤੋਂ ਅਮ੍ਰਿਤ ਭਰਦੇ ਨੇ, ਫ਼ੋਟੋਆਂ ਖਿਚਵਾਂਦੇ ਨੇ ਫੇਰ ਅੰਦਰ ਗੁਰਦਵਾਰੇ ਹਾਲ ਵਿਚ ਕੀਰਤਨ ਸੁਣਨ ਬੈਠ ਜਾਂਦੇ ਹਨ।

ਅਮ੍ਰਿਤ ਭਰਨ ਵਾਸਤੇ ਪਲਾਸਟਿਕ ਦੀਆਂ ਕੈਨੀਆਂ ਵੇਚਣ ਵਾਲੇ ਬੈਠੇ ਹੁੰਦੇ ਹਨ ਤੇ ਤੁਰੰਤ ਫ਼ੋਟੋ ਖਿੱਚ ਕੇ ਦੇਣ ਵਾਲੇ ਵੀ।

ਸ੍ਰੀ ਅਮਰਨਾਥ ਦੀ ਯਾਤਰਾ ਵੇਲੇ ਮੈਂ ਤੱਕਿਆ ਸੀ ਕਿ ਅੱਗੇ ਉੱਪਰ ਜਾ ਕੇ ਹਰਿਆਲੀ ਬਿਲਕੁਲ ਖ਼ਤਮ ਹੋ ਜਾਂਦੀ ਹੈ। ਤੇ ਘਾਹ ਦਾ ਤੀਲਾ ਨਹੀਂ ਵੀ ਨਹੀਂ ਲੱਭਦਾ। ਪਰ ਹੇਮਕੁੰਟ ਸਾਹਿਬ ਗੁਰੂਆਂ ਦੀ ਮਿਹਰ ਸਦਕਾ ਬਿਲਕੁਲ ਧੁਰ ਤੱਕ 14 ਹਜ਼ਾਰ ਫੁੱਟ ਤੋਂ ਵੀ ਵੱਧ ਉਚਾਈ ’ਤੇ ਹਰਿਆਲੀ ਤੇ ਵਨਸਪਤੀ ਹੈ। ਜਿਸ ਨਾਲ ਆਕਸੀਜਨ ਦੀ ਏਨੀ ਕਮੀ ਨਹੀਂ ਲੱਗਦੀ ਜਿਵੇਂ ਅਮਰਨਾਥ ਯਾਤਰਾ ਵੱਲ ਲੱਗਦੀ ਹੈ। ਆਲੇ-ਦੁਆਲੇ ਪਹਾੜੀਆਂ ਤੇ ਪੰਜ ਨਿਸ਼ਾਨ ਸਾਹਿਬ ਝੂਲਦੇ ਨੇ ਤੇ ਤੱਕ ਕੇ ਹੈਰਾਨੀ ਹੈ ਕਿ ਪਹਾੜੀ ਉੱਤੇ ਨਿਸ਼ਾਨ ਸਾਹਿਬ ਝੁਲਾਣ ਵਾਸਤੇ ਬੰਦਾ ਚੜ੍ਹਿਆ ਕਿਧਰੋਂ ਤੇ ਕਿਸ ਤਰ੍ਹਾ ਹੋਵੇਗਾ। ਗੁਰਦਵਾਰੇ ਦੇ ਪਿਛਲੇ ਪਾਸੇ ਦੇ ਸਰੋਵਰ ਕੰਢੇ ਹੀ ਇਕ ਛੋਟਾ ਜਿਹਾ ਲਕਸ਼ਮਣ ਦਾ ਮੰਦਿਰ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਇਥੇ ਬੈਠ ਕੇ ਲਕਸ਼ਮਣ ਨੇ ਤਪੱਸਿਆ ਕੀਤੀ ਹੈ। ਸਰੋਵਰ ਵਿਚ ਮੈਂ ਵੀ ਦੋ ਤੋਂ ਵੱਧ ਚੁੱਭੀਆਂ ਨਹੀਂ

ਮਾਰ ਸਕਿਆ। ਇਸ਼ਨਾਨ ਕਰਕੇ ਗੁਰਦਵਾਰੇ ਦੇ ਦਵਾਰ ਉੱਤੇ ਚਾਹ ਦਾ ਲੰਗਰ ਚਲ ਰਿਹਾ ਸੀ ਉੱਥੇ ਚਾਹ ਛਕ ਕੇ ਜਿਸਮ ਨੂੰ ਕੁੱਝ ਗਰਮਾਣ ਦੀ ਕੋਸ਼ਿਸ਼ ਕੀਤੀ। ਅੰਦਰ ਦੀਵਾਨ ਹਾਲ ਵਿਚ ਬਹੁਤ ਸੰਗਤ ਜੁੜੀ ਸੀ। ਦੀਵਾਨ ਦਾ ਪਹਿਲਾ ਭੋਗ ਕੋਈ ਦਸ ਵਜੇ ਪੈਂਦਾ ਹੈ ਤੇ ਦੂਜਾ ਕੋਈ ਬਾਅਦ ਦੁਪਹਿਰ। ਬਹੁਤੀ ਸੰਗਤ ਕੋਸ਼ਿਸ਼ ਕਰਦੀ ਹੈ ਕਿ ਪਹਿਲੇ ਭੋਗ ਤੋਂ ਪਹਿਲਾਂ ਪਹੁੰਚੀਏ। ਮੇਰੀ ਵੀ ਇਹ ਕੋਸ਼ਿਸ਼ ਸ਼ਫਲ ਰਹੀ। ਪਰ ਅੰਦਰ ਜਾ ਕੇ ਜਦ ਮੈਂ ਬੈਠਾ ਤਾਂ ਠੰਡ ਨਾਲ ਮੇਰੀ ਕੰਬਣੀ ਛਿੜ ਗਈ ਤੇ ਪੂਰਾ ਸਮਾਂ ਮੈਂ ਕੰਬਦਾ ਹੀ ਰਿਹਾ। ਭੋਗ ਤੋਂ ਬਾਅਦ ਪ੍ਰਸ਼ਾਦ ਵਰਤਾਇਆ ਗਿਆ ਤੇ ਸੰਗਤਾਂ ਬਾਹਰ ਆਣ ਲੱਗੀਆਂ। ਥੋੜ੍ਹੀ ਦੇਰ ਸੁਸਤਾਣ ਤੋਂ ਇਧਰ-ਉੱਧਰ ਦਾ ਨਜ਼ਾਰਾ ਤੱਕਣ ਤੋਂ ਬਾਅਦ ਮੈਂ ਪੌੜੀਆਂ ਦੇ ਰਸਤੇ ਵਾਪਸ ਥੱਲੇ ਨੂੰ ਤੁਰ ਪਿਆ ਤੇ ਪੌੜੀਆਂ ਗਿਣਦਾ ਗਿਆ। ਸਾਡੇ ਜੱਥੇ ਦੇ ਕਈ ਯਾਤਰੀ ਮੈਨੂੰ ਜਾਂਦੇ ਹੋਏ ਮਿਲੇ ਤੇ ਕਈ ਮੇਰੇ ਤੋਂ ਵੀ ਪਹਿਲਾਂ ਵਾਪਸ ਆ ਗਏ। ਗੋਬਿੰਦ ਧਾਮ ਤਾਂ ਰਾਤ ਅਸਾਂ ਸਾਰਿਆਂ ਮਿਲਣਾ ਹੀ ਸੀ ਤੇ ਰਾਤ ਰਹਿਣਾ ਵੀ ਕੱਠਿਆਂ ਨੇ ਸੀ।

ਵਾਪਸੀ ਦਾ ਸਫ਼ਰ ਤਾਂ ਏਨਾ ਮੁਸ਼ਿਕਲ ਨਹੀਂ ਹੁੰਦਾ। ਕੁਝ ਹੀ ਘੰਟਿਆਂ ਵਿਚ ਮੈਂ ਗੋਬਿੰਦ ਧਾਮ ਪੁੱਜ ਗਿਆ। ਅਸੀਂ ਮਿੱਥੇ ਸਮੇਂ ਤੋਂ ਇਕ ਦਿਨ ਪਹਿਲਾਂ ਹੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰ ਲਏ ਤੇ ਮੌਸਮ ਵੀ ਸਾਫ਼ ਰਿਹਾ। ਪਰ ਅਗਲੇ ਦਿਨ ਸਵੇਰ ਤੋਂ ਹੀ ਜ਼ੋਰਦਾਰ ਬਾਰਿਸ਼ ਸ਼ੁਰੂ ਹੋ ਗਈ ਸੀ ਤੇ ਉੱਪਰ ਜਾਣ ਵਾਲੇ ਯਾਤਰੀਆਂ ਨੂੰ ਮੀਂਹ ਵਿਚ ਹੀ ਜਾਣਾ ਪਿਆ।

ਗੋਬਿੰਦ ਧਾਮ ਤੋਂ ਗੋਬਿੰਦ ਘਾਟ, ਤੇ ਉਥੋਂ ਅਸੀਂ ਚਮੇਲੀ, ਪੌੜੀ ਟਿਹਰੀ ਜਿਲ੍ਹਿਆਂ ਵਿਚ ਹੁੰਦੇ ਹੋਏ ਬੱਸ ਵਿਚ ਸਵਾਰ ਹੋ ਗਏ। ਇਕ ਪੜਾਅ ਸ੍ਰੀਨਗਰ, ਦੂਜਾ ਰਿਸ਼ੀਕੇਸ਼ ਤੇ ਫੇਰ ਪਾਉਂਟਾ ਸਾਹਿਬ ਠਹਿਰ ਕੇ ਘਰਾਂ ਨੂੰ ਵਾਪਸ ਪਰਤ ਪਏ। ਇਸ ਯਾਤਰਾ ਦੇ ਦੌਰਾਨ ਕੁਮਾਊ ਅਤੇ ਗੜਵਾਲ ਦੇ ਸੰਪੂਰਨ ਉੱਤਰਾਂਚਲ ਨੂੰ ਅਸੀਂ ਗਾਹ ਲਿਆ। ਏਨੇ ਵਿਸ਼ਾਲ ਜੰਗਲ ਤੇ ਵਾਦੀਆਂ ਤੱਕੀਆਂ ਜੋ ਅੱਜ ਤੱਕ ਨਹੀਂ ਸਨ ਵੇਖੀਆਂ। ਗੋਬਿੰਦ ਧਾਮ ਤੇ ਗੋਬਿੰਦ ਘਾਟ ਵਿਚਕਾਰ ਗੜ੍ਹਵਾਲੀ ਮੁਟਿਆਰਾਂ ਨੂੰ ਟਪੂਸੀਆਂ ਮਾਰਦੇ, ਜੰਗਲ ਵਿਚ ਲੱਕੜੀਆਂ ਇੱਕਠੀਆਂ ਕਰਨ ਆਂਦੇ-ਜਾਂਦੇ ਵੀ ਤੱਕਿਆ ਤੇ ਖੇਤਾਂ ਵਿਚ ਇਨ੍ਹਾਂ ਮੁਟਿਆਰਾਂ ਤੇ ਸਵਾਣੀਆਂ ਨੂੰ ਕੰਮ ਕਰਦੇ ਵੀ ਤੱਕਿਆ ਜਿੱਥੇ ਮਰਦ ਕੋਈ ਕੰਮ ਕਰਦਾ ਨਜ਼ਰ ਨਹੀਂ ਆਇਆ। ਕਲ-ਕਲ ਕਰਦੇ ਮਿੱਠੇ ਪਾਣੀ ਦੇ ਝਰਨੇ ਤੱਕੇ ਤੇ ਥਾਂ-ਥਾਂ ਅਖਰੋਟ, ਖ਼ੁਰਮਾਨੀਆਂ ਤੇ ਨਾਖਾਂ ਦੇ ਦਰੱਖ਼ਤ ਫ਼ਲਾਂ ਨਾਲ ਲੱਦੇ ਤੱਕੇ। ਕਿਤੇ-ਕਿਤੇ ਸੇਬਾਂ ਦੇ ਬੂਟੇ ਵੀ ਵੇਖਣ ਨੂੰ ਮਿਲਦੇ ਨੇ ਤੇ ਅੰਬਾਂ ਨੂੰ ਵੀ ਆਪਣੀ ਹੋਂਦ ਦਿਖਾਣ ਦਾ ਮੌਕਾ ਮਿਲਿਆ ਹੈ।

ਹੇਮਕੁੰਟ ਸਾਹਿਬ ਦੀ ਯਾਤਰਾ ਹਰ ਪੱਖੋਂ ਇਕ ਸੁਖਦ ਅਨੁਭਵ ਤੇ ਸੁਖਦ ਮਿੱਠੀਆਂ ਯਾਦਾਂ ਮਨ ਵਿਚ ਛੱਡ ਜਾਂਦੀ ਹੈ।

O

# ਮੇਰੀ ਯੂ.ਕੇ. ਦੀ ਫੇਰੀ

**❑ ਅਜੀਤ ਸਿੰਘ ਮਸਤਾਨਾ**

੧੫ ਅਗਸਤ ੨੦੧੯ ਦੇ ਸ਼ੁਭ ਦਿਹਾੜੇ ਜਦੋਂ ਦੇਸ਼ ਅਜ਼ਾਦੀ ਦੀ ੭੨ਵੀਂ ਵਰ੍ਹੇ ਗੰਢ ਮਨਾ ਰਿਹਾ ਸੀ ਤਾਂ ਕਸ਼ਮੀਰ ਵਿਚ ਵਖਵਾਦੀਆਂ ਵਲੋਂ ਕੀਤੇ ਬਾਈਕਾਟ ਤੇ ਹੜਤਾਲ ਦੇ ਐਲਾਨ ਕਾਰਨ, ਲੋਕਾਂ ਨੂੰ ਘਰਾਂ ਵਿਚ ਹੀ ਰਹਿਣ ਲਈ ਮਜ਼ਬੂਰ ਹੋਣਾ ਪਿਆ ਸੀ ਤੇ ਟੀ.ਵੀ. ਰਾਹੀਂ ਅਜ਼ਾਦੀ ਦੇ ਜਸ਼ਨ ਮਾਣਦੇ ਪਏ ਸਨ। ਅਚਾਨਕ ਲੰਦਨ ਤੋਂ ਆਈ ਫ਼ੋਨ ਕਾਲ ਰਾਹੀਂ ਮੈਨੂੰ ਪਤਾ ਲੱਗਾ ਕਿ ਮੈਂ ਨਾਨਾ ਬਣ ਗਿਆ ਹਾਂ। ਮੇਰੀ ਬੇਟੀ ਡਾ: ਇੰਦੂਮੀਤ ਕੌਰ ਦੇ ਘਰ ਬੱਚੀ ਨੇ ਜਨਮ ਲਿਆ ਹੈ। ਅਜਿਹੀ ਖ਼ਬਰ ਸੁਣਦੇ ਸਾਰ ਹੀ ਸਾਡੀ ਖ਼ੁਸ਼ੀ ਦਾ ਠਿਕਾਣਾ ਨਾ ਰਿਹਾ ਜਿਸ ਕਾਰਨ ਅਜ਼ਾਦੀ ਦੀ ਖ਼ੁਸ਼ੀ ਹੋਰ ਵੀ ਅਨੰਦਿਤ ਹੋ ਨਿਭੜੀ। ਅਸੀਂ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਤੇ ਆਪਣੀ ਧੀਅ ਤੇ ਦੋਹਤਰੀ ਦੀ ਸਵਸਥੱਤਾ ਤੇ ਪ੍ਰਦੇਸ਼ ਵਿਚ ਪਰਿਵਾਰ ਲਈ ਹਿੰਮਤ ਤੇ ਹੌਸਲੇ ਤੇ ਸਹਾਇਤਾ ਲਈ ਕਾਮਨਾ ਕੀਤੀ। ਇਹ ਖ਼ਬਰ ਸੁਣ ਕੇ ਜਿੱਥੇ ਸਾਨੂੰ ਚਾਅ ਚੜ੍ਹਿਆ ਉੱਥੇ ਏਸ ਘੜੀ ਦੂਰ ਪ੍ਰਦੇਸ਼ ਵਿਚ ਵਸਦੇ ਆਪਣਿਆਂ ਨਾਲ ਖ਼ੁਸ਼ੀਆਂ ਵੰਡਣ ਤੋਂ ਅਸਮਰਥ ਰਹਿਣ ਦੇ ਅਹਿਸਾਸ ਨੇ ਵੀ ਝੰਝੋੜਿਆ। ਅਸੀਂ ਹਰ ਰੋਜ਼ ਬੱਚਿਆਂ ਨੂੰ ਫ਼ੋਨ ਰਾਹੀਂ ਦਿਲਾਸਾ ਤਾਂ ਦਿੰਦੇ ਰਹੇ ਪਰ ਉਨ੍ਹਾਂ ਨੂੰ ਮਿਲਣ ਤੇ ਨਵੇਂ ਜੀਅ ਨੂੰ ਵੇਖਣ ਦੇ ਚਾਅ ਨੇ ਸਾਨੂੰ ਉਤਾਵਲਾ ਕਰ ਦਿੱਤਾ ਸੀ। ਇਸ ਔਖੀ ਘੜੀ ਬੇਟੀ ਦੀ ਸੱਸ ਸਰਦਾਰਨੀ ਹਰਵੰਤ ਕੌਰ ਦੀ ਲੰਦਨ ਵਿਚ ਮੌਜੂਦਗੀ ਸਾਡੀ ਸੰਤੁਸ਼ਟੀ ਦਾ ਕਾਰਨ ਹੀ ਨਹੀਂ ਸੀ ਸਗੋਂ ਉਨ੍ਹਾਂ ਦੇ ਇਹ ਬੋਲ ਵੀ ਸਾਡੀ ਢਾਰਸ ਬਣੇ, "ਮੈਨੂੰ ਜੂਨ ਤੋਂ ਦਸੰਬਰ ਤੀਕ ਛੇ ਮਹੀਨਿਆਂ ਲਈ ਵੀਜ਼ਾ ਮਿਲਿਆ ਹੈ, ਤੇ ਜੇਕਰ ਤੁਹਾਡਾ ਆਣ ਦਾ ਪ੍ਰੋਗਰਾਮ ਬਣਿਆ ਤਾਂ ਜਨਵਰੀ ਵਿਚ ਰਖਣਾ ਜਿਸ ਰਾਹੀਂ ਬੱਚਿਆਂ ਨੂੰ ਵੀ ਸੁਵਿਧਾ ਹੋਵੇਗੀ।" ਅਜੇਹੀ ਅਗਾਂਹਵਧੂ ਸੋਚ ਪਰਿਵਾਰਾਂ ਲਈ ਹਮੇਸ਼ਾ ਲਾਭਦਾਇਕ ਸਿੱਧ ਹੁੰਦੀ ਹੈ। ਉਹ ਆਪ ਵੀ ਰਿਆਸਤ ਦੇ ਸਿਹਤ ਵਿਭਾਗ 'ਚੋਂ 'ਚੀਫ ਮੈਟਰਨ' ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ। ਸੋ ਉਨ੍ਹਾਂ ਦੇ ਅਨੁਭਵੀ ਸੁਝਾਉ ਅਨੁਸਾਰ ਹੀ ਅਸੀਂ ਯੂ.ਕੇ. ਜਾਣ ਦਾ ਪ੍ਰੋਗਰਾਮ ਉਲੀਕਿਆ।

ਹੁਣ ਤਕ ਦੇ ਜੀਵਨ ਸਫ਼ਰ ਦੌਰਾਨ ਮੈਨੂੰ ਵਿਦੇਸ਼ ਜਾਣ ਲਈ ਪਹਿਲਾਂ ਵੀ ਦੋ ਅਵਸਰ ਪ੍ਰਾਪਤ ਹੋਏ ਸਨ ਪਰ ਆਪਣੀ ਮਿੱਟੀ ਦੇ ਮੋਹ ਤੇ ਪ੍ਰਵਾਰਿਕ ਜ਼ਿਮੇਵਾਰੀਆਂ ਕਾਰਨ ਮੇਰੀ ਰੁਚੀ ਅਜੇਹੇ ਸਫ਼ਰ ਵੱਲ ਰੁਚਿਤ ਨਹੀਂ ਸੀ ਹੋਈ। ਅੱਜ ਸੰਜੋਗ ਵਸ, ਪਰਿਵਾਰ ਦੇ ਨਵੇਂ ਜੀਅ ਨੂੰ ਤੱਕਣ ਦੀ ਖਿੱਚ ਨੇ ਆਖ਼ਰ ਸਾਨੂੰ ਵਲਾਇਤ ਫੇਰੀ ਲਈ ਉਤਸ਼ਾਹਿਤ ਕਰ ਹੀ ਦਿੱਤਾ।

ਵਿਦੇਸ਼ ਜਾਣ ਲਈ ਸਾਨੂੰ ਕਈ ਪਰਕਾਰਜਾਂ 'ਚੋਂ ਲੰਘਣਾ ਪਿਆ। ਅਸੀਂ ਆਪਣੇ ਬੇਟੇ ਨਵਦੀਪ ਸਿੰਘ ਨਾਲ ਸੰਪਰਕ ਕੀਤਾ ਜੋ ਬਰਲਿਨ (ਜਰਮਨੀ) ਵਿਚ ਪੜ੍ਹਦਾ ਹੈ ਜਿਸਨੇ ਬ੍ਰਿਟਿਸ਼ ਅੰਬੈਸੀ ਨੂੰ ਵੀਜ਼ੇ ਲਈ ਔਨ-ਲਾਈਨ ਮੰਗ ਘੱਲੀ ਜਿਨ੍ਹਾਂ ਸਾਨੂੰ ਚੰਡੀਗੜ੍ਹ ਦਫ਼ਤਰ ਵਿਚ ੨੦ ਦਿਸੰਬਰ ਨੂੰ ਹਾਜ਼ਰ ਹੋਣ ਲਈ ਕਿਹਾ। ਸਾਡੇ ਦਾਮਾਦ ਡਾ: ਜਗਵੰਤ ਸਿੰਘ ਨੇ ਲੋੜੀਂਦੇ ਕਾਗਜ਼ਾਤ ਸਾਨੂੰ ਪਹਿਲਾਂ ਹੀ ਭੇਜ ਦਿੱਤੇ ਸਨ। ਸੋ ਅਸੀਂ ਪਾਸਪੋਰਟ ਸਮੇਤ ਮਿੱਥੇ ਸਮੇਂ ਅਨੁਸਾਰ ਪਹੁੰਚਾ ਦਿੱਤੇ। ਦਫ਼ਤਰ ਵਲੋਂ ਸਾਥੋਂ ਜਾਣ ਦਾ ਕਾਰਨ ਤੇ ਹੋਰ ਵੇਰਵਿਆਂ ਸਬੰਧੀ ਪੁੱਛਗਿੱਛ ਕਰਨ ਉਪਰੰਤ ਸਾਡੇ ਪਾਸਪੋਰਟ ਉਨ੍ਹਾਂ

ਰੱਖ ਲਏ ਤੇ ਸਾਨੂੰ ਪੰਦਰਾਂ ਕੁ ਦਿਨਾਂ ਤੀਕ ਵੀਜ਼ਾ ਪ੍ਰਾਪਤ ਹੋਣ ਦਾ ਅਸ਼ਵਾਸਨ ਦਿੱਤਾ। ਇੱਥੇ ਇਹ ਦੱਸਣਾ ਵੀ ਕੁਥਾਂਇ ਨਹੀਂ ਹੋਵੇਗਾ ਕਿ ਵੀਜ਼ਾ ਦੇਣਾ ਜਾਂ ਨਾ ਦੇਣਾ ਅੰਬੈਸੀ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ ਤੇ ਵਿਦੇਸ਼ ਜਾਣ ਦੀ ਰਾਹਦਾਰੀ ਤੁਹਾਡੇ ਆਪਣੇ ਹੱਥ ਨਹੀਂ ਹੁੰਦੀ। ਵੀਹ ਕੁ ਦਿਨਾਂ ਦੀ ਉਡੀਕ ਮਗਰੋਂ ਵੀਜ਼ੇ ਦੀ ਪ੍ਰਵਾਨਗੀ ਸਹਿਤ ਪਾਸਪੋਰਟ ਕੋਰੀਅਰ ਰਾਹੀਂ ਪ੍ਰਾਪਤ ਹੋਣ ਮਗਰੋਂ ਅਸੀਂ ਲੰਦਨ ਜਾਣ ਦੀ ਤਿਆਰੀ ਵਿਚ ਜੁੱਟ ਗਏ।

ਬੇਟੇ ਨਵਦੀਪ ਸਿੰਘ ਨੇ 'ਔਮਾਨ ਏਅਰ ਵੇਜ਼' ਦੇ ਜਹਾਜ਼ ਰਾਹੀਂ ਦਿੱਲੀ ਤੋਂ ਮੈਨਚੈਸਟਰ ਤੱਕ ਦੀ ੨੨ ਫਰਵਰੀ ੨੦੧੯ ਦੀ ਹਵਾਈ ਟਿਕਟ ਜਰਮਨੀ ਤੋਂ ਹੀ ਬੁਕ ਕਰਵਾ ਦਿੱਤੀ ਸੀ। ਯੂ.ਕੇ. ਸਰਕਾਰ ਦੇ ਨਿਯਮਾਂ ਅਨੁਸਾਰ ਬਾਹਰੋਂ ਆਣ ਵਾਲਿਆਂ ਲਈ ਵਾਪਸੀ ਟਿਕਟ ਲਾਜ਼ਮੀ ਹੋਣ ਕਾਰਨ ਔਨ-ਲਾਈਨ ਬੁਕਿੰਗ ਨਵਦੀਪ ਨੇ ਕੀਤੀ ਪਰ ਜੇ. ਐਂਡ ਕੇ. ਬੈਂਕ ਵੱਲੋਂ ਪੈਸੇ ਟਰਾਂਸਫਰ ਕਰਨ ਵਿਚ ਪਈ ਰੁਕਾਵਟ ਕਾਰਨ ਕਨਫਰਮ ਨਹੀਂ ਸੀ ਹੋ ਸਕੀ। ਬੈਂਕ ਆਪਣੇ ਖ਼ਾਤੇਦਾਰਾਂ ਤੇ ਪੈਨਸ਼ਨਰਾਂ ਦੇ ਖਾਤਿਆਂ 'ਤੇ ਤਿੱਖੀ ਨਜ਼ਰ ਰੱਖਦੀ ਹੈ, ਇਸਦੀ ਉਦਾਹਰਨ ਇਸ ਰੁਕਾਵਟ ਤੋਂ ਭਲੀਭਾਂਤੀ ਲੱਗ ਜਾਂਦੀ ਹੈ। ਜਰਮਨੀ ਤੋਂ ਦੂਜੀ ਵਾਰ ਪੈਸੇ ਟਰਾਂਸਫਰ ਕਰਨ 'ਤੇ ਬੈਂਕ ਨੂੰ ਸ਼ੱਕ ਜਿਹਾ ਲੱਗਾ ਕਿਤੇ ਕੋਈ ਇਸ ਖ਼ਾਤੇ ਦੀ ਕੁਵਰਤੋਂ ਤੇ ਨਹੀਂ ਕਰ ਰਿਹਾ। ਇਸ ਕਾਰਨ ਰਕਮ ਬਲਾਕ ਕਰ ਦਿੱਤੀ ਗਈ ਸੀ।

ਅਸੀਂ ਤਿਆਰੀ ਕਰ ਰਹੇ ਸਾਂ ਕਿ ੧੪ ਫਰਵਰੀ ੨੦੧੯ ਨੂੰ ਪੁਲਵਾਮਾ ਕਾਂਡ ਹੋ ਗਿਆ ਤੇ ਪੂਰੀ ਰਿਆਸਤ ਵਿਚ ਹਾਲਾਤ ਵਿਗੜ ਗਏ। ਜਮੂੰ ਸ਼ਹਿਰ ਵਿਚ ਵੀ ਕਈ ਦਿਨ ਕਰਫਿਊ ਲੱਗਾ ਰਿਹਾ। ਇਨ੍ਹਾਂ ਹਾਲਾਤਾਂ ਵਿਚ ਹੀ ਅਸੀਂ ੨੦ ਫਰਵਰੀ ਨੂੰ ਜੰਮੂ ਤੋਂ ਰਾਜਧਾਨੀ ਐਕਸਪ੍ਰੈਸ ਰਾਹੀਂ ਦਿੱਲੀ ਪਹੁੰਚੇ ਜਿੱਥੇ ਇਕ ਦਿਨ ਦਾ ਵਿਸ਼ਰਾਮ ਰੱਖਿਆ ਗਿਆ ਸੀ। ਦੂਜੇ ਦਿਨ ਸਵੇਰੇ ੨੨ ਫ਼ਰਵਰੀ, ਸ਼ੁੱਕਰਵਾਰ ਨੂੰ ਅਸੀਂ ਇੰਦਰਾ ਗਾਂਧੀ ਇੰਟਰਨੈਸ਼ਨਲ ਹਵਾਈ ਅੱਡੇ 'ਤੇ ਸਵੇਰੇ ੧੦ ਵਜੇ ਪਹੁੰਚ ਗਏ ਸਾਂ। ਜਦੋਂ ਔਮਾਨ ਏਅਰ ਵੇਜ਼ ਦੇ ਕਾਊਂਟਰ 'ਤੇ ਤਾਂ ਸਾਥੋਂ ਵਾਪਸੀ ਟਿਕਟ ਦੀ ਮੰਗ ਕੀਤੀ ਗਈ ਜੋ ਸਾਡੇ ਪਾਸ ਨਹੀਂ ਸੀ। ਮੈਂ ਕਰਮਚਾਰੀਆਂ ਨਾਲ ਵਾਰਤਾਲਾਪ ਤਾਂ ਕਰ ਰਿਹਾ ਸਾਂ ਪਰ ਅੰਦਰੋਂ ਡਰ ਵੀ ਖਾ ਰਿਹਾ ਸੀ ਕਿ ਕਿਧਰੇ ਸਾਨੂੰ ਵਾਪਸ ਹੀ ਨਾ ਜਾਣਾ ਪਵੇ। ਥੋੜ੍ਹਾ ਸਮਾਂ ਲੱਗ ਰਿਹਾ ਸੀ ਇੰਨੇ 'ਚ ਇਸੇ ਏਅਰਲਾਈਨਜ਼ ਦਾ ਇਕ ਆਫ਼ੀਸਰ ਸਾਡੇ ਪਾਸ ਆਇਆ ਤੇ ਫ਼ਤਹਿ ਬੁਲਾ ਕੇ ਕਹਿਣ ਲਗਾ "ਅੰਕਲ ਜੀ, ਦੱਸੋ ਕੀ ਸਮਸਿਆ ਹੈ?" ਮੈਂ ਸਾਰੀ ਵਾਰਤਾ ਸੁਣਾਈ ਅਸੀਂ ਕੇਵਲ ਤਿੰਨ ਮਹੀਨਿਆਂ ਲਈ ਜਾ ਰਹੇ ਹਾਂ। ਸਾਥੋਂ ਵਾਪਸੀ ਟਿਕਟ ਦੀ ਮੰਗ ਕੀਤੀ ਜਾ ਰਹੀ ਹੈ। ਖ਼ੂਬਸੂਰਤ ਚਿਹਰੇ-ਮੋਹਰੇ ਵਾਲਾ ਇਹ ਪੰਜਾਬੀ ਨੌਜਵਾਨ ਕਹਿਣ ਲਗਾ ਇਹ ਬ੍ਰਿਟਿਸ਼ ਸਰਕਾਰ ਵੱਲੋਂ ਜ਼ਰੂਰੀ ਕਰ ਦਿੱਤਾ ਗਿਆ ਹੈ। ਤੁਹਾਨੂੰ ਟਿਕਟ ਦਾ ਬੰਦੋਬਸਤ ਕਰਨਾ ਹੀ ਪਵੇਗਾ।

ਮੈਂ ਸੋਚੀਂ ਪੈ ਗਿਆ, ਫ਼ੋਨ ਚਲਦਾ ਨਹੀਂ, ਖ਼ਾਤਾ ਬਲਾਕ ਹੈ, ਯੂ.ਕੇ. ਵਿਚ ਇਸ ਵੇਲੇ ਰਾਤ ਦਾ ਸਮਾਂ ਹੈ ਤੇ ਫਲਾਈਟ ਲਈ ਕੇਵਲ ਪੌਣੇ ਕੁ ਘੰਟੇ ਦਾ ਸਮਾਂ ਬਾਕੀ ਹੈ, ਲਗਦੈ ਸਾਨੂੰ ਵਾਪਸ ਪਰਤਣਾ ਪਵੇਗਾ। ਉਹਦਾ ਸੁਝਾਉ ਸੀ ਜਿਨ੍ਹਾਂ ਪਾਸ ਤੁਸੀਂ ਜਾਣਾ ਹੈ, ਉਨ੍ਹਾਂ ਨਾਲ ਮੇਰੇ ਫ਼ੋਨ ਤੋਂ ਗੱਲ ਕਰੋ ਟਿਕਟ ਪੰਜ ਮਿੰਟ ਵਿਚ ਔਨ-ਲਾਈਨ ਬੁਕ ਹੋ ਜਾਂਦੀ ਹੈ। ਆਖ਼ਿਰ ਉਸਨੇ ਫ਼ੋਨ ਮਿਲਾਇਆ ਤੇ ਅਸੀਂ ਉਨ੍ਹਾਂ ਨੂੰ ਟਿਕਟ ਬੁਕ ਕਰਨ ਲਈ ਕਹਿ ਦਿੱਤਾ। ਇਸ ਸਮੱਸਿਆ ਦੇ ਹੱਲ ਲਈ ਸਾਡੇ ਨਾਲੋਂ ਉਹ ਨੌਜਵਾਨ ਵੱਧ ਚਿੰਤਾਤੁਰ ਦਿਸਦਾ ਸੀ। ਇੰਨੇ 'ਚ ਮੈਨੂੰ ਚੇਤੇ ਆਇਆ ਕਿ ਅਸੀਂ ਵਾਪਸੀ ਟਿਕਟ ਕਰਾਣ ਲਈ ਯਤਨ ਤਾਂ ਕੀਤਾ ਸੀ ਪਰ ਰਕਮ ਟਰਾਂਸਫਰ ਨਾ ਹੋਣ ਕਾਰਨ ਕਨਫਰਮ ਨਹੀਂ ਸੀ ਹੋ ਸਕੀ। ਸੁਣਦੇ ਸਾਰ ਹੀ ਉਸ ਕਿਹਾ ਕਿ ਮੈਨੂੰ ਡੈਡੀ ਉਹ ਕਾਪੀ ਫ਼ੋਨ 'ਤੇ ਡਾਊਨਲੋਡ ਕਰਕੇ ਦੱਸੋ। ਇਹ ਕਾਪੀ ਵੇਖ ਕੇ ਉਸਨੇ ਹਦਾਇਤ ਦਿੱਤੀ ਕਿ ਇਹ ਨੰਬਰ ਦਰਜ ਕਰ ਦਿਓ ਤੇ ਛੇਤੀ

ਇਨ੍ਹਾਂ ਨੂੰ ਬਰੋਚਿੰਗ ਪਾਸ ਹਵਾਲੇ ਕਰੋ। ਸਾਮਾਨ ਸਕਰੀਨ ਹੋ ਚੁੱਕਾ ਸੀ ਜਿਸ ਨੂੰ ਵਜ਼ਨ ਕਰਨ ਉਪਰੰਤ ਸਾਨੂੰ ਬਰੋਚਿੰਗ ਕਾਰਡ ਹਵਾਲੇ ਕਰ ਦਿੱਤੇ ਗਏ। ਇੰਨੇ 'ਚ ਉਸਨੇ ਮੁੜ ਡਾ: ਜਗਮੀਤ ਨੂੰ ਫ਼ੋਨ ਕਰ ਦਿੱਤਾ ਸੀ ਕਿ ਟਿਕਟ ਬੁਕ ਕਰਨ ਦੀ ਲੋੜ ਨਹੀਂ, ਇਹ ਸਮੇਂ ਸਿਰ ਜਹਾਜ਼ ਰਾਹੀਂ ਰਵਾਨਾ ਹੋਣਗੇ।

ਉਸ ਆਫ਼ੀਸਰ ਨੇ ਇਕ ਕਰਮਚਾਰੀ ਦੀ ਡਿਊਟੀ ਲਾਈ ਕਿ ਉਹ ਸਾਨੂੰ ਗੇਟ ਨੰਬਰ ੧੮ ਤੀਕ ਪਹੁੰਚਾਵੇ ਜਿੱਥੇ ਦਸ ਕੁ ਮਿੰਟ ਦੇ ਵਿਸ਼ਰਾਮ ਮਗਰੋਂ ਜਹਾਜ਼ ਵਿਚ ਪ੍ਰਵੇਸ਼ ਕਰਨਾ ਸੀ। ਜਦੋਂ ਅਸੀਂ ਜਹਾਜ਼ ਵਿਚ ਪ੍ਰਵੇਸ਼ ਕਰਨ ਲਈ ਕਤਾਰ ਵਿਚ ਅੱਗੇ ਵਧ ਰਹੇ ਸਾਂ ਤਾਂ ਠੀਕ ਗੇਟ ਦੇ ਕੋਲ ਉਹ ਆਫ਼ੀਸਰ ਆਪ ਖੜੋਤਾ ਸੀ ਤੇ ਸਾਨੂੰ ਬੜੇ ਖ਼ਲੂਸ ਤੇ ਪਿਆਰ ਨਾਲ ਵਿਦਾਇਗੀ ਦੇ ਰਿਹਾ ਸੀ। ਜਹਾਜ਼ ਵਿਚ ਸਵਾਰ ਹੋ ਕੇ ਵੀ ਮੈਂ ਕਾਫ਼ੀ ਸਮੇਂ ਤੀਕ ਉਸ ਨੌਜਵਾਨ ਵਲੋਂ ਮਿਲੇ ਸਹਿਯੋਗ ਤੇ ਸਤਿਕਾਰ ਸਬੰਧੀ ਸੋਚਦਾ ਰਿਹਾ ਸਾਂ।

ਭਾਵੇਂ ਅਸੀਂ ਘਰੇਲੂ ਸਫ਼ਰ ਕਈ ਵਾਰ ਕਰ ਚੁਕੇ ਸਾਂ ਪਰ ਕੌਮਾਂਤਰੀ ਉਡਾਨ ਰਾਹੀਂ, ਇੰਨੇ ਵੱਡੇ ਜਹਾਜ਼ ਵਿਚ ਸਫ਼ਰ ਕਰਨ ਦਾ ਸਾਡਾ ਇਹ ਪਹਿਲਾ ਮੌਕਾ ਸੀ। ੧੫ ਕੁ ਮਿੰਟਾਂ ਮਗਰੋਂ ਹਵਾਈ ਉਡਾਨ ਅਰੰਭ ਹੋਈ ਤੇ ਕੁਝ ਪਲਾਂ ਮਗਰੋਂ ਅੰਬਰ ਦੀਆਂ ਉਚਾਈਆਂ ਛੋਹਣ ਲਗੀ। ਮੇਰੀ ਧਰਮ ਪਤਨੀ ਸੁਰਜੀਤ ਕੌਰ ਬਾਰੀ ਵਾਲੇ ਪਾਸੇ ਬੈਠੀ ਹੋਣ ਕਾਰਨ ਤੇ ਕੁਝ ਵਹਿਮੀ ਸੁਭਾਅ ਕਾਰਨ ਵੀ ਜਦੋਂ ਬੱਦਲਾਂ ਨੂੰ ਚੀਰਦਾ ਉੱਚੀ ਉਡਾਰੀ ਭਰਦਾ ਤਾਂ ਜਹਾਜ਼ ਦੇ ਵਿਸ਼ਾਲ ਪੱਖੇ ਵਲ ਵੇਖ ਉਹ ਡਰੀ ਤੇ ਸਹਿਮੀ ਜਿਹੀ ਲਗਦੀ। ਮੈਂ ਬਾਰੀ ਦਾ ਸ਼ਟਰ ਬੰਦ ਕੀਤਾ ਤੇ ਉਸਦੀ ਸੀਟ ਦੇ ਸਾਹਮਣੇ ਲਗੇ ਟੀ.ਵੀ. ਨੂੰ ਆਨ ਕੀਤਾ। ਜਹਾਜ਼ ਵਿਚ ਹਰ ਸੀਟ ਦੇ ਸਾਹਮਣੇ ਟੀ.ਵੀ. ਸਕਰੀਨ ਸੀ ਜਿਸ ਤੋਂ ਮੁਸਾਫ਼ਿਰ ਆਪਣੀ ਮਰਜ਼ੀ ਅਨੁਸਾਰ ਪ੍ਰੋਗਰਾਮ ਵੇਖ ਸਕਦੇ ਹਨ। ਸਾਨੂੰ ਜਹਾਜ਼ ਦੇ ਅੰਦਰ ਭੋਜਨ ਵੀ ਛਕਾਇਆ ਗਿਆ। ਚਾਰ ਕੁ ਘੰਟਿਆਂ ਮਗਰੋਂ ਅਸੀਂ ਮਸਕਟ ਹਵਾਈ ਅੱਡੇ 'ਤੇ ਅਪੜ ਚੁੱਕੇ ਸਾਂ।

ਇਸ ਹਵਾਈ ਅੱਡੇ 'ਤੇ ਸਾਡਾ ਦੋ ਘੰਟੇ ਦਾ ਅੰਤਰਾਲ ਸੀ ਤੇ ਦੂਜਾ ਜਹਾਜ਼ ਵੀ ਔਮਾਨ ਏਅਰਵੇਜ਼ ਦਾ ਹੀ ਸੀ। ਔਮਾਨ ਹਵਾਈ ਅੱਡੇ ਦਾ ਸਾਰਾ ਕੰਪਲੈਕਸ ਨਵੀਨ ਯੰਤਰਾਂ ਨਾਲ ਲੈਸ ਤੇ ਖ਼ੂਬਸੂਰਤੀ ਨਾਲ ਸੱਜਿਆ-ਧੱਜਿਆ ਹੀ ਨਹੀਂ ਸਗੋਂ ਸ਼ੀਸ਼ੇ ਵਾਂਗੂੰ ਸਾਫ਼-ਸੁਥਰਾ ਤੇ ਲਿਸ਼ਕਦਾ ਵੀ ਹੈ। ਮਸਕਟ ਦੇ ਵਿਸ਼ਾਲ ਹਵਾਈ ਅੱਡੇ 'ਤੇ ਕਾਫ਼ੀ ਪੈਂਡਾ ਮਾਰ ਕੇ ਅਸੀਂ ਉਸ ਥਾਂ 'ਤੇ ਪੁਹੰਚ ਚੁਕੇ ਸਾਂ ਜਿੱਥੋਂ ਸਾਨੂੰ ਦੂਜੀ ਉਡਾਨ ਮਿਲਣੀ ਸੀ। ਮਸਕਟ ਇਕ ਮੁਸਲਿਮ ਦੇਸ਼ ਹੈ ਜਿਸਨੇ ਅੰਤਰ-ਰਾਸ਼ਟਰੀ ਪੱਧਰ 'ਤੇ ਹਵਾਈ ਅੱਡੇ ਦੇ ਸੁਚੱਜੇ ਪ੍ਰਬੰਧ ਤੇ ਸਫ਼ਲ ਹਵਾਈ ਸੇਵਾਵਾਂ ਰਾਹੀਂ ਆਪਣੀ ਵੱਖਰੀ ਪਹਿਚਾਣ ਕਾਇਮ ਕੀਤੀ ਹੈ। ਸਾਡਾ ਸਾਮਾਨ ਦੂਜੇ ਜਹਾਜ਼ ਵਿਚ ਜਾ ਚੁਕਾ ਸੀ ਤੇ ਸਾਨੂੰ ਸਮੇਂ ਸਿਰ ਜਹਾਜ਼ ਵਿਚ ਸਵਾਰ ਹੋਣ ਦੇ ਆਦੇਸ਼ ਦਿੱਤੇ ਗਏ। ਇਹ ਬੋਇੰਗ ਜਹਾਜ਼ ਸੀ ਜਿਸ ਵਿਚ ਪੰਜ ਸੌ ਤੋਂ ਵੱਧ ਯਾਤਰੀ ਸਫ਼ਰ ਕਰ ਰਹੇ ਸਨ। ਜਹਾਜ਼ ਵਿਚ ਖ਼ੂਬਸੂਰਤ ਉਡਨ ਪਰੀਆਂ ਰਾਹੀਂ ਸਹਿਜ ਤੇ ਸਲੀਕੇ ਨਾਲ ਭੋਜਨ ਤੇ ਖਾਣ-ਪੀਣ ਦੇ ਪਦਾਰਥ ਪਰੋਸਦਿਆਂ ਤੇ ਵਰਤਾਉਂਦਿਆਂ ਚੋਖਾ ਸਮਾਂ ਬੀਤ ਰਿਹਾ ਸੀ। ਕਈ ਲੋਕ ਸ਼ਰਾਬ ਦੀਆਂ ਚੁਸਕੀਆਂ ਲੈ ਰਹੇ ਸਨ, ਕੁਝ ਟੀ.ਵੀ. ਰਾਹੀਂ ਫ਼ਿਲਮਾਂ ਅਤੇ ਸੰਗੀਤ ਦਾ ਅਨੰਦ ਮਾਣ ਰਹੇ ਸਨ ਤੇ ਕਈ ਡੂੰਘੀ ਨੀਂਦਰ ਵਿਚ ਘੁਰਾੜੇ ਮਾਰ ਰਹੇ ਸਨ। ਲਗਾਤਾਰ ੮ ਘੰਟਿਆਂ ਦੇ ਸਫ਼ਰ ਮਗਰੋਂ ੬.੩੦ ਵਜੇ (ਯੂ.ਕੇ. ਦੇ ਸਮੇਂ ਅਨੁਸਾਰ) ਅਸੀਂ ਮੈਨਚੈਸਟਰ ਹਵਾਈ ਅੱਡੇ 'ਤੇ ਪਹੁੰਚ ਗਏ ਸਾਂ। ਜਹਾਜ਼ ਦੇ ਲੈਂਡ ਕਰਦਿਆਂ ਹੀ ਮੈਨੂੰ ਮੁੜ ਇਹ ਚਿੰਤਾ ਖਾਈ ਜਾ ਰਹੀ ਸੀ ਕਿ ਜੇਕਰ ਵਾਪਸੀ ਟਿਕਟ ਦੀ ਪੁੱਛ ਹੋਈ ਤਾਂ ਕੀ ਆਖਾਂਗੇ। ਖ਼ੈਰ ਅਸੀਂ Exit ਗੇਟ ਦੇ ਨੇੜੇ ਪਹੁੰਚੇ ਤਾਂ ਇਕ ਸਰਦਾਰ ਨੌਜਵਾਨ ਜੋਕਿ ਬ੍ਰਿਟਿਸ਼ ਏਅਰਵੇਜ਼ ਦਾ ਕਰਮਚਾਰੀ ਸੀ ਸਾਰਿਆਂ ਨੂੰ ਵਖ-ਵੱਖ ਕਤਾਰਾਂ ਵਿਚ ਰਹਿਣ, ਤੇ ਅੱਗੇ ਵਧਣ ਦਾ ਆਦੇਸ਼ ਦੇ ਰਿਹਾ ਸੀ। ਸਾਨੂੰ ਵੇਖ ਉਸ ਫ਼ਤਹਿ

ਬੁਲਾਈ ਤੇ ਕਾਊਂਟਰ ਤੋਂ ਦੋ ਫਾਰਮ ਲੈ ਕੇ ਭਰਨ ਨੂੰ ਕਿਹਾ ਜੋ ਅਸੀਂ ਲਾਈਨ ਵਿਚ ਤੁਰਦਿਆਂ ਹੀ ਭਰ ਲਏ ਸਨ। ਜਦੋਂ ਅਸੀਂ ਕਾਊਂਟਰ ’ਤੇ ਪਹੁੰਚਣ ਵਾਲੇ ਹੀ ਸਾਂ ਤਾਂ ਉਹ ਸਰਦਾਰ ਜੀ ਮੁੜ ਸਾਡੇ ਪਾਸ ਆ ਗਏ। ਭਰੇ ਹੋਏ ਕਾਰਡ ਤੇ ਪਾਸਪੋਰਟ ਵੇਖ ਕੇ ਉਸਨੇ ਵਾਪਸੀ ਟਿਕਟ ਦੀ ਪੁੱਛ ਕੀਤੀ ਤੇ ਮੈਂ ਝੱਟ ਕਹਿ ਦਿੱਤਾ ਅਜੇ ਕਨਫਰਮ ਨਹੀਂ ਹੋਈ ਹੈ ਪਰ ਦੋ-ਤਿੰਨ ਦਿਨਾਂ ਤੀਕਰ ਮਿਲ ਜਾਵੇਗੀ। ਮੇਰੇ ਨਾਲ ਭਾਰਤ ਬਾਰੇ ਇੰਝ ਗੱਲਾਂ ਕਰ ਰਿਹਾ ਸੀ ਜਿਵੇਂ ਉਹ ਸਾਡਾ ਬਹੁਤ ਹੀ ਕਰੀਬੀ ਸੱਜਣ ਹੋਵੇ। ਆਖ਼ਿਰ ਕਾਊਂਟਰ ’ਤੇ ਬੈਠੀ ਅੰਗਰੇਜ਼ ਬੀਬੀ ਸਾਡੇ ਪਾਸਪੋਰਟ ਤੇ ਕਾਗ਼ਜ਼ ਵੇਖ ਆਖਣ ਲੱਗੀ ਤੁਸੀਂ ਬੇਟੀ ਨੂੰ ਮਿਲਣ ਆਏ ਹੋ, ਤੁਹਾਡਾ ਸੁਆਗਤ ਹੈ। ਜਦੋਂ ਮੈਂ ਦੱਸਿਆ ਕਿ ਮੇਰੀ ਬੇਟੀ ਦੇ ਘਰ ਧੀ ਦਾ ਜਨਮ ਹੋਇਆ ਹੈ ਤੇ ਅਸੀਂ ਉਸਨੂੰ ਮਿਲਣ ਆਏ ਹਾਂ। ਉਹ ਹੱਸਦਿਆਂ-ਹੱਸਦਿਆਂ ਕਹਿਣ ਲਗੀ “Wow you have come to meet your grand daughter!” ਸਨੇਹ ਭਰੇ ਇਨ੍ਹਾਂ ਬੋਲਾਂ ਰਾਹੀਂ ਝੱਟ ਉਸਨੇ ਪਾਸਪੋਰਟ ’ਤੇ ਪਹੁੰਚ ਦੀ ਮੁਹਰ ਲਾਈ ਤੇ ਅੱਗੇ ਵਧਣ ਲਈ ਇਸ਼ਾਰਾ ਕੀਤਾ। ਅਸੀਂ Exit Gate ਪਾਰ ਕਰਕੇ ਪਾਰਕਿੰਗ ਵਿਚ ਪਹੁੰਚੇ ਤਾਂ ਅੱਗੇ ਸਾਡੀ ਬੇਟੀ ਇੰਦੂਮੀਤ ਆਪਣੀ ਧੀ ‘ਮੇਹਰ’ ਨੂੰ ਪ੍ਰਾਈਮ ਵਿਚ ਪਾ ਕੇ ਨੀਝ ਤੇ ਸਨੇਹ ਨਾਲ ਸਾਡਾ ਰਾਹ ਤੱਕ ਰਹੀ ਸੀ। ਡਾ: ਜਗਵੰਤ ਸਿੰਘ ਨੂੰ ਹਰ ਵੀਕ ਐਂਡ ’ਤੇ ਲੰਦਨ ਦੇ ਨਾਲ ਲਗਦੇ ਇਕ ਟਾਪੂ ’ਤੇ ਸਥਾਪਿਤ ਹਸਪਤਾਲ ਵਿਚ ਸਰਜਰੀ ਲਈ ਜਾਣਾ ਪੈਂਦਾ ਸੀ ਜਿਸ ਕਾਰਨ ਉਹ ਸਾਨੂੰ ਆਪ ਲੈਣ ਲਈ ਨਹੀਂ ਸਨ ਆ ਸਕੇ।

ਮੈਨਚੈਸਟਰ ਹਵਾਈ ਅੱਡੇ ਦੀ ਗਹਿਮਾ-ਗਹਿਮੀ ਤੇ ਖ਼ੂਬਸੂਰਤ ਰੌਸ਼ਨੀਆਂ ਦੀ ਚਕਾਚੌਂਦ ਵਿਚ ਲੋਕਾਂ ਦੇ ਭਰਵੇਂ ਹਜੂਮ ਨਿਯਮਾਂ ਦੀ ਪਾਲਨਾ ਕਰਦੇ ਹੋਏ ਆ-ਜਾ ਰਹੇ ਸਨ। ਅਸੀਂ ਕਾਰ ਵਿਚ ਸਵਾਰ ਹੋ ਕੇ ਪੌਣੇ ਕੁ ਘੰਟੇ ਦੇ ਸਫ਼ਰ ਮਗਰੋਂ ‘ਵਿਗਨ’ ਵਲੋਂ ਹੁੰਦੇ ਹੋਏ ਰਿੰਗਟਨ ਟੈਨ ਇਨ੍ਹਾਂ ਦੇ ਨਿਵਾਸ ਸਥਾਨ ’ਤੇ ਪਹੁੰਚੇ। ਬੇਟੀ ਦਾ ਆਪਣਾ ਘਰ ਲੰਦਨ ਵਿਚ ‘Essex’ ਦੇ ‘ਵੁਡਲੈਂਡ’ ਏਰੀਆ ਵਿਖੇ ਹੈ ਤੇ ਇੱਥੇ ਯੂ.ਕੇ. ਦੇ ਪ੍ਰਸਿਧ ਹੱਡੀਆਂ ਦੇ ਹਸਪਤਾਲ ਵਿਚ ਸੇਵਾ ਨਿਭਾ ਰਹੇ ਹਨ ਜਿਸ ਕਾਰਨ ਇਨ੍ਹਾਂ ਨੂੰ ਇੱਥੇ ਰਿਹਾਇਸ਼ ਰੱਖਣੀ ਪਈ ਹੈ। ਡਾ: ਜਗਵੰਤ ਸਿੰਘ ਜੀ ਆਪਣੇ ਪਿਤਾ ਡਾ: ਜਗਦੀਸ਼ ਸਿੰਘ ਜੀ ਵਾਂਗ ਜਿੱਥੇ ਆਪਣੇ ਕਿੱਤੇ ਵਲ ਪੂਰੀ ਤਰ੍ਹਾਂ ਸਮਰਪਿਤ ਹੁੰਦਿਆਂ ਆਰਥੋ ਸਰਜਨ/ਕਨਸੈਲਟੈਂਟ ਵਲੋਂ ਸੇਵਾ ਨਿਭਾ ਰਹੇ ਹਨ ਉੱਥੇ ਗੁਰਬਾਣੀ, ਸਿਮਰਨ ਤੇ ਸੇਵਾ ਵਲ ਵੀ ਲੀਨ ਹਨ। ਡਾ: ਜਗਦੀਸ਼ ਸਿੰਘ ਜੀ ਦਾ ਨਾਂ ਲੈਂਦੇ ਹੀ ਕਸ਼ਮੀਰੀ ਸਿੱਖ ਭਾਈਚਾਰੇ ਦੇ ਇਕ ਗੁਰਸਿਖ, ਸਮਾਜ ਦਰਦੀ ਤੇ ਰਿਆਸਤ ਦੇ ਉੱਘੇ ਡਾਕਟਰ ਵਲੋਂ ਉਨ੍ਹਾਂ ਦੀ ਤਸਵੀਰ ਸਾਹਮਣੇ ਆਉਂਦੀ ਹੈ। ਉਹ ਰਿਆਸਤ ਦੇ ਗੌਰਮਿੰਟ ਮੈਡੀਕਲ ਕਾਲਜ ਸ੍ਰੀਨਗਰ ਵਿਚ ਪ੍ਰੋਫ਼ੈਸਰ ਵਜੋਂ ਸੇਵਾਮੁਕਤ ਹੋਏ ਹਨ। ਡਾ: ਹਰਭਜਨ ਸਿੰਘ ਮਗਰੋਂ ਇਸ ਪਦਵੀ ਨੂੰ ਪ੍ਰਾਪਤ ਕਰਨ ਵਾਲੇ ਉਹ ਦੂਜੇ ਕਸ਼ਮੀਰੀ ਸਿੱਖ ਡਾਕਟਰ ਸਨ। ਕਸ਼ਮੀਰ ਵਿਚ ਪਠਾਨ/ਸਿੱਖ ਰਾਜ ਸਮੇਂ ਇਨ੍ਹਾਂ ਦਾ ਪਰਿਵਾਰ ਇਕ ਵੱਡਾ ਜਗੀਰਦਾਰ ਪਰਿਵਾਰ ਸੀ ਜਿਸਨੂੰ ਸਮੇਂ ਦੇ ਬਦਲਾਉ ਕਾਰਨ ਜਗੀਰਾਂ ਖੁੱਸ ਜਾਣ ਮਗਰੋਂ ਜੀਵਨ ਵਿਚ ਔਖੇ ਪਲ ਵੀ ਵੇਖਣੇ ਪਏ ਸਨ।

ਅਸੀਂ ਤਕਰੀਬਨ ਪੰਜ ਕੁ ਵਰ੍ਹਿਆਂ ਮਗਰੋਂ ਇੰਦੂਮੀਤ ਨੂੰ ਮਿਲ ਰਹੇ ਸਾਂ। ਜੀਅ ਕਰਦਾ ਸੀ ਪੂਰੀ ਰਾਤ ਗੱਲਾਂ ਕਰਦੇ ਰਹੀਏ ਤੇ ਪਿਆਰੀ ਦੋਹਤੀ ‘ਮੇਹਰ’ ਦੇ ਮਾਸੂਮ ਤੇ ਸੁੰਦਰ ਮੁਖੜੇ ਨੂੰ ਨਿਹਾਰਦੇ ਰਹੀਏ। ਪਰ ਏਡੇ ਲੰਮੇ ਹਵਾਈ ਸਫ਼ਰ ਦੌਰਾਨ ਹੋਈ ਥਕਾਵਟ ਕਾਰਨ ਅਸੀਂ ਭੋਜਨ ਛਕ ਕੇ ਛੇਤੀ ਸੌਣ ਦੀ ਸੋਚੀ। ਸਵੇਰੇ ਜਾਗਦਿਆਂ ਹੀ ਜਦੋਂ ਬਾਰੀਆਂ ਥਾਣੀਂ ਆਲੇ-ਦੁਆਲੇ ਵਲ ਝਾਤੀ ਮਾਰੀ ਤਾਂ ਬਾਹਰ ਦੀ ਠੰਡ ਦਾ ਅਹਿਸਾਸ ਸਾਨੂੰ ਸ਼ੀਸ਼ਿਆਂ ’ਤੇ ਜੰਮੇ ਪਾਣੀ ਦੇ ਕਤਰਿਆਂ ਤੋਂ ਹੋ ਚੁਕਾ ਸੀ। ਅੰਦਰ ਭਾਵੇਂ ਘਰ ਗਰਮ ਸੀ ਪਰ ਬਾਹਰ ਦੀ ਠੰਡ ਦੀ ਝਲਕ ਵੀ ਵਿਖਾਈ ਦੇ ਰਹੀ ਸੀ।

ਵਿਹੜਿਆਂ ਵਿਚ ਨਰਗਿਸ ਦੇ ਖਿੜੇ ਫੁੱਲ ਨਜ਼ਰੀਂ ਪਏ ਤੇ ਕਿਧਰੇ-ਕਿਧਰੇ ਰੁੱਖਾਂ ਦੇ ਫੁਲਖੇਰੀ ਵੀ, ਨਜ਼ਰੀਂ ਪਈ। ਜਿੱਥੇ ਇਹ ਘਰ ਹੈ, ਇਸ ਥਾਂ ਦਾ ਨਾਂ 'ਰਿੰਗ ਟੈਨ' ਹੈ ਜੋ ਖੁਲ੍ਹੇ-ਡੁੱਲ੍ਹੇ ਜਿਹੇ ਖ਼ੂਬਸੂਰਤ ਇਲਾਕੇ ਵਿਚ ਵਸਿਆ ਹੈ। ਇੱਥੇ ਯੂ.ਕੇ. ਦਾ ਪ੍ਰਸਿੱਧ ਹੱਡੀਆਂ ਦਾ ਹਸਪਤਾਲ ਹੈ ਜਿੱਥੇ ਡਾ: ਜਗਵੰਤ ਜੀ ਸੇਵਾ ਨਿਭਾ ਰਹੇ ਹਨ।

ਜਦੋਂ ਦੇ ਅਸੀਂ ਆਏ ਹਾਂ ਬਾਰਿਸ਼ਾਂ ਕਾਰਨ ਸਾਡਾ ਬਾਹਰ ਨਿਕਲਣਾ ਮੁਸ਼ਕਿਲ ਹੋ ਰਿਹਾ ਸੀ। ਫੱਗਣ-ਚੇਤ ਦੇ ਮਹੀਨੇ ਵਿਚ ਜਿਹੋ-ਜਿਹਾ ਮੌਸਮ ਕਸ਼ਮੀਰ ਵਿਚ ਹੁੰਦਾ ਹੈ, ਉਹੋ ਜਿਹੀ ਰੁੱਤ ਇੱਥੇ ਵੀ ਮਹਿਸੂਸ ਹੋ ਰਹੀ ਹੈ। ਕੁਝ ਦਿਨਾਂ ਮਗਰੋਂ ਕੋਸੀ-ਕੋਸੀ ਧੁੱਪ ਵੇਖ 'ਜਗਵੰਤ' ਜੀ ਸਾਨੂੰ ੩੦ ਕੁ ਕਿਲੋਮੀਟਰ ਦੀ ਵਿੱਥ 'ਤੇ ਸਮੁੰਦਰ ਦੇ ਕੰਡੇ 'ਤੇ ਸਥਾਪਿਤ ਰਮਣੀਕ ਸੈਰ ਸਪਾਟੇ ਦੀ ਥਾਂ 'ਸਾਊਥ-ਪੋਰਟ' 'ਤੇ ਲੈ ਗਏ। ਇਸ ਪੋਰਟ ਦੇ ਬਣੇ ਇਕ ਪੁਰਾਣੇ ਲੱਕੜ ਦੇ ਪੁਲ 'ਤੇ ਤੁਰਦਿਆਂ ਸੈਲਾਨੀ ਜਿੱਥੇ ਇਕਾਂਤ ਵਿਚ ਸਮੁੰਦਰ ਦੇ ਵਿਸ਼ਾਲ ਪਿੰਡੇ ਨੂੰ ਨਿਹਾਰਦੇ ਹਨ, ਉੱਥੇ ਸਦੀਆਂ ਪੁਰਾਣੇ ਇਸ ਢਾਂਚੇ ਦੀ ਕੁਸ਼ਲ ਸਾਂਭ-ਸੰਭਾਲ ਵੇਖ ਕੇ ਦਾਦ ਦੇਣੋਂ ਨਹੀਂ ਰਹਿ ਸਕਦੇ। ਇਹ ਕਹਿਣਾ ਵੀ ਕੁਥਾਂਏ ਨਹੀਂ ਹੋਵੇਗਾ ਕਿ ਜਿੰਨੇ ਅਸੀਂ ਵਿਰਾਸਤੀ ਤਾਮੀਰਾਂ ਨੂੰ ਢਾਹ-ਢੇਰੀ ਕਰਨ ਵਿਚ ਉਤਾਵਲੇ ਹਾਂ, ਉਨਾ ਹੀ ਇਹ ਲੋਕ ਵਿਰਸੇ ਦੀ ਸਾਂਭ-ਸੰਭਾਲ ਪ੍ਰਤੀ ਗੰਭੀਰ ਤੇ ਵਚਨਬੱਧ ਹਨ। ਇੱਥੋਂ ਦੇ ਲੋਕ ਵੱਡੇ ਘਰਾਂ ਦੀ ਥਾਂ ਛੋਟੇ ਘਰ ਪਸੰਦ ਕਰਦੇ ਹਨ। ਉਸਾਰੀ ਲੋੜ ਅਨੁਸਾਰ ਕੀਤੀ ਜਾਂਦੀ ਹੈ। ਕੰਕਰੀਟ ਦੀ ਉਸਾਰੀ ਕਾਫ਼ੀ ਘੱਟ ਨਜ਼ਰੀਂ ਆਉਂਦੀ ਹੈ। ਘਰ ਭਾਵੇਂ ਛੋਟੇ ਆਕਾਰ ਦੇ ਹੁੰਦੇ ਹਨ ਪਰ ਹਰ ਪ੍ਰਕਾਰ ਦੀ ਸੁਵਿਧਾ ਉਪਲਬਧ ਰੱਖੀ ਜਾਂਦੀ ਹੈ। ਹਰ ਘਰ ਵਿਚ ਗਰਮ ਰੱਖਣ ਲਈ ਯੰਤਰ, ਬਿਜਲੀ, ਪਾਣੀ, ਗੈਸ ਦੀ ਖਪਤ ਦੱਸਦੇ ਮੀਟਰ ਤੇ ਅਣਸੁਖਾਵੀਂ ਸਥਿਤੀ ਵਿਚ ਆਪਣੇ-ਆਪ ਵੱਜਣ ਵਾਲੇ ਸਾਇਰਨ ਤੋਂ ਛੁੱਟ ਕੈਮਰੇ ਤੇ ਪ੍ਰਦੂਸ਼ਣ ਰੋਕੂ ਉਪਕਰਣਾਂ ਦਾ ਪ੍ਰਬੰਧ ਰੱਖਿਆ ਜਾਂਦਾ ਹੈ। ਖੁੱਲੀ ਡੁੱਲੀ ਸੜਕ ਰਾਹੀਂ ਹਰ ਘਰ ਦੇ ਨਾਲ ਪਾਰਕਿੰਗ ਲਈ ਥਾਂ ਵੀ ਮੌਜੂਦ ਰਹਿੰਦੀ ਹੈ। ਪੌਣ ਪਾਣੀ ਸਾਫ਼ ਰੱਖਣ ਵਲ ਸਰਕਾਰ ਦੀ ਵਚਨਬੱਧਤਾ ਸਾਫ਼ ਵਿਖਾਈ ਦਿੰਦੀ ਹੈ। ਨਲਕੇ ਦਾ ਪਾਣੀ ਇਤਨਾ ਸਾਫ਼ ਤੇ ਸਵੱਛ ਹੈ ਜਿਸ ਕਾਰਨ ਐਕਵਾ ਗਾਰਡ ਜਾਂ ਪਿਊਰਿਟ ਦੀ ਲੋੜ ਨਹੀਂ ਭਾਸਦੀ। ਪਾਣੀ ਚੌਵੀ ਘੰਟੇ ਉਪਲਬੱਧ ਰਹਿੰਦਾ ਹੈ। ਬਿਜਲੀ ਦੇ ਖੰਭੇ ਤੇ ਨਾਲੀਆਂ ਕਿਧਰੇ ਨਜ਼ਰ ਨਹੀਂ ਆਉਂਦੀਆਂ। ਸਾਰਾ ਕੰਮ ਅੰਡਰ ਗਰਾਊਂਡ ਕੀਤਾ ਜਾਂਦਾ ਹੈ। ਕੂੜੇ ਨੂੰ ਸੰਭਾਲਣ ਲਈ ਕਰਮਚਾਰੀ ਮਿੱਥੇ ਪ੍ਰੋਗਰਾਮ ਅਨੁਸਾਰ ਹਾਈਡਰਾਲਿਕ ਮਸ਼ੀਨਾਂ ਨਾਲ ਲੈਸ ਗੱਡੀਆਂ ਰਾਹੀਂ ਕੂੜਾ ਸੰਭਾਲਦੇ ਹਨ ਜਿਸਨੂੰ ਮੁੜ ਵਰਤੋਂ ਵਿਚ ਲਿਆਇਆ ਜਾਂਦਾ ਹੈ। ਰੀ-ਸਾਇਕਲ ਹੋਣ ਯੋਗ ਕੂੜਾ ਵੱਖਰਾ ਰੱਖਿਆ ਜਾਂਦਾ ਹੈ ਤੇ ਗਿੱਲਾ ਕੂੜਾ ਮਸ਼ੀਨਾਂ ਰਾਹੀਂ ਸਾੜ ਕੇ ਮੁੜ ਵਰਤੋਂ ਲਈ ਤਿਆਰ ਕੀਤਾ ਜਾਂਦਾ ਹੈ। ਬਗੀਚਿਆਂ ਦਾ ਘਾਹ, ਰੁੱਖਾਂ ਦੀਆਂ ਟਹਿਣੀਆਂ, ਫੁੱਲ ਪੱਤੇ ਆਦਿ ਵੀ ਹੱਥ-ਮਸ਼ੀਨਾਂ ਰਾਹੀਂ ਭੀੜ ਕੇ ਸਾਂਭ ਲਏ ਜਾਂਦੇ ਹਨ ਜੋ ਖਾਦ ਪਦਾਰਥ ਵਜੋਂ ਕੰਮ ਆਉਂਦਾ ਹੈ। ਜੇਕਰ ਪਾਵਰ ਦੀ ਗੱਲ ਕਰੀਏ ਤਾਂ ਬੀਤੇ ਪੰਦਰਾਂ ਦਿਨਾਂ ਵਿਚ ਇਕ ਸਕਿੰਟ ਲਈ ਵੀ ਬਿਜਲੀ ਬੰਦ ਨਹੀਂ ਹੋਈ। ਇਹ ਸਾਰਾ ਕੁਝ ਉਦੋਂ ਸੰਭਵ ਹੁੰਦਾ ਹੈ ਜਦੋਂ ਲੋਕ ਈਮਾਨਦਾਰੀ ਨਾਲ ਨਿਯਮਾਂ ਦੀ ਪਾਲਨਾ ਕਰਦੇ ਹਨ। ਬਿਜਲੀ, ਪਾਣੀ, ਗੈਸ ਦੇ ਬਿੱਲ ਮੀਟਰਾਂ ਅਨੁਸਾਰ ਭੁਗਤਾਏ ਜਾਂਦੇ ਹਨ। ਕਮਾਈ ਅਨੁਸਾਰ ਹਰ ਕੋਈ ਸਮੇਂ ਸਿਰ ਟੈਕਸ ਭਰਦਾ ਹੈ। ਸਾਨੂੰ ਵੀ ਅਜ਼ਾਦ ਹੋਇਆਂ ਭਾਵੇਂ ਸੱਤਰ ਵਰ੍ਹੇ ਹੋ ਚੁਕੇ ਹਨ ਪਰ ਅਜੇ ਵੀ ਸਾਡੀ ਸੋਚ ਵਿਚ ਬਦਲਾਉ ਨਹੀਂ ਆ ਰਿਹਾ।

ਬੇਟੀ 'ਇੰਦੂਮੀਤ' ਕਾਫ਼ੀ ਖ਼ੁਸ਼ ਹੈ। ਇੱਥੋਂ ਦੇ ਮਾਹੌਲ ਨੇ ਉਸਨੂੰ ਪ੍ਰਭਾਵਿਤ ਕੀਤਾ ਹੈ। ਡਾ: ਜਗਵੰਤ ਨੇ ਜਿੱਥੇ ਆਪਣੇ ਪੇਸ਼ੇ ਵਿਚ ਵੱਖਰੀ ਪਹਿਚਾਨ ਬਣਾਈ ਹੈ ਉੱਥੇ ਉਸਨੇ ਨਿਮਰਤਾ ਭਰਪੂਰ ਸੁਭਾਉ, ਗੁਰਮਤਿ ਸੋਚ ਤੇ ਉੱਚ ਵਿਚਾਰਾਂ ਰਾਹੀਂ ਪ੍ਰਭਾਵਿਤ ਵੀ ਕੀਤਾ ਹੈ। ਇੰਦੂਮੀਤ ਨੂੰ

ਆਪਣੇ ਕਿੱਤੇ (Dental Surgeon) ਦੀ ਨਿਯੁਕਤੀ ਲਈ ਵੀ ਸੰਘਰਸ਼ ਕਰਨਾ ਪੈ ਰਿਹਾ ਹੈ। ਜਮੂੰ ਦੇ ਇੰਦਰਾ ਗਾਂਧੀ ਡੈਂਟਲ ਕਾਲਜ ਵਿਚ ੮ ਵਰ੍ਹਿਆਂ ਦੇ ਤਜ਼ੁਰਬੇ ਤੇ ਸ੍ਵੈਵਿਸ਼ਵਾਸ ਨੂੰ ਮੁੱਖ ਰੱਖ ਉਹਨੇ ਪ੍ਰੀਖਿਆ ਦੇ ਕੁਝ ਪਰਚੇ ਪਾਸ ਤਾਂ ਕੀਤੇ ਹਨ ਪਰ ਰੁਝੇਵੇਂ ਕਾਰਨ ਉਹ ਸਫ਼ਲ ਨਹੀਂ ਹੋ ਸਕੀ ਹੈ। ਵਿਦੇਸ਼ ਵਿਚ ਕਿਸੇ ਵੀ ਪ੍ਰਾਪਤੀ ਲਈ ਸੰਘਰਸ਼ ’ਚੋਂ ਲੰਘਣਾ ਪੈਂਦਾ ਹੈ। ਕਠਿਨ ਮਿਹਨਤ ਤੇ ਯੋਗਤਾ ਤੋਂ ਬਿਨਾਂ ਮਨ ਭਾਉਂਦਾ ਕਾਰਜ ਪ੍ਰਾਪਤ ਕਰਨਾ ਏਨਾ ਸੌਖਾ ਨਹੀਂ ਹੁੰਦਾ। ਸਾਨੂੰ ਆਸ ਹੈ ਕਿ ਡਾ: ਇੰਦੂਮੀਤ ਵੀ ਡਾ: ਜਗਵੰਤ ਵਾਂਗੂੰ ਸਫ਼ਲਤਾ ਦਾ ਇਹ ਪੜਾਅ ਪੂਰਾ ਕਰ ਵਿਖਾਏਗੀ।

ਅਜ ਦਸ ਮਾਰਚ ਨੂੰ ਸਵੇਰੇ ਇਸ਼ਨਾਨ ਪਾਣੀ ਤੇ ਨਿਤਨੇਮ ਮਗਰੋਂ ਬਰੇਕਫ਼ਾਸਟ ਕਰਦਿਆਂ ਵੇਖਿਆ, ਬਾਹਰ ਬੜੀ ਤੇਜ਼ ਬਰਫ਼ ਲੱਗੀ ਸੀ। ਕਸ਼ਮੀਰ ਦੇ ਜੰਮਪਲਾਂ ਲਈ ਇਹ ਬਰਫ਼ ਇਕ ਸੌਗਾਤ ਤੋਂ ਘੱਟ ਨਹੀਂ ਹੁੰਦੀ। ਜਿਨ੍ਹਾਂ ਜੀਵਨ ਵਿਚ ਕਈ ਭਿਆਨਕ ਸਿਆਲੇ ਹੰਢਾਏ ਹੋਣ, ਉਨ੍ਹਾਂ ਤੋਂ ਵੱਧ ਸਰਦੀ ਵਿਚ ਰਹਿਣ ਦਾ ਅਨੁਭਵ ਹੋਰ ਕਿਸ ਕੋਲ ਹੋ ਸਕਦਾ ਹੈ। ਕਸ਼ਮੀਰ ਵਿਚ ਆਮ ਘਰਾਂ ਨੂੰ ਗਰਮ ਰੱਖਣ ਲਈ ਲੱਕੜ, ਗੈਸ ਜਾਂ ਮਿੱਟੀ ਦੇ ਤੇਲ ਦੀ ਬੁਖਾਰੀ ਲਾਈ ਜਾਂਦੀ ਹੈ ਜਿਸਦੀ ਤਿਆਰੀ ਕਈ ਮਹੀਨੇ ਪਹਿਲਾਂ ਅਰੰਭੀ ਜਾਂਦੀ ਹੈ। ਇਸ ਬੁਖਾਰੀ ਨਾਲ ਉਹ ਹੀ ਕਮਰਾ ਗਰਮ ਹੁੰਦਾ ਹੈ ਜਿੱਥੇ ਇਹ ਬਲਦੀ ਹੈ। ਬਾਕੀ ਕਮਰੇ ਠੰਡੇ ਹੋਣ ਕਾਰਨ ਘਰ ਦੀਆਂ ਸਵਾਣੀਆਂ ਤੇ ਪੜ੍ਹਾਈ ਕਰਦੇ ਬੱਚਿਆਂ ਲਈ ‘ਕਾਂਗੜੀ’ ਜਾਂ ਹੀਟਰ ਦੀ ਵਰਤੋਂ ਦੇ ਨਾਲ-ਨਾਲ ਗਰਮ ਕੱਪੜਿਆਂ ਦੀਆਂ ਕਈ ਤਹਿਆਂ ਨਾਲ ਸਰੀਰ ਨੂੰ ਕੱਜਣਾ ਪੈਂਦਾ ਹੈ। ਇੱਥੇ ਘਰ ਦੀ ਹਰ ਨੁੱਕਰ ਗਰਮ ਹੁੰਦੀ ਹੈ। ਨਾ ਹੀ ਘਰ ਵਿਚ ਗੰਦ ਪੈਣ ਦੀ ਅਵਸ਼ਕਤਾ ਹੁੰਦੀ ਹੈ ਅਤੇ ਨਾ ਹੀ ਧੂੰਏਂ ਤੇ ਪ੍ਰਦੂਸ਼ਨ ਦਾ ਪ੍ਰਕੋਪ ਝੇਲਣਾ ਪੈਂਦਾ ਹੈ। ਜੇਕਰ ਰੁੱਤਾਂ ਦੀ ਗੱਲ ਕਰੀਏ ਤਾਂ ਯੂ.ਕੇ. ਤੇ ‘ਕਸ਼ਮੀਰ’ ਦੇ ਮੌਸਮ ਵਿਚ ਬਹੁਤਾ ਅੰਤਰ ਨਹੀਂ ਦਿਸਦਾ। ਜਿਵੇਂ ਕਸ਼ਮੀਰ ਵਿਚ ਚੇਤਰ ਦੇ ਮਹੀਨੇ ਵਿਚ ਲੂੰ-ਕੰਡੇ ਖੜੇ ਕਰਦੀ ਛੱਟੀ ਹੁੰਦੀ ਹੈ ਇੱਥੇ ਵੀ ਅਜਿਹੀ ਛੱਟੀ ਝੁਲਦੀ ਹੈ। ਘਰਾਂ ਤੇ ਗੱਡੀਆਂ ਵਿਚ ਇਸ ਛੱਟੀ ਦਾ ਭਾਵੇਂ ਕੋਈ ਅਸਰ ਨਹੀਂ ਹੁੰਦਾ ਪਰ ਪੈਦਲ ਤੁਰਨ ਵਾਲਿਆਂ ਨੂੰ ਔਖ ਜ਼ਰੂਰ ਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਇੱਥੇ ਪੈਦਲ ਤੁਰਨ ਵਾਲਾ ਕੋਈ ਟਾਵਾਂ-ਟਾਵਾਂ ਹੀ ਵਿਖਾਈ ਦਿੰਦਾ ਹੈ।

ਐਤਵਾਰ ਦਾ ਦਿਨ ਹੋਣ ਕਾਰਨ ਸਾਡਾ ਗੁਰਦਵਾਰਾ ਸਾਹਿਬ ਮੱਥਾ ਟੇਕਣ ਦਾ ਮਨ ਕੀਤਾ ਜੋ ਪੰਜੀ ਕੁ ਕਿਲੋਮੀਟਰ ਦੂਰ ‘ਪੈਸਟਲ ਸਿਟੀ’ ਵਿਚ ਸਥਾਪਿਤ ਹੈ। ਸਿਖ ਤੇ ਹਿੰਦੂ ਪਰਿਵਾਰਾਂ ਨੇ ਮਿਲ ਕੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣਾਏ ਇਸ ਅਸਥਾਨ ’ਤੇ ਹਫ਼ਤੇ ਵਿਚ ਦੋ ਵਾਰੀ ਬੁੱਧਵਾਰ ਤੇ ਐਤਵਾਰ ਨੂੰ ਦੀਵਾਨ ਸਜਾਏ ਜਾਂਦੇ ਹਨ। ਅਸੀਂ ਤਿਆਰ ਹੋ ਕੇ ਪੈਸਟਲ ਸਿਟੀ ਵੱਲ ਤੁਰ ਪਏ। ਰਾਹ ਵਿਚ ਸੱਜੇ-ਖੱਬੇ ਖੁੱਲੇ-ਡੱਲ੍ਹੇ ਹਰੇ-ਭਰੇ ਖੇਤ ਦਿਸੇ ਜਿਨ੍ਹਾਂ ਵਿਚ ਫ਼ਸਲ ਦੀ ਥਾਂ ਭੇਡੂਆਂ, ਬੱਕਰੀਆਂ ਤੇ ਗਊਆਂ ਦੇ ਝੁੰਡ ਘਾਹ ਚਰਦੇ ਵੇਖੇ। ੨੦ ਕੁ ਮਿੰਟਾਂ ਮਗਰੋਂ ਅਸੀਂ ਗੁਰਦਵਾਰਾ ਸਾਹਿਬ ਪਹੁੰਚ ਗਏ ਸਾਂ। ਸੜਕ ਦੇ ਦੋਹੇਂ ਪਾਸੇ ਗੱਡੀਆਂ ਪਾਰਕ ਕੀਤੀਆਂ ਗਈਆਂ ਸਨ ਤੇ ਆਸੇ-ਪਾਸੇ ਪੂਰੀ ਖ਼ਾਮੋਸ਼ੀ ਸੀ। ਬਾਹਰ ਭਾਵੇਂ ਕਹਿਰ ਦੀ ਠੰਡ ਸੀ ਪਰ ਅੰਦਰ ਸਾਰਾ ਗੁਰਦਵਾਰਾ ਕੰਪਲੈਕਸ ਗਰਮ ਸੀ। ਜੋੜੇ ਰੱਖਣ ਦੀ ਥਾਂ, ਬਾਥਰੂਮ, ਹੱਥ ਧੋਣ ਦੀ ਥਾਂ, ਲੰਗਰ ਹਾਲ ਆਦਿ ਗਰਮ ਸਨ। ਉਪਰਲੀ ਮੰਜ਼ਿਲ ’ਤੇ ਇਕ ਸੁੰਦਰ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ਤੇ ਇਕ ਬਜ਼ੁਰਗ ਭਾਈ ਸਾਹਿਬ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਸਬੰਧੀ ਸਾਖੀ ਸੁਣਾ ਰਿਹਾ ਸੀ। ਪੰਦਰਾਂ ਕੁ ਮਿੰਟਾਂ ਮਗਰੋਂ ਉਨਾਂ ਸਮਾਪਤੀ ਕੀਤੀ ਤੇ ਸਥਾਨਕ ਰਾਗੀ ਜੱਥੇ ਨੇ ਅਨੰਦ ਸਾਹਿਬ ਦਾ ਪਾਠ ਕੀਤਾ। ਅਰਦਾਸ ਤੇ ਹੁਕਮਨਾਮੇ ਮਗਰੋਂ ਸਟੇਜ ਵਲੋਂ ਲੰਗਰ ਛਕਣ ਲਈ ਬੇਨਤੀ ਕੀਤੀ ਗਈ। ਇਕ ਸਥਾਨਿਕ ਪਰਿਵਾਰ ਨੇ ਬੱਚੇ ਦੇ ਜਨਮ ਦਿਨ ਦੀ ਖ਼ੁਸ਼ੀ ਵਿਚ ਸਹਿਜ ਪਾਠ ਦੇ ਭੋਗ ਪਵਾਏ ਸਨ ਤੇ ਲੰਗਰ ਦੀ ਸੇਵਾ ਕੀਤੀ ਸੀ। ਲੰਗਰ ਹਾਲ ਵਿਚ ਇਕ ਪਾਸੇ ਟੇਬਲ-ਕੁਰਸੀਆਂ ’ਤੇ ਬਜ਼ੁਰਗ ਲੋਕ

ਲੰਗਰ ਛਕ ਰਹੇ ਸਨ ਤੇ ਦੂਜੇ ਪਾਸੇ ਨੌਜਵਾਨ ਤੇ ਬੱਚੇ ਪੰਗਤਾਂ ਵਿਚ ਸਜੇ ਲੰਗਰ ਦਾ ਅਨੰਦ ਮਾਣ ਰਹੇ ਸਨ। ਇਥੇ ਇਹ ਗੱਲ ਦੱਸਣੀ ਵੀ ਜ਼ਰੂਰੀ ਹੈ ਕਿ ਪੈਸਟਨ ਵਿਚ ਭਾਵੇਂ ਸਿੱਖ ਘੱਟ ਗਿਣਤੀ ਵਿਚ ਵਸਦੇ ਹਨ ਪਰ ਇਨ੍ਹਾਂ ਦੇ ਜਜ਼ਬੇ ਤੇ ਸਿਦਕ ਦੀ ਦਾਦ ਦੇਣੀ ਬਣਦੀ ਹੈ ਜਿਨ੍ਹਾਂ ਗੁਰਬਾਣੀ ਦੇ ਸੰਦੇਸ਼, ਸੇਵਾ ਤੇ ਸਿਮਰਨ ਦਾ ਪ੍ਰਵਾਹ ਚਲਾਣ ਦਾ ਮਹਾਨ ਕਾਰਜ ਕੀਤਾ ਹੈ ਤੇ ਗੁਰੂ ਘਰਾਂ, ’ਤੇ ਝੂਲਦੇ ਨਿਸ਼ਾਨ ਸਾਹਿਬਾਂ ਰਾਹੀਂ ਪਹਿਚਾਨ ਕਾਇਮ ਰੱਖੀ ਹੈ। ਅਸੀਂ ਗੱਡੀ ਵਿਚ ਬੈਠੇ ਹੀ ਸਾਂ ਕਿ ਡਾ: ਸਾਹਿਬ ਆਖਣ ਲਗੇ ਘਰੋਂ ਫ਼ੋਨ ਆਇਆ ਸੀ, ਕੁਝ ਖਾਣ-ਪੀਣ ਦਾ ਸਾਮਾਨ ਫੂਡ ਸਟੋਰ ਤੋਂ ਲੈ ਜਾਣਾ ਹੈ। ਉਨ੍ਹਾਂ ਪੈਸਟਨ ਸਿਟੀ ਦੇ ਮਸ਼ਹੂਰ ‘ਕੇ ਡਬਲਿਯੂ ਫੁਡ ਸਟੋਰ’ ਦੇ ਮੂਹਰੇ ਗੱਡੀ ਖੜੀ ਕੀਤੀ। ਜਦੋਂ ਮੈਂ ਬੋਰਡ ਪੜ੍ਹਿਆ ਤਾਂ ਹੈਰਾਨੀ ਹੋਈ ਕਿ ਇਸ ਸਟੋਰ ਦਾ ਪੂਰਾ ਨਾਂ ਹੈ ‘ਕਸ਼ਮੀਰ ਵਤਨ ਫੂਡ ਸਟੋਰ’। ਇਹ ਸਟੋਰ ਬੀਤੇ ਕਈ ਦਹਾਕਿਆਂ ਤੋਂ ਇੱਥੇ ਸਥਾਪਿਤ ਹੈ। ਹੋ ਸਕਦਾ ਹੈ ਇਨ੍ਹਾਂ ਦੇ ਬਜ਼ੁਰਗਾਂ ਦਾ ਪਿਛੋਕੜ ਕਸ਼ਮੀਰ ਨਾਲ ਜੁੜਿਆ ਰਿਹਾ ਹੋਵੇ। ਸਟੋਰ ਦਾ ਨਾਂ ਪੜ੍ਹਦਿਆਂ ਹੀ ਮੇਰੀਆਂ ਸੋਚਾਂ ਦੀ ਤਾਣੀ ਛੋਹੀ ਗਈ ਸੀ। ਪੈਸਟਲ ਸਿਟੀ ਵਿਚ ਮੁਸਲਿਮ ਫਿਰਕੇ ਨਾਲ ਸਬੰਧਤ ਕਾਫ਼ੀ ਲੋਕ ਰਹਿੰਦੇ ਸਨ। ਇਸ ਸ਼ਹਿਰ ਵਿਚ ਤਿੰਨ-ਚਾਰ ਮਸਜਿਦਾਂ ਵੀ ਹਨ। ਬਿਲਡਿੰਗਾਂ ਦੀ ਬਣਤਰ ਜਾਂ ਧਾਰਮਿਕ ਚਿਨ੍ਹਾਂ ਰਾਹੀਂ ਧਰਮ ਸਥਾਨ ਦੀ ਸ਼ਨਾਖ਼ਤ ਤਾਂ ਹੁੰਦੀ ਹੈ ਪਰ ਨਾ ਹੀ ਲਾਊਡ ਸਪੀਕਰਾਂ ਦੀ ਅਵਾਜ਼ ਸੁਣਾਈ ਦਿੰਦੀ ਹੈ ਤੇ ਨਾ ਹੀ ਕੋਈ ਦਿਖਾਵਟ, ਸਜਾਵਟ ਜਾਂ ਪ੍ਰਦਰਸ਼ਨੀ ਨਜ਼ਰ ਆਉਂਦੀ ਹੈ। ਆਲੇ-ਦੁਆਲੇ ਨੂੰ ਸਾਫ਼ ਰੱਖਣ, ਟ੍ਰੈਫ਼ਿਕ ਜਾਮ ਰੋਕਣ ਤੇ ਪ੍ਰਦੂਸ਼ਣ ਰਹਿਤ ਵਿਵਸਥਾ ਬਣਾਈ ਰੱਖਣ ਲਈ ਸਰਕਾਰ ਨਾਲੋਂ ਲੋਕ ਆਪ ਵਚਨਬੱਧ ਹਨ। ਹਰ ਧਰਮ ਦੇ ਲੋਕਾਂ ਨੂੰ ਆਪੋ-ਆਪਣੇ ਧਰਮ ਅਨੁਸਾਰ ਇਬਾਦਤ ਤੇ ਬੰਦਗੀ ਦੀ ਖੁੱਲ੍ਹ ਹੈ ਪਰ ਲੋਕ ਹਿਤਾਂ ਨੂੰ ਠੇਸ ਪਹੁੰਚਾਣ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਹੈ। ਕਾਸ਼ ਇਹੋ ਜਿਹਾ ਮਾਹੌਲ ਅਸੀਂ ਵੀ ਆਪਣੇ ਸਮਾਜ ਵਿਚ ਸਿਰਜ ਸਕੀਏ।

ਸਟੋਰ ਤੋਂ ਲੋੜੀਂਦਾ ਸੌਦਾ ਲੈ ਕੇ ਅਸੀਂ ਵਾਪਿਸ ਘਰ ਪਰਤ ਰਹੇ ਸਾਂ ਤਾਂ ਸਾਡੇ ਅੱਗੇ ਛੜਕਾਉ ਕਰਦਾ ਹੋਇਆ ਇਕ ਵੱਡਾ ਟਰੱਕ ਤੇਜ਼ ਰਫ਼ਤਾਰ ਨਾਲ ਤੁਰ ਰਿਹਾ ਸੀ। ਲੱਗਦਾ ਸੀ ਜਿਵੇਂ ਇਹ ਕੋਈ ਧੂੰਆਂ ਛੱਡ ਰਿਹਾ ਸੀ। ਡਾ: ਸਾਹਿਬ ਅਨੁਸਾਰ ਇਹ ਕਰਮਚਾਰੀ ਸਰਕਾਰੀ ਸੇਵਾ ਨਿਭਾ ਰਹੇ ਹਨ। ਜਦੋਂ ਯੰਤਰਾਂ ਰਾਹੀਂ ਪੇਸ਼ਗੀ ਤਾਪਮਾਨ ਭਾਂਪਿਆ ਜਾਂਦਾ ਹੈ ਤਾਂ ਸੜਕਾਂ ’ਤੇ ਬਰਫ਼ ਜੰਮਣ ਦੀ ਸੰਭਾਵਨਾ ਨੂੰ ਰੋਕਣ ਲਈ ਨਮਕ ਦਾ ਛੜਕਾਉ ਕੀਤਾ ਜਾਂਦਾ ਹੈ। ਅਜਿਹੀ ਵਿਵਸਥਾ ਲਈ ਸਾਨੂੰ ਹੋਰ ਕਿੰਨੇ ਜਫਰ ਜਾਲਨੇ ਪੈਣੇ ਹਨ।

੧੫ ਮਾਰਚ ਨੂੰ ਸਵੇਰੇ ਮੈਨੂੰ ਇਕ ਵਾਟਸਐਪ ਕਾਲ ਮਿਲੀ ਜੋ ਇਕ ਸਿੱਖ ਨੌਜਵਾਨ ਦੀ ਸੀ ਜਿਸਨੂੰ ਪਹਿਚਾਨਣ ਵਿਚ ਮੈਨੂੰ ਬਹੁਤਾ ਸਮਾਂ ਨਹੀਂ ਲੱਗਾ। ਇਹ ਕਾਲ ‘ਸਾਊਥ ਹਾਲ’ ਲੰਦਨ ਤੋਂ ਪਵਨਪਾਲ ਸਿੰਘ ਦੀ ਸੀ ਜੋ ਮੇਰੇ ਬੜੇ ਹੀ ਪਿਆਰੇ ਮਿੱਤਰ ਤੇ ਰਿਆਸਤ ਦੇ ਪੰਜਾਬੀ ਅਦਬ ਦੀ ਉੱਘੀ ਸ਼ਖ਼ਸੀਅਤ ਦਵਿੰਦਰ ਸਿੰਘ ‘ਵਿਸ਼ਵਨਾਗਰਿਕ’ ਦੇ ਬੇਟੇ ਹਨ। ਮੇਰੇ ਯੂ.ਕੇ. ਆਉਣ ਦੀ ਸੂਚਨਾ ਇਨ੍ਹਾਂ ਨੂੰ ਪਿਤਾ ਤੋਂ ਮਿਲੀ ਤੇ ਇਸ ਬੱਚੇ ਨੇ ਫ਼ੋਨ ਰਾਹੀਂ ਸੰਪਰਕ ਕੀਤਾ ਤੇ ਸਾਨੂੰ ਘਰ ਆਉਣ ਲਈ ਸੱਦਾ ਦਿੱਤਾ। ਮੈਂ ਭਾਵੇਂ ਉਸਦੇ ਉਜਲੇ ਭਵਿੱਖ ਤੇ ਚੜ੍ਹਦੀ ਕਲਾ ਲਈ ਉਸਨੂੰ ਸ਼ਬਦਾਂ ਰਾਹੀਂ ਅਸ਼ੀਰਵਾਦ ਦੇ ਰਿਹਾ ਸਾਂ ਪਰ ਉਸਦੇ ਬੋਲ ਮੈਨੂੰ ਹੋਰ ਵੀ ਕੀਲ ਗਏ ਸਨ, “ਅੰਕਲ ਜੀ, ਅਸ਼ੀਰਵਾਦ ਫ਼ੋਨ ਰਾਹੀਂ ਨਹੀਂ ਸਗੋਂ ਆਪ ਆ ਕੇ ਸਾਨੂੰ ਦੇਣੀ ਪਵੇਗੀ।” ਏਡੀ ਦੂਰ ਵਿਦੇਸ਼ ਵਿਚ ਆਪਣਿਆਂ ਨੂੰ ਮਿਲਣ ਦਾ ਚਾਅ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ।

੧੬ ਮਾਰਚ ਨੂੰ ਮੇਰੇ ਬੇਟੇ ਨਵਦੀਪ ਸਿੰਘ ਦਾ ਜਰਮਨੀ ਤੋਂ ਆਣ ਦਾ ਪ੍ਰੋਗਰਾਮ ਸੀ। ਉਹ ਸਾਨੂੰ ਮਿਲਣ ਲਈ ਲੰਦਨ ਆ ਰਿਹਾ ਸੀ। ਉਸਦਾ ਜਹਾਜ਼ ਸਵੇਰੇ ਲੰਦਨ ਪੁਹੰਚਣਾ ਸੀ ਤੇ ਪੂਰਾ

ਦਿਨ ਉਸ ਲੰਦਨ ਸ਼ਹਿਰ ਵੇਖਣ ਲਈ ਲਿਖਿਆ ਸੀ। ਸ਼ਾਮ ਨੂੰ ਲੰਦਨ ਤੋਂ ਵਿਗਿਨ ਤੀਕ ਰੇਲ ਰਾਹੀਂ ਸਫ਼ਰ ਕਰਨ ਉਪਰੰਤ ਸ਼ਾਮ ਅੱਠ ਵਜੇ ਉਹ ਸਾਡੇ ਪਾਸ ਪਹੁੰਚ ਗਿਆ ਸੀ। ਅਸੀਂ ਦੋ ਕੁ ਸਾਲਾਂ ਮਗਰੋਂ ਮਿਲ ਰਹੇ ਸਾਂ। ਮਾਪਿਆਂ ਨੂੰ ਮਿਲਣ ਦਾ ਚਾਅ, ਵੱਡੀ ਭੈਣ ਤੇ ਜੀਜੇ ਦੇ ਪਿਆਰ ਤੇ ਸਨੇਹ ਮਾਣਨ ਦੀ ਖ਼ੁਸ਼ੀ ਤੇ ਨੰਨ੍ਹੀ ਭਾਣਜੀ 'ਮੇਹਰ' ਨੂੰ ਤੱਕਣ ਦੀ ਉਮੰਗ, ਉਹਦੇ ਚਿਹਰੇ ਤੋਂ ਛਲਕ ਰਹੀ ਸੀ।

੧੭ ਮਾਰਚ ਨੂੰ ਨਵਦੀਪ ਦਾ ਜਨਮ ਦਿਹਾੜਾ ਪਰਿਵਾਰ ਨੇ ਮਿਲ ਕੇ ਖ਼ੁਸ਼ੀਆਂ ਨਾਲ ਮਨਾਇਆ। ਡਾ: ਜਗਵੰਤ ਜੀ ਕੇਕ ਲੈ ਆਏ ਸਨ ਤੇ ਭੈਣ ਇੰਦੂਮੀਤ ਆਪਣੇ ਵੀਰ ਲਈ ਵੰਨ-ਸਵੰਨੇ ਕਸ਼ਮੀਰੀ ਪਕਵਾਨ ਰਿੰਨ੍ਹਣ ਵਿਚ ਰੁੱਝੀ ਸੀ। ਪਰਿਵਾਰ ਲਈ ਇਹ ਮਿਲਨ ਯਾਦਗਾਰੀ ਸਿੱਧ ਹੋਇਆ। ਪਰਿਵਾਰਕ ਸਾਂਝਾਂ ਲਈ ਧਾਰਮਿਕ ਰਹੁ ਰੀਤੀ ਤੇ ਸਮਾਜਿਕ ਪਰੰਪਰਾ ਨੂੰ ਸੁਰਜੀਤ ਰੱਖਣ ਲਈ ਕੀਤੇ ਯਤਨਾਂ ਰਾਹੀਂ ਵਧ ਰਹੀਆਂ ਪਰਿਵਾਰਕ ਤ੍ਰੇੜਾਂ ਤੇ ਦੂਰੀਆਂ ਨੂੰ ਘਟਾਇਆ ਜਾ ਸਕਦਾ ਹੈ।

੨੦ ਮਾਰਚ ਬੁੱਧਵਾਰ ਵਾਲੇ ਦਿਹਾੜੇ ਸਵੇਰੇ ਉਠਦੇ ਸਾਰ ਹੀ ਕਸ਼ਮੀਰ ਤੋਂ ਅਖ਼ਬਾਰਾਂ ਦੇ ਹਵਾਲੇ ਨਾਲ ਭੇਜੇ ਗਏ ਵਾਟਸਐਪ ਸੰਦੇਸ਼ਾਂ ਰਾਹੀਂ ਵੀਹ ਵਰ੍ਹੇ ਪਹਿਲਾਂ ਕਸ਼ਮੀਰ ਦੇ ਚਿੱਠੀ ਸਿੰਘ ਪੁਰਾ, ਅਨੰਤਨਾਗ ਵਿਚ ੩੬ ਨਿਹੱਥੇ ਤੇ ਨਿਰਦੋਸ਼ ਸਿੱਖਾਂ ਦਾ ਅਣਪਛਾਤੇ ਲੋਕਾਂ ਵਲੋਂ ਕੀਤੇ ਅਣਮਨੁੱਖੀ ਘਾਣੇ ਸਬੰਧੀ ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਸ੍ਰ: ਜਗਮੋਹਨ ਸਿੰਘ 'ਰੈਨਾ' ਵਲੋਂ ਪ੍ਰੈਸ ਬਿਆਨ ਰਾਹੀਂ ਕਸ਼ਮੀਰ ਦੇ ਸਿੱਖਾਂ ਵਲੋਂ ਭਾਰਤੀ ਸਰਕਾਰ ਨੂੰ ਮੁੜ ਮੰਗ ਕੀਤੀ ਗਈ ਸੀ ਕਿ ਇਸ ਘਟਨਾ ਦੀ ਤਹਿਕੀਕਾਤ ਕਰਵਾਈ ਜਾਵੇ ਤੇ ਇਸ ਸਾਜ਼ਿਸ਼ ਦੀਆਂ ਪਰਤਾਂ ਨੂੰ ਖੋਲ੍ਹਿਆ ਜਾਵੇ। ਇਸ ਅਪੀਲ ਨੂੰ ਇੱਥੋਂ ਦੇ ਕਈ ਚੈਨਲਾਂ ਨੇ ਵੀ ਪ੍ਰਸਾਰਿਤ ਕੀਤਾ ਸੀ। ਵਖ-ਵਖ ਅਖ਼ਬਾਰਾਂ ਵਿਚ ਰੈਨਾ ਜੀ ਦੇ ਛਪੇ ਬਿਆਨ ਪੜ੍ਹ ਕੇ ਮੈਨੂੰ ਚੰਗਾ ਵੀ ਲਗਾ ਕਿ ਇਕ ਯੋਗ ਵਿਅਕਤੀ ਹੀ ਸੁਚੱਜੀ ਅਗਵਾਈ ਕਰ ਸਕਦਾ ਹੈ। ਧੜਾ ਪ੍ਰਸਤੀ ਤੇ ਸ਼ਖ਼ਸ ਪ੍ਰਸਤੀ ਕਰਨ ਵਾਲੇ ਕਦੀ ਕੌਮੀ ਨੇਤਾ ਨਹੀਂ ਅਖਵਾਏ ਜਾ ਸਕਦੇ। ਯੂ.ਕੇ. ਬੈਠੇ ਮੈਨੂੰ ਇਹ ਅਹਿਸਾਸ ਵੀ ਹੋਇਆ ਹੈ ਕਿ ਦਸ ਵਰ੍ਹੇ ਪਹਿਲਾਂ ਰੈਨਾ ਜੀ ਨੂੰ ਦਿੱਤੀ ਜ਼ਿਮੇਵਾਰੀ ਬੜੀ ਇਮਾਨਦਾਰੀ, ਬੇਬਾਕੀ ਤੇ ਕੁਸ਼ਲਤਾ ਨਾਲ ਨਿਭਾਏ ਜਾਣ ਮਗਰੋਂ ਵੀ ਸਾਡੇ ਲੋਕ ਜਾਤੀ ਈਰਖਾਵਾਂ ਤੇ ਉਲਝਨਾਂ ਤੋਂ ਉੱਪਰ ਉਠ ਕੇ ਇਨ੍ਹਾਂ ਨੂੰ ਸਹਿਯੋਗ ਦੇਣ ਵਿਚ ਹੇਠੀ ਸਮਝਦੇ ਹਨ। ਈਮਾਨਦਾਰ, ਸੂਝ-ਬੂਝ ਤੇ ਯੋਗ ਅਗਵਾਈ ਤੋਂ ਬਿਨਾਂ ਸੁਚੱਜੇ ਗੁਰਦਵਾਰਾ ਪ੍ਰਬੰਧ, ਕੁਸ਼ਲ ਸਮਾਜਿਕ ਤੇ ਵਿਦਿਅਕ ਸੰਗਠਨਾਂ ਦੇ ਸੰਚਾਲਨ ਤੇ ਰਾਜਨੀਤਕ ਵਿਵਸਥਾ ਦੀ ਆਸ ਨਹੀਂ ਰੱਖੀ ਜਾ ਸਕਦੀ।

ਨਵਦੀਪ ਨੇ ਅੱਜ ਦਾ ਦਿਨ 'ਮੈਨਚੈਸਟਰ' ਜਾਣ ਲਈ ਮਿੱਥਿਆ ਸੀ ਤੇ ਉਹ ਮੈਨੂੰ ਵੀ ਨਾਲ ਲੈ ਜਾਣਾ ਚਾਹੁੰਦਾ ਸੀ। ਅਸੀਂ ਦੋਵੇਂ ਤਿਆਰ ਹੋ ਕੇ ਡਾ: ਜਗਵੰਤ ਜੀ ਦੀ ਕਾਰ ਵਿਚ ਸਵਾਰ ਹੋ 'ਵਿਗਿਨ' ਰੇਲਵੇ ਸਟੇਸ਼ਨ ਪਹੁੰਚੇ ਜੋ ਦਸ ਕੁ ਕਿਲੋਮੀਟਰ ਦੀ ਵਿੱਥ 'ਤੇ ਹੈ। ਮੈਨਚੈਸਟਰ ਜਾਣ ਵਾਲੀ ਰੇਲ ਰਾਹੀਂ 'ਬੈਲਟਨ' ਹੁੰਦੇ ਹੋਏ ਪੌਣੇ ਕੁ ਘੰਟੇ ਵਿਚ ਮੈਨਚੈਸਟਰ ਸਟੇਸ਼ਨ 'ਤੇ ਜਾ ਅਪੜੇ ਜਿੱਥੋਂ ਅੱਗੇ ਬੱਸ ਰਾਹੀਂ ਸੰਸਾਰ ਪ੍ਰਸਿੱਧ ਮੈਨਚੈਸਟਰ ਯੂਨਾਈਟਿਡ ਸਟੇਡੀਅਮ ਲਈ ਰਵਾਨਾ ਹੋਏ। ਮੇਰੇ ਬੇਟੇ ਲਈ ਇਸ ਸਟੇਡੀਅਮ ਦਾ ਦੌਰਾ ਸੱਚਮੁੱਚ ਹੱਜ ਨਾਲੋਂ ਘੱਟ ਨਹੀਂ ਸੀ। ਇੰਝ ਲਗਦਾ ਸੀ ਜਿਵੇਂ ਉਸ ਦੀ ਚਿਰਾਂ ਪੁਰਾਣੀ ਰੀਝ ਅਜ ਪੂਰੀ ਹੋਈ ਹੈ।

ਨਵਦੀਪ ਦਾ ਫੁੱਟਬਾਲ ਦੀ ਖੇਡ ਵਲ ਬਚਪਨ ਤੋਂ ਹੀ ਆਕਰਸ਼ਿਤ ਹੋਣ ਪਿੱਛੇ ਕੀ ਕਾਰਨ ਹਨ ਇਹਦਾ ਮੈਨੂੰ ਪਤਾ ਨਹੀਂ ਪਰ ਇਕ ਘਟਨਾ ਉਸਦੇ ਜਨੂੰਨ ਦੀ ਅਕਾਸੀ ਕਰਦੀ ਹੈ। ਫੁੱਟਬਾਲ

ਦਾ ਵਿਸ਼ਵਕਪ ਅਰੰਭ ਹੋਣ ਵਾਲਾ ਸੀ ਤੇ ਸਾਡਾ ਟੀ.ਵੀ. ਕੁਝ ਦਿਨਾਂ ਤੋਂ ਠੀਕ ਤਰ੍ਹਾਂ ਨਹੀਂ ਸੀ ਚਲ ਰਿਹਾ। ਇਸ ਸਮੱਸਿਆ ਦੇ ਸਮਾਧਾਨ ਲਈ ਉਸਨੇ ਘਰ ਦੇ ਸਾਰੇ ਜੀਆਂ ਤੇ ਕੁਝ ਮੇਰੇ ਮਿਤਰਾਂ ਦੇ ਸਹਿਯੋਗ ਨਾਲ ਇਕ ਦਿਨ ਪਹਿਲਾਂ ਨਵਾਂ ਟੀ.ਵੀ. ਖ਼ਰੀਦਣ ਲਈ ਮਜ਼ਬੂਰ ਕਰ ਦਿੱਤਾ ਸੀ। ਮੈਨੂੰ ਯਾਦ ਹੈ L.G. ਦਾ ਵੱਡਾ ਟੀ.ਵੀ. ੨੦,੦੦੦ ਰੁਪਏ ਦਾ ਖ਼ਰੀਦਣਾ ਪਿਆ ਤੇ ਇਸਨੇ ਉਦਘਾਟਨੀ ਮੈਚ ਨਵੇਂ ਟੀ.ਵੀ. 'ਤੇ ਹੀ ਵੇਖਿਆ ਸੀ।

ਯੂ.ਕੇ. ਦੀ ਫੁੱਟਬਾਲ ਪ੍ਰੀਮੀਅਰ ਲੀਗ ਵਿਸ਼ਵ ਦੀ ਸਿਰਮੌਰ ਤੇ ਚਰਚਿਤ ਪ੍ਰੀਮੀਅਰ ਲੀਗ ਹੈ। ਹਰ ਵਰ੍ਹੇ ਖੇਡੀ ਜਾਣ ਵਾਲੀ ਇਸ ਲੀਗ ਵਿਚ ਬ੍ਰਿਟੇਨ ਦੇ ਵੱਖ-ਵੱਖ ਸ਼ਹਿਰਾਂ ਦੇ ਕਲੱਬਾਂ ਦੀਆਂ ਟੀਮਾਂ ਭਾਗ ਲੈਂਦੀਆਂ ਹਨ। ਇਨ੍ਹਾਂ ਕਲੱਬਾਂ ਵਿੱਚੋਂ ਇਕ ਕਲੱਬ ਹੈ, 'ਮੈਨਚੈਸਟਰ ਯੂਨਾਇਟਿਡ' ਜਿਸਨੇ ਆਪਣਾ ਇਕ ਵੱਖਰਾ ਇਤਿਹਾਸ ਸਿਰਜਿਆ ਹੈ। ਇਸ ਕਲੱਬ ਦੇ ਵਿਸ਼ਵ ਭਰ ਵਿਚ ਲੱਖਾਂ ਪ੍ਰਸ਼ੰਸਕ ਮੌਜੂਦ ਹਨ। ਬੀਤੇ ੧੫ ਕੁ ਸਾਲਾਂ ਤੋਂ ਨਵਦੀਪ ਵੀ ਇਸ ਕਲੱਬ ਦਾ ਸ਼ੈਦਾਈ ਬਣਿਆ ਹੈ। ਮੈਚ ਦੇ ਜਿੱਤਣ ਸਮੇਂ ਇਹ ਖ਼ੁਸ਼ੀ ਨਾਲ ਝੂਮ ਉਠਦਾ ਹੈ ਤੇ ਕਲੱਬ ਦੀ ਹਾਰ ਇਹਨੂੰ ਨਿਰਾਸ਼ ਕਰ ਦਿੰਦੀ ਹੈ। ਇਸਨੂੰ ਕਲੱਬ ਦੇ ਮੈਚ ਵੇਖਣ ਲਈ ਕਈ ਰਾਤਾਂ ਦੀ ਨੀਂਦ ਵੀ ਹਰਾਮ ਕਰਨੀ ਪੈਂਦੀ ਹੈ। ਜਿਸ ਕਲੱਬ ਦੇ ਇਤਿਹਾਸ, ਖਿਡਾਰੀਆਂ ਦੇ ਜੀਵਨ ਤੇ ਉਲਬਧੀਆਂ ਦੇ ਵੇਰਵੇ ਤੇ ਪ੍ਰਸ਼ਾਸਨਿਕ ਜਾਣਕਾਰੀ ਦੇ ਆਂਕੜੇ ਉਹ ਇਕਤਰ ਕਰਦਾ ਰਿਹਾ ਸੀ ਅੱਜ ਉਸ ਕਲੱਬ ਦੇ ਸਟੇਡਿਅਮ ਤੇ ਮਿਊਜ਼ੀਅਮ ਨੂੰ ਵੇਖਣ ਲਈ ਉਸਦੇ ਸੁਪਨੇ ਸਾਕਾਰ ਹੁੰਦੇ ਵੇਖ ਮੈਨੂੰ ਵੀ ਪ੍ਰਸੰਨਤਾ ਹੋ ਰਹੀ ਸੀ। ਇਸ ਸਟੇਡੀਅਮ ਨੂੰ ਵੇਖਣ ਲਈ ਪੂਰੇ ਵਿਸ਼ਵ ਤੋਂ ਪ੍ਰਸ਼ੰਸਕ ਹਰ ਰੋਜ਼ ਆਉਂਦੇ ਹਨ ਜੋ ਪਹਿਲਾਂ ਤੋਂ ਹੀ ਆਨਲਾਈਨ ਸਮਾਂ ਨਿਸਚਿਤ ਕਰਵਾ ਲੈਂਦੇ ਹਨ। ਇਹ ਸਟੇਡੀਅਮ ਵੇਖਣ ਲਈ ਫ਼ੀਸ ਵੀ ਚੋਖੀ ਲਈ ਜਾਂਦੀ ਹੈ ਜੋ ਡਾ: ਜਗਵੰਤ ਜੀ ਨੇ ਪਹਿਲਾਂ ਹੀ ਜਮ੍ਹਾਂ ਕਰਵਾ ਦਿੱਤੀ ਸੀ। ਸਟੇਡੀਅਮ ਦੀ ਸਾਹਮਣੇ ਵਾਲੀ ਬਾਹੀ 'ਤੇ ਇਕ ਵੱਡਾ ਸਟੋਰ ਹੈ ਜਿਸ ਵਿਚ ਕਲੱਬ ਵਲੋਂ ਤਿਆਰ ਕੀਤੀਆਂ ਜਰਸੀਆਂ, ਟੀ. ਸ਼ਰਟਾਂ, ਨਿੱਕਰਾਂ, ਜੁਰਾਬਾਂ, ਬੂਟ, ਟ੍ਰੈਕ ਸੂਟ, ਤਸਵੀਰਾਂ ਤੇ ਲੋਗੋ ਆਦਿ ਵਸਤੂਆਂ ਖ਼ਰੀਦੀਆਂ ਜਾਂਦੀਆਂ ਹਨ। ਹਰ ਵਸਤੂ 'ਤੇ ਕਲੱਬ ਦਾ ਲੋਗੋ ਲੱਗਾ ਹੁੰਦਾ ਹੈ ਜੋ ਆਪਣੇ ਆਪ ਵਿਚ ਇਕ ਮਹੱਤਤਾ ਰੱਖਦਾ ਹੈ। ਕੁਝ ਲੋੜੀਂਦੀਆਂ ਵਸਤੂਆਂ ਖ਼ਰੀਦਣ ਮਗਰੋਂ ਅਸੀਂ ਸਟੇਡੀਅਮ ਦੇ ਮੁਖ ਦਫ਼ਤਰ 'ਤੇ ਪਹੁੰਚ ਗਏ ਸਾਂ।

ਸਾਡੇ ਗਰੁੱਪ ਵਿਚ ਵੱਖ-ਵੱਖ ਦੇਸ਼ਾਂ ਤੋਂ ਆਏ ੩੦ ਕੁ ਸੈਲਾਨੀ ਸ਼ਾਮਿਲ ਸਨ। ਭਾਰਤ ਤੋਂ ਅਸੀਂ ਪਿਓ-ਪੁਤ ਸ਼ਾਮਿਲ ਸਾਂ। ਸਾਨੂੰ ਸ਼ਨਾਖ਼ਤੀ ਪਟੇ ਪਵਾ ਕੇ ਇਕ ਬਜ਼ੁਰਗ ਅੰਗਰੇਜ਼ ਦੀ ਅਗਵਾਈ ਹੇਠ ਅੱਗੇ ਤੋਰਿਆ ਗਿਆ। ਉਹ ਗਾਈਡ ਸਾਨੂੰ ਹਰ ਹਿੱਸੇ ਦੀ ਜਾਣਕਾਰੀ ਦੇ ਰਿਹਾ ਸੀ। ਇਹ ਵਿਸ਼ਵ ਦਾ ਦੂਜਾ ਵੱਡਾ ਫੁੱਟਬਾਲ ਸਟੇਡੀਅਮ ਹੈ ਜਿਸ ਵਿਚ ੭੫,੦੦੦ ਦਰਸ਼ਕਾਂ ਲਈ ਬੈਠਣ ਦੀ ਥਾਂ ਹੈ। ਇਸ ਵਿਸ਼ਾਲ ਸਟੇਡੀਅਮ ਦੇ ਚੋਹਾਂ ਭਾਗਾਂ ਵਿਚ ਸਾਨੂੰ ਲੈ ਜਾਇਆ ਗਿਆ। ਹਰ ਭਾਗ ਸਾਬਕਾ ਉੱਘੇ ਖਿਡਾਰੀਆਂ ਤੇ ਮੈਨੇਜਰਾਂ ਦੇ ਨਾਂ ਸਮਰਪਿਤ ਸੀ। ਜਿਨ੍ਹਾਂ ਦੇ ਯੋਗਦਾਨ ਸਦਕਾ ਇਹ ਕਲੱਬ ਗੋਰਵਮਈ ਸਥਾਨ ਪ੍ਰਾਪਤ ਕਰ ਸਕਿਆ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਜਿਵੇਂ ਅਸੀਂ ਅਜਿਹੀਆਂ ਯਾਦਗਾਰਾਂ ਨੂੰ ਮਿਟਾਣ ਵਿਚ ਮਹਾਰਤ ਰਖਦੇ ਹਾਂ ਉਵੇਂ ਇਹ ਲੋਕ ਇਨ੍ਹਾਂ ਯਾਦਗਾਰਾਂ ਨੂੰ ਸਾਂਭਣ ਵਿਚ ਯਕੀਨ ਰੱਖਦੇ ਹਨ। ਸੌ ਵਰ੍ਹਿਆਂ ਤੋਂ ਵੱਧ ਸਮੇਂ ਦੇ ਪੁਰਾਣੇ ਇਸ ਕਲੱਬ ਦੀਆਂ ਕਈ ਪੁਰਾਣੀਆਂ ਯਾਦਾਂ ਨੂੰ ਇਨ੍ਹਾਂ ਨੇ ਇੰਝ ਸਾਂਭਿਆ ਹੈ ਜਿਵੇਂ ਇਹ ਸੱਜਰੀਆਂ ਹੋਣ।

ਮਿਯੂਜ਼ਿਅਮ ਵਿਚ ਮਹਾਨ ਖਿਡਾਰੀਆਂ ਦੀਆਂ ਵਰਦੀਆਂ, ਬੂਟ ਤੇ ਪ੍ਰਾਪਤ ਸਨਮਾਨ ਸਜਾ ਕੇ ਰਖੇ ਗਏ ਹਨ ਜਿਸ ਤੋਂ ਇਹ ਫੁੱਟਬਾਲ ਕਲੱਬ ਦੇ ਰੌਸ਼ਨ ਤੇ ਸੁਨਿਹਰੀ ਇਤਿਹਾਸ ਸਬੰਧੀ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ। ਆਧੁਨਿਕ ਯੰਤਰਾਂ ਰਾਹੀਂ, ਵੱਡੇ-ਵੱਡੇ ਸਕਰੀਨਾਂ 'ਤੇ ਉਕਰੇ ਇਤਹਾਸਕ

ਵੇਰਵੇ ਭਰਪੂਰ ਜਾਣਕਾਰੀ ਦਿੰਦੇ ਹਨ। ਜਦੋਂ ਗਾਈਡ ਵੱਖ-ਵੱਖ ਵਿਸ਼ਿਆਂ ’ਤੇ ਜਾਣਕਾਰੀ ਦੇ ਰਿਹਾ ਸੀ ਤਾਂ ਵਿੱਚੋਂ ਕਈ ਪ੍ਰਸ਼ਨ ਵੀ ਪੁੱਛ ਲੈਂਦਾ ਸੀ ਇਹ ਪਰਖਣ ਲਈ, ਕੀ ਇਹ ਲੋਕ ਸੱਚਮੁਚ ਇਸ ਖੇਡ ਨਾਲ ਜੁੜੇ ਹਨ ਜਾਂ ਨਹੀਂ। ਸਾਡੇ ਇਸ ਪੂਰੇ ਦਸਤੇ ’ਚੋਂ ‘ਨਵਦੀਪ’ ਤੇ ਇਕ ਅਮਰੀਕਨ ਕੁੜੀ ਹੀ ਵੱਧ ਤੋਂ ਵੱਧ ਉੱਤਰ ਦਿੰਦੇ ਰਹੇ ਤੇ ਗਾਈਡ ਤੋਂ ਦਾਦ ਪ੍ਰਾਪਤ ਕਰਦੇ ਰਹੇ। ਇਸ ਫੇਰੀ ਮਗਰੋਂ ਮੈਨੂੰ ਇਨ੍ਹਾਂ ਦੋ ਸ਼ੰਕਿਆਂ ਦੇ ਉੱਤਰ ਲੱਭ ਗਏ ਸਨ। ੧੩੦ ਕਰੋੜ ਦੀ ਸੰਖਿਆ ਵਾਲੇ ਦੇਸ਼ ਭਾਰਤ ਦਾ ਵਿਸ਼ਵ ਫੁੱਟਬਾਲ ਵਿਚ ੧੫੦ਵਾਂ ਸਥਾਨ ਹੋਣਾਂ ਤੇ ਰਿਆਸਤ ਜਮੂੰ-ਕਸ਼ਮੀਰ ਵਿਚ ਵੱਧ ਤੋਂ ਵੱਧ ਖੇਡੀ ਜਾਂਦੀ ਇਸ ਖੇਡ ਦਾ ਕੌਮੀ ਪੱਧਰ ’ਤੇ ਪਛੜਨ ਪਿੱਛੇ ਸਰਕਾਰੀ ਤੇ ਲੋਕ ਪੱਧਰੀ ਵਿਵਸਥਾ ਦੀ ਘਾਟ ਹੋਣ ਹੀ ਕਾਰਨ ਹੈ। ਯੂ.ਕੇ. ਦੇ ਲੋਕ ਪੰਜ ਦਿਨ ਕੰਮ ਕਰਦੇ ਹਨ ਤੇ ਸਨਿਚਰ ਤੇ ਐਤਵਾਰ ਨੂੰ ਵੱਖ-ਵੱਖ ਕਲੱਬਾਂ ਵਿਚ ਹੋ ਰਹੇ ਫੁੱਟਬਾਲ ਮੈਚਾਂ ਦਾ ਅਨੰਦ ਮਾਣਦੇ ਹਨ। ਇਹੀ ਕਾਰਨ ਹੈ ਕਿ ਯੂ.ਕੇ. ਦੇ ਲੋਕਾਂ ਨੂੰ ਇਹ ਪ੍ਰੀਮੀਅਰ ਲੀਗ ਮੈਚ, ਉਤਸਵ ਤੋਂ ਘੱਟ ਨਹੀਂ ਲੱਗਦੇ। ਹਰ ਸ਼ਹਿਰ ਦੇ ਆਪੋ-ਆਪਣੇ ਫੁੱਟਬਾਲ ਕਲੱਬ ਹਨ ਜਿਨ੍ਹਾਂ ਨਾਲ ਸਾਂਝ ਪਾਣ ਲਈ ਲੋਕ ਕਈ ਮਹੀਨੇ ਪਹਿਲਾਂ ਸੀਟਾਂ ਰਿਜ਼ਰਵ ਕਰਵਾਂਦੇ ਹਨ।

ਸਟੇਡੀਅਮ ’ਚੋਂ ਨਿਕਲ ਕੇ ਅਸੀਂ ਮੈਨਚੈਸਟਰ ਸ਼ਹਿਰ ਦੇ ਇਕ ਭੀੜ-ਭੜੱਕੇ ਵਾਲੇ ਚੌਂਕ ਵਿਚ ਇਕ ਕੈਫੀਟੇਰੀਆ ਤੋਂ ‘ਬਰਗਰ’ ਤੇ ‘ਕਾਫ਼ੀ’ ਪੀਣ ਮਗਰੋਂ ਰੇਲ ਰਾਹੀਂ ਵਿਗਨ ਪਹੁੰਚੇ ਜਿੱਥੋਂ ਸਾਨੂੰ ਡਾ: ਜਗਵੰਤ ਨੇ ਘਰ ਲੈ ਆਂਦਾ। ਘਰ ਵੜਦਿਆਂ ਹੀ ਮੇਰੇ ਮੂਹੋਂ ਇਹ ਬੋਲ ਨਿਕਲੇ, “ਅਜ ਮੈਨੂੰ ਅਹਿਸਾਸ ਹੋਇਆ ਹੈ, ਕਿ ਨਵਦੀਪ ਨੇ ਆਪਣੇ ਕਮਰੇ ਵਿਚ ‘ਬੈਕਿਮ’, ‘ਰੁਨਾਲਡੋ’, ‘ਰੂਨੀ’, ‘ਗਿਗਸ’, ‘ਵੈਨ ਪਰਸੀ’ ਤੇ ਵੈਨਸਟਿਲ ਰਾਏ ਜਿਹੇ ਮੈਨਚੈਸਟਰ ਯੂਨਾਈਟਿਡ ਦੇ ਨਾਮਵਰ ਖਿਡਾਰੀਆਂ ਦੀਆਂ ਤਸਵੀਰਾਂ ਕਿਉਂ ਸਜਾ ਕੇ ਰੱਖੀਆਂ ਸਨ।”

੨੩ ਮਾਰਚ ਸਨਿਚਰਵਾਰ ਨੂੰ ਡਾ: ਜਗਵੰਤ ਨੂੰ ਛੁੱਟੀ ਸੀ ਤੇ ਉਨ੍ਹਾਂ ਅੱਜ ‘ਲੇਕ ਡਿਸਟ੍ਰਿਕਟ’ ਦੀ ਸੈਰ ’ਤੇ ਜਾਣ ਦਾ ਪ੍ਰੋਗਰਾਮ ਉਲੀਕਿਆ ਸੀ। ਕਾਰ ਵਿਚ ਥਾਂ ਦੀ ਕਮੀ ਕਾਰਨ ‘ਇੰਦੂਮੀਤ’ ਤੇ ‘ਮੇਹਰ’ ਨੂੰ ਘਰ ਰੁਕਣਾ ਪਿਆ ਸੀ। ਸਰਕਾਰ ਵਲੋਂ ਪ੍ਰਚਲਤ ਆਦੇਸ਼ਾਂ ਅਨੁਸਾਰ ਬੱਚੇ ਨੂੰ ਕੁਛੜ ਬਿਠਾ ਕੇ ਕਾਰ ਵਿਚ ਸਫ਼ਰ ਕਰਨ ਦੀ ਮਨਾਹੀ ਹੈ। ਬੱਚੇ ਦੇ ਪ੍ਰਾਈਮ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ, ਇਕ ਹਿੱਸਾ ਡਿੱਕੀ ਵਿਚ ਰਖਣਾਂ ਪੈਂਦਾ ਹੈ ਤੇ ਦੂਜਾ ਹਿੱਸਾ ਸੀਟ ’ਤੇ ਰੱਖ ਕੇ ਬੱਚੇ ਨੂੰ ਲਿਟਾਇਆ ਜਾਂਦਾ ਹੈ। ਭਾਵੇਂ ਸਾਡੀ B.M.W Car ਖੁੱਲੀ-ਡੁੱਲੀ ਸੀ ਪਰ ਇਸ ਬੰਦਿਸ਼ ਕਾਰਨ ਸਾਨੂੰ ਇਹ ਪਾਲਨਾ ਕਰਨੀ ਪਈ ਸੀ। ਜਾਣ ਲਗਿਆਂ ਇੰਦੂਮੀਤ ਨੇ ਸਾਡੇ ਲਈ ਸਵਾਦਿਸ਼ਟ ਪੁਲਾਉ ਤੇ ਹੋਰ ਖਾਣ-ਪੀਣ ਦਾ ਸਾਮਾਨ ਨਾਲ ਰੱਖ ਦਿੱਤਾ ਸੀ। ਘਰ ਤੋਂ ‘ਲੇਕ ਡਿਸਟ੍ਰਿਕਟ’ ਦਾ ਪੈਂਡਾ ਸੌ ਕੁ ਕਿਲੋਮੀਟਰ ਦਾ ਹੈ। ਰਾਹ ਵਿਚ ਸੁੰਦਰ ਤੇ ਵਿਸ਼ਾਲ ਖੇਤਾਂ, ਚਰਾਗਾਹਾਂ ਤੇ ਮਰਗਾਂ ਦਾ ਨਜ਼ਾਰਾ ਸੀ। ਖੇਤਾਂ ਵਿਚ ਫ਼ਸਲ ਦੀ ਥਾਂ ਸਬਜ਼ ਘਾਹ ਉਗਿਆ ਦਿਸਦਾ ਸੀ ਜਿਸ ਵਿਚ ਭੇਡੂ, ਬੱਕਰੇ, ਗਊਆਂ ਤੇ ਮੱਝਾਂ ਦੇ ਝੁੰਡ ਘਾਹ ਚਰਦੇ ਦਿਸ ਰਹੇ ਸਨ।

ਇਹ ਲੋਕ ਦੁੱਧ ਤੇ ਉੱਨ ਲਈ ਜਾਨਵਰਾਂ ਨੂੰ ਪਾਲਦੇ ਹਨ ਜੋ ਮਗਰੋਂ ਖਾਣ ਦੇ ਕੰਮ ਵੀ ਆਉਂਦੇ ਹਨ। ਕਿਧਰੇ-ਕਿਧਰੇ ਆਲੂ ਦੀ ਖੇਤੀ ਹੁੰਦੀ ਹੈ। ਇਨ੍ਹਾਂ ਲਈ ਖੇਤੀ ਦੀ ਉਪਜ ਮਹਿੰਗੀ ਹੋਣ ਕਾਰਨ ਵੱਖ-ਵੱਖ ਦੇਸ਼ਾਂ ਤੋਂ ਉੱਚ ਪੱਧਰੀ ਆਟਾ, ਚਾਵਲ, ਦਾਲਾਂ, ਸਬਜ਼ੀਆਂ ਫ਼ਲ ਆਦਿ ਮੰਗਵਾਣਾ ਲਾਭਦਾਇਕ ਸਿੱਧ ਹੁੰਦਾ ਹੈ। ਅਸੀਂ ਘੰਟੇ ਕੁ ਮਗਰੋਂ ‘ਲੇਕ ਡਿਸਟ੍ਰਿਕਟ’ ਪਹੁੰਚ ਗਏ ਸਾਂ। ਇੱਥੇ ਪਹਾੜਾਂ ’ਚ ਘਿਰੀਆਂ ਸਾਫ਼ ਪਾਣੀ ਦੀਆਂ ਕਈ ਕੁਦਰਤੀ ਝੀਲਾਂ ਹਨ ਜੋ ਕਈ ਮੀਲਾਂ ਤੀਕ ਫੈਲੀਆਂ ਹਨ ਤੇ ਇਸਦੇ ਕਈ ਪੜਾਅ ਹਨ। ਝੀਲਾਂ ਦਾ ਪਾਣੀ ਇਤਨਾ ਸਾਫ਼-ਸੁਥਰਾ ਹੈ ਕਿ ਹੇਠਾਂ ਦੀ ਜ਼ਮੀਨ ਨਜ਼ਰ ਆਉਂਦੀ ਹੈ। ਦੱਸਿਆ ਜਾਂਦਾ ਹੈ ਕਿ ਇੱਥੋਂ ਦਾ ਸਾਫ਼ ਪਾਣੀ ਪੀਣ ਦੇ ਕੰਮ

ਵੀ ਆਉਂਦਾ ਹੈ। ਝੀਲ ਦੇ ਕੰਢੇ ’ਤੇ ਸੈਲਾਨੀਆਂ ਦੇ ਖਾਣ-ਪੀਣ ਲਈ ਕਈ ਰੈਸਟੋਰੈਂਟ ਉਪਲਭਦ ਹਨ।

ਅਸੀਂ ਇੱਥੋਂ ਦੇ ਇਕ ਮਸ਼ਹੂਰ ਰੈਸਟੋਰੈਂਟ ਤੋਂ ਮੱਛੀ ਤੇ ਚਿਪਸ ਖਾਧੀ ਜੋਕਿ ਸਵਾਦਿਸ਼ਟ ਵੀ ਸੀ ਤੇ ਸਾਡੇ ਲਈ ਨਵੀਂ ਵੀ ਸੀ। ਇਹ ਡਿਸ਼ ਇਕ ਅੰਗਰੇਜ਼ ਬੀਬੀ ਤਿਆਰ ਕਰ ਰਹੀ ਸੀ ਜੋ ਗਾਹਕਾਂ ਦੇ ਭਰੇ ਜਮਾਵੜੇ ਲਈ ਸਹਿਜ ਤੇ ਪਿਆਰ ਨਾਲ ਪਰੋਸੀ ਜਾ ਰਹੀ ਸੀ। ਝੀਲ ਦੇ ਕਢੇ ’ਤੇ ਕਈ ਜਲ ਪੰਛੀ ਨਜ਼ਰ ਆਏ ਜਿਨ੍ਹਾਂ ਵਿਚ ਹੰਸ, ਮੁਰਗਾਬੀਆਂ ਤੇ ਪਾਂ-ਬਤਖਾਂ ਦੇ ਜੋੜੇ ਸ਼ਾਮਿਲ ਸਨ। ਪਾਣੀ ਵਿਚ ਕਲੋਲਾਂ ਕਰਦੇ ਇਹ ਪੰਛੀ ਬੜਾ ਸੁੰਦਰ ਦ੍ਰਿਸ਼ ਪੇਸ਼ ਕਰਦੇ ਸਨ।

ਝੀਲ ਦੀ ਸੈਰ ਲਈ ਕਰੂਜ਼ ਦੀਆਂ ਟਿਕਟਾਂ ਨਵਦੀਪ ਨੇ ਲੈ ਲਈਆਂ ਸਨ। ਪੰਜਾਹ-ਸੱਠ ਸੈਲਾਨੀਆਂ ਦੇ ਸੀਟਾਂ ’ਤੇ ਬੈਠਣ ਮਗਰੋਂ ੪੫ ਮਿੰਟਾਂ ਦੇ ਸਫ਼ਰ ਲਈ ਇਹ ਕਰੂਜ਼ (ਛੋਟਾ ਪਾਣੀ ਦਾ ਜਹਾਜ਼) ਰਵਾਨਾ ਹੋਇਆ ਜਿਸ ਵਿਚ ਆਸ-ਪਾਸ ਦੀਆਂ ਸੁੰਦਰ ਤੇ ਯਾਦਗਾਰੀ ਥਾਵਾਂ ਸਬੰਧੀ ਅੰਗਰੇਜ਼ੀ ਭਾਸ਼ਾ ਵਿਚ ਜਾਣਕਾਰੀ ਦੇਣ ਦੀ ਵਿਵਸਥਾ ਉਪਲੱਬਧ ਸੀ। ੧੯੨੦ ਦੀ ਇਕ ਪੁਰਾਤਨ ਤਾਮੀਰ ਨੂੰ ਵੇਖਦਿਆਂ ਹੀ ਮੇਰਾ ਧਿਆਨ ਕਸ਼ਮੀਰ ਵਿਚ ਖ਼ਾਲਸਾ ਰਾਜ ਦੀ ਸਥਾਪਨਾ ਦੇ ੨੭ ਵਰ੍ਹਿਆਂ ਦੇ ਕਾਲ ਵਲ ਰੁਚਿਤ ਹੋਇਆ ਜਿਸਦੀ ਇਕ ਵੀ ਤਾਮੀਰ/ਯਾਦਗਾਰ ਸਾਥੋਂ ਕਾਯਮ ਨਹੀਂ ਹੋ ਸਕੀ ਜਾਂ ਕਾਇਮ ਨਹੀਂ ਰੱਖਣ ਦਿੱਤੀ ਗਈ। ਝੀਲ ਦੀ ਸੈਰ ਕਰਦਿਆਂ ਮੈਂ ਆਪਣੀ ਡੱਲ ਝੀਲ ਬਾਰੇ ਵੀ ਸੋਚਣ ਲਗਾ ਕਿਵੇਂ ਅਸੀਂ ਕੁਦਰਤ ਦੀ ਇਸ ਸੁੰਦਰ ਝੀਲ ਨੂੰ ਆਪ ਮਾਰ ਮੁਕਾ ਰਹੇ ਹਾਂ ਤੇ ਇਧਰ ਇਹ ਝੀਲਾਂ ਹੀ ਨਹੀਂ ਸਗੋਂ ਸਾਰਾ ਆਲਾ-ਦੁਆਲਾ ਖ਼ੂਬਸੂਰਤੀ ਨਾਲ ਸਾਂਭਿਆ ਮਿਲਦਾ ਹੈ। ਅਸੀਂ ਹਾਊਸ ਬੋਟਾਂ ਨੂੰ ਡੱਲ ਝੀਲ ਵਿਚ ਥਾਂ ਦੇ ਕੇ ਗੰਦਗੀ ਦੇ ਢੇਰ ਕਾਇਮ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਤੇ ਇਧਰ ਇਨ੍ਹਾਂ ਝੀਲਾਂ ਦੇ ਕੰਢੇ ’ਤੇ ਹਜ਼ਾਰਾਂ ਹੋਟਲ/ਨਿਵਾਸ ਉਸਾਰਣ ਦੇ ਬਾਵਜੂਦ ਨਿਕਾਸ ਦਾ ਇਕ ਤੁਪਕਾ ਵੀ ਝੀਲਾਂ ਵਲ ਨਹੀਂ ਜਾਣ ਦਿੱਤਾ। ਜਿਹੜੇ ਲੋਕ ਝੀਲ ਵਿਚ ਰਹਿਣਾ ਪਸੰਦ ਕਰਦੇ ਹਨ ਉਹ ਛੋਟੇ ਕਰੂਜ਼ ਜਾਂ ਕਿਸ਼ਤੀਆਂ ਕਾਰਾਂ ਨਾਲ ਬੰਨ ਕੇ ਲਿਆਂਦੇ ਹਨ ਤੇ ਇਜਾਜ਼ਤ ਲੈ ਕੇ ਠਹਿਰਦੇ ਹਨ। ਇੱਥੇ ਹਰ ਵਿਅਕਤੀ ਪ੍ਰਚਲਤ ਆਦੇਸ਼ਾਂ ਦੀ ਪਾਲਨਾ ਕਰਦਾ ਨਜ਼ਰ ਆਉਂਦਾ ਹੈ।

ਕਰੂਜ਼ ਵਾਪਿਸ ਕਿਨਾਰੇ ਲੱਗ ਚੁਕਾ ਸੀ। ਅਸੀਂ ਵਧ ਰਹੀ ਠੰਡ ਨੂੰ ਵੇਖ ਵਾਪਸੀ ਦੀ ਤਿਆਰੀ ਕੀਤੀ। ਡਾ: ਜਗਵੰਤ ਸਾਨੂੰ ਝੀਲ ਦੇ ਸੱਜੇ ਕੰਡੇ ’ਤੇ ਦਸ ਕਿਲੋਮੀਟਰ ਅੱਗੇ ਲੈ ਗਏ ਜਿੱਥੋਂ ਪਹਾੜੀ ਸਿਲਸਿਲਾ ਸ਼ੁਰੂ ਹੁੰਦਾ ਹੈ। ਇੱਥੇ ਪਰਬਤ ਆਰੋਹੀ ਤੇ ਰਾਫ਼ਟਿੰਗ ਪ੍ਰੇਮੀ ਆਪਣੇ ਸ਼ੌਕ ਪੂਰੇ ਕਰਦੇ ਹਨ ਤੇ ਗੋਲਫ ਦੇ ਸ਼ੌਕੀਨਾਂ ਲਈ ਥਾਂ ਵੀ ਉਪਲੱਬਧ ਹੈ। ਸ਼ਿਕਾਰ ਕਰਨ ਲਈ ਵੀ ਥਾਂ ਨਿਸਚਿਤ ਕੀਤੀ ਗਈ ਹੈ। ਇਹ ਥਾਂ ਯੂ.ਕੇ. ਦੀ ਆਖ਼ਰੀ ਹੱਦ ’ਤੇ ਸਥਾਪਤ ਹੈ ਜਿਸ ਨਾਲ ਸਕਾਟਲੈਂਡ ਦੀ ਸਰਹੱਦ ਮਿਲਦੀ ਹੈ। ਇਹ ਵਿਸ਼ਵ ਦੇ ਸੈਲਾਨੀਆਂ ਲਈ ਇਕ ਬਹੁਤ ਹੀ ਰਮਣੀਕ ਥਾਂ ਹੈ।

ਇੱਥੋਂ ਦੇ ਨੈਸ਼ਨਲ ਪਾਰਕ NUM UNESCO WORLD HERITAGE ਵਲੋਂ ਮਾਨਤਾ ਪ੍ਰਾਪਤ ਹੈ। ਅਸੀਂ ਝੀਲ ਦੇ ਕੰਡੇ ਇਕ ਇਕਾਂਤ ਥਾਂ ’ਤੇ ਗੱਡੀ ਪਾਰਕ ਕੀਤੀ ਤੇ ਘਰੋਂ ਨਾਲ ਲਿਆਂਦੇ ਭੋਜਨ ਦਾ ਅਨੰਦ ਮਾਣਿਆਂ। ਵੱਖ-ਵੱਖ ਮੁਲਕਾਂ ਤੋਂ ਆਏ ਸੈਲਾਨੀ ਤੇ ਸਥਾਨੀ ਲੋਕਾਂ ਦੀਆਂ ਕਾਰਾਂ ਵਾਪਸ ਮੁੜ ਰਹੀਆਂ ਸਨ ਤੇ ਅਸੀਂ ਵੀ ਇਕ ਕਾਰਵਾਨ ਵਿਚ ਸ਼ਾਮਿਲ ਹੋ ਗਏ। ਜਾਮ ਲੱਗਣ ਦੀ ਰੱਤੀ ਭਰ ਵੀ ਸੰਭਾਵਨਾ ਨਹੀਂ ਸੀ ਦਿਸ ਰਹੀ ਕਿਉਂਕਿ ਹਰ ਕਾਰ ਚਾਲਕ ਸਹਿਜ ਨਾਲ ਵਾਰੀ ਅਨੁਸਾਰ ਤੁਰ ਰਿਹਾ ਸੀ। ਲਗਦੈ ਜਿਵੇਂ ਇਹ ਲੋਕ ਔਵਰਟੇਕਿੰਗ ਜਾਣਦੇ ਹੀ ਨਹੀਂ। ਅਜਿਹੀ

ਵਿਵਸਥਾ ਬਨਾਣ ਲਈ ਇਨ੍ਹਾਂ ਲੋਕਾਂ ਨੂੰ ਕਿੰਨੀਆਂ ਘਾਲਾਂ ਘਾਲਣੀਆਂ ਪਈਆਂ ਹਨ। ਸਾਡੇ ਦੇਸ਼ ਵਿਚ ਓਵਰਟੇਕਿੰਗ ਕਾਰਨ ਕਿੰਨੀਆਂ ਜਾਨਾਂ ਜਾਂਦੀਆਂ ਹਨ, ਐਕਸੀਡੈਂਟ ਕਾਰਨ ਕਿੰਨੇ ਅਭੰਗ ਹੋ ਜਾਂਦੇ ਹਨ ਤੇ ਕਿੰਨਿਆਂ ਨੂੰ ਜ਼ਰੂਰੀ ਕਾਰਜ ਮਨਸੂਖ਼ ਕਰਨੇ ਪੈਂਦੇ ਹਨ। ਸਾਡੇ ਸ਼ਹਿਰਾਂ ਵਿਚ ਜਿਵੇਂ ਜਾਮ ਤੋਂ ਵਾਂਝੀ ਕੋਈ ਸੜਕ ਨਹੀਂ ਦਿਸਦੀ ਜਦਕਿ ਇੱਥੇ ਕਿਸੇ ਵੀ ਸੜਕ ’ਤੇ ਜਾਮ ਨਹੀਂ ਦਿਸਦਾ। ਅਜਿਹੀ ਜਾਗਰੁਕਤਾ, ਅਨੁਸ਼ਾਸਨਤਾ ਤੇ ਸਹਿਣਸ਼ੀਲਤਾ ਸਾਡੇ ਵਿਚ ਕਦੋਂ ਉਜਾਗਰ ਹੋਵੇਗੀ। ਵਾਪਸੀ ’ਤੇ ਅਸੀਂ ਸ਼ਹਿਰ ਦੇ ਬਾਹਰ ਵਾਰ ਇਕ ਇਕਾਂਤ ਰੈਸਟੋਰੈਂਟ ਤੋਂ ਗਰਮ-ਗਰਮ ਕੌਫੀ ਪੀਤੀ ਤੇ ਸ਼ਾਮ ਸੱਤ ਵਜੇ ਘਰ ਪਰਤ ਆਏ ਸਾਂ।

ਅੱਜ ੨੪ ਮਾਰਚ ਨੂੰ ਛੁੱਟੀ ਹੋਣ ਕਾਰਨ ਬੱਚਿਆਂ ਨੇ ‘ਲਿਵਰਪੂਲ’ ਜਾਣ ਦਾ ਪ੍ਰੋਗਰਾਮ ਉਲੀਕਿਆ ਤੇ ਅੱਜ ਟ੍ਰੈਫ਼ਿਕ ਨਿਯਮਾਂ ਦੀ ਪਾਲਨਾ ਕਰਨ ਲਈ ਘਰ ਬੈਠਣ ਦੀ ਵਾਰੀ ਮੇਰੀ ਸੀ। ਨਵਦੀਪ ਨੂੰ ਲਿਵਰਪੂਲ ਜਾਣ ਦੀ ਉਤਸੁਕਤਾ ਇਸ ਲਈ ਵੀ ਸੀ ਕਿ ਉਹ ਲਿਵਰਪੂਲ ਦਾ ਫੁੱਟਬਾਲ ਸਟੇਡੀਅਮ ਵੀ ਵੇਖਣਾ ਚਾਹੁੰਦਾ ਸੀ। ਚਾਲੀ ਕੁ ਮੀਲਾਂ ਦੀ ਵਿੱਥ ’ਤੇ ਸਮੁੰਦਰ ਦੇ ਕਿਨਾਰੇ ਵਸਿਆ ਇਹ ਸ਼ਹਿਰ ਯੂ.ਕੇ. ਦੇ ਪੁਰਾਤਨ ਸ਼ਹਿਰਾਂ ਵਿਚ ਗਿਣਿਆ ਜਾਂਦਾ ਹੈ। ਵਾਪਸ ਘਰ ਪਰਤੇ ਬੱਚਿਆਂ ਤੋਂ ਇਸ ਸ਼ਹਿਰ ਦੇ ਗੌਰਵਮਈ ਵਿਰਸੇ ਸਬੰਧੀ ਜਾਣਕਾਰੀ ਮਗਰੋਂ ਮੇਰੀ ਵੀ ਇਸ ਸ਼ਹਿਰ ਦੀਆਂ ਇਤਿਹਾਸਿਕ ਥਾਵਾਂ ਨੂੰ ਵੇਖਣ ਦੀ ਚੇਸ਼ਟਾ ਵਧੀ।

ਅੱਜ ੩੦ ਮਾਰਚ ਦਾ ਦਿਹਾੜਾ ਹੈ। ਬੀਤੇ ਵਰ੍ਹੇ ਅੱਜ ਦੇ ਦਿਨ ਮੇਰੇ ਪਿਤਾ ਜੀ ਸ੍ਰੀਨਗਰ ਵਿਖੇ ਸਤਿਗੁਰੂ ਨੂੰ ਪਿਆਰੇ ਹੋ ਗਏ ਸਨ। ਸਮਾਜਿਕ ਦ੍ਰਿਸ਼ਟੀਕੋਣ ਤੋਂ ਅੱਜ ਉਨ੍ਹਾਂ ਦੀ ਪਹਿਲੀ ਬਰਸੀ ਦਾ ਦਿਹਾੜਾ ਹੈ। ਕਈ ਪਰਿਵਾਰ ਛੇਮਾਹੀ, ਬਰਸੀ, ਚੋਬਰਸੀ, ਪੋਹ ਲੰਗਰ ਆਦਿ ਲਈ ਮਹੀਨਿਆਂ ਬੱਧੀ ਤਿਆਰੀ ਕਰਦੇ ਰਹਿੰਦੇ ਹਨ ਤੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਮੁੜ-ਮੁੜ ਅਰਦਾਸਾਂ ਕਰਦੇ ਹਨ। ਗੁਰਬਾਣੀ ਦੇ ਪਵਿਤਰ ਆਦੇਸ਼ ਤੇ ਪੰਥ ਪ੍ਰਚਲਤ ਰਹਿਤ ਮਰਯਾਦਾ ਅਨੁਸਾਰ ਅਜਿਹੇ ਕਾਰਜ ਕੇਵਲ ਲੋਕ ਵਿਖਾਵੇ ਲਈ ਕੀਤੇ ਜਾਂਦੇ ਹਨ। ਅਸੀਂ ਪਰਿਵਾਰਕ ਤੌਰ ’ਤੇ ਕਈ ਵਰ੍ਹਿਆਂ ਤੋਂ ਅਜਿਹੇ ਕਾਰਜਾਂ ਨੂੰ ਮਨਮੱਤ ਦੇ ਤੁੱਲ ਸਮਝਦੇ ਰਹੇ ਹਾਂ। ਖ਼ੈਰ ਅੱਜ ਮੇਰਾ ਇਹ ਵਿਸ਼ਾ ਨਹੀਂ ਪਰ ਯੂ.ਕੇ. ਬੈਠਿਆਂ ਪਿਤਾ ਜੀ ਨੂੰ ਯਾਦ ਕਰਦਿਆਂ ਉਨ੍ਹਾਂ ਦਾ ਗੁਰਬਾਣੀ ਪ੍ਰਤੀ ਵਿਸ਼ਵਾਸ, ਸੱਚੀ ਤੇ ਸੁੱਚੀ ਕਿਰਤ ਦਾ ਯਕੀਨ ਤੇ ਪ੍ਰਮਾਤਮਾ ਦੀ ਰਜ਼ਾ ਵਿਚ ਰਹਿਣ ਦਾ ਅਟੱਲ ਭਰੋਸਾ ਪਰਿਵਾਰ ਲਈ ਇਕ ਮਾਰਗ ਦਰਸ਼ਨ ਰਿਹਾ ਹੈ। ੧੦੪ ਵਰ੍ਹਿਆਂ ਦੀ ਆਯੂ ਤੀਕ ਪੂਰੀ ਸੁਰਤ ਵਿਚ ਰਹਿਣਾ ਤੇ ਸੋਟੀ ਦੇ ਸਹਾਰੇ ਤੁਰਨਾ-ਫਿਰਨਾ ਉਨ੍ਹਾਂ ਦੀ ਕਠਿਨ ਘਾਲ ਦਾ ਹੀ ਨਤੀਜਾ ਸੀ। ਉਹ ਕੇਵਲ ਨਿਤਨੇਮੀ ਤੇ ਅਖੰਡਪਾਠੀ ਹੀ ਨਹੀਂ ਸਨ ਸਗੋਂ ਗੁਰਬਾਣੀ, ਗੁਰਮਤਿ ਤੇ ਇਤਹਾਸ ਸਬੰਧੀ ਵੀ ਪੂਰੀ ਜਾਣਕਾਰੀ ਰੱਖਦੇ ਸਨ। ਪਿਤਾ ਜੀ ਨੂੰ ਯਾਦ ਕਰਦਿਆਂ ਬਾਣੀ ਦੇ ਇਹ ਬਚਨ ਯਾਦ ਆ ਰਹੇ ਸਨ!

“ਗੁਰਮੁਖ ਜਨਮ ਸਵਾਰ ਦਰਗਹਿ ਚੱਲਿਆ,
ਸਚੀ ਦਰਗਹਿ ਜਾਏ ਸੱਚਾ ਪਿੜ ਮਲਿਆ।”

ਯੂ.ਕੇ. ਵਿਚ ਵਸਦੇ ਸਿੱਖਾਂ ਲਈ ਗੁਰਬਾਣੀ, ਗੁਰਮਤਿ ਤੇ ਇਤਹਾਸ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕਈ ਚੈਨਲ ਕਾਰਜਸ਼ੀਲ ਹਨ ਜਿਨ੍ਹਾਂ ’ਚ ਪੀ.ਟੀ.ਵੀ. ਚੈਨਲ ਪੰਜਾਬੀ ਤੇ ਚੜ੍ਹਦੀ ਕਲਾ ਟਾਈਮ ਟੀ.ਵੀ. ਦੇ ਰੋਜ਼ਾਨਾ ਪ੍ਰਸਾਰਨ ਤੋਂ ਇਲਾਵਾ ‘ਸਿੱਖ ਚੈਨਲ’ ਸੰਗਤ ਚੈਨਲ, ਅਕਾਲ ਚੈਨਲ ਪ੍ਰਮੁਖ ਹਨ। ਇਸ ਤੋਂ ਇਲਾਵਾ ਪੰਜਾਬੀ ਗੀਤ-ਸੰਗੀਤ ਦੇ ਵੀ ਕੁਝ ਚੈਨਲ ਚਲਦੇ ਹਨ। ਇੰਝ ਪੰਜਾਬੀ ਪਰਿਵਾਰਾਂ ਵਿਚ ਧਾਰਮਿਕ ਤੇ ਸਭਿਆਚਾਰਕ ਮਾਹੌਲ ਬਣਿਆ ਰਹਿੰਦਾ ਹੈ। ਸਿੱਖਾਂ ਦੀ ਅਜੋਕੀ ਸਮਾਜਿਕ, ਧਾਰਮਿਕ, ਰਾਜਨੀਤਕ ਤੇ ਵਿੱਦਿਅਕ ਸਥਿਤੀ ਬਾਰੇ ਖੁੱਲ ਕੇ ਕੀਤੀ ਜਾਂਦੀ

ਚਰਚਾ ਇਨ੍ਹਾਂ ਚੈਨਲਾਂ ਰਾਹੀਂ ਮੈਂ ਵੇਖਦਾ ਤੇ ਸੁਣਦਾ ਆ ਰਿਹਾ ਹਾਂ। ਸਿੱਖਾਂ ਦੀਆਂ ਸਮੱਸਿਆਵਾਂ ਤੇ ਰੋਜ਼ਨਾ ਗਤੀਵਿਧੀਆਂ ਸਬੰਧੀ ਵੀ ਮਿਆਰੀ ਪ੍ਰੋਗਰਾਮ ਵੇਖਣ ਨੂੰ ਮਿਲੇ ਹਨ। ਵੱਖ-ਵੱਖ ਦੇਸ਼ਾਂ ਵਿਚ ਪੰਜਾਬੀਆਂ ਵਲੋਂ ਕੀਤੀਆਂ ਘਾਲਨਾਵਾਂ ਤੇ ਸਫ਼ਲਤਾਵਾਂ ਦੀ ਵੀ ਅਕਾਸੀ ਹੁੰਦੀ ਹੈ। ਅੱਜ ਵੀ ਮਾਲਟੋਵਾ (ਇਟਲੀ) ਤੋਂ ੨੯, ੩੦ ਤੇ ੩੧ ਮਾਰਚ ਨੂੰ ਤਿੰਨ ਦਿਨ ਦਾ ਸਮਾਗਮ ਲਗਾਤਾਰ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਇਹ ਸਮਾਗਮ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ। ਇਸ ਸਮਾਗਮ ਵਿਚ ਬ੍ਰਿਟੇਨ, ਅਮਰੀਕਾ, ਕੈਨੇਡਾ, ਆਸਟਰੇਲੀਆ ਅਦਿ ਤੋਂ ਆਈ ਸੰਗਤ ਭਾਗ ਲੈ ਰਹੀ ਹੈ। ਭਾਰਤ ਤੋਂ ਆਏ ਰਾਗੀ ਜਥੇ ਤੇ ਕਥਾਵਾਚਕ ਵੀ ਰੌਣਕ ਵਧਾ ਰਹੇ ਹਨ। ਸਥਾਨਕ ਬੱਚੇ-ਬੱਚੀਆਂ ਵਲੋਂ ਪੇਸ਼ ਕੀਤੇ ਸ਼ਬਦ ਗਾਇਨ, ਗੁਰਬਾਣੀ ਲੈਕਚਰ, ਕਵੀਸ਼ਰੀ ਆਦਿ ਨੇ ਮੈਨੂੰ ਅਚੰਭਿਤ ਕੀਤਾ ਹੈ। ਇਸ ਸਮਾਗਮ ਦੇ ਪ੍ਰੋਗਰਾਮ ਸਿੱਖ ਚੈਨਲ ਦੇ ਸਹਿਯੋਗ ਨਾਲ ਪ੍ਰਸਾਰਿਤ ਹੋ ਰਿਹਾ ਹੈ। ਸਿੱਖ ਚੈਨਲ ਦੇ ਨਿਸ਼ਕਾਮ ਸੇਵਕਾਂ ਵਲੋਂ ਅਰੰਭੀ ਇਹ ਸੇਵਾ ਸਚਮੁੱਚ ਕੌਮ ਦੇ ਭਵਿੱਖ ਲਈ ਉਸਾਰੂ ਪੱਖ ਚਿੰਨ੍ਹ ਉਲੀਕ ਰਹੀ ਹੈ। ਮੈਂ ਇਹ ਪ੍ਰੋਗਰਾਮ ਤਿੰਨ ਦਿਨਾਂ ਤੋਂ ਵੇਖ ਰਿਹਾ ਹਾਂ। ਇਸ ਚੈਨਲ ਦੇ ਮੁਖੀ ਦਵਿੰਦਰ ਸਿੰਘ ਛੱਲ ਦੀਆਂ ਕੋਸ਼ਿਸ਼ਾਂ ਦੀ ਭਰਪੂਰ ਸ਼ਲਾਘਾ ਕਰਨ ਦਾ ਜੀਅ ਕਰਦਾ ਹੈ। ਅਸੀਂ ਭਾਰਤ ਵਿਚ ਬੈਠੇ ਇਹ ਸੋਚਦੇ ਹਾਂ ਕਿ ਵਿਦੇਸ਼ ਵਿਚ ਰਹਿੰਦੇ ਸਿੱਖਾਂ ਨੂੰ ਆਪਣੀ ਪਹਿਚਾਨ ਤੇ ਸਰੂਪ ਕਾਇਮ ਰੱਖਣ ਵਿਚ ਕਈ ਔਕੜਾਂ ’ਚੋਂ ਗੁਜ਼ਰਨਾ ਪੈਂਦਾ ਹੈ। ਪਰ ਇਸ ਪ੍ਰੋਗਰਾਮ ਨੂੰ ਵੇਖਿਆਂ ਸਾਡੀ ਇਹ ਧਾਰਨਾ ਇਕ ਤੋਖ਼ਲਾ ਜਿਹਾ ਹੀ ਲੱਗਦੀ ਹੈ। ਮੀਡੀਆ ਦੇ ਦੌਰ ਵਿਚ ਅਜਿਹੀਆਂ ਚੁਨੌਤੀਆਂ ਦਾ ਤੋੜ ਲੱਭਣਾ ਕਾਫ਼ੀ ਸੁਖੱਲਾ ਹੋ ਗਿਆ ਹੈ ਜਿਸਦੀ ਝਲਕ ਅੱਜ ਮਾਲਟੋਵਾ (ਇਟਲੀ) ਦੇ ਸਮਾਗਮ ਤੋਂ ਭਲੀ-ਭਾਂਤ ਵੇਖੀ ਹੈ।

ਅੱਜ ੩੧ ਮਾਰਚ ਐਤਵਾਰ ਨੂੰ ਮੌਸਮ ਨਿਖਰਿਆ ਹੋਇਆ ਸੀ। ਬਹਾਰ ਦੀ ਰੁੱਤ ਪੂਰੇ ਜੋਬਨ ’ਤੇ ਨਜ਼ਰ ਆ ਰਹੀ ਸੀ। ਛੁੱਟੀ ਦਾ ਦਿਹਾੜਾ ਹੋਣ ਕਾਰਨ ਲੋਕ ਸੁਵੱਖਤੇ ਹੀ ਤਿਆਰ ਹੋ ਕੇ ਬਾਹਰ ਸੈਰਗਾਹਾਂ ਦੀ ਤਿਆਰੀ ਕਰ ਰਹੇ ਸਨ। ਅਸੀਂ ਵੀ ਮੈਨਚੈਸਟਰ ਸ਼ਹਿਰ ਵਿਚ ਟਰੈਫ਼ਰਡ ਸਥਿਤ ਵਿਸ਼ਵ ਪ੍ਰਸਿਧ ਟ੍ਰੇਡ ਸੈਂਟਰ ਵੇਖਣ ਦਾ ਪ੍ਰੋਗਰਾਮ ਬਣਾਇਆ। ਇਹ ਸੈਂਟਰ ਬਾਹਰੋਂ ਵੇਖਣ ਨੂੰ ਇਕ ਪੁਰਾਤਨ ਕਿਲੇ ਦੇ ਆਕਾਰ ਦਾ ਲੱਗਦਾ ਹੈ ਜਿਸਦੇ ਦੋ-ਤਿੰਨ ਗੁੰਬਦ ਵੀ ਨਜ਼ਰੀਂ ਪੈਂਦੇ ਹਨ। ਇਸ ਸੈਂਟਰ ਵਿਚ ਰੋਜ਼ਾਨਾ ਆਣ ਵਾਲੀ ਭੀੜ ਨੂੰ ਮੁੱਖ ਰੱਖਦਿਆਂ ਇਸਦੇ ਆਸ-ਪਾਸ ਕਈ ਕਾਰ ਪਾਰਕ ਉਸਾਰੇ ਗਏ ਹਨ। ਸਾਨੂੰ ਵੀ ਕਾਰ ਪਾਰਕ ਕਰਨ ਲਈ ਕਾਫ਼ੀ ਸਮਾਂ ਬਤੀਤ ਕਰਨਾ ਪਿਆ ਸੀ। ਕਈ ਪਾਰਕਾਂ ਦੇ ਚੱਕਰ ਕੱਟਣ ਮਗਰੋਂ ਆਖ਼ਿਰ ਇਕ ਥਾਂ ਸਾਨੂੰ ਮਿਲ ਹੀ ਗਈ ਜਿੱਥੇ ਅਸੀਂ ਛੇਤੀ-ਛੇਤੀ ਗੱਡੀ ਪਾਰਕ ਕੀਤੀ ਤੇ ਸੈਂਟਰ ਵਿਚ ਪ੍ਰਵੇਸ਼ ਕਰਨ ਲਈ ਵਧੇ। ਪ੍ਰਵੇਸ਼ ਦਵਾਰ ਕਿਸੇ ਕਿਲੇ ਦੀ ਦੀਵਾਰ ਦੀ ਝਲਕ ਪੇਸ਼ ਕਰ ਰਿਹਾ ਸੀ ਜੋ ਆਧੁਨਿਕ ਉਪਕਰਨਾਂ ਰਾਹੀਂ ਆਪੇ ਖੁੱਲਦੇ ਤੇ ਬੰਦ ਹੁੰਦੇ ਸਨ। ਵੰਨ-ਸੁਵੰਨੇ ਫ਼ਵਾਰਿਆਂ ’ਚੋਂ ਡਿੱਗਦਾ ਪਾਣੀ ਰੌਸ਼ਨੀ ਤੇ ਸੰਗੀਤ ਦੀਆਂ ਧੁੰਨਾਂ ਰਾਹੀਂ ਅਲੌਕਿਕ ਨਜ਼ਾਰਾ ਪੇਸ਼ ਕਰਦਾ ਸੀ। ਇਹ ਸੈਂਟਰ ਬਾਹਰੋਂ ਭਾਵੇਂ ਛੋਟਾ ਜਿਹਾ ਲੱਗਦਾ ਹੈ ਪਰ ਅੰਦਰ ਪ੍ਰਵੇਸ਼ ਕਰਨ ਮਗਰੋਂ ਪਤਾ ਚਲਦਾ ਹੈ ਕਿ ਇਤਨੀ ਸੰਖਿਆ ਨੂੰ ਇਹ ਕਿਵੇਂ ਕਲਾਵੇ ਵਿਚ ਲੈ ਲੈਂਦਾ ਹੈ। ਸੰਸਾਰ ਪ੍ਰਸਿੱਧ ਬ੍ਰਾਂਡਾਂ ਦੀਆਂ ਵਸਤੂਆਂ ਦੇ ਸਜੇ, ਸਟੋਰ ਇਸ ਸੈਂਟਰ ਨੂੰ ਵਿਸ਼ੇਸ਼ ਬਣਾਂਦੇ ਹਨ। ਸੂਈ ਤੋਂ ਲੈ ਕੇ ਕਾਰਾਂ ਤੀਕ ਖ਼ਰੀਦਣ ਦੀ ਇੱਥੇ ਵਿਵਸਥਾ ਹੈ। ਜਿੱਥੇ ਖ਼ਰੀਦ ਦੀ ਵਿਵਸਥਾ ਹੈ, ਉੱਤੇ ਖਾਣ-ਪੀਣ ਦੇ ਵੰਨ-ਸੁਵੰਨੇ ਪਦਾਰਥਾਂ ਦਾ ਅਨੰਦ ਵੀ ਮਾਣਿਆ ਜਾ ਸਕਦਾ ਹੈ। ਇਕ ਅੰਦਾਜ਼ੇ ਦੇ ਮੁਤਾਬਿਕ ਛੁੱਟੀ ਵਾਲੇ ਦਿਨ ਇਕ ਲੱਖ ਤੋਂ ਵੱਧ ਲੋਕ ਇਸ ਸੈਂਟਰ ਦਾ ਹਿੱਸਾ ਬਣਦੇ ਹਨ। ਏਨੇ ਵੱਡੇ ਹਜੂਮ ਦੇ ਹੁੰਦਿਆਂ ਨਾ ਕੋਈ ਭੀੜ-ਭੜੱਕਾ ਹੈ ਤੇ ਨਾ ਹੀ ਸ਼ੋਰ ਹੈ। ਲੋਕ ਮਨਪਸੰਦ ਪੋਸ਼ਾਕਾਂ ਵਿਚ ਬਿਨਾਂ ਸ਼ੋਰ-ਸ਼ਰਾਬੇ ਦੇ ਖ਼ਰੀਦਦਾਰੀ ਕਰਦੇ ਹਨ। ਇੱਥੋਂ ਦੀ ਸਫ਼ਾਈ ਤੇ ਰੱਖ-ਰਖਾਉ ਅਚੰਭਿਤ ਕਰਦਾ ਹੈ। ਮਾਲ ਦੀ ਦੂਜੀ ਮੰਜ਼ਿਲ ’ਤੇ ਵੀ ਇਸੇ ਤਰ੍ਹਾਂ ਭੀੜ ਹੁੰਦੀ ਹੈ। ਇੱਥੇ ਖਾਣ-ਪੀਣ ਲਈ

ਚੀਨੀ, ਯੂਰਪੀ, ਏਸ਼ੀਆਈ ਤੇ ਕਾਂਟੀਨੈਂਟਲ ਖਾਣਿਆਂ ਦੇ ਰੈਸਟੋਰੈਂਟ ਉਪਲਬਧ ਹਨ ਜਿੱਥੇ ਖ਼ਰੀਦਦਾਰੀ ਦੇ ਨਾਲ ਲੋਕ ਖਾਣੇ ਦਾ ਅਨੰਦ ਵੀ ਮਾਣਦੇ ਹਨ। ਰੌਸ਼ਨੀ ਨਾਲ ਸਜੇ ਤੇ ਸੰਗੀਤ ਨਾਲ ਪਿਰੋਏ ਬਾਰਾਂ ’ਤੇ ਵੀ ਖਾਸੀ ਭੀੜ ਨਜ਼ਰ ਆਉਂਦੀ ਹੈ। ਇੱਥੇ ਮਨੋਰੰਜਨ ਲਈ ਤਿੰਨ-ਚਾਰ ਸਿਨੇਮਾ ਹਾਲ ਵੀ ਹਨ। ਸਲੀਕੇ ਨਾਲ ਤੁਰਨਾ, ਕਿਸੇ ਵਲ ਝਾਕੇ ਬਿਨਾਂ ਅੱਗੇ ਵਧੀ ਜਾਣਾ ਤੇ ਆਣ-ਜਾਣ ਵਾਲਿਆਂ ਲਈ ਰੁਕਾਵਟ ਨਾ ਬਣਨ ਦੀ ਮਰਿਯਾਦਾ ਇਨ੍ਹਾਂ ਦਾ ਸੁਭਾਅ ਹੈ ਜੋ ਇਸ ਕੌਮ ਦੇ ਮਿਆਰੀ ਸਭਿਆਚਾਰ ਦੀ ਅਕਾਸੀ ਕਰਦਾ ਹੈ। ਅਜਿਹੇ ਟ੍ਰੇਡ ਸੈਂਟਰ ਵਿਚ ਇਮਾਨਦਾਰੀ ਤੇ ਫ਼ਰਜ਼ ਸ਼ਨਾਸੀ ਦੀ ਤਸਵੀਰ ਮਨੁੱਖੀ ਮਨ ਨੂੰ ਕੀਲਦੀ ਹੈ। ਅਸੀਂ ਵੀ ਦੋ ਹਿੱਸਿਆਂ ਵਿਚ ਵੰਡੇ ਗਏ ਸਾਂ। ਇੰਦੂਮੀਤ ਆਪਣੀ ਮਾਂ ਨਾਲ ਕੱਪੜਿਆਂ ਦੀ ਖ਼ਰੀਦ ਕਰ ਰਹੀ ਸੀ ਤੇ ਮੈਂ ਤੇ ਡਾ: ਜਗਵੰਤ, ਛੋਟੀ ‘ਮੇਹਰ’ ਨੂੰ ਪ੍ਰਾਇਮ ਵਿਚ ਰੱਖ ਅੱਗੇ ਵਧ ਰਹੇ ਸਾਂ।

ਕੁਝ ਅੰਗਰੇਜ਼ ਬਜ਼ੁਰਗਾਂ ਵਲੋਂ ਮੈਨੂੰ Hello ਨੇ ਅਚੰਭਿਤ ਵੀ ਕੀਤਾ। ਲਗਦਾ ਹੈ ਇਹ ਸਾਡੇ ਸਿੱਖ ਯੋਧਿਆਂ ਵਲੋਂ ਘਾਲੀਆਂ ਘਾਲਾਂ ਸਦਕਾ ਹੈ। ਕੁਝ ਅੰਗਰੇਜ਼ ਬੀਬੀਆਂ ਮੇਹਰ ਨੂੰ ਵੇਖ ਮੁਸਕੁਰਾਉਂਦੀਆਂ ਵੀ ਦਿਸੀਆਂ। ਕਸ਼ਮੀਰ ਵਾਸੀਆਂ ਦਾ ਵਿਸਾਖੀ ਦੇ ਸ਼ੁਭ ਮੌਕੇ ਨਵੇਂ ਲੀੜਿਆਂ ਦੀ ਖ਼ਰੀਦ ਦਾ ਰਿਵਾਜ ਸਦੀਆਂ ਪੁਰਾਣਾ ਹੈ। ਇਸ ਪਰੰਪਰਾ ਨੂੰ ਅਗਾਂਹ ਤੋਰਦੇ ਹੋਏ ਅਸੀਂ ਵੀ ਸਾਰਿਆਂ ਲਈ ਨਵੀਆਂ ਪੋਸ਼ਾਕਾਂ ਖ਼ਰੀਦੀਆਂ ਤੇ ਵਾਪਸੀ ਦੀ ਤਿਆਰੀ ਕੀਤੀ। ਭੁੱਖ ਵੀ ਕਾਫ਼ੀ ਲੱਗੀ ਸੀ ਤੇ ਅਸੀਂ ‘ਮੈਕਡੋਨਡ’ ਦੇ ਮੋਹਰੇ ਕੁਰਸੀਆਂ ’ਤੇ ਆਸਣ ਲਾ ਲਏ। ਭੀੜ ਇਸ ਕਦਰ ਸੀ ਕਿ ਖਾਣੇ ਲਈ ਵਾਰੀ ਦਾ ਇੰਤਜ਼ਾਰ ਕਰਨਾ ਜ਼ਰੂਰੀ ਸੀ। ਸਾਡਾ ਨੰਬਰ ੩੦ ਸੀ ਜੋ ਕੁਝ ਉਡੀਕ ਮਗਰੋਂ ਸਾਨੂੰ ਖਾਣਾ ਪਰੋਸ ਦਿੱਤਾ ਗਿਆ। ਅਜਿਹੇ ਮਾਲ ਸੈਂਟਰਾਂ ਦਾ ਚਲਨ ਸਾਡੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਹੋ ਰਿਹਾ ਹੈ, ਖ਼ੁਸ਼ੀ ਦੀ ਗੱਲ ਹੈ ਪਰ ਉਪਰੋਕਤ ਸਲੀਕੇ, ਪ੍ਰਬੰਧਕੀ ਢਾਂਚੇ ਤੇ ਕੁਸ਼ਲ ਰੱਖ-ਰਖਾਉ ਦੀ ਚੇਤਨਾ ਸਾਡੇ ਸੁਭਾਅ ਦਾ ਹਿੱਸਾ ਬਣੇ, ਇਸ ਵਲ ਵੀ ਸੁਚੇਤ ਹੋਣ ਦੀ ਲੋੜ ਹੈ। ਟ੍ਰੇਡ ਸੈਂਟਰ ਤੋਂ ਘਰ ਪਰਤਦਿਆਂ ਹੀ ਜਗਵੰਤ ਜੀ ਨੇ ਕਮਰਿਆਂ ਵਿਚ ਲੱਗੀਆਂ ਸਾਰੀਆਂ ਘੜੀਆਂ ਦਾ ਸਮਾਂ ਇਕ ਘੰਟਾ ਵਧਾਣਾ ਅਰੰਭ ਕੀਤਾ। ਮੇਰੇ ਅਚੰਭਿਤ ਹੋਣ ’ਤੇ ਉਨ੍ਹਾਂ ਦੱਸਿਆ ਕਿ ਯੂ.ਕੇ. ਵਿਚ ਹਰ ਵਰ੍ਹੇ ੩੦ ਮਾਰਚ ਨੂੰ ਸਮਾਂ ਇਕ ਘੰਟਾ ਵਧਾਇਆ ਜਾਂਦਾ ਹੈ ਤੇ ੩੦ ਅਕਤੂਬਰ ਨੂੰ ਇਕ ਘੰਟਾ ਘਟਾਇਆ ਜਾਂਦਾ ਹੈ। ਇੱਥੇ ਨਾ ਅਮਾਵਸ/ਪੂਰਨਮਾਸ਼ੀ ਦੇ ਚੱਕਰ ਹਨ ਤੇ ਨਾ ਹੀ ਦਿਨਾਂ ਤਿਉਹਾਰਾਂ ਦੇ ਅੱਗੇ-ਪਿੱਛੇ ਹੋਣ ਦੀ ਸੰਭਾਵਨਾ ਹੁੰਦੀ ਹੈ। ਸਾਰਾ ਕੰਮਕਾਜ ਸੋਲਰ ਕੈਲੰਡਰ ਅਨੁਸਾਰ ਹੁੰਦਾ ਹੈ। ਰੁੱਤਾਂ ਦੇ ਬਦਲਾਉ ਕਾਰਨ ਸਿਆਲ ਵਿਚ ਰਾਤਾਂ ਲੰਮੀਆਂ ਹੁੰਦੀਆਂ ਹਨ ਤੇ ਗਰਮੀਆਂ ਵਿਚ ਦਿਨ ਲਮੇਰੇ ਹੋ ਜਾਂਦੇ ਹਨ ਸੋ ਸਮੇਂ ਦੀ ਬਰਾਬਰਤਾ ਲਈ ਅਜਿਹਾ ਕੀਤਾ ਜਾਂਦਾ ਹੈ।

‘ਰਿੰਗਟੈਨ ਟੈਨ’ ਦੇ ਜਿਸ ਇਲਾਕੇ ਵਿਚ ਸਾਡੀ ਰਿਹਾਇਸ਼ ਹੈ, ਇੱਥੇ ੨੦ ਕੁ ਘਰ ਵਸਦੇ ਹਨ। ਮੁੱਖ ਸੜਕ ਤੋਂ ਬਸਤੀ ਇਕ ਖੁੱਲੀ ਸੜਕ ਰਾਹੀਂ ਜੁੜੀ ਹੈ ਜੋ ਸਾਰਿਆਂ ਘਰਾਂ ਨੂੰ ਆਪਸ ਵਿਚ ਜੋੜਦੀ ਹੈ। ਹਰ ਘਰ ਦੇ ਸਾਹਮਣੇ ਇਕ-ਦੋ ਫੁੱਲਾਂ ਲੱਦੇ ਰੁੱਖ ਤੇ ਘਾਹ ਦੇ ਬਗੀਚੇ ਬਸਤੀ ਦੀ ਸੋਭਾ ਵਧਾਉਂਦੇ ਹਨ। ਘਰਾਂ ਦੇ ਵਿਹੜੇ ਵੀ ਫੁੱਲਾਂ ਤੇ ਫ਼ਲ-ਬੂਟਿਆਂ ਨਾਲ ਸ਼ਿੰਗਾਰੇ ਹਨ ਜੋ ਨੀਵੀਆਂ ਦੀਵਾਰਾਂ ਰਾਹੀਂ ਪੂਰੀ ਬਸਤੀ ਲਈ ਮਹਿਕਾਂ ਵੰਡਦੇ ਹਨ। ਸੜਕ ’ਤੇ ਪਾਰਕਿੰਗ ਦੀ ਥਾਂ ਵੀ ਨਿਸਚਿਤ ਕੀਤੀ ਹੁੰਦੀ ਹੈ। ਮੁਹੱਲੇ ਦੇ ਲੋਕ ਆਪੋ-ਆਪਣੇ ਘਰਾਂ ਵਿਚ ਹੀ ਵਿਅਸਤ ਰਹਿੰਦੇ ਹਨ। ਕਦੀ-ਕਦਾਈਂ ਕੋਈ ਗਵਾਂਢੀ ਹਾਏ-ਹੈਲੋ ਕਹਿੰਦਾ ਲੱਭ ਪੈਂਦਾ ਹੈ। ਨਾ ਕੋਈ ਸ਼ੋਰ-ਸ਼ਰਾਬਾ ਹੈ ਤੇ ਨਾ ਹੀ ਪ੍ਰਦੂਸ਼ਣ ਦੀ ਸੰਭਾਵਨਾ ਹੈ। ਇਨ੍ਹਾਂ ਘਰਾਂ ਵਿਚ ਅਮੂਮਨ ਬਜ਼ੁਰਗ ਜੋੜੇ ਹੀ ਰਹਿੰਦੇ ਦਿਸਦੇ ਹਨ ਜਿਨ੍ਹਾਂ ਦੇ ਬੱਚੇ ਜਾਂ ਤਾਂ ਪੜ੍ਹ ਰਹੇ ਹਨ ਜਾਂ ਵਸੇਬਿਆਂ ਵਿਚ ਜੁੱਟੇ ਹਨ। ੧੮-੨੦ ਸਾਲ ਦੀ ਵਰੇਸ ਦੇ ਬੱਚੇ ਮਾਪਿਆਂ ਦਾ ਬੋਝ ਨਹੀਂ ਬਣਦੇ ਸਗੋਂ ਆਪਣੇ ਪੈਰਾਂ ’ਤੇ ਖਲੋਣ ਲਈ ਯਤਨਸ਼ੀਲ ਹੋ

ਜਾਂਦੇ ਹਨ। ਮਾਪੇ ਸਾਰੀ ਉਮਰ ਪਰਿਵਾਰ ਲਈ ਸਰਫਾ ਨਹੀਂ ਕਰਦੇ ਸਗੋਂ ਆਪਣਾ ਬੁਢੇਪਾ ਅਜ਼ਾਦੀ ਨਾਲ ਮਨ ਇੱਛਤ ਢੰਗ ਨਾਲ ਗੁਜ਼ਾਰਦੇ ਹਨ। ਸਰਕਾਰੀ ਕਾਨੂਨਾਂ ਰਾਹੀਂ ਅਜਿਹੇ ਬਜ਼ੁਰਗਾਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਇੱਥੇ ਸਿਹਤ ਨਾਲ ਸੰਬੰਧਿਤ ਸਮੱਸਿਆਵਾਂ ਲਈ ਬਜ਼ੁਰਗਾਂ ਦੀ ਸਰਕਾਰ ਵਲੋਂ ਹਰ ਪ੍ਰਕਾਰ ਦੀ ਮਦਦ ਕੀਤੀ ਜਾਂਦੀ ਹੈ।

ਆਂਢ-ਗਵਾਂਢ ਵਸਦੇ ਬਜ਼ੁਰਗ ਜੋੜਿਆਂ ਨੂੰ ਇਸ ਉਮਰੇ ਕੰਮ ਕਰਦੇ ਵੇਖ ਮੈਨੂੰ ਚੰਗਾ ਹੀ ਨਹੀਂ ਲੱਗਾ ਸਗੋਂ ਸੇਧ ਵੀ ਪ੍ਰਾਪਤ ਹੋਈ। ਜਿਨ੍ਹਾਂ ਚਿੰਤਾਵਾਂ ਤੇ ਫ਼ਿਕਰਾਂ ਵਿਚ ਸਾਡੀ ਪੂਰੀ ਉਮਰ ਲੰਘ ਜਾਂਦੀ ਹੈ, ਉਨ੍ਹਾਂ ਚਿੰਤਾਵਾਂ ਦੀ ਇਨ੍ਹਾਂ ਨੂੰ ਪਰਵਾਹ ਹੀ ਨਹੀਂ। ਜੇਕਰ ਕਿਸੇ ਦੇਸ਼ ਵਾਸੀ ਕੋਲ ਆਪਣਾ ਘਰ ਨਹੀਂ ਜਾਂ ਉਸ ਕੋਲ ਕਮਾਈ ਦਾ ਕੋਈ ਸਾਧਨ ਨਹੀਂ ਤਾਂ ਦੋਵੇਂ ਲੋੜਾਂ ਪੂਰੀਆਂ ਕਰਨ ਲਈ ਸਰਕਾਰ ਵਿਵਸਥਾ ਤਿਆਰ ਕਰਦੀ ਹੈ। ਇਥੋਂ ਤੱਕ ਕਿ ਜੇਕਰ ਕੋਈ ਧਰੁਗ ਅਦਚਿਟ ਜਾਂ ਨਸ਼ਿਆਈ ਹੈ ਤਾਂ ਅਜਿਹੇ ਲੋਕ ਸਰਕਾਰੀ ਨਿਵਾਸਾਂ ਵਿਚ ਰੱਖੇ ਜਾਂਦੇ ਹਨ। ਉਨ੍ਹਾਂ ਦੇ ਸੁਧਾਰ ਵੱਲ ਪੂਰਾ ਧਿਆਨ ਦਿੱਤਾ ਜਾਂਦਾ ਹੈ।

ਇੱਥੇ ਕਿਰਤੀਆਂ ਲਈ ਕੋਈ ਥੁੜ੍ਹ ਨਹੀਂ। ਹਰ ਕਿਰਤੀ ਨੂੰ ਘੰਟਿਆਂ ਦੇ ਹਿਸਾਬ ਨਾਲ ਉਜਰਤ ਮਿਲਦੀ ਹੈ ਜੋ ਘਟ ਤੋਂ ਘਟ ੬ ਪੌਂਡ ਫ਼ੀ ਘੰਟਾ ਹੁੰਦੀ ਹੈ। ਅੱਠ ਘੰਟੇ ਕੰਮ ਕਰਨ ਵਾਲੇ ਨੂੰ ਰੋਜ਼ ਦੇ ੪੮ ਪੌਂਡ (ਸਾਡੇ ਹਿਸਾਬ ਨਾਲ ੪੩੦੦/-) ਦੀ ਕਮਾਈ ਹੁੰਦੀ ਹੈ। ਇਹ ਲੋਕ ਹਫ਼ਤੇ ਵਿਚ ਪੰਜ ਦਿਨ ਰੱਜ ਕੇ ਕੰਮ ਕਰਦੇ ਹਨ ਤੇ ਸਨਿਚਰ-ਐਤਵਾਰ ਦੀ ਛੁੱਟੀ ਅਨੰਦਿਤ ਢੰਗ ਨਾਲ ਗੁਜ਼ਾਰਦੇ ਹਨ। ਰੱਜਵੀਂ ਕਮਾਈ ਦੇ ਨਾਲ-ਨਾਲ ਰੱਜ ਕੇ ਖ਼ਰਚ ਕਰਨਾ ਵੀ ਇਨ੍ਹਾਂ ਦੇ ਸੁਭਾਅ ਦਾ ਹਿੱਸਾ ਹੈ। ਮਰਿਆਦਾ ਵਿਚ ਰਹਿ ਕੇ ਕਾਨੂੰਨ ਦੀ ਪਾਲਨਾ ਕਰਨ ਲਈ ਹਰ ਦੇਸ਼ਵਾਸੀ ਵਚਨਬੱਧ ਦਿਖਾਈ ਦਿੰਦਾ ਹੈ। ਬੀਤੇ ਇਕ ਮਹੀਨੇ ਤੋਂ ਮੈਨੂੰ ਸੜਕ ’ਤੇ ਇਕ ਵੀ ਪੁਲਿਸ ਵਾਲਾ ਨਜ਼ਰ ਨਹੀਂ ਆਇਆ। ਨਿੱਜੀ ਲੋੜਾਂ ਤੇ ਜ਼ਰੂਰਤਾਂ ਦੀ ਚਿੰਤਾ ਵਿਚ ਜਿਵੇਂ ਅਸੀਂ ਗਰੱਸਤ ਰਹਿੰਦੇ ਹਾਂ, ਇਵੇਂ ਇਹ ਨਹੀਂ ਦਿਸਦੇ। ਇਹ ਲੋਕ ਹਰ ਕੰਮ ਜ਼ਰੂਰਤ ਨੂੰ ਮੁੱਖ-ਰੱਖ ਕੇ ਹੀ ਕਰਦੇ ਹਨ। ਅਸੀਂ ਲੋਕ ਵਿਖਾਵੇ ਜਾਂ ਨੱਕ ਰੱਖਣ ਲਈ, ਹਰ ਕਾਰਜ ’ਤੇ ਡਾਢ੍ਹੀ ਫ਼ਜ਼ੂਲ-ਖ਼ਰਚੀ ਕਰਦੇ ਹਾਂ, ਇਹ ਲੋਕ ਲੋੜ ਤੇ ਜ਼ਰੂਰਤ ਅਨੁਸਾਰ ਸਾਦਗੀ ਨਾਲ ਨਿਭਾਂਦੇ ਹਨ। ਦੇਖਾ-ਦੇਖੀ ਦੀ ਹੋੜ ਤੇ ਦੂਜਿਆਂ ਦੇ ਮੁਕਾਬਲੇ ਵੱਧ ਸ਼ੌਕੀਨੀ ਤੇ ਪ੍ਰਦਰਸ਼ਨੀ ਵਿਖਾਣ ਦੀ ਖੋਖਲੀ ਜਿਹੀ ਬਿਰਤੀ ਜਿਵੇਂ ਸਾਨੂੰ ਸਾਹੋ-ਸਾਹ ਕਰਦੀ ਹੈ ਇਨ੍ਹਾਂ ਲੋਕਾਂ ਦੀ ਸਹਿਜਤਾ, ਸਾਦਗੀ ਤੇ ਸਲੀਕੇ ਨਾਲ ਨਿਭਾਈ ਜਾਂਦੀ ਹਰ ਰਸਮ, ਪਰਿਵਾਰਕ ਪਿਆਰ ਤੇ ਸਾਂਝ ਨਾਲ ਸੰਪੰਨ ਹੁੰਦੀ ਹੈ। ਸਮੇਂ ਤੇ ਧੰਨ ਦੀ ਕਦਰ ਦਾ ਸਲੀਕਾ ਕੋਈ ਇਨ੍ਹਾਂ ਤੋਂ ਸਿੱਖੇ।

ਅੱਜ ੮ ਅਪ੍ਰੈਲ ਨੂੰ ਜਗਵੰਤ ਜੀ ਮੈਨੂੰ ਸੈਰ ਕਰਨ ਲਈ ਇਕ ਪੁਰਾਤਨ ਨਹਿਰ ਦੇ ਕੰਢੇ ਲੈ ਗਏ ਜੋ ਸਾਡੇ ਨਿਵਾਸ ਤੋਂ ੬ ਕੁ ਕਿਲੋਮੀਟਰ ਦੂਰ ਇਕ ਪਿੰਡ ’ਚੋਂ ਗੁਜ਼ਰਦੀ ਸੀ। ਅਸੀਂ ਸ਼ਾਮ ਵੇਲੇ ਕਾਰ ਸੜਕ ’ਤੇ ਪਾਰਕ ਕਰਕੇ ਨਹਿਰ ਦੇ ਸੱਜੇ ਕੰਢੇ ’ਤੇ ਦੋ ਕੁ ਕਿਲੋਮੀਟਰ ਪੈਦਲ ਤੁਰ ਕੇ ਕੁਦਰਤ ਦਾ ਅਨੰਦ ਮਾਣਿਆਂ। ਇਸ ਨਹਿਰ ਦਾ ਨਿਰਮਾਣ ਤੇਰ੍ਹਵੀਂ ਸਦੀ ਵਿਚ ਹੋਇਆ ਹੈ। ਅਜੇ ਤੀਕ ਆਪਣੇ ਮੁਢੱਲੇ ਸਰੂਪ ਨੂੰ ਸਾਂਭਦੀ ਇਹ ਨਹਿਰ ਬ੍ਰਿਟੇਨ ਦੇ ਲੋਕਾਂ ਦੀ ਵਿਰਾਸਤੀ ਮੀਰਾਸ ਕਹੀ ਜਾ ਸਕਦੀ ਹੈ। ਇਸ ਨਹਿਰ ਦਾ ਨਿਰਮਾਣ ਮੁਖ ਤੌਰ ’ਤੇ ਆਵਾਜਾਈ ਤੇ ਸਿੰਝਣ ਖ਼ਾਤਿਰ ਕੀਤਾ ਗਿਆ ਸੀ। ਇਹ ਨਹਿਰ ਬ੍ਰਿਟੇਨ ਦੇ ਮੁੱਖ ਸ਼ਹਿਰਾਂ ਨੂੰ ਆਪਸ ਵਿਚ ਜੋੜਦੀ ਹੈ। ਢਾਈ-ਤਿੰਨ ਹਜ਼ਾਰ ਕਿਲੋਮੀਟਰ ਲੰਮੀ ਇਸ ਨਹਿਰ ਦੀ ਇਕ ਹੋਰ ਵਿਸ਼ੇਸ਼ਤਾ ਹੈ ਕਿ ਇਸ ਵਿਚ ਚੱਲਣ ਵਾਲੇ ਬੋਟ ਜਾਂ ਕਿਸ਼ਤੀਆਂ ਨੂੰ ਉੱਚੇ ਟਿੱਬੇ ਪਾਰ ਕਰਨ ਲਗੇ ਗੇਟਾਂ ਨੂੰ ਬੰਦ ਕਰਨਾ ਪੈਂਦਾ ਹੈ ਤਾਂ ਜੋ ਪਾਣੀ ਦੀ ਤਹਿ ਗੇਟ ਤੋਂ ਉੱਪਰ ਹੁੰਦਿਆਂ ਹੀ ਇਹ ਬੋਟ ਜਾਂ ਕਿਸ਼ਤੀਆਂ ਅੱਗੇ ਪੜਾਅ ਲਈ ਜਾ ਸਕਣ। ਸਦੀਆਂ ਪੁਰਾਣਾ ਇਹ ਨਿਰਮਾਣ ਅਚੰਭਿਤ ਕਰਦਾ ਹੈ।

ਭਾਵੇਂ ਆਧੁਨਿਕ ਵਿਵਸਥਾਵਾਂ ਕਾਰਨ ਆਵਾਜਾਈ ਲਈ ਇਹ ਸਾਧਨ ਨਹੀਂ ਵਰਤੇ ਜਾਂਦੇ ਪਰ ਬ੍ਰਿਟੇਨ ਦੇ ਲੋਕ ਆਪਣੇ ਇਸ ਅਵਿਸ਼ਕਾਰ ਦਾ ਲਾਭ ਉਠਾਣ ਵਿਚ ਕੋਈ ਕਸਰ ਨਹੀਂ ਛੱਡਦੇ। ਛੋਟੇ ਕਿਸਮ ਦੇ ਹਾਊਸ ਬੋਟਾਂ ਦਾ ਨਿਰਮਾਣ ਕੀਤਾ ਗਿਆ ਹੈ ਜਿਸ ਵਿਚ ਇਕ-ਦੋ ਕਮਰੇ, ਰਸੋਈ ਤੇ ਵਾਸ਼ ਰੂਮ ਦਾ ਪ੍ਰਬੰਧ ਹੁੰਦਾ ਹੈ। ਇਸ ਹਾਊਸ ਬੋਟ ਨੂੰ 'ਬਾਰਜ' ਕਿਹਾ ਜਾਂਦਾ ਹੈ। ਲੋਕ ਸੈਰ-ਸਪਾਟੇ ਦੇ ਟੂਰ ਬਣਾ ਕੇ 'ਬਾਰਜ' ਰਾਹੀਂ ਵੱਖ-ਵੱਖ ਸ਼ਹਿਰਾਂ ਦੀ ਸੈਰ ਲਈ ਤੁਰ ਜਾਂਦੇ ਹਨ। ਇਸ ਨਹਿਰ ਦੇ ਕੰਢੇ ਵਸਦੇ ਘਰਾਂ ਨੂੰ ਵੇਖ ਕੇ ਮੈਨੂੰ ਡੱਲ ਝੀਲ ਦੇ ਜਾਂ ਜਿਹਲਮ ਕੰਢੇ ਵਸਦੇ ਆਪਣੇ ਲੋਕ ਯਾਦ ਆਏ ਸਨ। ਜਿਵੇਂ ਅਸੀਂ ਘਰਾਂ ਦੀ ਸਾਰੀ ਗੰਦਗੀ ਇਨ੍ਹਾਂ ਕੁਦਰਤੀ ਸੋਮਿਆਂ ਵਿਚ ਸੁੱਟਣ ਦੀ ਹੋੜ ਲਾਈ ਹੋਈ ਹੈ ਉਵੇਂ ਇਸ ਨਹਿਰ ਦੇ ਕੰਢੇ ਵਸਦੇ ਲੋਕਾਂ ਵਲੋਂ ਕਿਸਮ-ਕਿਸਮ ਦੇ ਫ਼ਲਾਂ ਤੇ ਫੁੱਲਾਂ ਨਾਲ ਸਜਾਏ, ਹਰ ਕਿਸੇ ਨੂੰ ਆਕਰਸ਼ਿਤ ਕਰਦੇ ਦਿਸਦੇ ਹਨ। ਬਦਾਮਾਂ ਤੇ ਖੁਰਮਾਨੀਆਂ ਦੇ ਰੁੱਖਾਂ 'ਤੇ ਲਗੇ ਫੁੱਲ ਕਸ਼ਮੀਰ ਦੀ ਯਾਦ ਚੇਤੇ ਕਰਾ ਰਹੇ ਸਨ। ਕਈ ਨਹਿਰ ਨਾਲ ਲਗਦੇ ਘਰਾਂ ਵਾਲਿਆਂ ਨੇ 'ਹੰਝ' ਤੇ 'ਬਤਖਾਂ' ਵੀ ਪਾਲੀਆਂ ਹਨ ਜੋ ਇਸ ਨਜ਼ਾਰੇ ਦੀ ਹੋਰ ਵੀ ਸ਼ੋਭਾ ਵਧਾਂਦੀਆਂ ਹਨ। ਕੁਝ ਵਿੱਥ 'ਤੇ ਜਾ ਕੇ ਮੈਂ 'ਪਾਂ-ਬਤਖਾਂ' ਦੇ ਕਈ ਜੋੜੇ ਪਾਣੀ ਵਿਚ ਕਲੋਲਾਂ ਕਰਦੇ ਵੇਖੇ ਜਿਵੇਂ ਕਦੀ 'ਡੱਲ ਝੀਲ' ਵਿਚ ਵੇਖਿਆ ਕਰਦੇ ਸਾਂ। ਇਨ੍ਹਾਂ ਕੁਦਰਤੀ ਜਲ ਪੰਛੀਆਂ ਦੇ ਵਸੇਬੇ ਲਈ ਉੱਘੇ ਘਾਹ ਦੇ ਕਈ ਝੁੰਡ ਮੈਂ ਇਸ ਨਹਿਰ ਵਿਚ ਉੱਗੇ ਵੇਖੇ ਜੋ ਕਦੀ ਡੱਲ ਝੀਲ ਵਿਚ ਉਗਦਾ ਸੀ। ਅਸੀਂ ਆਪਣੀ ਇਸ ਝੀਲ ਦਾ ਅਜਿਹਾ ਘਾਤ ਕੀਤਾ ਹੈ ਕਿ ਨਾ ਹੀ ਉਹ ਘਾਹ ਦਿਸਦਾ ਹੈ ਨਾ ਹੀ 'ਪਾਂ-ਬਤਖਾਂ' ਨਜ਼ਰੀਂ ਆਉਂਦੀਆਂ ਹਨ। ਮੈਨੂੰ ਐਸਾ ਮਹਿਸੂਸ ਹੋਇਆ ਕਿ ਸ਼ਾਇਦ ਕੁਦਰਤ ਨੇ ਅਜਿਹੇ ਦ੍ਰਿਸ਼ ਮੁੜ ਵੇਖਣ ਲਈ ਮੈਨੂੰ ਇੱਥੇ ਲਿਆਂਦਾ ਹੈ। ਅੱਜ ਦੀ ਇਹ ਸੈਰ ਮੇਰੇ ਲਈ ਯਾਦਗਾਰ ਬਣੀ ਹੈ। ਪੁਰਾਤਨ ਵਿਰਾਸਤਾ ਦੀ ਸਾਂਭ-ਸੰਭਾਲ ਲਈ ਸਰਕਾਰ ਨਾਲੋਂ ਵੱਧ ਵਚਨਬੱਧਤਾ ਲੋਕਾਂ ਦੀ ਵੇਖਣ ਨੂੰ ਮਿਲਦੀ ਹੈ। ਹਨੇਰਾ ਪੈ ਰਿਹਾ ਸੀ ਤੇ ਠੰਡੀ ਹਵਾ ਵੀ ਤੇਜ਼ ਹੋ ਰਹੀ ਸੀ। ਅਸੀਂ ਵਾਪਿਸ ਮੁੜਨ ਦਾ ਫ਼ੈਸਲਾ ਲਿਆ ਤੇ ਰਹਿਰਾਸ ਸਾਹਿਬ ਦਾ ਪਾਠ ਕਾਰ ਵਿਚ ਹੀ ਕਰਦਿਆਂ ਘਰ ਵਾਪਿਸ ਪਰਤ ਆਏ। ਜੇਕਰ ਮੈਂ ਆਪਣੀਆਂ ਵਿਰਾਸਤੀ ਨਹਿਰਾਂ ਦੀ ਗੱਲ ਕਰਾਂ ਤਾਂ ਕਸ਼ਮੀਰ ਦੀ 'ਦੁੱਧ ਗੰਗਾ' ਨਹਿਰ ਤੇ ਜਮੂੰ ਦੀ 'ਰਣਬੀਰ ਨਹਿਰ' ਸਾਨੂੰ ਅੱਜ ਵੀ ਵੰਗਾਰ ਰਹੀ ਹੈ।

ਅੱਜ ੧੧ ਅਪ੍ਰੈਲ ਨੂੰ ਮਿਲੇ ਵਟਸਐਪ ਮੈਸੇਜ਼ ਰਾਹੀਂ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਗੁਰਦਵਾਰਾ ਪੱਥਰ ਸਾਹਿਬ ਲੇਹ ਲਦਾਖ ਵਿਚ ਬੋਧ ਧਰਮ ਨਾਲ ਸਬੰਧਿਤ ਕੁਝ ਸ਼ਰਾਰਤੀ ਲੋਕਾਂ ਨੇ ਗੁਰਬਾਣੀ ਦੀਆਂ ਕੁਝ ਤੁਕਾਂ ਨੂੰ ਬੋਧੀ ਭਾਸ਼ਾ ਵਿਚ ਬਦਲਣ ਦਾ ਕੋਝਾ ਜਿਹਾ ਯਤਨ ਕੀਤਾ ਹੈ। ਜਿੱਥੋਂ ਤੀਕ ਗੁ: ਪੱਥਰ ਸਾਹਿਬ ਦਾ ਸਬੰਧ ਹੈ, ਇਸ ਅਸਥਾਨ 'ਤੇ ਹੋਏ ਇਹੋ ਜਿਹੇ ਘਿਨਾਉਣੇ ਤੇ ਨਿੰਦਣਯੋਗ ਸ਼ੜਯੰਤਰ ਦੀ ਜਿੰਨੀ ਵੀ ਨਖੇਧੀ ਕੀਤੀ ਜਾਵੇ ਘੱਟ ਹੈ। ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ ਭਾਰਤੀ ਸੈਨਾ ਕਰ ਰਹੀ ਹੈ। ਰਿਆਸਤੀ ਸਟੇਟ ਗੁ: ਬੋਰਡ ਕਸ਼ਮੀਰ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਸ਼੍ਰੋ. ਗੁ: ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨਾਲ ਇਹ ਮਸਲਾ ਕੇਂਦਰੀ ਸਰਕਾਰ ਨਾਲ ਛੇਤੀ ਨਜਿੱਠੇ। ਗੁ: ਪ੍ਰ. ਬੋਰਡ ਕਸ਼ਮੀਰ ਦੀ ਮੌਜੂਦਾ ਸਥਿਤੀ ਤਰਸਯੋਗ ਬਣ ਚੁਕੀ ਹੈ ਜਿਸ ਕਾਰਨ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਕਸ਼ਮੀਰ ਦੇ ਸਿੱਖ ਭਾਈਚਾਰੇ ਨਾਲ ਸੰਬੰਧਿਤ ਸ੍ਰ. ਲਛਮਣ ਸਿੰਘ ਜੀ 'ਡਿਪਟੀ', ਕਾਨਸਪੁਰਾ, ਬਾਰਾਮੂਲਾ ਵਾਲੇ ਵਲੋਂ ਨੌਕਰੀ ਦੌਰਾਨ ਲੇਹ ਲਦਾਖ ਦੇ ਗੁਰਦਵਾਰਿਆਂ ਲਈ ਨਿਭਾਈ ਗਈ ਸੇਵਾ ਸਦਾ ਯਾਦ ਕੀਤੀ ਜਾਂਦੀ ਹੈ। ਗੁ: ਪ੍ਰ. ਬੋਰਡ ਕਸ਼ਮੀਰ ਦੇ ਪ੍ਰਧਾਨ ਭਾਈ ਦਿਆਲ ਸਿੰਘ ਜੀ ਦੇ ਯਤਨਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸ ਘਟਨਾ ਸਬੰਧੀ ਜਿਵੇਂ ਆਲ ਪਾਰਟੀ ਸਿੱਖ ਤਾਲਮੇਲ ਕਮੇਟੀ ਕਸ਼ਮੀਰ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਮੀਡੀਆ ਰਾਹੀਂ ਉਠਾਇਆ ਹੈ ਉਹ ਪ੍ਰਸ਼ੰਸਾਜਨਕ ਹੈ ਜਿਨ੍ਹਾਂ ਦੀ ਭਰਪੂਰ ਸ਼ਲਾਘਾ ਹੋਣੀ ਚਾਹੀਦੀ ਹੈ। ਰੈਨਾ ਜੀ ਦੇ ਬਿਆਨਾਂ ਨੂੰ U.K. ਦੇ ਕਈ ਚੈਨਲਾਂ ਰਾਹੀਂ

ਵੀ ਉਭਾਰਿਆ ਜਾ ਰਿਹਾ ਹੈ ਜੋ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸੁਚੇਤ ਤੇ ਯੋਗ ਅਗਵਾਈ ਰਾਹੀਂ ਹੀ, ਉਜਲੇ ਭਵਿੱਖ ਦੀ ਆਸ ਰੱਖੀ ਜਾ ਸਕਦੀ ਹੈ। ਇੱਥੇ ਇਹ ਦੱਸਣਾ ਵੀ ਕੁਥਾਏਂ ਨਹੀਂ ਹੋਵੇਗਾ ਕਿ ਗੁਰੂ ਨਾਨਕ ਸਾਹਿਬ ਦੇ ੫੫੦ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੋਣ ਵਾਲੇ ਪ੍ਰੋਗਰਾਮਾਂ ਵਿਚ ਗੁ: ਪੱਥਰ ਸਾਹਿਬ ਵਿਖੇ ਵਿਸ਼ਾਲ ਪ੍ਰੋਗਰਾਮ ਆਯੋਜਿਤ ਕਰਨ ਲਈ ਰਿਆਸਤੀ ਕਲਚਰਲ ਅਕਾਦਮੀ ਦੇ ਸਕਤਰ ਡਾ: ਅਜ਼ੀਜ਼ 'ਹਾਜ਼ਨੀ' ਜੀ ਨੇ ਸਰਕਾਰ ਨੂੰ ਇਕ ਪ੍ਰਸਤਾਵ ਵੀ ਦਿੱਤਾ ਹੈ। ਦੂਜੇ ਵਟਸਐਪ ਨੇ ਮੈਨੂੰ ਝੰਝੋੜ ਕੇ ਰੱਖ ਦਿੱਤਾ ਸੀ। ਆਪਣੇ ਪਿਆਰੇ ਵੀਰ ਦਲਜੀਤ ਸਿੰਘ ਜੀ ਦੇ ਅਚਨਚੇਤ ਜਮੂੰ ਵਿਖੇ ਅਕਾਲ ਚਲਾਣੇ ਦੀ ਖ਼ਬਰ ਪੜ੍ਹ ਕੇ ਯਕੀਨ ਨਹੀਂ ਸੀ ਹੋ ਰਿਹਾ। ਲੰਦਨ ਆਣ ਤੋਂ ਇਕ ਦਿਨ ਪਹਿਲਾਂ ੨੦ ਫਰਵਰੀ ਨੂੰ ਮੈਂ ਉਨ੍ਹਾਂ ਨੂੰ ਮਿਲਿਆ ਸਾਂ। ਅਸੀਂ ਕਾਫ਼ੀ ਚਿਰ ਪਰਿਵਾਰਕ, ਸਮਾਜਿਕ ਤੇ ਭਾਈਚਾਰਕ ਗੱਲਾਂ ਕਰਦੇ ਰਹੇ। ਉਹ ਮੇਰੀ ਲੰਦਨ ਫੇਰੀ ਸਬੰਧੀ ਸੁਣ ਕੇ ਕਾਫ਼ੀ ਪ੍ਰਸੰਨ ਹੋਏ ਤੇ ਕਹਿਣ ਲਗੇ, ਸਮਾਂ ਮਿਲੇ ਤਾਂ ਬਰਮਿੰਘਮ ਵਿਚ 'ਅਮਿਤ' ਨੂੰ ਫ਼ੋਨ ਕਰ ਲੈਣਾਂ। ਡਾ: ਅਮਿਤ ਪਾਲ ਸਿੰਘ ਦੇ ਦੋ ਫ਼ੋਨ ਨੰਬਰ ਮੈਨੂੰ ਦਿੰਦਿਆਂ ਉਨ੍ਹਾਂ ਕਿਹਾ ਸੀ, "ਸਾਡੀ ਅਗਲੀ ਮੁਲਾਕਾਤ ਹੁਣ ਸ੍ਰੀਨਗਰ ਵਿਖੇ ਹੋਵੇਗੀ।" ਭਲਾ ਕੌਣ ਜਾਣ ਸਕਦਾ ਸੀ ਕਿ ਅੱਜ ਦੀ ਮਿਲਣੀ ਆਖ਼ਰੀ ਹੋ ਨਿਭੜੇਗੀ। ਡਾ: ਸਾਹਿਬ ਦਾ ਵਿਛੋੜਾ ਮੇਰੇ ਲਈ ਜਾਤੀ ਘਾਟ ਤਾਂ ਹੈ ਹੀ ਪਰ ਰਿਆਸਤ ਦੇ ਸਿੱਖ ਭਾਈਚਾਰੇ ਲਈ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਦੀ ਸ਼ਖ਼ਸੀਅਤ ਬਹੁਪੱਖੀ ਸੀ। ਉਹ ਰਿਆਸਤ ਦੇ ਨਿਪੁੰਨ ਤੇ ਮਾਹਿਰ ਡਾਕਟਰ ਹੀ ਨਹੀਂ ਸਨ ਸਗੋਂ ਕਸ਼ਮੀਰੀ ਸਿੱਖ ਭਾਈਚਾਰੇ ਸਬੰਧਿਤ ਹਰ ਖੇਤਰ ਵਿਚ ਪ੍ਰਸ਼ੰਸਾਯੋਗ ਸਥਾਨ ਰਖਦੇ ਸਨ। ਉਹ 'ਕਸ਼ਮੀਰ ਸਿੱਖ ਸਹਾਇਕ ਸਭਾ' (ਰਜਿ:) ਦੇ ਮੋਢੀ ਮੈਂਬਰ ਤੇ ਪ੍ਰਧਾਨ ਹੀ ਨਹੀਂ ਰਹੇ ਸਗੋਂ 'ਖ਼ਾਲਸਾ ਐਜੂਕੇਸ਼ਨ ਸੁਸਾਇਟੀ' ਕਸ਼ਮੀਰ ਦੇ ਮੋਢੀ ਵੀ ਰਹੇ ਹਨ। ਜਮੂੰ-ਕਸ਼ਮੀਰ ਪੰਜਾਬੀ ਸਾਹਿਤ ਸਭਾ ਸ੍ਰੀਨਗਰ ਦੇ ਕਾਫ਼ੀ ਸਮੇਂ ਤੋਂ ਸਰਪ੍ਰਸਤ ਵੀ ਚਲੇ ਆ ਰਹੇ ਸਨ। ਬੀਤੇ ੧੫ ਵਰ੍ਹਿਆਂ ਤੋਂ ਆਪਣੇ ਪਿਤਾ ਸ੍ਰ: ਗੁਣਵੰਤ ਸਿੰਘ ਜੀ ਦੀ ਯਾਦ ਵਿਚ ਹਰ ਵਰ੍ਹੇ ਇਕ ਪੰਜਾਬੀ ਸਾਹਿਤਕਾਰ ਨੂੰ ਸਨਮਾਨਿਤ ਕਰਦੇ ਰਹੇ ਹਨ। ਉਹ ਰਿਆਸਤ ਵਿਚ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰੇ ਦੇ ਵਿਕਾਸ ਤੇ ਪ੍ਰਫੁੱਲਤਾ ਲਈ ਵਚਨਬੱਧ ਰਹੇ ਹਨ। ਕੱਲ ਵਿਸਾਖੀ ਵਾਲੇ ਦਿਨ ਅਸੀਂ ਲੰਦਨ ਜਾ ਰਹੇ ਹਾਂ। ਫੇਰ ਕਦੀ ਡਾ: ਸਾਹਿਬ ਸਬੰਧੀ ਵਿਸਥਾਰ ਨਾਲ ਲਿਖਣ ਦਾ ਯਤਨ ਕਰਾਂਗਾ।

ਅੱਜ ਲੰਦਨ ਜਾਣ ਦੀ ਤਿਆਰੀ ਕਰ ਹੀ ਰਹੇ ਸਾਂ ਕਿ ਇਕ ਹੋਰ ਸੰਦੇਸ਼ ਰਾਹੀਂ ਪਤਾ ਲੱਗਾ ਕਿ ਰਿਆਸਤ ਦੇ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰੋ: ਸੇਵਾ ਸਿੰਘ ਸਿੰਘ ਜੀ ਵੀ ਜਮੂੰ ਵਿਖੇ ਰੱਬ ਨੂੰ ਪਿਆਰੇ ਹੋ ਗਏ ਹਨ। ਇਸ ਵਿਛੋੜੇ ਕਾਰਨ ਅਸੀਂ ਇਕ ਅਜਿਹੇ ਸਾਹਿਤਕਾਰ, ਕਲਮਕਾਰ, ਖੋਜੀ ਤੇ ਸੰਗੀਤਕਾਰ ਤੋਂ ਵਾਂਝੇ ਹੋ ਗਏ ਹਾਂ ਜਿਨ੍ਹਾਂ ਦਾ ਸਾਰਾ ਜੀਵਨ ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੀ ਪ੍ਰਫੁੱਲਤਾ ਲਈ ਗੁਜ਼ਰਿਆ ਹੈ। ਡੇਢ ਕੁ ਦਰਜਨ ਪੰਜਾਬੀ ਪੁਸਤਕਾਂ ਇਸ ਰਚੇਤਾ ਨੇ ਸਾਹਿਤ ਦੀ ਹਰ ਸਿਨਫ਼ ਨੂੰ ਛੋਹਦਿੰਆਂ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ। ਉਨ੍ਹਾਂ ਕਹਾਣੀ, ਨਾਵਲ, ਲੇਖ, ਸ੍ਵੈਜੀਵਨੀ, ਸਫ਼ਰਨਾਮਾ, ਖੋਜ, ਅਨੁਵਾਦ ਤੇ ਸੰਪਾਦਨਾ ਆਦਿ ਰਾਹੀਂ ਵੱਡਮੁੱਲਾ ਯੋਗਦਾਨ ਪਾਇਆ ਹੈ। ਜਮੂੰ-ਕਸ਼ਮੀਰ ਸਰਕਾਰ ਵਲੋਂ ਉਨ੍ਹਾਂ ਨੂੰ Robe of Honour ਨਾਲ ਨਿਵਾਜਿਆ ਗਿਆ ਹੈ ਤੇ ਕਲਚਰਲ ਅਕਾਦਮੀ ਨੇ ਉਨ੍ਹਾਂ ਦੀਆਂ ਦੋ ਪੁਸਤਕਾਂ ਨੂੰ ਪੁਰਸਕ੍ਰਿਤ ਕੀਤਾ ਹੈ। ਅਕਾਦਮੀ ਨੇ Meet the Imeninent Writer ਪ੍ਰੋਗਰਾਮ ਅਧੀਨ ਪ੍ਰੋ: ਸਾਹਿਬ ਦਾ ਜਮੂੰ ਵਿਖੇ ਸਨਮਾਨ ਕੀਤਾ ਹੈ ਤੇ ਸ਼ੀਰਾਜ਼ਾ ਪੰਜਾਬੀ ਦਾ ਇਕ ਵਿਸ਼ੇਸ਼ ਅੰਕ ਉਨ੍ਹਾਂ ਨੂੰ ਸਮਰਪਿਤ ਕੀਤਾ ਹੈ। ਆਪਣੇ ਇਸ ਸਫ਼ਰਨਾਮੇ ਵਿਚ ਪ੍ਰੋ: ਸਾਹਿਬ ਦੇ ਵਿਛੋੜੇ ਸਬੰਧੀ ਇਹ ਸਤਰਾਂ ਲਿਖਦਿਆਂ ਮੈਨੂੰ ਉਹ ਸਮਾਂ ਯਾਦ ਆ ਰਿਹਾ ਹੈ ਜਦੋਂ ਸਭਾ ਦੀਆਂ ਬੈਠਕਾਂ ਵਿਚ ਪ੍ਰੋ: ਸਾਹਿਬ ਆਪਣੇ ਲਿਖੇ ਸਫ਼ਰਨਾਮੇ ਨੂੰ ਕਈ ਕਿਸ਼ਤਾਂ ਵਿਚ ਸੁਣਾਂਦੇ ਰਹੇ ਸਨ। ਪ੍ਰੋ: ਸਾਹਿਬ ਮੇਰੀ ਪੀੜ੍ਹੀ ਦੇ ਲੇਖਕਾਂ ਲਈ

ਪ੍ਰੇਰਨਾ ਸਰੋਤ ਰਹੇ ਹਨ। ਇਨ੍ਹਾਂ ਦੋ ਪਿਆਰੀਆਂ ਸ਼ਖ਼ਸੀਅਤਾਂ ਦੇ ਸਦੀਵੀ ਵਿਛੋੜੇ ਸਮੇਂ ਮੈਂ ਵਿਦੇਸ਼ ਹੋਣ ਕਾਰਨ ਪਰਿਵਾਰਾਂ ਨਾਲ ਦੁੱਖ ਵੰਡਾਉਣ ਤੋਂ ਭਾਵੇਂ ਅਸਮਰਥ ਹਾਂ ਪਰ ਇਨ੍ਹਾਂ ਦੀ ਆਤਮਿਕ ਸ਼ਾਂਤੀ ਤੇ ਪਰਿਵਾਰ ਦੇ ਸਬਰ ਲਈ ਸਤਿਗੁਰੂ ਅੱਗੇ ਜੋਦੜੀ ਤੇ ਅਰਦਾਸ ਕਰਦਾ ਹਾਂ। ਅਜਿਹੇ ਪਿਆਰੇ ਤੇ ਗੁਣਵਾਨ ਸੱਜਣਾਂ ਨਾਲ ਬਿਤਾਏ ਬੀਤੇ ਪੰਜਾਹ ਵਰ੍ਹਿਆਂ ਦੇ ਸਫ਼ਰ ਸਬੰਧੀ ਉਨ੍ਹਾਂ ਖੱਟੇ-ਮਿੱਠੇ ਪਲਾਂ ਨੂੰ ਮੈਂ ਜ਼ਰੂਰ ਕਲਮਬੱਧ ਕਰਨ ਦਾ ਯਤਨ ਕਰਾਂਗਾ। ਅੱਜ ਕੇਵਲ ਗੁਰਬਾਣੀ ਦੇ ਇਹ ਪਵਿਤਰ ਬਚਨ ਹੀ ਯਾਦ ਆਉਂਦੇ ਹਨ "ਸਜਣ ਮੇਰੇ ਰੰਗਲੇ ਜਾਇ ਸੁਤੇ ਜੀਰਾਣ, ਹਉਂ ਭੀ ਵੰਞਾਂ ਡੁਮਣੀਂ, ਰੋਵਾਂ ਵੀ ਜੀ ਛਾਣ"

੧੩ ਅਪ੍ਰੈਲ ਸਨਿਚਰਵਾਰ ਨੂੰ ਅਸੀਂ 'ਵਿਗਨ' ਤੋਂ ਦਸ ਕੁ ਵਜੇ ਰਵਾਨਾ ਹੋ ਕੇ ੧੨ ਵਜੇ ਬਰਮਿੰਘਮ ਪਹੁੰਚ ਗਏ ਸਾਂ ਜੋ ਯੂ.ਕੇ. ਦਾ ਇਕ ਸੁੰਦਰ ਸ਼ਹਿਰ ਹੈ। ਇੱਥੇ ਏਸ਼ੀਆਈ ਲੋਕਾਂ ਦੀ ਚੋਖੀ ਵਸੋਂ ਹੈ ਜਿਸ ਵਿਚ ਹਿੰਦੂ, ਸਿੱਖ ਤੇ ਮੁਸਲਿਮ ਪੰਜਾਬੀ ਪਰਿਵਾਰ ਵੀ ਸ਼ਾਮਿਲ ਹਨ। ਅਸੀਂ ਸ਼ਹਿਰ ਦੇ ਵੱਡੇ ਗੁਰਦਵਾਰਾ ਸਾਹਿਬ ਪਹੁੰਚੇ ਸਾਂ ਜਿੱਥੇ ਵਿਸਾਖੀ ਦੇ ਸਬੰਧ ਵਿਚ ਰੱਖੇ ਅਖੰਡ ਸਾਹਿਬ ਜਾਰੀ ਸਨ ਤੇ ਸੰਗਤਾਂ ਅਕੀਦਤ ਤੇ ਸ਼ਰਧਾ ਨਾਲ ਹਾਜ਼ਰੀ ਭਰ ਰਹੀਆਂ ਸਨ। ਇਹ ਗੁਰਦਵਾਰਾ 'ਗੁਰੂ ਨਾਨਕ ਨਿਸ਼ਕਾਮ ਸੇਵਕ ਜੱਥਾ ਬਰਮਿੰਘਮ' ਦੇ ਪ੍ਰਬੰਧ ਹੇਠ ਸੰਗਤ ਦੇ ਸਹਿਯੋਗ ਨਾਲ ਸਿੱਖੀ ਦੇ ਸੰਦੇਸ਼ ਨੂੰ ਪ੍ਰਚਾਰਨ ਤੇ ਪ੍ਰਸਾਰਨ ਵਿਚ ਕਾਰਜਸ਼ੀਲ ਹੈ। ਗੁਰਦਵਾਰਾ ਸਾਹਿਬ ਦੀ ਬਿਲਡਿੰਗ ਤੇ ਨਾਲ ਲੱਗਦੇ ਕੰਪਲੈਕਸ ਵੱਲ ਝਾਤੀ ਮਾਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਿਟੀ ਸੈਂਟਰ ਨਾਲ ਲੱਗਦੀ ਸੜਕ ਤੇ ਗੁਰਦਵਾਰਾ ਸਾਹਿਬ ਦੀ ਸਥਾਪਨਾ ਕਾਫ਼ੀ ਸਮੇਂ ਪਹਿਲਾਂ ਕੀਤੀ ਗਈ ਹੈ ਜੋ ਅੱਜ ਵੀ ਸਿੱਖੀ ਦੀ ਆਨ, ਬਾਨ, ਸ਼ਾਨ ਦੀ ਸੂਚਕ ਹੈ। ਵਿਸਾਖੀ ਤੋਂ ਇਕ ਦਿਨ ਪਹਿਲਾਂ ਸੰਗਤਾਂ ਦੀ ਰੌਣਕ ਵੇਖ ਕੇ ਅਸਚਰਜਤਾ ਹੋਣੀ ਸੁਭਾਵਿਕ ਸੀ। ਸ੍ਰੀ ਅਖੰਡ ਪਾਠ ਸਾਹਿਬ ਦੌਰਾਨ ਸਰੋਤਿਆਂ ਦੀ ਏਨੀ ਵੱਡੀ ਹਾਜ਼ਰੀ ਮੈਂ ਪਹਿਲੀ ਵਾਰੀ ਵੇਖ ਰਿਹਾ ਸਾਂ। ਜਿੱਥੇ ਦੂਰ-ਦੂਰ ਤੋਂ ਆਈਆਂ ਸੰਗਤਾਂ ਭੇਟਾਵਾਂ ਹਾਜ਼ਰ ਕਰ ਰਹੀਆਂ ਸਨ, ਉੱਥੇ ਲਿਵਲੀਨ ਹੋ ਕੇ ਬਾਣੀ ਸੁਣਨ ਦਾ ਅਲੌਕਿਕ ਦ੍ਰਿਸ਼ ਵੀ ਰੂਹਾਨੀ ਫੁਹਾਰਾਂ ਦੀ ਅਕਾਸੀ ਕਰ ਰਿਹਾ ਸੀ। ਦੋ ਕੁ ਘੰਟੇ ਪਾਠ ਸੁਣਨ ਉਪਰੰਤ ਅਸੀਂ ਲੰਗਰ ਹਾਲ ਵਿਚ ਪ੍ਰਵੇਸ਼ ਕੀਤਾ, ਜਿੱਥੇ ਭਰਪੂਰ ਸੰਗਤ ਲੰਗਰ ਛਕ ਰਹੀ ਸੀ। ਲੰਗਰ ਵਿਚ ਦਾਲ, ਚਾਵਲ, ਪ੍ਰਸ਼ਾਦੇ ਦੇ ਨਾਲ ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ ਤੇ ਮੱਖਣ ਤੋਂ ਛੁੱਟ ਕੜੀ, ਫਰੂਟ, ਖੀਰ ਆਦਿ ਵੀ ਵਰਤਾਈ ਜਾ ਰਹੀ ਸੀ। ਛੋਟੇ ਬੱਚਿਆਂ ਲਈ ਇਕ ਵੱਖਰੇ ਕਮਰੇ ਵਿਚ ਪੰਗਤ ਸਜਾਈ ਗਈ ਸੀ, ਜਿੱਥੇ ਮਾਵਾਂ ਬੱਚਿਆਂ ਨੂੰ ਦੁੱਧ, ਮੈਗੀ, ਚਿਪਸ ਆਦਿ ਦਾ ਸੇਵਨ ਕਰਾਂਦੀਆਂ ਦਿਸੀਆਂ। ਇਹ ਗੁਰਦਵਾਰਾ 'ਬਜ਼ੁਰਗਾਂ ਦੇ ਗੁਰਦਵਾਰੇ' ਵਜੋਂ ਵੀ ਜਾਣਿਆਂ ਜਾਂਦਾ ਹੈ। ਇਹ ਗੱਲ ਉਦੋਂ ਸਪਸ਼ਟ ਹੋ ਜਾਂਦੀ ਹੈ, ਜਦੋਂ ਬਿਰਧ ਸੇਵਕਾਂ ਨੂੰ ਖਿੜ੍ਹੇ ਮੱਥੇ, ਹੱਥ ਜੋੜ ਸੇਵਾ ਕਰਦਿਆਂ ਵੇਖਿਆ ਜਾਂਦਾ ਹੈ। ਸਾਰੇ ਪ੍ਰਬੰਧਕ ਤੇ ਸੇਵਾਦਾਰ ਸਫ਼ੇਦ ਬਸਤਰਾਂ ਵਿਚ ਸਜੇ ਦਿਸਦੇ ਹਨ। ਉਵੇਂ ਹਾਲ ਦੀ ਵਿਛਾਈ ਲਈ ਵੀ ਸਫ਼ੇਦ ਚਾਦਰਾਂ ਹੀ ਵਰਤੀਆਂ ਜਾਂਦੀਆਂ ਹਨ। ਕੁਸ਼ਲ ਪ੍ਰਬੰਧ ਰਾਹੀਂ ਹਾਲ ਵਿਚ ਸ਼ਾਂਤ ਵਾਤਾਵਰਨ ਦਾ ਅਨੁਭਵ ਹੁੰਦਾ ਹੈ।

ਕਈ ਵਰ੍ਹੇ ਪਹਿਲਾਂ ਦੀ ਗੱਲ ਹੈ ਜਦੋਂ ਮੈਂ ਹਰਮੰਦਿਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨ ਲੱਗਿਆਂ ਤੀਜੀ ਮੰਜ਼ਿਲ 'ਤੇ ਪਹੁੰਚਿਆ ਤਾਂ ਗੁੰਬਦਾਂ 'ਤੇ ਸੋਨੇ ਦੀ ਪਾਲਿਸ਼ ਕਰਦੇ ਜਥੇ ਨੂੰ ਜਿਸ ਨਿਸ਼ਕਾਮਤਾ ਨਾਲ ਸੇਵਾ ਕਰਦਿਆਂ ਤੱਕਿਆ ਸੀ ਅੱਜ ਉਸ ਜਥੇ ਦੇ ਸੇਵਕਾਂ ਦੇ ਦੀਦਾਰ ਕਰਨ ਦਾ ਮੌਕਾ ਇੱਥੇ ਮਿਲਿਆ ਸੀ। ਇਸ ਜਥੇ ਵਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਬਿਹਾਰ ਤੇ ਗੁ: ਨਨਕਾਣਾ ਸਾਹਿਬ ਪਾਕਿਸਤਾਨ ਦੀ ਸੇਵਾ ਦੇ ਨਾਲ-ਨਾਲ ਭਾਰਤ ਵਿਚ ਵਸਦੇ ਸਿਖ ਪਰਿਵਾਰਾਂ ਦੇ ਵਸੇਬੇ ਲਈ ਵੀ ਵੱਡਮੁੱਲੇ ਕਾਰਜ ਕੀਤੇ ਜਾ ਰਹੇ ਹਨ। ਇੱਥੇ ਗੁਰਮਤਿ ਕਲਾਸਾਂ ਵੀ ਲਾਈਆਂ ਜਾਂਦੀਆਂ ਹਨ ਤੇ

ਨਾਲ ਹੀ ਬੱਚੀਆਂ ਦੇ ਸਕੂਲ ਦੀ ਵਿਵਸਥਾ ਵੀ ਕੀਤੀ ਗਈ ਹੈ। ਗੁਰਦਵਾਰਾ ਸਾਹਿਬ ਦੇ ਮੁਖ ਦਵਾਰ ਦੇ ਨਾਲ ਬਹੁਤ ਵੱਡੇ ਆਕਾਰ ਦੇ 'ਖੰਡੇ-ਬਾਟੇ' ਵਾਲੀ ਪੇਸ਼ਕਾਰੀ ਹਰ ਪ੍ਰਾਣੀ ਨੂੰ ਅਮ੍ਰਿਤਧਾਰੀ ਹੋਣ ਦਾ ਨਿੱਘਾ ਸੰਦੇਸ਼ ਦਿੰਦੀ ਹੈ। ਬ੍ਰਮਿੰਘਮ ਤੋਂ ਤਿੰਨ ਵਜੇ ਰਵਾਨਾ ਹੋ ਕੇ ਅਸੀਂ ਸਾਢੇ ਪੰਜ ਵਜੇ ਲੰਦਨ ਪਹੁੰਚ ਗਏ ਸਾਂ। ਰਹਿਣ ਦਾ ਪ੍ਰਬੰਧ ਡਾ: ਜਗਵੰਤ ਨੇ ਕੌਮਾਂਤਰੀ ਹਵਾਈ ਅੱਡੇ 'ਹੀਥਰੋ' ਦੇ ਨਜ਼ਦੀਕ ਇਕ ਪ੍ਰਸਿੱਧ ਹੋਟਲ 'MERCURE' ਵਿਚ ਕੀਤਾ ਸੀ ਜਿਸ ਦੀਆਂ ਯੂ.ਕੇ. ਤੋਂ ਇਲਾਵਾ ਵਿਸ਼ਵ ਦੇ ਕਈ ਦੇਸ਼ਾਂ ਵਿਚ ਸ਼ਾਖਾਵਾਂ ਹਨ। ਇਕ ਵਿਸ਼ਾਲ ਤੇ ਖੁੱਲੇ ਵਾਤਾਵਰਨ ਦੇ ਇੱਛਕ ਸੈਲਾਨੀਆਂ ਲਈ ਇਹ ਥਾਂ ਅਤੀ ਸੁੰਦਰ ਹੈ।

ਥਕਾਵਟ ਕਾਰਨ ਅਸੀਂ ਘੰਟਾ ਕੁ ਅਰਾਮ ਕੀਤਾ ਤੇ ਸੈਂਟਰਲ ਲੰਦਨ ਦੀ ਸੈਰ ਲਈ ਤੁਰ ਪਏ। ਅਸੀਂ ਮਿਡਲ ਸੈਕਸ ਜੋ ਲੰਡਨ ਸ਼ਹਿਰ ਦਾ ਕੇਂਦਰ ਬਿੰਦੂ ਹੈ, ਦੀ ਸੈਰ ਕੀਤੀ। ਬਕਿੰਘਮ ਪੈਲਸ, ਵੈਸਟਰਨ ਮਨਿਸਟਰ, ਲੰਡਨ ਟਾਵਰ, ਕੈਥੇਡਰਿਲ ਚਰਚ ਤੇ ਥੇਰਾ ਨਦੀ ਤੇ ਉਸਰੇ ਪੁਲਾਂ ਦੀ ਸੁੰਦਰਤਾ ਨੂੰ ਮਾਣਿਆਂ। ਚਕਾਚੌਂਦ ਰੌਸ਼ਨੀ ਵਿਚ ਡੁੱਬਾ ਵਿਸ਼ਵ ਪ੍ਰਸਿਧ ਇਸ ਸ਼ਹਿਰ ਦਾ ਅਨੰਦ ਮਾਣਦੇ ਰਹੇ। ਹਫ਼ਤੇ ਦੇ ਆਖ਼ਰੀ ਦੋ ਦਿਨਾਂ ਵਿਚ ਇਸ ਸ਼ਹਿਰ ਦੀ ਸੈਰ ਕਰਨ ਵਾਲਿਆਂ ਦੀ ਸੰਖਿਆ ਵਧ ਜਾਂਦੀ ਹੈ। ਇਕ ਅੰਦਾਜ਼ੇ ਅਨੁਸਾਰ ਹਰ ਵੀਕ ਐਂਡ 'ਤੇ ਇਕ ਲੱਖ ਤੋਂ ਵਧ ਸੈਲਾਨੀ ਇਥੇ ਸੈਰ ਲਈ ਆਉਂਦੇ ਹਨ। ਇਥੋਂ ਦਾ ਉਪਲਭਦ ਪ੍ਰਬੰਧ ਤੇ ਮਿਆਰੀ ਰੱਖ-ਰਖਾਉ ਹਰ ਕਿਸੇ ਨੂੰ ਆਕਰਸ਼ਿਤ ਕਰਦਾ ਹੈ। ਅਸੀਂ ਗੱਡੀ ਪਾਰਕ ਕਰਕੇ ਜਦੋਂ ਥੇਮ ਨਦੀ ਦੇ ਕੰਢੇ ਤੇ ਘੁੰਮਣ ਗਏ ਤਾਂ ਵਿਸ਼ਵ ਦੇ ਕਈ ਹਿੱਸਿਆਂ ਤੋਂ ਆਏ ਸੈਲਾਨੀਆਂ ਦੇ ਝੁੰਡ ਵੇਖੇ ਜਿਨ੍ਹਾਂ ਵਿਚ ਜਪਾਨੀ, ਜਰਮਨੀ, ਅਰਬੀ, ਅਫਰੀਕਨ ਤੇ ਏਸ਼ੀਆਈ ਲੋਕ ਵੀ ਸ਼ਾਮਿਲ ਸਨ। ਇਥੋਂ ਦੀਆਂ ਪੁਰਾਤਨ ਬਿਲਡਿੰਗਾਂ ਤੇ ਵਿਅਕਤੀ ਤਾਮੀਰਾਂ ਲੰਦਨ ਨੂੰ ਚਾਰ ਚੰਨ ਲਾਉਂਦੀਆਂ ਹਨ। ਸ਼ਾਮ ਦੇ ਸਮੇਂ ਰੌਸ਼ਨੀ ਵਿਚ ਚਮਕਦਾ ਇਹ ਸ਼ਹਿਰ ਹਰ ਕਿਸੇ ਨੂੰ ਆਕਰਸ਼ਿਤ ਕਰਦਾ ਹੈ। ਕਾਫ਼ੀ ਠੰਡ ਹੋਣ ਕਾਰਨ ਅਸੀਂ ਇਥੋਂ ਮੁੜਨ ਦੀ ਕੀਤੀ ਤੇ ਸ਼ਾਮ ਨੂੰ ਸਾਊਥ ਹਾਲ ਗੁਰਦਵਾਰਾ ਸਾਹਿਬ ਵਿਚ ਹਾਜ਼ਰੀ ਭਰੀ। ਇਥੇ ਵੀ ਸੰਗਤਾਂ ਅਖੰਡਪਾਠ ਸਰਵਣ ਕਰ ਰਹੀਆਂ ਸਨ ਤੇ ਵਿਸਾਖੀ ਸਮਾਰੋਹ ਦੀਆਂ ਤਿਆਰੀਆਂ ਚਾਵਾਂ ਤੇ ਮਲਾਰਾਂ ਨਾਲ ਕਰ ਰਹੀਆਂ ਸਨ। ਇਹ ਗੁਰਦਵਾਰਾ ਸਾਹਿਬ ਵੀ ਕਾਫ਼ੀ ਸਮਾਂ ਪਹਿਲਾਂ ਸਥਾਪਿਤ ਹੋਇਆ ਹੈ। ਲੰਦਨ ਦੀ ਸਿੱਖ ਸੰਗਤ ਧਾਰਮਿਕ ਸਮਾਗਮਾਂ ਸਮੇਂ ਭਾਰਤ ਤੋਂ ਉੱਘੇ ਰਾਗੀ ਜੱਥੇ, ਢਾਡੀ ਜਥੇ, ਕਵੀਸ਼ਰ ਤੇ ਕਥਾਵਾਚਕ ਬੁਲਾ ਕੇ ਮਿਆਰੀ ਢੰਗ ਨਾਲ ਸਮਾਰੋਹ ਆਯੋਜਿਤ ਕਰਦੀ ਹੈ ਜਿਸ ਰਾਹੀਂ ਆਣ ਵਾਲੀ ਪੀੜ੍ਹੀ ਨੂੰ ਵੀ ਸਹੀ ਸੇਧ ਪ੍ਰਾਪਤ ਹੁੰਦੀ ਹੈ। ਸਾਊਥ ਹਾਲ ਦੇ ਅੱਧਾ ਕੁ ਦਰਜਨ ਗੁਰਦਵਾਰਿਆਂ ਵਿਚ ਭਰਪੂਰ ਰੌਣਕ ਦੇ ਨਾਲ-ਨਾਲ ਰੌਸ਼ਨੀ ਤੇ ਸਜਾਵਟ ਦਾ ਵੀ ਅਦਭੁਤ ਨਜ਼ਾਰਾ ਪੇਸ਼ ਹੁੰਦਾ ਹੈ।ਗੁਰਦਵਾਰਾ ਸਿੰਘ ਸਭਾ ਵਿਖੇ ਲੰਗਰ ਛਕ ਕੇ ਅਸੀਂ ਦਸ ਕੁ ਵਜੇ ਵਾਪਿਸ ਹੋਟਲ ਵਿਚ ਪਰਤ ਆਏ ਸਾਂ।

੧੪ ਅਪ੍ਰੈਲ ਐਤਵਾਰ ਨੂੰ ਡਾ: ਸਾਹਿਬ ਨੇ ਸਵੇਰੇ ਪੰਜ ਵਜੇ ਦਰਵਾਜ਼ਾ ਨਾਕ ਕੀਤਾ ਤੇ ਮੈਨੂੰ ਤਿਆਰ ਹੋਣ ਲਈ ਕਿਹਾ। ਅਸੀਂ ਤਿਆਰ ਹੋ ਕੇ ਸਾਊਥਹਾਲ ਵੱਲ ਰਵਾਨਾ ਹੋ ਗਏ ਤਾਂ ਜੋ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮੇਂ ਸੰਗਤ ਵਿਚ ਸ਼ਾਮਿਲ ਹੋ ਸਕੀਏ। ਠੰਡ ਕਾਰਨ ਨੰਨ੍ਹੀ 'ਮੇਹਰ' ਤੇ ਉਸਦੀ ਮਾਂ ਤੇ ਨਾਨੀ ਨੂੰ ਅਸੀਂ ਹੋਟਲ ਵਿਚ ਹੀ ਛੱਡ ਗਏ ਸਾਂ। ਭੋਗ ਸਮੇਂ ਸੰਗਤਾਂ ਦੀ ਹਾਜ਼ਰੀ ਤੇ ਉਨ੍ਹਾਂ ਦੀਆਂ ਖ਼ੁਸ਼ੀਆਂ, ਰੀਝਾਂ ਤੇ ਉਤਸ਼ਾਹ ਦੀ ਝਲਕ ਸਾਫ਼ ਵਿਖਾਈ ਦੇ ਰਹੀ ਸੀ। ਮੈਨੂੰ ਤਾਂ ਇੰਝ ਜਾਪਦਾ ਸੀ ਜਿਵੇਂ ਅਸੀਂ ਆਪਣੇ ਦੇਸ਼ ਦੇ ਹੀ ਕਿਸੇ ਗੁਰਦਵਾਰਾ ਸਾਹਿਬ ਵਿਚ ਬੈਠੇ ਹਾਂ। ਪਾਠ ਦੇ ਭੋਗ ਮਗਰੋਂ ਸਾਰੀ ਸੰਗਤ ਨੂੰ ਬ੍ਰੇਕਫਾਸਟ ਛਕਣ ਲਈ ਅਪੀਲ ਕੀਤੀ ਗਈ ਤੇ ਅਸੀਂ ਵੀ ਸ਼ਾਮਿਲ ਹੋਏ। ਜਦੋਂ ਡਿਉਢੀ ਤੋਂ ਬਾਹਰ ਨਿਕਲੇ ਤਾਂ ਕਈ ਸਟਾਲ ਸਜੇ ਦਿਖਾਈ ਦਿੱਤੇ ਜਿੱਥੇ ਚਾਹ, ਕੌਫੀ,

ਬ੍ਰੈਡ ਪਕੋੜਾ ਤੇ ਜਲੇਬੀਆਂ ਦਾ ਲੰਗਰ ਵਰਤਾਇਆ ਜਾ ਰਿਹਾ ਸੀ। ਇਕ ਬਜ਼ੁਰਗ ਬਾਬੇ ਨੇ ਸਾਨੂੰ ਬਾਹੋਂ ਫੜ ਸਟਾਲ 'ਤੇ ਲੈ ਆਂਦਾ ਤੇ ਬ੍ਰੈਡ ਪਕੋੜੇ ਤੇ ਚਾਹ ਦਾ ਸੇਵਨ ਕਰਵਾਇਆ। ਮੈਂ ਕੁਝ ਸਟਾਲਾਂ 'ਤੇ ਲੋਕਾਂ ਦਾ ਜਮਾਵੜਾ ਵੀ ਤੱਕਿਆ ਜਿਸ ਵਿਚ ਗੋਰੇ ਵੀ ਸ਼ਾਮਿਲ ਵੇਖੇ। ਅਸੀਂ ਦਸ ਵਜੇ ਵਾਪਿਸ ਹੋਟਲ ਪਰਤੇ ਤੇ ਲੰਡਨ ਸ਼ਹਿਰ ਦੀ ਸੈਰ ਲਈ ਜਾਣ ਦੀ ਤਿਆਰੀ ਅਰੰਭੀ। ਮੱਧ ਲੰਦਨ ਦਾ ਪੂਰਾ ਇਲਾਕਾ 'ਥੇਮ ਨਦੀ' ਦੇ ਆਰ-ਪਾਰ ਸਥਾਪਿਤ ਹੈ ਜਿੱਥੇ ਗਗਨ ਰੋਹੀ ਇਮਾਰਤਾਂ ਵੀ ਦਿਸਦੀਆਂ ਹਨ ਤੇ ਵਿਰਾਸਤੀ ਭਵਨਾਂ ਦੀ ਦਿੱਖ ਵੀ ਸੁੰਦਰ ਜਾਹੋ-ਜਲਾਲ ਪੇਸ਼ ਕਰਦੀ ਹੈ। ਇਹ ਨਵਾਂ ਤੇ ਪੁਰਾਤਨ ਉਸਾਰੀ ਦਾ ਮਿਸ਼ਰਣ ਇਸ ਸ਼ਹਿਰ ਦੀ ਅਦਭੁਤ ਸੁੰਦਰਤਾ ਨੂੰ ਨਿਖਾਰਨ ਦੀ ਭੂਮਿਕਾ ਨਿਭਾਂਦਾ ਹੈ। ਸਾਡੇ ਸ਼ਹਿਰ ਸ੍ਰੀਨਗਰ ਦਾ ਵੀ ਵਿਸ਼ਵ ਵਿਚ ਆਪਣਾ ਨਿਵੇਕਲਾ ਸਥਾਨ ਹੈ। ਲੰਦਨ ਵਾਂਗੂੰ 'ਜਿਹਲਮ ਨਦੀ' ਦੇ ਦੋਹਾਂ ਕੰਢਿਆਂ 'ਤੇ ਵਸਿਆ ਹੈ। ਜਿਵੇਂ ਥੇਮ ਨਦੀ 'ਤੇ ਉਸਰੇ ਪੁਲ 'ਲੰਦਨ ਬ੍ਰਿਜ' ਟਾਵਰ ਬ੍ਰਿਜ ਆਦਿ ਲੰਦਨ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦੇ ਹਨ ਤਿਵੇਂ ਹੀ 'ਜਿਹਲਮ ਨਦੀ' ਦੇ ਪੁਲ 'ਅਮੀਰਾ ਕਦਲ', ਹੱਬਾ ਕਦਲ, 'ਫ਼ਤਹਿ ਕਦਲ' 'ਜ਼ੈਨਾ ਕਦਲ', 'ਆਲੀ ਕਦਲ' ਆਦਿ ਗੌਰਵਸ਼ਾਲੀ ਇਤਿਹਾਸਿਕ ਪਹਿਚਾਣ ਦੇ ਨਾਲ-ਨਾਲ ਸ਼ਹਿਰ ਦੀ ਸੁੰਦਰਤਾ ਨੂੰ ਵੀ ਵਧਾਉਂਦੇ ਹਨ। 'ਟਾਵਰ ਬ੍ਰਿਜ' ਦੀ ਸੈਰ ਕਰਨ ਲਈ ਸਾਨੂੰ ਕਾਫ਼ੀ ਪੈਂਡਾ ਮਾਰ ਕੇ ਪਹਿਲਾਂ ਕਾਰ ਪਾਰਕ ਕਰਨੀ ਪਈ ਸੀ। ਪੁਰਾਣੇ ਕਿਲੇ ਦੀ ਇਕ ਬਾਹੀ ਤੋਂ ਅਸੀਂ ਪੈਦਲ ਸਫ਼ਰ ਅਰੰਭ ਕੀਤਾ ਤੇ ਆਸੇ-ਪਾਸੇ ਦੀਆਂ ਇਤੀਹਾਸਿਕ ਥਾਵਾਂ ਸਬੰਧੀ ਸੂਚਿਤ ਹੁੰਦਿਆਂ ਅਸੀਂ ਟਾਵਰ ਬ੍ਰਿਜ ਜਾ ਅੱਪੜੇ। ਇਸ ਬ੍ਰਿਜ 'ਤੇ ਸੈਲਾਨੀਆਂ ਦੀ ਭਰਪੂਰ ਆਵਾਜਾਈ ਦਿਸੀ। ਟਾਵਰ ਬ੍ਰਿਜ ਦਾ ਭਾਵੇਂ ਨਵੀਨੀਕਰਨ ਕੀਤਾ ਗਿਆ ਹੈ ਪਰ ਵਿਰਾਸਤੀ ਪਹਿਚਾਨ ਨੂੰ ਕਾਇਮ ਰਖਣ ਦੇ ਹਰ ਸੰਭਵ ਯਤਨ ਕੀਤੇ ਗਏ ਹਨ। 'ਹਿਟਲਰ' ਵਲੋਂ ਕੀਤੇ ਜਰਮਨੀ ਹਮਲਿਆਂ ਨੇ ਇਸ ਸ਼ਹਿਰ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਸੀ। ਸਦਕੇ ਇਨ੍ਹਾਂ ਲੋਕਾਂ ਦੇ, ਜਿਨ੍ਹਾਂ ਉਹ ਸਾਰੇ ਇਤਹਾਸਕ ਨਿਸ਼ਾਨ ਸਲੀਕੇ ਨਾਲ ਸੰਭਾਲੇ ਹਨ ਜੋ ਸ਼ਹਿਰ ਦੀ ਵਿਰਾਸਤੀ ਤਸਵੀਰ ਪੇਸ਼ ਕਰਦੇ ਹਨ।

ਟਾਵਰ ਬ੍ਰਿਜ ਤੋਂ ਅੱਗੇ ਵਧਦੇ ਹੋਏ ਅਸੀਂ 'ਥੇਮ ਨਦੀ' ਦੇ ਖੱਬੇ ਬੰਨੇ 'ਹੇਜ਼' ਦੀ ਸੈਰ ਕੀਤੀ। ਇਥੇ ਖਾਣ-ਪੀਣ ਦੇ ਕਈ ਹੋਟਲ ਹਨ। ਇਕ ਹੋਟਲ ਵਿਚ ਦੁਪਹਿਰ ਦਾ ਖਾਣਾ ਖਾਦਾ ਤੇ ਵੰਨ-ਸਵੰਨੀਆਂ ਸਜੀਆਂ ਦੁਕਾਨਾਂ ਤੋਂ ਕੁਝ ਵਸਤੂਆਂ ਖ਼ਰੀਦੀਆਂ ਤੇ ਥੇਮ ਨਦੀ ਦੇ ਅਗਲੇ ਪੁਲ ਤੋਂ ਹੁੰਦੇ ਹੋਏ ਮੁੜ ਪਾਰਕਿੰਗ ਵਾਲੀ ਥਾਂ ਆ ਪਹੁੰਚੇ। ਇਹ ਸਾਰਾ ਸਫ਼ਰ ਪੰਜ ਕੁ ਮੀਲਾਂ ਦਾ ਸੀ। ਇਸ ਸਫ਼ਰ ਵਿਚ ਸਾਡੀ ਦੋਹਤੀ 'ਮੇਹਰ' ਪ੍ਰਾਦਿਮ ਵਿਚ ਬੈਠੀ ਸਾਡਾ ਸਾਥ ਦੇ ਰਹੀ ਸੀ। ਏਨੀ ਸੰਖਿਆ ਵਿਚ ਸੈਲਾਨੀਆਂ ਦੇ ਤੁਰਨ ਦਾ ਸਲੀਕਾ ਵੀ ਕਮਾਲ ਦਾ ਸੀ, ਕੀ ਮਜ਼ਾਲ ਕਿਸੇ ਨੂੰ ਧੱਕਾ ਜਾਂ ਠੇਲਾ ਵੱਜੇ। ਬੱਚਿਆਂ ਤੇ ਬਜ਼ੁਰਗਾਂ ਲਈ ਥਾਉਂ-ਥਾਈਂ ਸੁਵਿਧਾ ਉਪਲੱਬਧ ਰੱਖੀ ਗਈ ਹੈ। ਇਕ ਨਵਾਂ ਅਨੁਭਵ ਲੈ ਕੇ ਅਸੀਂ ਇੱਥੋਂ ਵਾਪਸ ਪਰਤੇ ਤੇ ਪਾਰਲੀਮੈਂਟ ਬਿਲਡਿੰਗ ਵੇਖੀ। ਫਿਰ ਬਕਿੰਘਮ ਪੈਲਸ, ਹਾਈਡ ਪਾਰਕ ਆਦਿ ਵੇਖਦੇ ਹੋਏ ਵਾਪਸ ਹੋਟਲ ਪਰਤ ਆਏ ਤੇ ਕੁਝ ਘੜੀਆਂ ਅਰਾਮ ਕੀਤਾ।

ਤਰਕਾਲਾਂ ਪੈ ਰਹੀਆਂ ਸਨ ਤੇ ਸਾਡੀ ਧੀ ਸਾਡੇ ਕਮਰੇ ਵਿਚ ਆਈ ਤੇ ਕਹਿਣ ਲੱਗੀ ਤਿਆਰ ਹੋ ਜਾਵੋ ਅਸੀਂ ਵਿਸਾਖੀ ਦੇ ਅਵਸਰ 'ਤੇ ਆਪਣੇ ਕਸ਼ਮੀਰੀ ਸਭਿਆਚਾਰ ਦਾ ਰੰਗ ਵੀ ਤਾਂ ਮਾਣਨਾ ਹੈ। ਕਸ਼ਮੀਰ ਵਿਚ ਜਿੱਥੇ ਲੋਕ ਗੁਰਦਵਾਰਿਆਂ ਵਿਚ ਜਾਂਦੇ ਹਨ, ਬਾਗ਼ਾਂ ਦੀ ਸੈਰ ਕਰਦੇ ਹਨ ਉੱਥੇ ਘਰਾਂ ਵਿਚ ਖਾਣ-ਪੀਣ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ। ਭਾਵ ਸਪਸ਼ਟ ਸੀ ਕਿ 'ਨਾਨ ਵੈਜ ਡਿਨਰ' ਕੀਤਾ ਜਾਵੇ। ਤਿਆਰ ਹੋ ਕੇ ਸਾਊਥ ਹਾਲ ਦੇ ਮਸ਼ਹੂਰ 'ਤੰਦੂਰੀ ਚਿਕਨ ਰੈਸਟੋਰੈਂਟ' 'ਤੇ ਪਹੁੰਚੇ ਜਿੱਥੇ ਕਈ ਪੰਜਾਬੀ ਪਰਿਵਾਰ ਭੋਜਨ ਛਕ ਰਹੇ ਸਨ। ਰਸ਼ ਹੋਣ ਕਾਰਨ ਥੋੜ੍ਹੀ ਉਡੀਕ ਮਗਰੋਂ ਸਾਡਾ ਟੇਬਲ ਲਗਾ ਦਿੱਤਾ ਗਿਆ ਸੀ। ਡਾ: ਜਗਵੰਤ ਨੇ ਪਹਿਲਾਂ ਹੀ ਕਸ਼ਮੀਰੀ

ਅੰਦਾਜ਼ ਨਾਲ 'ਰੋਗਨ ਜੋਸ਼', 'ਕਲੀਆਂ', 'ਮੀਟ', 'ਤੰਦੂਰੀ ਮੁਰਗਾ', 'ਫ਼੍ਰਾਈ ਫਿਸ਼' ਰਿਨ੍ਹਣ ਲਈ ਕਹਿ ਦਿੱਤਾ ਸੀ। ਭੋਜਨ ਸੱਚਮੁੱਚ ਸਵਾਦੀ ਤੇ ਮਿਆਰੀ ਸੀ। ਭੋਜਨ ਪਿੱਛੋਂ ਕਾਫ਼ੀ ਪੀ ਕੇ ਅਸੀਂ ਮੁੜ ਹੋਟਲ ਪਰਤ ਆਏ ਸਾਂ।

੧੫ ਅਪ੍ਰੈਲ ਨੂੰ ਡਾ: ਜਗਵੰਤ ਨੇ ਇਕ ਮੈਡੀਕਲ ਕਾਨਫਰੰਸ ਵਿਚ ਸ਼ਾਮਿਲ ਹੋਣਾ ਸੀ। ਉਹ ਤਿਆਰ ਹੋ ਕੇ ਕਾਰ ਰਾਹੀਂ ਸਮੇਂ ਸਿਰ ਰਵਾਨਾ ਹੋ ਗਏ ਸਨ। ਅੱਜ ਦੇ ਦਿਨ ਦੀ ਸੈਰ ਤੇ ਖ਼ਰੀਦਦਾਰੀ ਲਈ ਸਾਊਥ ਹਾਲ ਲੈ ਜਾਣ ਦੀ ਜ਼ਿੰਮੇਵਾਰੀ ਇੰਦੂਮੀਤ ਦੀ ਸੀ ਜਿਸਨੇ ਫੋਨ ਰਾਹੀਂ ਟੈਕਸੀ ਮੰਗਵਾਈ ਤੇ ਅਸੀਂ ਸਾਊਥ ਹਾਲ ਵੱਲ ਤੁਰ ਪਏ। ਇਕ ਚੌਰਾਹੇ ਦੇ ਨਾਲ ਲੱਗਦੀ ਪਾਰਕਿੰਗ 'ਤੇ ਸਾਨੂੰ ਲਾਹਿਆ ਗਿਆ ਜਿੱਥੋਂ ਅਸੀਂ ਮੁੱਖ ਬੱਜ਼ਾਰ ਵੱਲ ਤੁਰ ਪਏ। ਇਸ ਬੱਜ਼ਾਰ ਵਿੱਚੋਂ ਤੁਰਦਿਆਂ ਇੰਝ ਲੱਗ ਰਿਹਾ ਸੀ ਜਿਵੇਂ ਅਸੀਂ ਪੰਜਾਬ ਦੇ ਕਿਸੇ ਬਜ਼ਾਰ 'ਚ ਘੁੰਮ ਰਹੇ ਹਾਂ। ਦਿਨ ਦੇ ਡੇਢ ਕੁ ਵਜੇ ਸਨ ਤੇ ਭੁੱਖ ਵੀ ਲੱਗੀ ਸੀ। ਬੇਟੀ ਦਾ ਕਹਿਣਾ ਸੀ ਕਿ ਅਸੀਂ ਇੱਥੋਂ ਦੇ ਮਸ਼ਹੂਰ ਹੋਟਲ 'ਸਰਵਨਾ ਹੋਟਲ' ਵਿਚ ਲੰਚ ਕਰਾਂਗੇ। ਇਹ ਹੋਟਲ ਮਦਰਾਸ ਦੇ ਰਹਿਣ ਵਾਲੇ ਵੱਡੇ ਵਿਉਪਾਰੀ ਦਾ ਹੈ ਜਿਸ ਦੀਆਂ ਸ਼ਾਖਾਵਾਂ ਦਸ ਕੁ ਦੇਸ਼ਾਂ ਵਿਚ ਮੌਜੂਦ ਹਨ। ਭਾਰਤੀ ਖਾਣੇ ਲਈ ਪ੍ਰਸਿਧ ਇਸ ਹੋਟਲ ਨੇ ਸਵੱਛਤਾ, ਪ੍ਰਬੰਧਕੀ, ਰੱਖ-ਰਖਾਉ ਤੇ ਦੱਖਣੀ ਭਾਰਤੀ ਅੰਦਾਜ਼ ਕਾਰਨ ਆਪਣਾ ਇਕ ਵੱਖਰਾ ਬ੍ਰਾਂਡ ਸਥਾਪਿਤ ਕੀਤਾ ਹੈ। ਖਾਣਾ ਦੇਸੀ ਘਿਉ ਵਿਚ ਤਿਆਰ ਕੀਤਾ ਜਾਂਦਾ ਹੈ। ਥਾਲੀ ਦੇ ਹਿਸਾਬ ਨਾਲ ਵੀ ਖਾਣਾ ਪ੍ਰੋਸਿਆ ਜਾਂਦਾ ਹੈ ਜਿਸ ਵਿਚ ਸੂਪ, ਦਾਲ, ਸਬਜ਼ੀ, ਕੜੀ, ਦਹੀ, ਸਲਾਦ, ਗੁਲਾਬ ਜਾਮੁਨ, ਪਾਪੜ ਤੇ ਚਾਵਲ ਤੇ ਰੋਟੀ ਸ਼ਾਮਿਲ ਹਨ। ਇਸ ਹੋਟਲ ਦਾ ਸਾਰਾ ਪ੍ਰਬੰਧ ਬੀਬੀਆਂ ਕਰਦੀਆਂ ਹਨ ਜਿਨ੍ਹਾਂ 'ਚੋਂ ਬਹੁਸੰਖਿਆ ਭਾਰਤੀ ਬੀਬੀਆਂ ਦੀ ਹੈ। ਏਸ਼ੀਆਈ ਲੋਕਾਂ ਦੇ ਨਾਲ-ਨਾਲ ਕਈ ਅੰਗਰੇਜ਼ ਪਰਿਵਾਰ ਵੀ ਭਾਰਤੀ ਖਾਣੇ ਦਾ ਸਵਾਦ ਮਾਣਦੇ ਹਨ। ਖਾਣਾ ਖਾ ਕੇ ਅਸੀਂ ਗੁਰਦਵਾਰਾ ਸਿੰਘ ਸਭਾ ਵਿਖੇ ਮੱਥਾ ਟੇਕਣ ਗਏ ਜੋ ਹੋਟਲ ਤੋਂ ਥੋੜ੍ਹੀ ਜਿਹੀ ਵਿਥ 'ਤੇ ਹੈ। ਸਟੇਜ ਤੋਂ ਕਥਾਵਾਚਕ 'ਗਰੀਬ ਦਾ ਮੂੰਹ ਗੁਰੂ ਕੀ ਗੋਲਕ' ਵਾਲੀ ਸਾਖੀ ਨੂੰ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨਾਲ ਸਬੰਧਤ ਦੱਸ ਰਹੇ ਸਨ। ਇਤਿਹਾਸਿਕ ਸਾਖੀਆਂ ਅਨੁਸਾਰ ਇਹ ਬੋਲ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਕਸ਼ਮੀਰ ਫੇਰੀ ਦੌਰਾਨ ਸੰਗਤਾਂ ਨੂੰ ਸਮਝਾਏ ਸਨ। ਭਾਵੇਂ ਪ੍ਰਚਾਰਕ ਵਲੋਂ ਇਤਿਹਾਸਿਕ ਦ੍ਰਿਸ਼ਟੀ ਤੋਂ ਭੁੱਲ ਵੀ ਹੋਈ ਹੋਵੇ ਪਰ ਸਾਖੀ ਦੇ ਮੂਲ ਭਾਉ ਨੂੰ ਦੱਸਣ ਵਿਚ ਉਹ ਸਫ਼ਲ ਰਹੇ ਸਨ। ਕਥਾ ਵਾਚਕ ਮਗਰੋਂ ਰਾਗੀ ਜਥੇ ਤੋਂ ਅੱਧਾ ਘੰਟਾ ਅਨੰਦਮਈ ਕੀਰਤਨ ਸਰਵਣ ਕਰਕੇ ਅਸੀਂ ਮੱਥਾ ਟੇਕ ਕੇ ਬਾਹਰ ਆਏ। ਪੂਰਾ ਦਿਨ ਕੀਰਤਨ ਪਾਠ ਤੇ ਸ਼ਬਦ ਵਿਚਾਰ ਨੂੰ ਜਾਰੀ ਰੱਖਣ ਦੀ ਵਿਵਸਥਾ ਵੇਖ ਮੈਂ ਅਚੰਭਿਤ ਵੀ ਹੋਇਆ ਸਾਂ। ਸਰੋਤਿਆਂ ਵਿਚ ਬਜ਼ੁਰਗਾਂ ਦੀ ਵੱਧ ਸੰਖਿਆ ਸੀ। ਕਈ ਬਜ਼ੁਰਗਾਂ ਨੂੰ ਜੋੜੇ ਘਰ ਤੇ ਲੰਗਰ ਹਾਲ ਵਿਚ ਸੇਵਾ ਕਰਦਿਆਂ ਵੀ ਵੇਖਿਆ। ਕੁਝ ਵੀ ਹੋਵੇ, ਕਿਰਤ ਕਰਨ, ਨਾਮ ਜਪਣ ਤੇ ਵੰਡ ਕੇ ਛਕਣ ਦੀ ਮਹਾਨ ਸਿੱਖਿਆ ਨੂੰ ਵਿਦੇਸ਼ੀਂ ਬੈਠੇ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੇ ਕੇਵਲ ਅਪਨਾਇਆ ਹੀ ਨਹੀਂ ਸਗੋਂ ਅਮਲੀਂ ਵੀ ਕਰ ਵਿਖਾਇਆ ਹੈ।

ਸਾਊਥ ਹਾਲ ਦੇ ਬੱਜ਼ਾਰਾਂ ਵਿਚ ਭਾਰਤੀ, ਭਾਰਤਵਾਸੀ, ਅਫ਼ਗਾਨੀ ਤੇ ਬੰਗਲਾਦੇਸ਼ੀ ਲੋਕਾਂ ਦੀ ਕਾਫ਼ੀ ਸੰਖਿਆ ਨਜ਼ਰੀਂ ਪਈ। ਭਾਰਤੀ ਮੂਲ ਦੀਆਂ ਵਸਤੂਆਂ ਨਾਲ ਵੀ ਕਈ ਦੁਕਾਨਾਂ ਭਰੀਆਂ ਦਿਸੀਆਂ। ਭਾਰਤੀ ਤੇ ਪਾਕਿਸਤਾਨੀ ਖਾਣਿਆਂ ਦੇ ਹੋਟਲ ਤੇ ਰੈਸਟੋਰੈਂਟ ਵੀ ਦਿਸੇ। ਇਹ ਬਾਜ਼ਾਰ ਰੌਣਕ ਪੱਖੋਂ ਸੱਚਮੁੱਚ ਪੰਜਾਬ ਦੇ ਸ਼ਹਿਰਾਂ ਦੀ ਦਿਖ ਪੇਸ਼ ਕਰਦਾ ਹੈ ਪਰ ਪ੍ਰਸ਼ਾਸਨਿਕ ਪ੍ਰਬੰਧ, ਰੱਖ-ਰਖਾਉ ਤੇ ਸੜਕਾਂ, ਫੁਟਪਾਥਾਂ ਆਦਿ ਦੇ ਕੁਸ਼ਲ ਪ੍ਰਯੋਗ ਪਖੋਂ ਆਪਣੀ ਵੱਖਰੀ ਪਹਿਚਾਣ ਕਾਇਮ ਰੱਖਣ ਵਿਚ ਸਫ਼ਲ ਕਿਹਾ ਜਾ ਸਕਦਾ ਹੈ। ਲੰਦਨ ਵਿਚ ਮੈਨੂੰ ਕਿਤੇ ਕੋਈ ਵੀ ਪੁਲਿਸਕਰਮੀ ਘੁੰਮਦਾ ਨਹੀਂ ਦਿਸਿਆ ਪਰ ਸਾਊਥ ਹਾਲ ਵਿਚ ਪੁਲਿਸਕਰਮੀਆਂ ਦੀਆਂ ਹੂਟਰ ਵਜਾਦੀਆਂ ਜੀਪਾਂ ਵੀ

ਦਿਸੀਆਂ ਤੇ ਪੋਲੀਸ ਚੌਂਕੀ ਵੀ ਨਜ਼ਰੀਂ ਪਈ। ਲੋੜੀਂਦੀ ਖ਼ਰੀਦਦਾਰੀ ਤੇ ਬਾਜ਼ਾਰ ਦੀ ਸੈਰ ਕਰਦਿਆਂ ਸ਼ਾਮ ਦੇ ੫ ਵਜ ਚੁੱਕੇ ਸਨ ਤੇ ਅਸੀਂ ਟੈਕਸੀ ਮੰਗਵਾਈ ਤੇ ਵਾਪਸ ਹੋਟਲ ਪਰਤ ਆਏ। ਦੁਪਹਿਰ ਨੂੰ ਦੇਸੀ ਘਿਉ ਵਿਚ ਰਿਨ੍ਹੇ ਭੋਜਨ ਨੂੰ ਖਾ ਕੇ ਅਜੇ ਵੀ ਭਾਰ ਜਿਹਾ ਮਹਿਸੂਸ ਹੋ ਰਿਹਾ ਸੀ। ਸੋ ਅਸੀਂ ਕੌਫੀ ਦਾ ਕੱਪ ਪੀ ਕੇ ਵਿਸ਼ਰਾਮ ਕੀਤਾ।

੧੯ ਅਪ੍ਰੈਲ ਨੂੰ ਮੁੜ ਡਾ: ਜਗਵੰਤ ਨੇ ਕਾਨਫਰੰਸ ਵਿਚ ਭਾਗ ਲੈਣਾ ਸੀ। ਅਸੀਂ ਹੋਟਲ ਵਿਚ ਬ੍ਰੇਕਫਾਸਟ ਕਰਨ ਉਪਰੰਤ ਪੈਕਿੰਗ ਕਰਨ ਵਿਚ ਜੁੱਟ ਗਏ ਕਿਉਂ ਜੇ ੧੨ ਵਜੇ ਤੋਂ ਪਹਿਲਾਂ ਚੈੱਕ ਆਊਟ ਕਰਨਾ ਸੀ। ਅਸੀਂ ਇਕ ਕਮਰਾ ਤਾਂ ਸਮੇਂ ਸਿਰ ਖ਼ਾਲੀ ਕਰ ਦਿੱਤਾ ਸੀ ਪਰ ਛੋਟੀ 'ਮੇਹਰ' ਸੁੱਤੀ ਹੋਣ ਕਾਰਨ 'ਇੰਦੂਮੀਤ' ਵਲੋਂ ਫ਼ੋਨ 'ਤੇ ਮੈਨੇਜਰ ਨੂੰ ਦਿੱਤੀ ਸੂਚਨਾ ਮਗਰੋਂ ਦੂਜੇ ਕਮਰੇ ਦੇ ਚੈੱਕ ਆਊਟ ਸਮੇਂ ਵਿਚ ਇਕ ਘੰਟੇ ਦੀ ਛੂਟ ਦੇ ਦਿੱਤੀ ਗਈ। ਬੱਚਿਆਂ ਨੂੰ ਇਸ ਦੇਸ਼ ਵਿਚ ਕਿੰਨਾ ਆਦਰ ਦਿੱਤਾ ਜਾਂਦਾ ਹੈ, ਉਸਦੀ ਪੁਸ਼ਟੀ ਇਸ ਗੱਲੋਂ ਭਲੀਭਾਂਤੀ ਹੋ ਜਾਂਦੀ ਹੈ। ਲੰਦਨ ਸ਼ਹਿਰ ਦੇ ਅਜਿਹੇ ਹੋਟਲ ਵਿਚ ਘੰਟੇ ਦਾ ਕਿਰਾਇਆ ਵੀ ਕਈ ਪੌਂਡਾਂ ਦੇ ਹਿਸਾਬ ਨਾਲ ਦੇਣਾ ਪੈਂਦਾ ਹੈ। ਅਸੀਂ ਠੀਕ ਤਿੰਨ ਵਜੇ ਦੂਜਾ ਕਮਰਾ ਵੀ ਖ਼ਾਲੀ ਕੀਤਾ ਤੇ ਸਾਰਾ ਸੱਮਾਨ ਲੈ ਕੇ ਹੋਟਲ ਦੇ ਵਿਸ਼ਾਲ ਲਾਂਜ ਵਿਚ ਸੁਸ਼ੋਭਿਤ ਹੋ ਗਏ। ਇੱਥੇ ਸੌ ਕੁ ਬੰਦਿਆਂ ਦੇ ਬੈਠਣ ਦੀ ਵਿਵਸਥਾ ਉਪਲੱਬਧ ਹੈ। ਸੈਲਾਨੀਆਂ ਦੀ ਸੁਵਿਧਾ ਤੇ ਮਨੋਰੰਜਨ ਲਈ ਕਈ ਥਾਵਾਂ 'ਤੇ ਟੈਲੀਵਿਜ਼ਨ ਸਕਰੀਨ ਲੱਗੇ ਹਨ। ਜਗਵੰਤ ਦੇ ਆਣ ਤੀਕ ਡੇਢ ਦੋ ਘੰਟੇ ਦਾ ਸਮਾਂ ਬਿਤਾਣ ਲਈ ਅਸੀਂ ਇਕ ਨੁੱਕਰ ਵਿਚ ਸਾਮਾਨ ਰੱਖ ਕੇ ਸੋਫਿਆਂ 'ਤੇ ਬੈਠ ਗਏ। ਮੇਰੇ ਪੜ੍ਹਨ ਲਈ ਕੁਝ ਅਖ਼ਬਾਰ ਤੇ ਮੈਗਜ਼ੀਨ ਵੀ ਮੌਜੂਦ ਸਨ ਤੇ ਇੰਦੂਮੀਤ, ਉਸਦੀ ਮੰਮੀ, 'ਮੇਹਰ' ਨੂੰ ਪ੍ਰਾਇਮ ਵਿਚ ਬਿਠਾ ਕੇ ਹੋਟਲ ਨਾਲ ਲੱਗਦੇ 'ਹੇਸ਼' ਵੱਲ ਨੂੰ ਤੁਰ ਪਏ। ਇਕ 'ਕੋਸਟਾ' ਤੇ ਇਹ ਕੌਫੀ ਪੀ ਰਹੀਆਂ ਸਨ ਤੇ ਜਗਵੰਤ ਨੇ ਇਨ੍ਹਾਂ ਨੂੰ ਉੱਥੇ ਹੀ ਇੰਤਜ਼ਾਰ ਕਰਨ ਲਈ ਕਿਹਾ ਤੇ ਆਪ ਹੋਟਲ ਆਏ ਜਿੱਥੋਂ ਅਸੀਂ ਦੋਵੇਂ ਸਾਰਾ ਸਾਮਾਨ ਤਰਤੀਬ ਨਾਲ ਕਾਰ ਵਿਚ ਰੱਖ ਕੇ ਕੋਸਟਾ ਪਹੁੰਚੇ ਜਿੱਥੋਂ ਅਸੀਂ ਸਾਰੇ ਵਿਗਨ ਵੱਲ ਰਵਾਨਾ ਹੋਏ। ਰਾਹ ਵਿਚ ਮੀਂਹ ਪੈ ਰਿਹਾ ਸੀ ਤੇ ਮੌਸਮ ਵੀ ਸੁਹਾਵਣਾ ਲੱਗ ਰਿਹਾ ਸੀ। ਅਸੀਂ 'ਕੈਬਰਜ'ਵਲੋਂ ਹੁੰਦੇ ਹੋਏ ਬ੍ਰਮਿਘੰਮ ਪੁੱਜੇ। ਮੈਨੂੰ ਕੈਬਰਿਜ ਦਾ ਇਲਕਾ ਵੀ ਖ਼ੂਬਸੂਰਤ ਲੱਗਾ। ਬ੍ਰਮਿਘੰਮ ਵਿਖੇ ਖਾਣਾ ਖਾ ਕੇ ਅਸੀਂ ਸੱਤ ਵਜੇ ਸ਼ਾਮ ਰਿੰਗ ਟਨ ਟੈਨ ਨਿਵਾਸ 'ਤੇ ਪਹੁੰਚ ਗਏ।

ਅੱਜ ੨੦ ਅਪ੍ਰੈਲ ਨੂੰ ਅਸੀਂ 'ਲਿਵਰਪੂਲ' ਜਾਣ ਲਈ ਰਵਾਨਾ ਹੋਏ। ਵਿਗਨ ਤੋਂ ੩੦ ਕਿਲੋਮੀਟਰ ਦੀ ਵਿੱਥ 'ਤੇ ਸਥਾਪਿਤ ਇਹ ਖ਼ੂਬਸੂਰਤ ਸ਼ਹਿਰ ਸਮੁੰਦਰ ਦੇ ਕੰਢੇ 'ਤੇ ਵਸਿਆ ਹੈ। ਇਸ ਸ਼ਹਿਰ ਦੀ ਇਤਿਹਾਸਕ ਮਹੱਤਤਾ ਵੀ ਹੈ। ਵਿਸ਼ਵ ਦੇ ਵੱਖ-ਵੱਖ ਕਈ ਦੇਸ਼ਾਂ 'ਤੇ ਰਾਜ ਕਰਨ ਵਾਲੇ ਇਸ ਮੁਲਕ ਨੂੰ ਸ਼ਕਤੀਸ਼ਾਲੀ ਬਨਾਣ ਵਿਚ ਇਸ ਥਾਂ ਦੀ ਭਮਿਕਾ ਕਾਫ਼ੀ ਰਹੀ ਹੈ। ਇਹ ਸ਼ਹਿਰ ਬੰਦਰਗਾਹ ਵਜੋਂ ਵਰਤਿਆ ਗਿਆ ਸੀ ਜਿੱਥੋਂ ਸਮੁੰਦਰ ਦੇ ਰਸਤਿਉਂ ਬਾਕੀ ਦੇਸ਼ਾਂ ਤੀਕ ਆਣ-ਜਾਣ ਦਾ ਸਾਧਨ ਤਿਆਰ ਕੀਤਾ ਗਿਆ ਸੀ। ਇੱਥੋਂ ਦੇ ਮਿਯੂਜ਼ੀਅਮ ਨੂੰ ਤੱਕਿਆਂ ਸਿੱਧ ਹੋ ਜਾਂਦਾ ਹੈ ਕਿ ਕਿਵੇਂ ਇਨ੍ਹਾਂ ਨੇ ਅਫਰੀਕਾ ਤੋਂ ਗ਼ੁਲਾਮ ਬਣਾ ਕੇ ਲਿਆਂਦੇ ਲੋਕਾਂ ਪਾਸੋਂ ਕਠਨ ਨਿਰਮਾਣ ਕਾਰਜ ਕਰਵਾਏ। ਕਿਵੇਂ ਮੁੱਠੀਭਰ ਅੰਗਰੇਜ਼ਾਂ ਨੇ ਮਸਾਲੇ ਦਾ ਕਾਰੋਬਾਰ ਕਰਨ ਲਈ 'ਈਸਟ ਇੰਡੀਆ ਕੰਪਨੀ' ਸਥਾਪਿਤ ਕੀਤੀ ਤੇ ਭਾਰਤ 'ਤੇ ਵੀ ਲਗਭਗ ਦੋ ਸਦੀਆਂ ਰਾਜ ਕੀਤਾ। ਅਟਲਾਂਟਿਕ ਪਾਰ ਕਰਨ ਉਪਰੰਤ ਅਮਰੀਕਾ 'ਤੇ ਆਪਣਾ ਝੰਡਾ ਬੁਲੰਦ ਕੀਤਾ ਫਿਰ ਕੈਨੇਡਾ ਤੇ ਆਸਟ੍ਰੇਲੀਆ ਵਿਚ ਆਪਣੀ ਸਰਕਾਰ ਕਾਇਮ ਕੀਤੀ। ਇੱਥੋਂ ਦੇ ਮਿਯੂਜ਼ੀਅਮ ਵਿਚ ਰੱਖੀਆਂ ਪੁਰਾਣੀਆਂ ਵਸਤੂਆਂ ਤੇ ਤਸਵੀਰਾਂ ਤੋਂ ਛੁੱਟ ਵੱਡੇ-ਵੱਡੇ ਸਕਰੀਨਾਂ 'ਤੇ ਆਪਣੀਆਂ ਪ੍ਰਾਪਤੀਆਂ ਤੇ ਉਪਲਭਦੀਆਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀਆਂ ਹਨ। ਇਸ ਬੰਦਰਗਾਹ 'ਤੇ ਅਸੀਂ ਉਹ

ਥਾਂ ਵੀ ਵੇਖੀ ਜਿੱਥੇ ਭਾਰਤ ਤੋਂ ਆਈਆਂ ਵਸਤੂਆਂ ਨੂੰ ਉਤਾਰਿਆ ਜਾਂਦਾ ਸੀ ਤੇ ਕਾਰਖ਼ਾਨਿਆਂ ਵਿਚ ਇਸਤੇਮਾਲ ਹੁੰਦੀਆਂ ਸਨ। ਇਸ ਸ਼ਹਿਰ ਨੂੰ ਵੇਖਣ ਲਈ ਲੋਕ ਦੂਰ-ਦੂਰ ਤੋਂ ਆਉਂਦੇ ਹਨ। ਸਮੁੰਦਰ ਦੀ ਸੈਰ ਲਈ ਛੋਟੇ-ਵੱਡੇ 'ਕਰੂਜ਼' ਉਪਲਭਦ ਹਨ। ਸ਼ਹਿਰ ਦੀ ਸੈਰ ਕਰਨ ਲਈ ਬਸਾਂ ਦਾ ਵੀ ਪ੍ਰਬੰਧ ਮੌਜੂਦ ਹੈ। ਵਿਰਾਸਤੀ ਤਾਮੀਰਾਂ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾਂਦੀ ਹੈ, ਇੱਥੋਂ ਸਿੱਖਣ ਦੀ ਲੋੜ ਹੈ। ਵਾਪਸੀ 'ਤੇ ਅਸੀਂ ਯੂ.ਕੇ. ਦੇ ਦੋ-ਚਾਰ ਪਿੰਡਾਂ ਨੂੰ ਵੀ ਵੇਖਣ ਦਾ ਮਨ ਬਣਾਇਆ। ਇੱਥੋਂ ਦੇ ਪਿੰਡਾਂ ਤੇ ਸ਼ਹਿਰਾਂ ਦੀ ਰਿਹਾਇਸ਼ ਵਿਚ ਬਹੁਤ ਅੰਤਰ ਨਹੀਂ ਭਾਸਦਾ। ਸਭ ਪਿੰਡ ਖੁੱਲੀਆਂ ਸੜਕਾਂ ਨਾਲ ਜੁੜੇ ਹਨ। ਪਿੰਡਾਂ ਵਿਚ ਪੱਕੇ ਖ਼ੂਬਸੂਰਤ ਮਕਾਨ ਹਨ। ਹਰ ਪਿੰਡ ਵਿਚ ਸਕੂਲ, ਕਾਲਜ, ਹਸਪਤਾਲ, ਛੋਟਾ ਜਿਹਾ ਬਾਜ਼ਾਰ, ਖੇਡ ਮੈਦਾਨ ਤੇ ਆਡੀਟੋਰੀਅਮ ਮੌਜੂਦ ਹਨ। ਲੋਕ ਸ਼ਹਿਰਾਂ ਨਾਲੋਂ ਪਿੰਡਾਂ ਵਿਚ ਵਸਣਾ ਪਸੰਦ ਕਰਦੇ ਹਨ। ਸ਼ਹਿਰਾਂ ਵਾਂਗੂੰ ਪਿੰਡਾਂ ਦੇ ਵਿਹੜੇ ਵੀ ਫ਼ਲਾਂ ਤੇ ਫੁੱਲਾਂ ਨਾਲ ਸ਼ਿੰਗਾਰੇ ਦਿਸਦੇ ਹਨ। ਸ਼ਾਮ ਢਲ ਰਹੀ ਸੀ ਤੇ ਅਸੀਂ ਵਾਪਸ ਆਪਣੇ ਗ੍ਰਹਿ ਵਲ ਪਰਤੇ ਸਾਂ।

ਜਿਵੇਂ-ਜਿਵੇਂ ਸਾਡਾ ਦੇਸ਼ ਪਰਤਣ ਦਾ ਸਮਾਂ ਨੇੜੇ ਆ ਰਿਹਾ ਸੀ, ਸਾਨੂੰ ਤਿੰਨ ਮਹੀਨੇ ਪਰਿਵਾਰ ਦੇ ਇਸ ਅੰਗ ਦੀਆਂ ਖ਼ੁਸ਼ੀਆਂ ਤੇ ਚਾਹਵਾਂ ਵਿਚ ਸ਼ਾਮਲ ਹੋਣ ਮਗਰੋਂ, ਮੁੜ ਵਿਛੜਨ ਦਾ ਝੋਰਾ ਸਤਾ ਰਿਹਾ ਸੀ। ਕਸ਼ਮੀਰ ਵਿਚ ਤਿੰਨ ਦਹਾਕਿਆਂ ਤੋਂ ਚਲ ਰਹੇ ਅਣਸੁਖਾਵੇਂ ਹਾਲਾਤਾਂ ਕਾਰਨ ਸਾਡੇ ਕਈ ਨੌਜਵਾਨਾਂ ਨੂੰ ਰਿਆਸਤ ਤੋਂ ਬਾਹਰ ਦੇਸ਼ ਜਾਂ ਵਿਦੇਸ਼ ਵਿਚ ਰੋਜ਼ਗਾਰ ਭਾਲਣ ਲਈ ਮਜ਼ਬੂਰ ਹੋਣਾ ਪਿਆ ਹੈ ਜਿਸ ਕਾਰਨ, ਉਤਪੰਨ ਵਿਵਸਥਾ ਨਾਲ ਸਮਝੌਤਾ ਕਰਨਾ ਪਰਿਵਾਰਾਂ ਦੀ ਮਜ਼ਬੂਰੀ ਬਣ ਗਈ ਹੈ। ਭਾਵੇਂ ਵਿਗਿਆਨਿਕ ਵਿਕਾਸ ਰਾਹੀਂ ਵਿਸ਼ਵ ਹੁਣ ਇਕ ਪਿੰਡ ਜਿਹਾ ਲੱਗਦਾ ਹੈ, ਸੱਤ ਸਮੁੰਦਰਾਂ ਦੀ ਵਿੱਥ ਕੁਝ ਘੰਟਿਆਂ ਵਿਚ ਪੂਰੀ ਹੋ ਨਿਬੜਦੀ ਹੈ। ਸੂਚਨਾ ਦੇ ਤੇਜ਼ ਵਿਸਥਾਰ ਨੇ ਦੂਰੀਆਂ ਨੂੰ ਘਟਾ ਕੇ ਪ੍ਰਵਾਸ ਸਬੰਧੀ ਪ੍ਰੰਪਰਾਦਿਕ ਧਾਰਾ ਬਦਲ ਦਿੱਤੀ ਹੈ ਪਰ ਫੇਰ ਵੀ ਅਪਣਤ ਦਾ ਹੇਰਵਾ ਦਿਲਾਂ ਨੂੰ ਟੁੰਬਣੋਂ ਨਹੀਂ ਰੋਕ ਸਕਦਾ। ਦੇਸ਼ ਪਰਤਣ ਦੀ ਤਿਆਰੀ ਕਰਦਿਆਂ ਯੂ.ਕੇ. ਸਬੰਧੀ ਕੁਝ ਹੋਰ ਤੱਥ ਵੀ ਸਾਂਝੇ ਕਰਨੇ ਲੋਚਦੇ ਹਨ ਜਿਨ੍ਹਾਂ ਦੀ ਜਾਣਕਾਰੀ ਪਾਠਕਾਂ ਲਈ ਲਾਭਦਾਇਕ ਹੋਵੇਗੀ।

ਬ੍ਰਿਟਿਸ਼ ਵਾਸੀਆਂ ਦਾ ਰਹਿਣ-ਸਹਿਣ ਨਵੇਕਲਾ ਜਿਹਾ ਹੈ। ਅਠਾਰਾਂ ਸਾਲ ਦੀ ਆਯੂ ਤੀਕ ਮਾਪੇ ਬੱਚਿਆਂ ਦਾ ਧਿਆਨ ਰੱਖਦੇ ਹਨ ਤੇ ਮਗਰੋਂ ਬੱਚਿਆਂ ਨੇ ਭਵਿੱਖ ਸਬੰਧੀ ਕਾਰਜ ਆਪ ਹੀ ਕਰਨੇ ਹੁੰਦੇ ਹਨ। ਬੱਚੇ ਮਾਪਿਆਂ ਦਾ ਬੋਝ ਨਹੀਂ ਬਣਦੇ ਜਿਸ ਕਾਰਨ ਉਨ੍ਹਾਂ ਦਾ ਬੁਢੇਪਾ ਫਿਕਰ-ਚਿੰਤਾ ਤੋਂ ਮੁਕਤ ਰਹਿੰਦਾ ਹੈ। ਨਿੰਦਾ, ਚੁਗਲੀ, ਬਖੀਲੀ, ਸਾਜੇ, ਹਾਜੇ ਆਦਿ ਤੋਂ ਰਹਿਤ ਸਿਰਜੇ ਇਸ ਸਮਾਜ ਲਈ ਸੱਚਾ-ਸੁੱਚਾ ਜੀਵਨ ਗੁਜ਼ਾਰਨਾ ਇਬਾਦਤ ਤੋਂ ਘੱਟ ਨਹੀਂ ਦਿਸਦਾ। ਗਵਾਂਢੀਆਂ ਨਾਲ ਮੇਲ-ਮਿਲਾਪ ਸਿਰਫ਼ ਹਾਏ ਹੈਲੋ ਤੀਕਰ ਹੀ ਰਹਿੰਦਾ ਹੈ। ਬੇਲੋੜੀ ਦਖਲਅੰਦਾਜ਼ੀ ਤੇ ਬੇਵਜ੍ਹਾ ਦੂਜਿਆਂ ਦੇ ਨਿੱਝ ਵਲ ਝਾਕਣ ਦੀ ਉਤਸੁਕਤਾ ਦੇ ਦ੍ਰਿਸ਼ ਇੱਥੇ ਦੇਖਣ ਨੂੰ ਨਹੀਂ ਮਿਲਦੇ। ਬੱਸ ਜਾਂ ਟਰਾਮ ਰਾਹੀਂ ਪਾਰਲੀਮੈਂਟ ਹਾਊਸ ਪਹੁੰਚਦੇ ਮਨਿਸਟਰੀ ਮੈਂਬਰਾਂ ਨੂੰ ਤੱਕ ਕੇ ਮੈਂ ਪ੍ਰਣਾਮ ਕਰਨ ਤੋਂ ਨਹੀਂ ਰਹਿ ਸਕਦਾ।

ਜਿੱਥੋਂ ਤਕ ਸਰਕਾਰ ਦਾ ਸਬੰਧ ਹੈ, ਉਹ ਹਰ ਕਦਮ 'ਤੇ ਲੋਕਾਂ ਦੀ ਸਹਾਇਕ ਦਿਸਦੀ ਹੈ। ਕਾਨੂੰਨ ਦਾ ਸਖ਼ਤੀ ਨਾਲ ਪਾਲਨ ਕਰਦਿਆਂ ਇਨ੍ਹਾਂ ਦਾ ਪ੍ਰਸ਼ਾਸਨਿਕ ਢਾਂਚਾ ਬਹੁਤ ਹੀ ਬਲਵਾਨ ਦਿਸਦਾ ਹੈ। ਹਰ ਕਮਾਈ ਵਾਲਾ ਸੱਜਣ ਖ਼ੁਸ਼ੀ ਨਾਲ ਟੈਕਸ ਦਿੰਦਾ ਹੈ। ਚੋਰੀ-ਚਕਾਰੀ, ਮੁਨਾਫ਼ਾਖੋਰੀ ਜਾਂ ਕੋਰੱਪਸ਼ਨ ਦੀ ਸੰਭਾਵਨਾ ਰੱਤਾ ਵੀ ਨਹੀਂ ਭਾਸਦੀ। ਟ੍ਰੈਫਿਕ ਮੈਨੇਜਮੈਂਟ ਡਿਜੀਟਲ ਸਿਸਟਮ ਰਾਹੀਂ ਬਣਾਇਆ ਗਿਆ ਹੈ। ਸਾਫ਼-ਸਫ਼ਾਈ ਦੀ ਜ਼ਿਮੇਵਾਰੀ ਸਰਕਾਰ ਨਿਭਾਉਂਦੀ ਹੈ। ਸਰਕਾਰ ਹਰ ਸ਼ਹਿਰੀ ਦੀ ਸਿਹਤ ਸੰਭਾਲ ਦੀ ਜ਼ਿਮੇਵਾਰ ਹੈ। ਹਰ ਧੀ-ਭੈਣ ਇਥੇ ਸੁਰੱਖਿਅਤ ਹੈ।

ਬੱਚਿਆਂ ਲਈ ਬਣਾਏ ਕਾਨੂੰਨ ਕਾਫ਼ੀ ਕਰੜੇ ਹਨ। ਨਵਜਨਮੇਂ ਬੱਚੇ ਲਈ ਲੋੜੀਂਦੀ ਸੁਵਿਧਾ ਸਰਕਾਰ ਦੀ ਦੇਖ-ਰੇਖ ਹੇਠ ਮਾਪਿਆਂ ਨੂੰ ਦੇਣੀ ਪੈਂਦੀ ਹੈ। ਬੱਚਿਆਂ ਦੇ ਖਾਣ, ਪੀਣ, ਸੌਂਣ ਆਦਿ ਦਾ ਪ੍ਰਬੰਧ ਡਾਕਟਰਾਂ ਦੀ ਰਾਏ ਅਨੁਸਾਰ ਕਰਨਾ ਲੋੜੀਂਦਾ ਹੈ। ਉਲੰਘਣਾਂ ਲਈ ਮਾਪੇ ਜ਼ਿਮੇਵਾਰ ਸਮਝੇ ਜਾਂਦੇ ਹਨ। ਬੱਚਿਆਂ ਨੂੰ ਝਿੜਕਨ ਜਾਂ ਕੁੱਟਣ ਆਦਿ ਦੀ ਮਨਾਹੀ ਹੈ। ਕਈ ਦੋਸ਼ੀ ਮਾਪੇ ਸਜ਼ਾਵਾਂ ਭੋਗਦੇ ਦਿਸਦੇ ਹਨ।

ਇਥੇ ਘਰ ਲੋੜ ਅਨੁਸਾਰ ਉਸਾਰੇ ਜਾਂਦੇ ਹਨ। ਹਰ ਘਰ ਬਿਜਲੀ-ਪਾਣੀ ਤੇ ਗੈਸ ਦੇ ਮੀਟਰਾਂ ਨਾਲ ਲੈਸ ਹੁੰਦਾ ਹੈ। ਘਰਾਂ ਦੀਆਂ ਦੀਵਾਰਾਂ ਛੋਟੀਆਂ ਹੁੰਦੀਆਂ ਹਨ। ਚੋਰੀ ਆਦਿ ਦਾ ਡਰ ਨਾਂ ਮਾਤਰ ਹੁੰਦਾ ਹੈ। ਘਰਾਂ ਦੀ ਸਿਕਉਰਟੀ ਲਈ ਟੈਕਨੀਕਲ ਯੰਤਰ, ਸੀ.ਸੀ.ਟੀ.ਵੀ. ਕੈਮਰੇ, ਸੈਂਸਰ, ਬੱਲਬ ਆਦਿ ਦੀ ਵਰਤੋਂ ਹੁੰਦੀ ਹੈ। ਸ਼ਾਰਟ ਸਰਕਿਟ ਜਾਂ ਘਰ ਵਿਚ ਕਿਸੇ ਵੀ ਕਿਸਮ ਦਾ ਧੂੰਆਂ ਉਠਣ 'ਤੇ ਅਲਾਰਮ ਵੱਜ ਉਠਦਾ ਹੈ।

ਯੂ.ਕੇ ਵਿਚ 'ਸਿੱਖ ਚੈਨਲ', 'ਸੰਗਤ ਚੈਨਲ', 'ਅਕਾਲ ਚੈਨਲ', 'ਬ੍ਰਿਟ ਏਸ਼ੀਆ', ਪੀ.ਟੀਵੀ., 'ਚੜ੍ਹਦੀ ਕਲਾ' 'ਟਾਇਮ ਟੀ.ਵੀ' ਆਦਿ ਰਾਹੀਂ ਪੰਜਾਬੀਆਂ ਵਿਸ਼ੇਸ਼ਕਰ ਸਿੱਖ ਪਰਿਵਾਰਾਂ ਦੀ ਚਾਹਤ ਦੀ ਪੂਰਤੀ ਹੁੰਦੀ ਹੈ। ਪੰਜ ਲੱਖ ਤੋਂ ਵੱਧ ਸਿੱਖ ਅਬਾਦੀ ਵਾਲੇ ਇਸ ਦੇਸ਼ ਦੇ ਹਰ ਸ਼ਹਿਰ ਵਿਚ ਗੁਰਦਵਾਰੇ ਸਥਾਪਿਤ ਹਨ। ਕਈ ਵੱਡੇ ਸ਼ਹਿਰਾਂ ਵਿਚ ਵੱਧ ਗੁਰਦਵਾਰੇ ਵੀ ਵਿਖਾਈ ਦਿੰਦੇ ਹਨ। ਇੱਥੋਂ ਦਾ ਮੌਜੂਦਾ ਵਿਧਾਇਕ ਤਰਮਨਜੀਤ ਸਿੰਘ ਢੇਸੀ ਬੇਬਾਕੀ ਨਾਲ ਸਿੱਖ ਸਮਸਿਆਵਾਂ ਨੂੰ ਉਭਾਰਦਾ ਹੈ। ਯੂ.ਕੇ. ਵਾਸੀਆਂ ਦਾ ਸਿੱਖ ਭਾਈਚਾਰੇ ਨਾਲ ਮੇਲ-ਮਿਲਾਪ ਮਿਸਾਲੀ ਹੈ।

੧੯ ਮਈ ਨੂੰ ਅਸੀਂ ਮੈਨਚੈਸਟਰ ਤੋਂ ਵਾਪਸ ਦਿੱਲੀ ਪਰਤਣਾ ਸੀ ਤੇ ਡਾ: ਜਗਵੰਤ ਨੂੰ ਕਾਨਫਰੰਸ ਵਿਚ ਸ਼ਾਮਿਲ ਹੋਣ ਲਈ ਅਮਰੀਕਾ ਜਾਣਾ ਪਿਆ ਸੀ ਜਿਸ ਕਾਰਨ ਉਨ੍ਹਾਂ ਆਪਣੇ ਮਿੱਤਰ ਡਾ: ਰਾਜਿੰਦਰ ਜੀ ਨੂੰ ਸਾਨੂੰ ਏਅਰਪੋਰਟ ਪਹੁੰਚਾਣ ਦੀ ਜ਼ਿਮੇਵਾਰੀ ਲਾਈ ਸੀ। ਡਾ: ਰਾਜਿੰਦਰ ਜੀ ਵੀ ਜਮੂੰ ਦੇ ਰਹਿਣ ਵਾਲੇ ਹਨ ਤੇ ਇਕ ਕਨਸਲਟੈਂਟ ਵਜੋਂ ਸੇਵਾ ਨਿਭਾ ਰਹੇ ਹਨ। ਇਸ ਪਰਿਵਾਰ ਵਲੋਂ ਮਿਲੇ ਸਨੇਹ ਤੇ ਸਤਿਕਾਰ ਨੇ ਸਾਨੂੰ ਮੋਹਿਆ ਹੈ। ਡਾ: ਰਾਜਿੰਦਰ ਤੇ 'ਰੀਆ ਜੀ' ਬਹੁਤ ਹੀ ਪਿਆਰ ਤੇ ਮੇਲ-ਜੋਲ ਵਾਲੇ ਦੰਪਤੀ ਹਨ। ਮਿੱਥੇ ਸਮੇਂ ਅਨੁਸਾਰ ਜਦੋਂ ਡਾ: ਰਾਜਿੰਦਰ ਕਾਰ ਲੈ ਆਏ ਤਾਂ ਸਾਨੂੰ ਤੋਰਨ ਲਗਿਆਂ ਬੇਟੀ 'ਇਦੂਮੀਤ' ਦਾ ਨਿਮੋਂਝੂਣ ਚਿਹਰਾ ਉਸਦੇ ਮਨ ਦੀ ਸਥਿਤੀ ਬਿਆਨ ਕਰ ਰਿਹਾ ਸੀ ਤੇ ਨੰਨ੍ਹੀ 'ਮੇਹਰ' ਦੇ ਰੋਂਦਿਆਂ ਪੋਲੇ-ਪੋਲੇ ਹੱਥਾਂ ਨਾਲ ਰੁਕਣ ਲਈ ਮਾਰੀਆਂ ਧਾਹਾਂ ਨੇ ਸਾਨੂੰ ਡਾਢ੍ਹਾ ਭਾਵੁਕ ਕਰ ਦਿੱਤਾ ਸੀ। ਮੇਰੀ ਧਰਮ ਪਤਨੀ ਦੀਆਂ ਅੱਖਾਂ 'ਚੋਂ ਹੰਝੂ ਕਿਰ ਰਹੇ ਸਨ ਤੇ ਮੈਂ ਵੀ ਦਿਲ ਡਾਢ੍ਹਾ ਕਰਕੇ ਮੈਨਚੈਸਟਰ ਹਵਾਈ ਅੱਡੇ ਤੀਕ ਭਾਵੁਕਤਾ ਦੇ ਵਹਿਣ ਵਿਚ ਗੋਤੇ ਖਾਂਦਾ ਡਾ: ਰਾਜਿੰਦਰ ਨਾਲ ਗੱਲੀਂ-ਬਾਤੀਂ ਰੁਝਿਆ ਰਿਹਾ ਸਾਂ।

ਬੋਰਡਿੰਗ ਪਾਸ ਕਰਕੇ ਅਸੀਂ ਲਾਂਜ ਵਿਚ ਬੈਠੇ ਸਾਂ ਕਿ ਅਨਾਉਸਮੈਂਟ ਹੋਈ, "ਜਹਾਜ਼ ਕੁਝ ਘੰਟਿਆਂ ਮਗਰੋਂ ਉਡਾਨ ਭਰੇਗਾ। ਬਿਜਲੀ ਦੀ ਖ਼ਰਾਬੀ ਕਾਰਨ ਅਜਿਹਾ ਕਰਨਾ ਪੈ ਰਿਹਾ ਹੈ।" ਅਣਕਿਆਸੀ ਉਡੀਕ ਮਗਰੋਂ ਰਾਤ ਦੇ ਦੋ ਵਜੇ ਜਹਾਜ਼ ਵਿਚ ਸਵਾਰ ਹੋਣਾ ਪਿਆ ਸੀ। ਏਅਰਪੋਰਟ 'ਤੇ ਚਾਹ ਪਾਣੀ ਤੇ ਡਿਨਰ ਦਾ ਪ੍ਰਬੰਧ ਓਮਾਨ ਏਅਰ ਲਾਈਨਜ਼ ਵੱਲੋਂ ਕੀਤਾ ਗਿਆ ਸੀ। ਇਸ ਦੇਰੀ ਕਾਰਨ 'ਮਸਕਟ' ਤੋਂ ਬਦਲਣ ਵਾਲਾ ਦੂਜਾ ਜਹਾਜ਼ ਆਪਣੇ ਮਿੱਥੇ ਸਮੇਂ ਅਨੁਾਸਰ ਉਡਾਨ ਭਰ ਚੁੱਕਾ ਸੀ ਜਿਸ ਕਾਰਨ ਸਾਨੂੰ ਓਮਾਨ ਸਰਕਾਰ ਨੂੰ ਇਕ ਦਿਨ ਦਾ ਵੀਜ਼ਾ ਦੇ ਕੇ ਸ਼ਹਿਰ ਦੇ ਇਕ ਪੰਜਤਾਰਾ ਹੋਟਲ ਵਿਚ ਘੱਲ ਦਿੱਤਾ ਗਿਆ। ਅਸੀਂ ਹੋਟਲ ਵਿਚ ਲੰਚ ਲਿਆ ਤੇ ਅਰਾਮ ਕੀਤਾ। ਕੁਝ ਕੁ ਮੁਖ ਬਜ਼ਾਰਾਂ ਦੀ ਰੌਣਕ ਤੱਕੀ ਤੇ ਇੱਥੋਂ ਦੇ ਲੋਕਾਂ ਦੀ ਮਹਿਮਾਨਨਿਵਾਜ਼ੀ ਨੇ ਵੀ

ਸਾਨੂੰ ਕੀਲਿਆ। ਕੁਝ ਕੁ ਸਥਾਨਕ ਸੱਜਣਾਂ ਨਾਲ ਹੋਈ ਗੱਲਬਾਤ ਰਾਹੀਂ ਇਹ ਮਹਿਸੂਸ ਹੋਇਆ ਕਿ ਇਨ੍ਹਾਂ ਦੇ ਦਿਲਾਂ ਵਿਚ ਸਿੱਖ/ਪੰਜਾਬੀ ਸਮੁਦਾਏ ਲਈ ਕਾਫ਼ੀ ਇੱਜ਼ਤ ਤੇ ਸਤਿਕਾਰ ਹੈ। ਅਸੀਂ ਸਮੇਂ ਸਿਰ ਏਅਰਪੋਰਟ ਪਹੁੰਚ ਚੁਕੇ ਸਾਂ। ਸਾਨੂੰ ਜਹਾਜ਼ ਵਿਚ ਬਿਠਾਇਆ ਗਿਆ ਤੇ ਚਾਰ ਕੁ ਘੰਟੇ ਦੇ ਹਵਾਈ ਸਫ਼ਰ ਮਗਰੋਂ ਅਸੀਂ ਸਵੇਰੇ ੯ ਵਜੇ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ’ਤੇ ਉਤਰੇ ਸਾਂ।

ਅਸੀਂ ਦਿਨੇਂ ਅਰਾਮ ਕੀਤਾ ਤੇ ਸ਼ਾਮ ਨੂੰ ਰਾਜਧਾਨੀ ਐਕਸਪ੍ਰੈਸ ਰਾਹੀਂ ਸਫ਼ਰ ਕਰਕੇ ਸਵੇਰੇ ੬ ਵਜੇ ਜਮੂੰ ਰੇਲਵੇ ਸਟੇਸ਼ਨ ’ਤੇ ਮੁੜ ਵਾਪਸ ਕਦਮ ਰੱਖੇ।

ਕਵੀ ਮਨ ’ਚੋਂ ਉਠੀਆਂ ਤਰੰਗਾਂ ਜੋ ਇਸ ਸਫ਼ਰਨਾਮੇ ਦਾ ਹਿੱਸਾ ਹਨ, ਪਾਠਕਾਂ ਦੇ ਸਨਮੁਖ ਰੱਖਣ ਦੀ ਖ਼ੁਸ਼ੀ ਲੈ ਰਿਹਾ ਹਾਂ:-

ਕਾਵਿ ਫੇਰੀ

ਵਤਨੋਂ ਦੂਰ, ਸਮੁੰਦਰ ਕੰਢੇ, ਅਪਣੀ ਜੂਹ ਦੀਆਂ ਬਾਤਾਂ ਪਾਵਾਂ।
ਸਦੀਆਂ ਦੀ ਅਨਮੋਲ ਵਿਰਾਸਤ, ਨਹੁੰਆਂ ਨਾਲ ਫਰੋਲੀ ਜਾਵਾਂ।
ਅਣਖ, ਮਾਣ ਤੇ ਗ਼ੈਰਤ ਵਿੰਨੀ, ਕਿਹੜਾ ਦੱਸੇ ਉਹ ਨਿਸ਼ਾਨੀ
‘ਕੋਹਿਨੂਰ’ ਹੀਰੇ ਦੀ ਰੱਜ ਕੇ, ਇੱਕੋ ਵਾਰੀ ਝਾਤੀ ਪਾਵਾਂ।

ਲੰਦਨ ਸ਼ਹਿਰ ਦੀ ਰੌਣਕ ਡਾਢ੍ਹੀ, ਹਰ ਪਲ ਰੱਖੇ ਜੋੜੀ।
‘ਥੇਮ ਨਦੀ’ ਦੇ ਸ਼ਾਂਤ ਪਾਣੀਆਂ, ਚੁੱਪ ਰੱਤਾ ਨਾ ਛੋੜੀ।
ਰੌਸ਼ਨੀਆਂ ਦੇ ਇਸ ਝੁਰਮੁਟ ’ਚੋਂ ਨਜ਼ਰਾਂ ਉਹ ਥਾਂ ਭਾਲਣ।
‘ਓਡਵਾਇਰ’ ਨੂੰ ‘ਊਧਮ ਸਿੰਘ’ ਨੇ, ਭਾਜੀ ਜਿਸ ਥਾਂ ਮੋੜੀ।
ਲੰਦਨ ਸ਼ਹਿਰ ਦੀ ਬਸਤੀ ਪਿਆਰੀ, ਸਾਊਥ ਹਾਲ ਅਖਵਾਏ।
ਪਾਕ ਭਾਰਤੀ ਤੇ ਅਫ਼ਗਾਨੀ, ਰੰਗ ਨੇ ਜਿਥੇ ਸਮਾਏ।
ਥਾਂ-ਥਾਂ, ਵੇਖ ‘ਨਿਸ਼ਾਨ ਸਾਹਿਬ’ ਤੇ ‘ਪੱਗਾਂ’ ਦੇ ਝਲਕਾਰੇ
ਪੰਜ ਆਬਾਂ ਦੇ ਕਿਸੇ ਸ਼ਹਿਰ ਦਾ, ਜਿਵੇਂ ਭੁਲੇਖਾ ਪਾਏ।
ਰਣ ਵਿਚ ਜੂਝਣ ਵਾਲਾ ਕੌਤਕ, ਵਿਸ਼ਵਵਿਆਪੀ ਹੋਇਆ।
ਮੁੱਠੀ ਭਰ ਸਿਪਾਹੀਆਂ ਰੱਜ ਕੇ, ਲਹੂ ਪਠਾਣੀ ਚੋਇਆ।
ਸੂਰਬੀਰਤਾ, ਵਫ਼ਾਦਾਰੀ ਦੀ, ਯਾਦ ਗੋਰਿਆਂ ਸਾਂਭੀ।
‘ਸਾਰਾ ਗੜ੍ਹੀ’ ਦੇ ਸੂਰਮਿਆਂ ਨੂੰ, ਯਾਦਾਂ ਵਿਚ ਪਰੋਇਆ।
ਕਈ ਥਾਵਾਂ ’ਤੇ ਬਿਰਧ ਗੋਰਿਆਂ, ਤੁਰਦਿਆਂ ਮੈਨੂੰ ਡਿੱਠਾ।
ਨੈਣਾਂ ਰਾਹੀਂ ਦਿੱਤਾ ਆਦਰ, ਲੱਗਾ ਡਾਢ੍ਹਾ ਮਿੱਠਾ।
ਬਿਨਾਂ ਪਛਾਣੋਂ, ਏਸ ਸਲੀਕੇ, ਮੈਨੂੰ ਸੋਚੀਂ ਪਾਇਆ
ਮੇਰੇ ਉੱਚ ਮਿਆਰੀ ਵਿਰਸੇ, ਦਾ ਇਹ ਸੱਜਣੋਂ ਚਿੱਠਾ।

# ਬਹਾਦੁਰਾਂ ਦੇ ਦੇਸ਼ ਨੇਪਾਲ ਵਿਚ

**❑ ਡਾ. ਮੋਨੋਜੀਤ**

ਮੇਰਾ ਨੇਪਾਲ ਜਾਣ ਦਾ ਪ੍ਰੋਗਰਾਮ ਉਸ ਸਮੇਂ ਬਣਿਆ ਜਦੋਂ ਸਾਡੀ ਮੈਡਮ ਸਾਡੀ ਦੂਜੀ ਬੇਟੀ ਮਨਮੀਤ ਕੋਲ ਅਮਰੀਕਾ ਗਈ ਹੋਈ ਸੀ ਅਤੇ ਮੈਂ ਕੁਝ ਸਮੇਂ ਤੋਂ ਆਪਣੇ ਘਰ ਵਿਚ ਬਿਲਕੁਲ ਇਕੱਲਾ ਸਾਂ। ਘਰ ਖਾਣ ਨੂੰ ਦੌੜਦਾ ਸੀ ਅਤੇ ਬਾਹਰ ਵਾਲੇ ਯਾਰ ਦੋਸਤ ਅਤੇ ਸਾਕ ਸੰਬੰਧੀ ਆਪਣੇ-ਆਪਣੇ ਜੀਵਨ ਵਿਚ ਵਿਅਸਤ ਸਨ। ਫਿਰ ਵੀ ਕਦੇ-ਕਦੇ ਮੈਂ ਡਾ: ਸੁਸ਼ੀਲ ਕੋਲ ਸਮਾਂ ਬਿਤਾਉਣ ਅਤੇ ਗਪਸ਼ਪ ਕਰਨ ਲਈ ਯੂਨੀਵਰਸਿਟੀ ਚਲਾ ਜਾਂਦਾ। ਜੰਮੂ ਦੇ ਸਾਹਿਤਕ ਹਲਕਿਆਂ ਵਿਚ ਸਾਰੇ ਜਾਣਦੇ ਨੇ ਕਿ ਡਾ: ਸੁਸ਼ੀਲ ਪੰਜਾਬੀ ਵਿਚ ਪੁਰਾਣੇ ਪੀ.ਐਚ.ਡੀ. ਨੇ। ਅਜਕਲ ਉਹ ਯੂਨੀਵਰਸਿਟੀ ਦੇ ਸਟੇਸ਼ਨਰੀ ਵਿਭਾਗ ਵਿਚ ਤੈਨਾਤ ਨੇ। ਉਨ੍ਹਾਂ ਨਾਟਕ ਦੀਆਂ ਕਈ ਕਿਤਾਬਾਂ ਲਿਖੀਆਂ ਨੇ ਪਰ ਬਹੁਤਾ ਕੰਮ ਉਨ੍ਹਾਂ ਦਾ ਲੋਕ-ਧਾਰਾ 'ਤੇ ਹੈ। ਹਾਲੇ ਪਿਛਲੇ ਮਹੀਨੇ ਹੀ ਮੈਂ ਉਨ੍ਹਾਂ ਨਾਲ ਜਨਵਰੀ ਦੇ ਮਹੀਨੇ ਵਿਚ ਸੱਤ-ਅੱਠ ਦਿਨ ਅੰਡੇਮਾਨ ਨਿਕੋਬਾਰ ਦੀ ਯਾਤਰਾ ਕਰ ਆਇਆ ਹਾਂ। ਗੱਲਾਂ-ਗੱਲਾਂ ਵਿਚ ਹੀ ਇਕ ਦਿਨ ਉਨ੍ਹਾਂ ਨਾਲ ਨੇਪਾਲ ਦੀ ਯਾਤਰਾ ਕਰਨ ਦਾ ਪ੍ਰੋਗਰਾਮ ਬਣ ਗਿਆ। ਇਹ ਪ੍ਰੋਗਰਾਮ ਇਕ ਵਾਰ ਪਹਿਲਾਂ ਵੀ ਬਣਿਆ ਸੀ ਅਤੇ ਇਕ ਵਾਰ ਇਕੱਠਿਆਂ ਭੁਟਾਨ ਜਾਣ ਦਾ ਪ੍ਰੋਗਰਾਮ ਵੀ ਬਣ ਗਿਆ ਸੀ ਪਰ ਉਹ ਨੇਪਰੇ ਨਹੀਂ ਸੀ ਚੜ੍ਹ ਸਕਿਆ। ਡਾ: ਸੁਸ਼ੀਲ ਨੇ ਉਸੇ ਵੇਲੇ ਹੀ ਬੈਠਿਆਂ-ਬੈਠਿਆਂ ਆਪਣੇ ਟ੍ਰੈਵਲ ਏਜੈਂਟ ਕ੍ਰਿਸ਼ ਹੋਰਾਂ ਨੂੰ ਫ਼ੋਨ ਕਰਕੇ ਨੇਪਾਲ ਆਣ-ਜਾਣ ਦੀਆਂ ਦੋ ਹਵਾਈ ਟਿਕਟਾਂ ਦਾ ਪ੍ਰਬੰਧ ਕਰ ਲਿਆ। ਨੇਪਾਲ ਦੀ ਰਾਜਧਾਨੀ ਕਾਠਮੰਡੂ ਲਈ ਅਸੀਂ ਦਿੱਲੀ ਤੋਂ ਜਹਾਜ 'ਤੇ ਬੈਠਣਾ ਸੀ ਜਿਸ ਲਈ ਅਸੀਂ ਜੰਮੂ ਤੋਂ ੨੨ ਫਰਵਰੀ ੨੦੧੫ ਨੂੰ ਰਾਜਧਾਨੀ ਟ੍ਰੇਨ 'ਤੇ ਬੈਠ ਕੇ ਠੀਕ ਪੰਜ ਵਜੇ ਸਵੇਰੇ ਦਿੱਲੀ ਉਤਰੇ। ਰੇਲਵੇ ਦੇ ਹੀ ਆਈ.ਆਰ.ਟੀ.ਸੀ. ਦੇ ਗੈਸਟ ਹਾਊਸ ਵਿਚ ਆਰਾਮ ਕਰਕੇ, ਜਿਸਦੀ ਸੁਵਿਧਾ ਡਾ: ਸੁਸ਼ੀਲ ਕੋਲ ਉਪਲਬਧ ਸੀ ਅਸੀਂ ਮੈਟਰੋ ਰਾਹੀਂ ਇੰਦਰਾ ਗਾਂਧੀ ਅੰਤਰ-ਰਾਸ਼ਟਰੀ ਹਵਾਈ ਅੱਡੇ ਪੁੱਜ ਕੇ ਜੈੱਟ ਏਅਰਲਾਈਨਜ਼ ਦੀ ਤਿੰਨ ਵਜੇ ਦੀ ਕਾਠਮੰਡੂ ਲਈ ਫਲਾਈਟ ਪਕੜਨ ਲਈ ਕਤਾਰ ਵਿਚ ਲੱਗ ਗਏ ਜਿੱਥੇ ਇਕ ਹਾਦਸਾ ਬੜੀ ਬੇਸਬਰੀ ਨਾਲ ਮੇਰੀ ਉਡੀਕ ਕਰ ਰਿਹਾ ਸੀ। ਕਿਉਂਕਿ ਨੇਪਾਲ ਲਈ ਪਾਸਪੋਰਟ ਆਦਿ ਦੀ ਲੋੜ ਨਹੀਂ ਪੈਂਦੀ, ਇਸ ਲਈ ਆਪਣੇ ਨਾਲ ਆਪਣੀ ਪਛਾਣ ਦੇ ਸਬੂਤ ਦੇ ਤੌਰ 'ਤੇ ਮੈਂ ਆਪਣਾ ਆਧਾਰ ਕਾਰਡ ਲੈ ਗਿਆ ਸੀ। ਹਾਲਾਂਕਿ ਮੇਰੇ ਕੋਲ ਹੋਰ ਵੀ ਕਈ ਕਾਰਡ ਸਬੂਤ ਵਜੋਂ ਉਪਲਬਧ ਸਨ ਪਰ ਉਹ ਮੈਂ ਨਾਲ ਨਹੀਂ ਸੀ ਰੱਖੇ ਹੋਏ। ਇਸ ਲਈ ਜੈੱਟ ਏਅਰ ਲਾਈਨਜ਼ ਦੇ ਕਰਮਚਾਰੀਆਂ ਨੇ ਆਧਾਰ ਕਾਰਡ ਨੂੰ ਮੇਰੀ ਪਛਾਣ ਦੇ ਸਬੂਤ ਵਜੋਂ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਮੈਨੂੰ ਨੇਪਾਲ ਯਾਤਰਾ ਕਰਨ ਤੋਂ ਰੋਕ ਲਿਆ। ਡਾ: ਸੁਸ਼ੀਲ ਦੇ ਸਾਰੇ ਕਾਗਜ਼ ਠੀਕ ਸਨ। ਅਜਿਹਾ ਹਾਦਸਾ ਮੇਰੇ ਨਾਲ ਦੂਜੀ ਵਾਰ ਹੋ ਰਿਹਾ ਸੀ। ਇਕ ਵਾਰ ਪਹਿਲਾਂ ਵੀ ਮੈਨੂੰ ਪਛਾਣ ਪੱਤਰ ਦੇ ਆਧਾਰ 'ਤੇ ਹੀ ਨੇਪਾਲ ਜਾਣ ਤੋਂ ਰੋਕਿਆ ਗਿਆ ਸੀ। ਉਸ ਵੇਲੇ ਵੀ ਡਾ: ਸੁਸ਼ੀਲ ਮੇਰੇ ਨਾਲ ਸੀ ਅਤੇ ਅਸਾਂ ਦੋਵਾਂ ਨੇ ਯਾਤਰਾ ਰੋਕ ਲਈ ਸੀ। ਪਰ ਇਸ ਵਾਰੀ ਡਾ: ਸੁਸ਼ੀਲ ਨੇ ਅਜਿਹਾ ਨਹੀਂ ਕੀਤਾ-

'ਮੈਂ ਤੇ ਜਾਵਾਂਗਾ!' ਉਹ ਖੁੰਦਕ ਨਾਲ ਬੋਲੇ।

ਗੱਲ ਹੀ ਖੁੰਦਕ ਵਾਲੀ ਸੀ। ਮੈਨੂੰ ਆਪਣੇ ਆਪ 'ਤੇ ਬੜੀ ਖੁੰਦਕ ਆ ਰਹੀ ਸੀ ਕਿ ਮੈਂ ਕਿਵੇਂ ਇੰਨੀ ਵੱਡੀ ਗ਼ਲਤੀ ਕਰ ਲਈ। ਉਹ ਵੀ ਦੂਜੀ ਵਾਰ। ਸ਼ਰਮ ਨਾਲ ਮੇਰੀਆਂ ਅੱਖਾਂ ਨੀਵੀਆਂ ਹੋ ਗਈਆਂ ਸਨ। ਹੁਣ ਮੈਂ ਡਾ: ਸੁਸ਼ੀਲ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਨਹੀਂ ਸੀ ਕਰ ਸਕਦਾ। ਉਹ ਜੋ ਵੀ ਮੈਨੂੰ ਕਹਿੰਦੇ, ਮੈਨੂੰ ਬਰਦਾਸ਼ਤ ਕਰਨਾ ਪੈਣਾ ਸੀ। ਉਨ੍ਹਾਂ ਉਹੀ ਕਿਹਾ ਜੋ ਮੈਨੂੰ ਸੰਭਾਲਣ ਲਈ ਜ਼ਰੂਰੀ ਸੀ। ਉਨ੍ਹਾਂ ਮੈਨੂੰ ਸਲਾਹ ਦਿੱਤੀ ਕਿ ਮੈਂ ਫ਼ੋਨ ਰਾਹੀਂ ਜੰਮੂ ਤੋਂ ਆਪਣੇ ਅਜਿਹੇ ਪਛਾਣ ਪਤਰ ਦਾ ਪ੍ਰਬੰਧ ਕਰਾਂ ਜੋ ਨੇਪਾਲ ਜਾਣ ਲਈ ਏਅਰ ਲਾਈਨਜ਼ ਵਾਲਿਆਂ ਨੂੰ ਮਨਜ਼ੂਰ ਹੋਵੇ ਅਤੇ ਨੇਪਾਲ ਲਈ ਦੂਜੀ ਟਿਕਟ ਖ਼ਰੀਦ ਕੇ ਕਿਸੇ ਅਗਲੀ ਉਡਾਣ ਰਾਹੀਂ ਕਾਠਮੰਡੂ ਪੁੱਜ ਜਾਵਾਂ। ਇਸ ਵਿਚ ਮੁਸ਼ਕਿਲ ਇਹ ਸੀ ਕਿ ਜੰਮੂ ਤਾਂ ਮੇਰੇ ਘਰ ਨੂੰ ਜੰਦਰਾ ਲਗਾ ਹੋਇਆ ਸੀ ਜਿਸਦੇ ਅੰਦਰ ਮੇਰਾ ਪਛਾਣ ਪੱਤਰ ਪਿਆ ਹੋਇਆ ਸੀ। ਖ਼ੈਰ, ਕੁਝ ਤਾਂ ਕਰਨਾ ਸੀ।

ਇਸ ਸਿਲਸਿਲੇ ਵਿਚ ਟ੍ਰੈਵਲ ਏਜੈਂਟ ਕ੍ਰਿਸ਼ ਨੇ ਮੇਰੀ ਬੜੀ ਮਦਦ ਕੀਤੀ। ਉਹਨੇ ਮੇਰੀ ਟਿਕਟ ਰੱਦ ਕਰਕੇ ਨੇਪਾਲ ਜਾਣ ਵਾਲੀ ਸ਼ਾਮ ਵਾਲੀ ਉਡਾਣ ਲਈ ਨਵੀਂ ਟਿਕਟ ਬਣਾ ਦਿੱਤੀ ਅਤੇ ਆਪਣੀ ਟ੍ਰੈਵਲ ਏਜੈਂਸੀ ਤੋਂ ਟਿਕਟ ਲੈਣ ਵਾਲੇ ਜੰਮੂ ਤੋਂ ਤਿੰਨ ਵਜੇ ਦੀ ਉਡਾਣ ਰਾਹੀਂ ਦਿੱਲੀ ਆਉਣ ਵਾਲੇ ਇਕ ਯਾਤਰੀ ਸ਼੍ਰੀ ਰਾਕੇਸ਼ ਸ਼ਰਮਾ ਰਾਹੀਂ ਮੈਨੂੰ ਦਿੱਲੀ ਭੇਜ ਦਿੱਤੀ। ਆਪਣੀ ਪਛਾਣ ਦੇ ਨਵੇਂ ਸਬੂਤ ਵਜੋਂ ਮੈਂ ਆਪਣਾ ਚੋਣ ਕਾਰਡ ਆਪਣੇ ਸਾਲੇ ਬਲਜੀਤ ਹੋਰਾਂ ਰਾਹੀਂ ਕ੍ਰਿਸ਼ ਤੱਕ ਪੁਜਾ ਦਿੱਤਾ ਸੀ । ਜਦ ਮੈਂ ਆਪਣਾ ਚੋਣ ਕਾਰਡ ਦੇਖਿਆ ਉਹਦੇ ਵਿਚ ਵੀ ਇਕ ਸਮੱਸਿਆ ਸੀ, ਉਹਦੇ 'ਤੇ ਮੇਰੀ ਜਨਮ ਤਿਥੀ ੧੯੫੧ ਦੀ ਬਜਾਏ ੧੯੬੪ ਲਿਖੀ ਹੋਈ ਸੀ। ਉਸ ਵੱਲ ਕਿਸੇ ਦਾ ਧਿਆਨ ਗਿਆ ਵੀ ਨਹੀਂ। ਧਿਆਨ ਗਿਆ ਗਾਂਧੀਨਗਰ ਵੱਲ। ਜਾਂਚ ਕਰਨ ਵਾਲਾ ਅਧਿਕਾਰੀ ਕਹਿਣ ਲਗਾ ਕਿ ਗਾਂਧੀਨਗਰ ਤਾਂ ਗੁਜਰਾਤ ਵਿਚ ਹੈ, ਮੈਂ ਕਿਹਾ ਜੰਮੂ-ਕਸ਼ਮੀਰ ਵਿਚ ਵੀ ਹੈ ਪਰ ਉਹ ਬੋਲਿਆ, 'ਇੱਥੇ ਜੰਮੂ-ਕਸ਼ਮੀਰ ਲਿਖਿਆ ਹੋਇਆ ਨਹੀਂ।' ਖ਼ੈਰ ਉਹ ਬੜੀ ਮੁਸ਼ਕਲ ਨਾਲ ਮੰਨਿਆ ਕਿ ਗਾਂਧੀਨਗਰ ਜੰਮੂ ਸ਼ਹਿਰ ਵਿਚ ਵੀ ਹੈ। ਮੈਂ ਸੁੱਖ ਦਾ ਸਾਹ ਲਿਆ।

ਸੁੱਖ ਦੇ ਜ਼ਿਆਦਾ ਸਾਹ ਆਪਣੀ ਕਿਸਮਤ ਵਿਚ ਹਾਲੇ ਹੈ ਹੀ ਨਹੀਂ ਸਨ। ਕਾਠਮੰਡੂ ਵਾਲੀ ਉਡਾਣ ੨੦ ਮਿੰਟ ਲੇਟ ਸੀ। ਮੈਂ ਤਕਰੀਬਨ ਪੌਣੇ ਗਿਆਰਾਂ ਵਜੇ ਜਾ ਕੇ ਕਾਠਮੰਡੂ ਦੇ ਹਵਾਈ ਅੱਡੇ 'ਤੇ ਉਤਰਿਆ। ਇਹ ਹਵਾਈ ਅੱਡਾ ਬਹੁਤਾ ਵੱਡਾ ਨਹੀਂ ਅਤੇ ਨਾ ਹੀ ਕੋਈ ਬਹੁਤੀ ਸੁੱਖ ਸੁਵਿਧਾ ਅਤੇ ਚਮਕ-ਦਮਕ ਵਾਲਾ ਹਵਾਈ ਅੱਡਾ ਹੈ। ਬਾਹਰ ਨਿਕਲੇ ਤਾਂ ਨਾ ਇੱਥੇ ਮੇਰਾ ਫ਼ੋਨ ਚਲ ਸਕਦਾ ਸੀ ਅਤੇ ਨਾ ਹੀ ਮੇਰੇ ਕੋਲ ਉਸ ਹੋਟਲ ਦਾ ਅਤਾ-ਪਤਾ ਸੀ ਜਿੱਥੇ ਮੈਂ ਡਾ: ਸੁਸ਼ੀਲ ਕੋਲ ਪੁੱਜਣਾ ਸੀ। ਸਾਡੀ ਉਡਾਣ ਰਾਹੀਂ ਕਾਠਮੰਡੂ ਆਉਣ ਵਾਲੇ ਯਾਤਰੀ ਤਕਰੀਬਨ ਸਾਰੇ ਜਾ ਚੁਕੇ ਸਨ। ਹਵਾਈ ਅੱਡੇ ਦੇ ਬਾਹਰ ਕੋਈ ਟੈਕਸੀ ਡਰਾਈਵਰ ਇਧਰ-ਉਧਰ ਖੜੇ ਆਪਸ ਵਿਚ ਗੱਲਬਾਤ ਕਰ ਰਹੇ ਸਨ। ਮੇਰੇ ਮਨ 'ਤੇ ਟੈਕਸੀ ਡਰਾਈਵਰਾਂ ਦਾ ਅਕਸ ਬਹੁਤ ਕਰਕੇ ਚੰਗਾ ਨਹੀਂ। ਕਈ ਮੈਨੂੰ ਪੁੱਛ ਵੀ ਚੁਕੇ ਸਨ ਕਿ ਮੈਂ ਕਿੱਥੇ ਜਾਣਾ ਹੈ ਅਤੇ ਉਹ ਇਸ ਸਿਲਸਿਲੇ ਵਿਚ ਮੇਰੀ ਕੀ ਮਦਦ ਕਰ ਸਕਦੇ ਨੇ। ਉਹ ਹਿੰਦੀ ਅਤੇ ਅੰਗਰੇਜ਼ੀ ਸਮਝ ਸਕਦੇ ਸਨ ਅਤੇ ਆਪਣੇ ਹਾਵ-ਭਾਵ ਤੋਂ ਸ਼ਰੀਫ਼ ਲੱਗ ਰਹੇ ਸਨ। ਮੇਰੇ ਕੋਲ ਡਾ: ਸੁਸ਼ੀਲ ਦਾ ਨੰਬਰ ਹੈ ਸੀ। ਮੈਂ ਇਕ ਟੈਕਸੀ ਡਰਾਈਵਰ ਕੋਲੋਂ ਮੋਬਾਈਲ ਲੈ ਕੇ ਡਾ: ਸੁਸ਼ੀਲ ਦਾ ਨੰਬਰ ਮਿਲਾਇਆ। ਉਹ ਮੈਨੂੰ ਟੈਕਸੀ ਭੇਜ ਰਹੇ ਸਨ। ਉਨ੍ਹਾਂ ਮੈਨੂੰ ਟੈਕਸੀ ਦਾ ਨੰਬਰ ਦੱਸਿਆ। ਟੈਕਸੀ ਲਈ ਮੈਨੂੰ ਬਹੁਤੀ ਉਡੀਕ ਨਹੀਂ ਕਰਨੀ ਪਈ ਅਤੇ ਕੁਝ ਹੀ ਸਮੇਂ ਬਾਅਦ ਮੈਂ ਟੈਕਸੀ ਡਰਾਈਵਰ ਤਿਲਕ ਰਾਜ ਨਾਲ ਗੱਪਸ਼ੱਪ ਕਰਦਾ ਹੋਇਆ ਹੋਟਲ ਸੁਕੇਸੀਯੂ ਵਿਚ ਪਹੁੰਚ ਗਿਆ।

ਦਿੱਲੀ ਹਵਾਈ ਅੱਡੇ 'ਤੇ ਜੈਟ ਹਵਾਈ ਜਹਾਜ ਦੇ ਕਰਮਚਾਰੀਆਂ ਵਲੋਂ ਰੋਕੇ ਜਾਣ ਦੇ ਹਾਦਸੇ ਤੋਂ ਲੈ ਕੇ ਹੋਟਲ ਸੁਕੇਸੀਯੂ ਵਿਚ ਪੁੱਜਣ ਤੱਕ ਮੈਂ ਕਾਫ਼ੀ ਮੁਸੀਬਤ ਭਰੇ ਸਮੇਂ ਵਿੱਚੋਂ ਲੰਘਿਆ ਸਾਂ ਅਤੇ ਉਮੀਦ ਕਰ ਰਿਹਾ ਸਾਂ ਕਿ ਡਾ: ਸੁਸ਼ੀਲ ਇਸ ਸਾਰੇ ਤਰਦੱਦ ਵਿੱਚੋਂ ਲੰਘਣ ਲਈ ਮੇਰੇ ਨਾਲ ਕੁਝ ਹਮਦਰਦੀ ਭਰੇ ਬੋਲ ਸਾਂਝੇ ਕਰਨਗੇ ਪਰ ਅਜਿਹਾ ਕੁਝ ਨਾ ਹੋਇਆ। ਉਹ ਬੜੇ ਰੁੱਖੇ-ਸੁੱਖੇ ਜਿਹੇ ਅੰਦਾਜ਼ ਨਾਲ ਮੈਨੂੰ ਮਿਲੇ ਅਤੇ ਮੇਰੇ ਸਫ਼ਰ ਬਾਰੇ ਇਕ ਲਫ਼ਜ਼ ਨਾ ਬੋਲੇ। ਦੂਜੇ ਦਿਨ ਅਸੀਂ ਸਵੇਰੇ ਟੈਕਸੀ ਰਾਹੀਂ ਕਾਠਮੰਡੂ ਦੇ ਪਸ਼ੂਪਤੀ ਮੰਦਿਰ ਨੂੰ ਦੇਖਣ ਲਈ ਪੁਜੇ। ਪਸ਼ੂਪਤੀ ਮੰਦਿਰ ਸ਼ਿਵਜੀ ਭਗਵਾਨ ਨੂੰ ਅਰਪਿਤ ਇਕ ਬਹੁਤ ਵੱਡੇ ਖੇਤਰਫਲ 'ਤੇ ਫੈਲਿਆ ਹੋਇਆ ਇਕ ਬਹੁਤ ਹੀ ਪ੍ਰਾਚੀਨ ਹਿੰਦੂ ਮੰਦਿਰ ਹੈ। ਜਿਸ ਵਿਚ ਕਈ ਛੋਟੇ-ਵੱਡੇ ਮੰਦਿਰ, ਆਸ਼ਰਮ, ਮੂਰਤੀਆਂ ਅਤੇ ਸ਼ਿਲਾਲੇਖ ਸ਼ਾਮਿਲ ਨੇ। ਇਹ ਮੰਦਿਰ ਪਵਿੱਤਰ ਬਾਗਮਤੀ ਨਦੀ ਦੇ ਕਿਨਾਰੇ ਕਈ ਸਦੀਆਂ ਪਹਿਲਾਂ ਨਿਰਮਿਤ ਕੀਤਾ ਗਿਆ ਸੀ। ਦੋ ਮੰਜ਼ਿਲਾ ਮੁੱਖ ਪਸ਼ੂਪਤੀ ਮੰਦਿਰ ਬਾਰੇ ਪੱਕੇ ਤੌਰ 'ਤੇ ਨਹੀਂ ਕਿਹਾ ਜਾ ਸਕਦਾ ਕਿ ਇਹ ਕਦੋਂ ਬਣਾਇਆ ਗਿਆ ਪਰ ਅਜਿਹਾ ਲਿਖਿਆ ਮਿਲਦਾ ਹੈ ਕਿ ਮੌਜੂਦਾ ਮੰਦਿਰ ਦਾ ਨਿਰਮਾਣ ਸਤਾਰਵੀਂ ਸਦੀ ਦੇ ਅੰਤ ਵਿਚ ਕੀਤਾ ਗਿਆ ਅਤੇ ਇਸਦੇ ਇਰਦ-ਗਿਰਦ ਵਾਲੇ ਰਾਮ ਅਤੇ ਵੈਸ਼ਨਵ ਮੰਦਿਰ ਸਮੂਹ ਦੀ ਉਸਾਰੀ ਉਸ ਤੋਂ ਵੀ ਪਹਿਲਾਂ ਪੰਦਰਵੀਂ ਸਦੀ ਵਿਚ ਹੋਈ। ਨੇਪਾਲ ਵਿਚ ਇਹ ਹਿੰਦੂ ਮਤ ਦਾ ਸਭ ਤੋਂ ਪ੍ਰਾਚੀਨ ਮੰਦਿਰ ਹੈ ਜਿਸ ਨਾਲ ਕਈ ਦੰਤ ਕਥਾਵਾਂ ਜੁੜੀਆਂ ਨੇ। ਇਕ ਉੱਚੇ ਚੌਰਸ ਥੜ੍ਹੇ 'ਤੇ ਉਸਾਰਿਆ ਗਿਆ ਥੱਲੇ ਤੋਂ ਉੱਪਰ ਤੱਕ ੨੩ ਮੀਟਰ ਤੋਂ ਵੀ ਉੱਚਾ ਇਹ ਮੰਦਿਰ ਨੇਪਾਲ ਭਵਨ ਨਿਰਮਾਣ ਦੀ ਪੈਗੋਡਾ ਸ਼ੈਲੀ ਦਾ ਇਕ ਉੱਤਮ ਨਮੂਨਾ ਹੈ। ਚਾਂਦੀ ਦੀਆਂ ਚਾਦਰਾਂ ਨਾਲ ਢੱਕੇ ਹੋਏ ਚਾਰ ਦਰਵਾਜਿਆਂ ਵਾਲੇ ਇਸ ਮੰਦਿਰ ਦਾ ਛੱਤਰ ਸੋਨੇ ਦਾ ਬਣਿਆ ਹੋਇਆ ਹੈ ਜਿਸਦੇ ਆਂਤਰਿਕ ਗਰਭ ਗ੍ਰਹਿ ਵਿਚ ਮੂਰਤੀ ਦੀ ਸਥਾਪਤੀ ਕੀਤੀ ਗਈ ਹੈ ਅਤੇ ਬਾਹਰ ਬਰਾਮਦੇ ਜਿਹੀ ਖੁੱਲੀ ਥਾਂ ਹੈ। । ਗਰਭ ਗ੍ਰਹਿ ਅੰਦਰ ਸਥਾਪਿਤ ਇਕ ਮੀਟਰ ਉੱਚੀ ਲਿੰਗ ਦੀ ਮੂਰਤੀ ਦੇ ਆਧਾਰ ਤੇ ਇਕ ਚਾਂਦੀ ਦੀ ਯੋਨੀ ਅਤੇ ਇਕ ਚਾਂਦੀ ਦਾ ਸੱਪ ਸਥਿਤ ਨੇ। ਇਸ ਮੁੱਖ ਲਿੰਗ ਦੇ ਦਰਸ਼ਨ ਚਾਰੇ ਪਾਸਿਆਂ ਤੋਂ ਹੋ ਜਾਂਦੇ ਨੇ। ਬਾਗਮਤੀ ਨਦੀ ਦੇ ਦੋਵਾਂ ਕਿਨਾਰਿਆਂ 'ਤੇ ਇਕ ਵਿਸ਼ਾਲ ਖੇਤਰ ਵਿਚ ਫੈਲੇ ਇਸ ਮੰਦਿਰ ਸਮੂਹ ਦੇ ਇਕ ਦਿਨ ਵਿਚ ਦਰਸ਼ਨ ਕਰਨੇ ਬੜੇ ਔਖੇ ਨੇ। ਅਸੀਂ ਆਪਣੇ ਮਨ ਨੂੰ ਸਮਝਾ ਲਿਆ ਕਿ ਅਸੀਂ ਨੇਪਾਲ ਵਿਚ ਕਾਫ਼ੀ ਦਿਨ ਰਹਿਣਾ ਹੈ। ਇਸ ਲਈ ਜੋ ਕੁਝ ਅਜ ਨਹੀਂ ਦੇਖਿਆ ਗਿਆ ਉਹ ਦੇਖਣ ਲਈ ਫਿਰ ਕਦੇ ਆ ਜਾਵਾਂਗੇ ਅਤੇ ਮੰਦਿਰ ਬਾਰੇ ਗੱਲਾਂ ਕਰਦੇ ਵਾਪਿਸ ਆਪਣੇ ਹੋਟਲ ਆ ਗਏ।

ਹੋਟਲ ਵਿਚ ਕੁਝ ਸਮਾਂ ਆਰਾਮ ਕਰਨ ਦੇ ਬਾਅਦ ਅਸੀਂ ਦਰਬਾਰ ਚੌਂਕ ਕਾਠਮੰਡੂ ਵੱਲ ਨਿਕਲ ਪਏ ਅਤੇ ਰਾਹ ਵਿਚ ਇਕ ਹੋਟਲ 'ਤੇ ਰੋਟੀ ਵੀ ਖਾਧੀ। ਇੱਥੇ ਅਸੀਂ ਸ਼ਾਹੀ ਅਜਾਇਬ ਘਰ ਦੇਖਣਾ ਸੀ ਪਰ ਇਹ ਅੱਜ ਆਮ ਲੋਕਾਂ ਲਈ ਬੰਦ ਸੀ। ਸਾਨੂੰ ਨਹੀਂ ਸੀ ਪਤਾ ਕਿ ਇਹ ਮੰਗਲਵਾਰ ਵਾਲੇ ਦਿਨ ਬੰਦ ਰਹਿੰਦਾ ਹੈ। ਅਸੀਂ ਠਗੇ ਹੋਏ ਰਹਿ ਗਏ ਕਿਉਂਕਿ ਇੰਨੇ ਦੂਰ ਆ ਕੇ ਸ਼ਾਹੀ ਅਜਾਇਬ ਘਰ ਦੇਖਣੋਂ ਰਹਿ ਜਾਣ ਦਾ ਅਰਥ ਨੇਪਾਲ ਦੇ ਇਤਿਹਾਸ, ਸਮਾਜ ਅਤੇ ਸਭਿਆਚਾਰ ਬਾਰੇ ਅਤਿ ਰੋਚਕ ਅਤੇ ਮਹੱਤਵਪੂਰਣ ਜਾਣਕਾਰੀਆਂ ਤੋਂ ਵੰਚਿਤ ਰਹਿ ਜਾਣਾ ਸੀ। ਬੇਸ਼ੱਕ ਆਪਣੀ ਇਸ ਯਾਤਰਾ ਦੌਰਾਨ ਇਕ ਵਾਰ ਇਸ ਮਹੱਤਵਪੂਰਣ ਅਜਾਇਬ ਘਰ ਨੂੰ ਦੇਖਣ ਦੀ ਉਮੀਦ ਨੇ ਸਾਡੇ ਹੌਂਸਲੇ ਪਸਤ ਹੋਣ ਤੋਂ ਰੋਕੀ ਰੱਖਿਆ। ਅਸੀਂ ਇਸ ਬਚੇ ਹੋਏ ਸਮੇਂ ਦਾ ਉਚਿਤ ਇਸਤੇਮਾਲ ਕਰਨ ਲਈ ਗੁਰਦਵਾਰਾ ਨਾਨਕ ਸਤਸੰਗ ਵੱਲ ਮੁਹਾਰਾਂ ਮੋੜੀਆਂ। ਇੱਥੇ ਮੈਂ ਜੰਮੂ ਦੇ ਸਾਬਕਾ ਮੰਤਰੀ ਰੰਗੀਲ ਸਿੰਘ ਹੋਰਾਂ ਦੇ ਵੱਡੇ ਭਰਾ ਸ੍ਰ. ਪ੍ਰੀਤਮ ਸਿੰਘ ਹੋਰਾਂ ਨੂੰ ਮਿਲਣਾ ਸੀ। ਨੇਪਾਲ ਆਉਣ ਦਾ ਸੁਣ ਕੇ ਰਿਸ਼ਤੇ ਵਿਚ ਮੇਰੇ ਜੀਜਾ ਸ੍ਰ. ਗੁਰਬਚਨ ਸਿੰਘ ਹੋਰਾਂ ਨੇ ਮੈਨੂੰ ਉਨ੍ਹਾਂ ਲਈ ਚਿੱਠੀ ਦਿੱਤੀ ਸੀ। ਸ੍ਰ. ਪ੍ਰੀਤਮ ਸਿੰਘ ਜੰਮੂ ਦੇ ਖਾਂਦੇ-ਪੀਂਦੇ ਤੇ ਅਸਰ-ਰਸੂਖ ਵਾਲੇ ਸਿੱਖਾਂ ਵਿੱਚੋਂ ਹਨ ਅਤੇ

ਗੁਰਬਚਨ ਸਿੰਘ ਹੋਰਾਂ ਦੇ ਚਚੇਰੇ ਭਰਾ ਨੇ।ਉਨ੍ਹਾਂ ਦਾ ਨੇਪਾਲ ਵਿਚ ਟ੍ਰਾਂਸਪੋਰਟ ਦਾ ਕਾਰੋਬਾਰ ਹੈ ਅਤੇ ਗੁਰਦਵਾਰੇ ਦਾ ਪ੍ਰਬੰਧ ਵੀ ਉਨ੍ਹਾਂ ਦੀ ਦੇਖ-ਰੇਖ ਵਿਚ ਹੁੰਦਾ ਹੈ।ਉਹ ਬੜੇ ਖ਼ਲੂਸ ਨਾਲ ਮਿਲੇ ਅਤੇ ਗਿਲਾ ਕੀਤਾ ਕਿ ਅਸੀਂ ਹੋਟਲ ਵਿਚ ਕਿਉਂ ਰਹਿ ਰਹੇ ਹਾਂ। ਹੁਣ ਅਸੀਂ ਉਨ੍ਹਾਂ ਨੂੰ ਕਿਸ ਤਰ੍ਹਾਂ ਦੱਸਦੇ ਕਿ ਇਹੋ ਜਿਹੇ ਤਫ਼ਰੀਹ ਲਈ ਕੀਤੇ ਗਏ ਸੈਰ-ਸਪਾਟਿਆਂ ਦੌਰਾਨ ਗੁਰਦਵਾਰਿਆਂ ਵਿਚ ਠਹਿਰਨਾ ਵਾਰਾ ਨਹੀਂ ਖਾਂਦਾ। ਖ਼ੈਰ ਉਹ ਬੜੇ ਅਨੁਭਵੀ ਬੰਦੇ ਹਨ ਇਸ ਲਈ ਸਾਡੀ ਗੱਲ ਸਮਝ ਗਏ ਅਤੇ ਸਾਨੂੰ ਸਲਾਹ ਦਿੱਤੀ ਇੱਥੋਂ ਕੁਝ ਦੂਰ ਗੁਰਦਵਾਰਾ ਨਾਨਕ ਮੱਠ ਹੈ, ਉੱਥੇ ਜ਼ਰੂਰ ਜਾਓ। ਅਸੀਂ ਸ੍ਰ. ਪ੍ਰੀਤਮ ਸਿੰਘ ਹੋਰਾਂ ਦੀ ਸਲਾਹ ’ਤੇ ਫੁੱਲ ਚੜ੍ਹਾਉਂਦਿਆਂ ਵਿਸ਼ਨੂਮਤੀ ਵਿਖੇ ਸਥਿਤ ਗੁਰਦਵਾਰਾ ਨਾਨਕ ਮੱਠ ਗਏ। ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਵੇਲੇ ਇਸ ਸਥਾਨ ਤੋਂ ਲੰਘੇ ਸਨ ਅਤੇ ਇਕ ਪਿੱਪਲ ਥੱਲੇ ਬੈਠੇ ਸਨ। ਉਹ ਪਿੱਪਲ ਅੱਜ ਵੀ ਮੌਜੂਦ ਹੈ। ਅਸੀਂ ਉਸ ਪਿੱਪਲ ਦੇ ਦਰਸ਼ਨ ਕੀਤੇ। ਇਸ ਗੁਰਦਵਾਰੇ ਦੀ ਮਰਿਆਦਾ ਹਰੀ ਹਰ ਆਸ਼ਰਮ ਦੇ ਸਾਧੂ ਸੰਤ ਚਲਾਉਂਦੇ ਨੇ ਬੇਸ਼ਕ ਉਨਾਂ ਨੂੰ ਪੰਜਾਬੀ ਪੜ੍ਹਨੀ-ਲਿਖਣੀ ਨਹੀਂ ਆਉਂਦੀ। ਆਖਦੇ ਨੇ ਇਸ ਮੱਠ ਲਈ ਉਸ ਵੇਲੇ ਦੇ ਰਾਜੇ ਨੇ ਜ਼ਮੀਨ ਦਾਨ ਕੀਤੀ ਸੀ। ਕਾਠਮੰਡੂ ਵਿਚ ਹੋਟਲ ਵਿਚ ਠਹਿਰਨ ਦੌਰਾਨ ਸਾਨੂੰ ਇਕ ਅਮਰੀਕਨ ਸੈਲਾਨੀ ਐਸ਼ਲੇ ਮਿਲੀ। ਉਹਦੇ ਨਾਲ ਸੁਸ਼ੀਲ ਸ਼ਰਮਾ ਨੇ ਜਲਦੀ ਹੀ ਦੋਸਤੀ ਕਰ ਲਈ। ਇਸ ਲਈ ਜਦ ਅਸੀਂ ਅਗਲੇ ਦਿਨ ਪੋਖਰਾ ਲਈ ਸਵਿਲ ਬੱਸਾਂ ਰਾਹੀਂ ਰਵਾਨਾ ਹੋਏ ਤਾਂ ਐਸ਼ਲੇ ਵੀ ਸਾਡੇ ਨਾਲ ਸੀ। ਦੋ-ਤਿੰਨ ਘੰਟੇ ਦੇ ਸਫ਼ਰ ਬਾਅਦ ਅਸੀਂ ਪੋਖਰਾ ਪੁੱਜ ਗਏ ਜੋ ਖ਼ੂਬਸੂਰਤ ਪਹਾੜਾਂ ਵਿਚ ਘਿਰਿਆ ਪੀਹੋਵਾ ਝੀਲ ਦੇ ਕੰਢੇ ਵਸਿਆ ਇਕ ਵਧੀਆ ਜਿਹਾ ਸ਼ਹਿਰ ਹੈ ਜਿੱਥੇ ਹਰ ਕਿਸਮ ਦੇ ਤਬਕੇ ਦੇ ਸੈਲਾਨੀਆਂ ਦੇ ਰਹਿਣ ਲਈ ਸੁਵਿਧਾਵਾਂ ਨਾਲ ਲੈਸ ਸੈਂਕੜੇ ਹੋਟਲ ਨੇ। ਪੋਖਰਾ ਕਿਸ਼ਤੀ ਦੌੜ, ਪਹਾੜੀਆਂ ਚੜ੍ਹਨ ਲਈ ਅਤੇ ਪਾਣੀ ਦੀਆਂ ਹੋਰ ਖੇਡਾਂ ਤੋਂ ਇਲਾਵਾ ਪੈਰਾਗਲਾਈਡਿੰਗ ਲਈ ਵਿਸ਼ਵਭਰ ਵਿਚ ਪ੍ਰਸਿੱਧ ਹੈ। ਕੇਂਦਰੀ ਨੇਪਾਲ ਦੇ ਇਸ ਦਿਲਕਸ਼ ਸ਼ਹਿਰ ਵਿਚ ਕਈ ਰੈਸਤਰਾਂ ਅਤੇ ਯੋਗਾ ਕੇਂਦਰ ਨੇ।ਪੀਹੋਵਾ ਝੀਲ ਦੇ ਕੰਢਿਆਂ ਤੋਂ ਹੀ ਇਸ ਝੀਲ ਦੇ ਦਰਮਿਆਨ ਇਕ ਹਰੇ-ਭਰੇ ਜਜੀਰੇ ਵਿਚ ਇਕ ਦੋ ਮੰਜ਼ਿਲਾ ਪੈਗੋਡਾ ਮੰਦਿਰ ਦੇਖਿਆ ਜਾ ਸਕਦਾ ਹੈ। ਇਸ ਸ਼ਹਿਰ ਦੇ ਬਜ਼ਾਰਾਂ ਵਿਚ ਮੈਂ ਤੇ ਡਾ: ਸੁਸ਼ੀਲ ਨੇ ਕਈ ਕਿਤਾਬਾਂ ਦੀਆਂ ਦੁਕਾਨਾਂ ਦੇਖੀਆਂ ਅਤੇ ਅਮਰੀਕਾ, ਅਸਟ੍ਰੇਲੀਆ, ਜਪਾਨ, ਹਾਲੈਂਡ ਤੇ ਚੀਨ ਜਿਹੇ ਮੁਲਕਾਂ ਦੇ ਕਈ ਵਿਦੇਸ਼ੀ ਸੈਲਾਨੀ ਘੁੰਮਦੇ ਦੇਖੇ। ਇਹ ਸ਼ਹਿਰ ਮੈਨੂੰ ਵਿਸ਼ੇਸ਼ ਤੌਰ ’ਤੇ ਬਹੁਤ ਪਸੰਦ ਆਇਆ। ਅਗਰ ਫ਼ੁਰਸਤ ਤੇ ਪੈਸਾ ਹੋਵੇ ਤਾਂ ਇਸ ਸ਼ਹਿਰ ਵਿਚ ਮੈਂ ਮਹੀਨਿਆਂ ਬੱਧੀ ਰਹਿ ਸਕਦਾ ਹਾਂ। ਬਸ ਇਕ ਸ਼ਰਤ ਹੋਰ ਕਿ ਨਾਲ ਰਹਿਣ ਲਈ ਇਕ ਮਨਪਸੰਦ ਸਾਥੀ ਵੀ ਹੋਵੇ। ਇੱਥੇ ਅਸੀਂ ਹੋਟਲ ਸ਼ਕੂਰ ਵਿਚ ਰਹੇ। ਦਿਨੇ ਘੁੰਮਦੇ ਰਹਿੰਦੇ ਜਿਸ ਦੌਰਾਨ ਮਹਿੰਦਰ ਅਤੇ ਗੁਪਤੇਸ਼ਵਰ ਗੁਫ਼ਾਵਾਂ, ਡੈਵਿਸ ਫਾਲਸ, ਰਾਮ ਸੀਤਾ ਦੇ ਵਿਆਹ ਵਾਲਾ ਮੰਦਿਰ ਗਣੇਸ਼ ਮੰਦਿਰ, ਇਕ ਖੇਤਰੀ ਅਜਾਇਬ ਘਰ ਨੂੰ ਦੇਖਣ ਸੁਣਨ ਦਾ ਮੌਕਾ ਮਿਲਿਆ ਅਤੇ ਸ਼ਾਮੀ ਆ ਕੇ ਹੋਟਲ ਵਿਚ ਵਾਈਨ ਦਾ ਆਨੰਦ ਮਾਣਦੇ। ਇੱਥੇ ਵਾਈਨ ਪੀਂਦਿਆਂ ਸਾਨੂੰ ਪਹਿਲੀ ਵਾਰ ਨੇਪਾਲੀ ਸ਼ੇਰਪਾ ਸਾਮ ਬਹਾਦੁਰ ਨੇ ਦੱਸਿਆ ਕਿ ਵਾਈਨ ਪੀਣ ਵਾਲੇ ਗਿਲਾਸ ਵਿਸਕੀ ਪੀਣ ਵਾਲੇ ਗਿਲਾਸਾਂ ਤੋਂ ਅਲੱਗ ਹੁੰਦੇ ਨੇ ਅਤੇ ਵਾਈਨ ਪੀਣ ਦਾ ਤਰੀਕਾ ਵੀ। ਬਹਾਦੁਰ ਇੱਥੇ ਆਪਣੀ ਫ਼ਰਾਂਸੀਸੀ ਪਤਨੀ ਨਾਲ ਸਮਾਂ ਗੁਜ਼ਾਰਨ ਲਈ ਰਹਿ ਰਹੇ ਸਨ ਜਿਹੜੀ ਅੱਜ ਤੋਂ ਕੋਈ ਤੀਹ-ਪੈਂਤੀ ਸਾਲ ਪਹਿਲਾਂ ਇਨ੍ਹਾਂ ਪਹਾੜਾਂ ’ਤੇ ਟ੍ਰੈਕਿੰਗ ਕਰਦਿਆਂ ਉਨ੍ਹਾਂ ਦੀ ਸਾਥੀ ਰਹੀ ਸੀ। ਪੋਖਰਾ ਵਿਚ ਰਹਿੰਦਿਆਂ ਅਸੀਂ ਇਕ ਸਵੇਰੇ ਸਾਢੇ ਪੰਜ ਵਜੇ ਰੋਹਤਾਂਗ ਪਹਾੜੀ ਤੋਂ ਸੂਰਜ ਚੜ੍ਹਨ ਦਾ ਨਜ਼ਾਰਾ ਦੇਖਣ ਲਈ ਪੁੱਜੇ ਪਰ ਸਾਡੀ ਕਿਸਮਤ ਅਜਿਹੀ ਕਿ ਉਸ ਵੇਲੇ ਬਾਰਿਸ਼ ਲੱਗ ਗਈ ਅਤੇ ਸੂਰਜ ਚੜ੍ਹਿਆ ਹੀ ਨਹੀਂ। ਅਸੀਂ ਇਹ ਨਜ਼ਾਰਾ ਦੇਖੇ ਬਿਨਾਂ ਹੀ ਪਰਤੇ।

੨੨ ਫਰਵਰੀ ਨੂੰ ਮੈਂ ਤੇ ਡਾ: ਸੁਸ਼ੀਲ ਬੱਸ ਰਾਹੀਂ ਲੁਬਿੰਨੀ ਪੁਜੇ। ਲੁਬਿੰਨੀ ਦਾ ਮੌਸਮ ਸਾਨੂੰ ਗਰਮ ਲੱਗਿਆ। ਇੱਥੇ ਹੀ ੫੬੩ ਬੀ.ਸੀ. ਨੂੰ ਮਾਤਾ ਮਹਾਰਾਣੀ ਮਹਾਮਾਇਆ ਦੇਵੀ ਦੇ ਘਰ ਸਿਧਾਰਥ ਨਾਂ ਦੇ ਪੁੱਤਰ ਨੇ ਜਨਮ ਲਿਆ ਜੋ ਬਚਪਨ ਵਿਚ ਹੀ ਦੁਨੀਆਂ ਤੋਂ ਉਪਰਾਮ ਹੋ ਕੇ ਸੱਚ ਦੀ ਖੋਜ ਵਿਚ ਨਿਕਲ ਪਏ ਅਤੇ ਦੁਨੀਆਂ ਦੇ ਇਕ ਮਹਾਨ ਧਰਮ ਬੁੱਧਮਤ ਦੇ ਬਾਨੀ ਬਣੇ। ਅਸੀਂ ਇੱਥੇ ਪੁੱਜ ਕੇ ਆਪਣੇ ਰਹਿਣ-ਸਹਿਣ ਦਾ ਪ੍ਰਬੰਧ ਇਕ ਹੋਟਲ ਵਿਚ ਕਰਦਿਆਂ ਲੇਟ ਹੋ ਗਏ ਇਸ ਲਈ ਜਿਸ ਵੇਲੇ ਮਹਾਤਮਾ ਬੁੱਧ ਹੋਰਾਂ ਦੇ ਜਨਮ ਸਥਾਨ ਦੇ ਦਰਸ਼ਨ ਲਈ ਪੁੱਜੇ, ਇਹਨੂੰ ਦੇਖਣ ਲਈ ਬਹੁਤ ਘੱਟ ਸਮਾਂ ਬਚਿਆ ਸੀ। ਭਾਰਤ ਦੇ ਇਤਿਹਾਸ ਵਿਚ ਸਮਰਾਟ ਅਸ਼ੋਕ ਇਕ ਅਜਿਹਾ ਮਹਾਨ ਸ਼ਾਸਕ ਹੋਇਆ ਹੈ ਜਿਸਨੇ ਬੁੱਧ ਧਰਮ ਗ੍ਰਹਿਣ ਕੀਤਾ। ਮਹਾਰਾਜਾ ਅਸ਼ੋਕ ਨੇ ਹੀ ਲੁਬਿੰਨੀ ਦੇ ਸਥਾਨ ਨੂੰ ਮਹਾਤਮਾ ਬੁੱਧ ਦੇ ਜਨਮ ਸਥਾਨ ਵਜੋਂ ਵਿਕਸਿਤ ਕੀਤਾ। ਇੱਥੇ ਦੇਖਣ ਵਾਲੀਆਂ ਥਾਵਾਂ ਵਿੱਚੋਂ ਇਕ ਪਵਿੱਤਰ ਬਾਗ਼, ਇਕ ਝੀਲ ਜਿਸਦੇ ਕੰਢੇ ਮਾਇਆ ਦੇਵੀ ਮੰਦਿਰ, ਕਈ ਬੁੱਧ ਮੱਠ ਜਿਨ੍ਹਾਂ ਵਿੱਚੋਂ ਕਈ ਖੰਡਰ ਬਣ ਚੁਕੇ ਨੇ, ਅਤਿ ਮਹੱਤਵਪੂਰਣ ਨੇ। ਬੁੱਧ ਧਰਮ ਦਾ ਇਕ ਵਿਸ਼ੇਸ਼ ਤੀਰਥ ਸਥੱਲ ਹੋਣ ਕਰਕੇ ਲੁਬਿੰਨੀ ਪੂਰੀ ਦੁਨੀਆਂ ਵਿਚ ਦੂਜੇ ਧਰਮਾਂ ਦੇ ਲਈ ਵੀ ਇਕ ਖ਼ਾਸ ਦਿਲਚਸਪੀ ਦਾ ਕੇਂਦਰ ਹੈ। ਇਥੇ ਕਈ ਮੰਦਿਰ, ਮੱਠ ਅਤੇ ਬੁੱਧ ਧਰਮ ਦੇ ਅਧਿਐਨ ਅਤੇ ਅਨੁਸੰਧਾਨ ਨਾਲ ਜੁੜੀ ਇਕ ਯੂਨੀਵਰਸਿਟੀ ਵੀ ਮੌਜੂਦ ਹੈ।ਅਸੀਂ ਦੇਖਿਆ ਕਿ ਉਸ ਵੇਲੇ ਮਹਾਤਮਾ ਬੁੱਧ ਦੇ ਜਨਮ ਸਥੱਲ ਦੀ ਵਿਸ਼ੇਸ਼ ਖੁਦਾਈ ਚੱਲ ਰਹੀ ਸੀ ਜਿਸ ਵਿਚੋਂ ਕਈ ਕਿਸਮ ਦੇ ਢਾਂਚੇ, ਸ਼ਿਲਾਲੇਖ ਅਤੇ ਮੂਰਤੀਆਂ ਨਿਕਲੀਆਂ ਹੋਈਆਂ ਸਨ। ਸਾਨੂੰ ਇਥੇ ਘੁੰਮਦੇ-ਘੁੰਮਾਂਦੇ ਹਨ੍ਹੇਰਾ ਪੈ ਚੁਕਿਆ ਸੀ ਅਤੇ ਸਾਨੂੰ ਇਥੇ ਮੰਗੋਲੀ ਨੈਨ ਨਕਸ਼, ਰੰਗ-ਰੂਪ ਅਤੇ ਅੱਖਾਂ-ਨੱਕ ਵਾਲੇ ਅਨਗਿਣਤ ਲੋਕ ਦਿਖਾਈ ਦੇ ਰਹੇ ਸਨ ਜਿਨ੍ਹਾਂ ਬੜੀ ਸ਼ਰਧਾ ਅਤੇ ਭਾਵਨਾ ਨਾਲ ਇਥੇ ਹਜ਼ਾਰਾਂ ਮੋਮਬੱਤੀਆਂ ਬਾਲ ਲਈਆਂ ਸਨ ਅਤੇ ਹੋਰ ਵੀ ਬਾਲ ਰਹੇ ਸਨ।ਇਹ ਚੀਨੀ, ਜਪਾਨੀ, ਤਿੱਬਤੀ, ਲਦਾਖੀ ਕੁਝ ਵੀ ਹੋ ਸਕਦੇ ਸਨ। ਇਥੇ ਹੀ ਸਾਡੀ ਮੁਲਾਕਾਤ ਤਿੱਬਤੀ ਬੋਧਾਂ ਦੇ ਗੁਰੂ ਸ਼੍ਰੀ ਹਿੰਪੋਚ ਨਾਲ ਹੋ ਗਈ। ਉਹ ਆਪਣੇ ਖ਼ਾਸ ਚੇਲਿਆਂ ਨਾਲ ਇਸ ਪਵਿੱਤਰ ਸਥਾਨ ਦੇ ਦਰਸ਼ਨ ਲਈ ਆਏ ਹੋਏ ਸਨ। ਉਨ੍ਹਾਂ ਮੇਰੇ ਸਿੱਖ ਸਰੂਪ ਤੋਂ ਸਮਝ ਲਿਆ ਸੀ ਕਿ ਮੈਂ ਭਾਰਤ ਦਾ ਰਹਿਣ ਵਾਲਾ ਹਾਂ ਅਤੇ ਉਨ੍ਹਾਂ ਆਪਣੇ ਦੁਭਾਸ਼ੀਏ ਰਾਹੀਂ ਮੇਰੇ ਨਾਲ ਗੱਲਬਾਤ ਕੀਤੀ, ਮੇਰੇ ਨਾਲ ਫ਼ੋਟੋ ਖਿਚਾਈ ਅਤੇ ਪੰਜਾ ਮਿਲਾ ਕੇ ਵਿਦਾ ਲਈ। ਉਸਦੇ ਉੱਥੇ ਮੌਜੂਦ ਉਹਨਾਂ ਦੇ ਕਈ ਸ਼ਰਧਾਲੂਆਂ ਨੇ ਮੈਨੂੰ ਮੁਬਾਰਕਬਾਦ ਦਿੱਤੀ ਕਿ ਉਹ ਆਪਣੇ ਗੁਰੂ ਦੀ ਇਕ ਝਲਕ ਪਾਉਣ ਲਈ ਸਾਲਾਂ ਤੋਂ ਤਰਸ ਰਹੇ ਨੇ ਜਦਕਿ ਮੇਰੇ ਨਾਲ ਉਨ੍ਹਾਂ ਇੰਨੀ ਲੰਬੀ ਚੌੜੀ ਗੱਲਬਾਤ ਕੀਤੀ।

ਦੂਜੇ ਦਿਨ ਅਸੀਂ ਬੱਸ ਰਾਹੀਂ ਯੁਨੈਸਕੋ ਵਲੋਂ ਮਾਨਤਾ ਪ੍ਰਾਪਤ ਵਿਰਾਸਤੀ ਸਥੱਲ ਲੁਬਿੰਨੀ ਤੋਂ ਵਾਪਸ ਪੁੱਜ ਕੇ ਰਾਤੀਂ ਕਾਠਮੰਡੂ ਦੇ ਇਕ ਉਪਨਗਰ ਥਾਮੇਲ ਦੇ ਇਕ ਚੀਨੀ ਹੋਟਲ ਵਿਚ ਰਹੇ ਜਿੱਥੇ ਅਸੀਂ ਜਦ ਨੇਪਾਲੀ ਵਾਈਨ ਤੇ ਬੀਅਰ ਦੀਆਂ ਚੁਸਕੀਆਂ ਲੈਣ ਲਈ ਇਕ ਬਾਰ ਵਿਚ ਘੁਸੇ ਤਾਂ ਉੱਥੇ ਦੇ ਰੰਗ-ਢੰਗ ਦੇਖ ਕੇ ਬਿਨਾਂ ਪੀਤਿਆਂ ਹੀ ਬਾਹਰ ਆ ਗਏ। ਉਥੇ ਰਹਿੰਦਿਆਂ ਹੀ ਇਕ ਵਾਰ ਫਿਰ ਦਰਬਾਰ ਸੁਕੇਅਰ ਦੇ ਅਜਾਇਬ ਘਰ ਨੂੰ ਦੇਖਣ ਲਈ ਪੁੱਜੇ।ਨੇਪਾਲੀ ਸਭਿਆਚਾਰ ਅਤੇ ਵਿਸ਼ਵਾਸਾਂ ਨਾਲ ਜੁੜੀਆਂ ਅਤੇ ਉੱਥੇ ਦੀ ਰਾਜਸ਼ਾਹੀ ਨਾਲ ਸੰਬੰਧਿਤ ਕਈ ਕਲਾ ਕ੍ਰਿਤੀਆਂ, ਮੂਰਤੀਆਂ, ਲੇਖਾਂ, ਪ੍ਰਤੀਲੇਖਾਂ, ਪੇਂਟਿੰਗਜ਼ ਨੂੰ ਆਪਣੇ ਚੇਤਿਆਂ ਵਿਚ ਸੰਭਾਲਿਆਂ ਨਾ ਸਾਡਾ ਮਨ ਭਰ ਰਿਹਾ ਸੀ ਅਤੇ ਨਾ ਸਰੀਰ ਥੱਕ ਰਿਹਾ ਸੀ। ਇਸ ਚੌਰਾਹੇ 'ਤੇ ਪੈਗੋਂਡਾ ਸ਼ੈਲੀ ਵਿਚ ਬਣੇ ਕਈ ਮੰਦਿਰ ਵੀ ਮੌਜੂਦ ਨੇ। ਸਰਸਰੀ ਨਜ਼ਰ ਨਾਲ ਇਨ੍ਹਾਂ ਵਿੱਚੋਂ ਵੀ ਕੁਝ ਦੇਖ ਲਏ। ਵਿਸਤਾਰ ਨਾਲ ਇਕ-ਇਕ ਚੀਜ਼ ਨੂੰ ਦੇਖਣ ਦਾ ਸਮਾਂ ਸਾਡੇ ਕੋਲ ਹੈ ਨਹੀਂ ਸੀ। ਨੇਪਾਲ ਦੇ ਕੁਝ ਸ਼ਹਿਰਾਂ ਵਿਚ ਘੁੰਮਦਿਆਂ ਅਤੇ ਬੱਸਾਂ ਵਿਚ ਸਫ਼ਰ ਕਰਦਿਆਂ ਸਾਨੂੰ ਨੇਪਾਲ ਦੀ ਗ਼ਰੀਬੀ ਅਤੇ ਖ਼ੂਬਸੂਰਤੀ ਦਾ ਅੰਦਾਜ਼ਾ ਹੋ ਚੁਕਿਆ ਸੀ। ਹਿਮਾਲਾ ਪਰਬਤ ਮਾਲਾ ਦੇ ਦੱਖਣੀ ਹਿੱਸੇ ਵਿਚ ਵਸਿਆ ਇਹ ਨਿੱਕਾ

ਜਿਹਾ ਮੁਲਕ ਇਕ ਪਾਸੇ ਚੀਨ ਅਤੇ ਦੂਜੇ ਪਾਸੇ ਹਿੰਦੋਸਤਾਨ ਜਿਹੇ ਵੱਡੇ ਅਤੇ ਤਗੜੇ ਮੁਲਕਾਂ ਰਾਹੀਂ ਘਿਰਿਆ ਹੋਇਆ ਹੈ। ਨੇਪਾਲ ਵਿਚ ਹਰ ਧਰਮ ਦੇ ਲੋਕ ਵਸਦੇ ਨੇ ਪਰ ਮੁੱਖ ਤੌਰ ’ਤੇ ਇੱਥੋਂ ਦੇ ਵਸਨੀਕਾਂ ਦਾ ਧਰਮ ਹਿੰਦੂਮਤ ਹੈ। ਜੰਮੂ-ਕਸ਼ਮੀਰ ਦੇ ਸਿੱਖ ਨੇਪਾਲ ਵਿਚ ਟ੍ਰਾਂਸਪੋਰਟ ਦੇ ਧੰਦੇ ਨਾਲ ਜੁੜੇ ਹੋਣ ਕਰਕੇ ਹੀ ਜਾਂਦੇ ਰਹੇ ਨੇ। ਬੇਇੰਤਹਾ ਗ਼ਰੀਬੀ ਹੋਣ ਕਰਕੇ ਇੱਥੋਂ ਦੇ ਆਮ ਲੋਕੀ ਹਿੰਦੋਸਤਾਨ ਵਿਚ ਚੌਕੀਦਾਰੇ ਜਿਹੇ ਛੋਟੇ-ਮੋਟੇ ਕੰਮ ਕਰਨ ਲਈ ਨਿਕਲ ਜਾਂਦੇ ਨੇ। ਇਨ੍ਹਾਂ ਲੋਕਾਂ ਨੂੰ ਆਮ ਤੌਰ ’ਤੇ ‘ਬਹਾਦੁਰ’ ਕਿਹਾ ਜਾਂਦਾ ਹੈ। ਜਦੋਂ ਮੈਂ ਆਪਣਾ ਮਕਾਨ ਬਣਾ ਰਿਹਾ ਸਾਂ, ਚੌਕੀਦਾਰ ਦੇ ਤੌਰ ’ਤੇ ਮੈਂ ਵੀ ਇਕ ਬਹਾਦੁਰ ਹੀ ਰੱਖਿਆ ਹੋਇਆ ਸੀ। ਇਹ ‘ਬਹਾਦੁਰ’ ਕੋਈ ਹੋਰ ਕੰਮ ਨਹੀਂ ਕਰਦੇ। ਫ਼ੌਜ ਵਿਚ ਭਰਤੀ ਹੋਣਾ ਇਨ੍ਹਾਂ ਦਾ ਇਕ ਹੋਰ ਪਸੰਦੀਦਾ ਪੇਸ਼ਾ ਹੈ। ਇਹ ਕਈ ਵਿਦੇਸ਼ੀ ਫ਼ੌਜਾਂ ਵਿਚ ਭਰਤੀ ਨੇ। ਨੇਪਾਲ ਵਿਚ ਬੱਸਾਂ ਰਾਹੀਂ ਸਫ਼ਰ ਕਰਦਿਆਂ ਅਜਿਹੀ ਭਰਤੀ ਲਈ ਨੇਪਾਲ ਵਾਸੀਆਂ ਨੂੰ ਸੱਦਾ ਦਿੰਦੇ ਕਈ ਮੁਲਕਾਂ ਦੇ ਬੋਰਡ ਮੈਂ ਕਈ ਥਾਵਾਂ ’ਤੇ ਸੜਕ ਕੰਢੇ ਲੱਗੇ ਹੋਏ ਦੇਖੇ। ਅਸੀਂ ਸੱਚਮੁੱਚ ਬਹਾਦੁਰਾਂ ਦੇ ਦੇਸ਼ ਨੇਪਾਲ ਵਿਚ ਸਾਂ।

ਦੋ ਮਾਰਚ ਨੂੰ ਤ੍ਰਿਭੁਵਨ ਅੰਤਰਰਾਸ਼ਟਰੀ ਹਵਾਈ ਅੱਡੇ ਵੱਲ ਜਾਂਦਿਆਂ ਅਸੀਂ ਰਾਹ ਵਿਚ ਪੈਂਦੇ ਪਸ਼ੂਪਤੀ ਮੰਦਿਰ ਜ਼ਰੂਰ ਗਏ। ਉੱਥੇ ਸਥਾਪਿਤ ਸ਼ਿਵਲਿੰਗ ਨੂੰ ਮੱਥਾ ਟੇਕਿਆ ਅਤੇ ਵਾਪਸੀ ਲਈ ਆਗਿਆ ਮੰਗੀ। ਸ਼ਿਵਜੀ ਨੇ ਤਾਂ ਦੇ ਦਿੱਤੀ ਪਰ ਏਅਰਲਾਈਨਜ਼ ਵਾਲਿਆਂ ਪੰਗਾ ਪਾ ਦਿੱਤਾ ਕਿ ਮੇਰੇ ਕੋਲ ਵਾਪਸੀ ਲਈ ਅਧਿਕਾਰਤ ਟਿਕਟ ਨਹੀਂ। ਮੈਂ ਵਾਪਸ ਨਹੀਂ ਜਾ ਸਕਦਾ। ਸੱਚਮੁੱਚ ਮੇਰੇ ਕੋਲ ਪੁਰਾਣੀ ਬੁਕਿੰਗ ਵਾਲੀ ਟਿਕਟ ਸੀ। ਮੈਂ ਕੈਂਸਿਲ ਨਹੀਂ ਸੀ ਕਰਵਾਈ। ਮੈਨੂੰ ਇਸ ਬਾਰੇ ਪਤਾ ਨਹੀਂ ਸੀ। ਪਰੇਸ਼ਾਨ ਹੋ ਗਿਆ। ਉਨ੍ਹਾਂ ਮੈਨੂੰ ਹਵਾਈ ਜਹਾਜ ’ਤੇ ਚੜ੍ਹਨ ਵਾਲੀ ਕਤਾਰ ਤੋਂ ਬਾਹਰ ਕੱਢ ਦਿੱਤਾ ਸੀ। ਹੁਣ ਕੀ ਬਣੇਗਾ? ਖ਼ੈਰ ਜਲਦੀ ਹੀ ਏਅਰਲਾਈਨਜ਼ ਦਾ ਇਕ ਸੀਨੀਅਰ ਅਧਿਕਾਰੀ ਆ ਗਿਆ। ਉਹਨੇ ਮੇਰੀ ਗੱਲ ਸੁਣੀ ਅਤੇ ਜਹਾਜ ਚੜ੍ਹਨ ਦੀ ਕਤਾਰ ਵਿਚ ਲਗਾ ਦਿੱਤਾ। ਦਿੱਲੀ ਤੋਂ ਰਾਤ ਦੀ ਟ੍ਰੇਨ ਰਾਹੀਂ ਜਦ ਅਗਲੇ ਦਿਨ ਸਵੇਰੇ ਜੰਮੂ ਰੇਲਵੇ ਸਟੇਸ਼ਨ ਤੋਂ ਬਾਹਰ ਨਿਕਲਿਆ ਤਾਂ ਅੱਗੇ ਮੈਨੂੰ ਲੈਣ ਲਈ ਮੈਡਮ ਕਾਰ ਲੈ ਕੇ ਆਈ ਹੋਈ ਸੀ। ਉਹ ਅਮਰੀਕਾ ਤੋਂ ਵਾਪਸ ਆ ਚੁਕੀ ਸੀ।

**੮੮ / ੧੧ ਗੁਰੂ ਨਾਨਾਕ ਨਗਰ, ਜੰਮੂ**
**ਫ਼ੋਨ: ੯੪੧੯੧੩੯੯੦੬**

O

# ਮੇਰਾ ਪਾਕਿਸਤਾਨ ਦਾ ਸਫ਼ਰਨਾਮਾ

**❑ ਡਾ. ਜਸਬੀਰ ਸਿੰਘ ਸਰਨਾ**

ਰੋਜ਼ ਅਰਦਾਸ ਦੇ ਇਹ ਸ਼ਬਦ "ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆਂ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ, ਖਾਲਸਾ ਜੀ ਨੂੰ ਬਖਸ਼ੋ।" ਸੋਚਦਾ ਸਾਂ, ਕਦੀ ਪੂਰੀ ਹੋਵੇਗੀ। ਅਚਨਾਕ ਗੁਰਦੁਆਰਾ ਦੇ ਅੰਦਰ ਬੋਰਡ 'ਤੇ ਸੱਤ-ਅੱਠ ਟਾਇਪ ਸੂਚੀਆਂ ਲੱਗੀਆਂ ਸਨ। ਜਿਨ੍ਹਾਂ ਦੇ ਵੀਜ਼ੇ ਨਹੀਂ ਲੱਗੇ ਸਨ, ਉਨ੍ਹਾਂ 'ਤੇ ਕਰਾਸ ਵੱਜੇ ਹੋਏ ਸਨ। ਆਖ਼ਰ ਇਕ ਸੂਚੀ 'ਤੇ ਨਾਮ ਪੜ੍ਹ ਕੇ ਤਸੱਲੀ ਹੋਈ ਅਤੇ ਵਾਹਿਗੁਰੂ ਦਾ ਸ਼ੁਕਰ ਕੀਤਾ।

ਮੈਂ ਤੁਰੰਤ ਘਰ ਆ ਕੇ ਜ਼ਰੂਰੀ ਕੱਪੜੇ ਬੈੱਗ ਵਿੱਚ ਪਾ ਕੇ ਤਿਅਰੀ ਕਰਕੇ ਅੱਠ ਵੱਜੇ ਗੁਰਦੁਆਰੇ ਸਾਹਿਬ ਪੁੱਜਾ। ਉਥੋਂ 'ਅਰਦਾਸਾ ਸੋਧ ਕੇ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਤਿੰਨ ਯਾਤਰੂ ਬੱਸਾਂ ਅੰਮ੍ਰਿਤਸਰ ਵੱਲ ਰੁਵਾਨਾ ਹੋਈਆਂ। ਰਾਤ ਡੇਢ ਵੱਜੇ ਅੰਮ੍ਰਿਤਸਰ ਪੁੱਜੇ ਅਤੇ ਬੱਸਾਂ ਨੂੰ ਅਕਾਲੀ ਫੂਲਾ ਸਿੰਘ ਦੇ ਗੁਰਦੁਆਰੇ ਦੇ ਅਹਾਤੇ ਵਿੱਚ ਰੱਖ, ਪੈਦਲ ਦਰਬਾਰ ਸਾਹਿਬ ਵੱਲ ਚੱਲ ਪਏ। ਉੱਥੇ ਦਰਸ਼ਨ ਦੀਦਾਰੇ ਕਰਕੇ ਵਾਪਸ ਪੰਜ ਵਜੇ ਬੱਸਾਂ ਵਿੱਚ ਬਹਿ ਕੇ 21 ਨਵੰਬਰ 2018 ਨੂੰ ਸਵੇਰ ਅਟਾਰੀ ਬਾਡਰ ਪੁੱਜੇ। ਉੱਥੇ ਅੱਗੇ ਹੀ ਬੇਅੰਤ ਯਾਤਰੂ ਆਏ ਸਨ। ਗੇਟ ਕੋਲ ਖੜ੍ਹੇ ਹੋ ਕੇ ਇੰਤਜ਼ਾਰ ਕਰ ਰਹੇ ਸਨ। ਯਾਤਰੂਆਂ ਵਿੱਚ ਬਹੁਤੇ ਬਜ਼ੁਰਗ ਸਿੰਘ ਤੇ ਸਿੰਘਣੀਆਂ ਸਨ, ਜੋ ਕਈ ਘੰਟੇ ਖੜ੍ਹੇ ਰਹਿ ਕੇ ਥੱਕ ਚੂਰ ਹੋ ਕੇ ਕਈ ਬੇਹੋਸ਼ ਵੀ ਹੋਏ ਪਰ ਪੰਜਾਬ ਪੁਲਿਸ ਦੇ ਜਵਾਨਾਂ ਨੂੰ ਤਰਸ ਤੱਕ ਨਹੀਂ ਆਇਆ ਕਿ ਗੇਟ ਖੋਲ ਕੇ ਸਾਰਿਆਂ ਨੂੰ ਹੇਠਾਂ ਬੈਠ ਕੇ ਆਰਾਮ ਕਰਨ ਲਈ ਆਖਦੇ ਜਦੋਂ ਤੱਕ ਇੰਮੀਗ੍ਰੇਸ਼ਨ ਅਤੇ ਹੋਰ ਅਮਲਾ ਨਾ ਆਉਂਦਾ। ਅਖ਼ੀਰ ਦਸ-ਯਾਰਾਂ ਵਜੇ ਇੱਕ-ਇੱਕ ਨੂੰ ਚੈੱਕ ਕਰਕੇ ਛੱਡਿਆ ਗਿਆ। ਯਾਤਰੂਆਂ ਨੇ ਵੀ ਵਾਧੂ ਕੱਪੜੇ, ਕੰਬਲ ਆਦਿ ਲਿਆਏ ਸਨ, ਜੋ ਉਨ੍ਹਾਂ ਨੂੰ ਪਰੇਸ਼ਾਨੀ ਦਾ ਕਾਰਨ ਵੀ ਬਣੇ। ਆਖ਼ਰ ਅਟਾਰੀ ਸਟੇਸ਼ਨ ਤੋਂ ਵਾਹਗਾ ਬਾਡਰ ਲਈ ਟਿੱਕਟਾਂ 30 ਰੁਪਏ ਪ੍ਰਤੀ ਸਵਾਰੀ ਕੱਟੀਆਂ ਗਈਆਂ। ਰੇਲ ਪਾਕਿਸਤਾਨ ਦੀ ਆਈ ਅਤੇ ਵਾਹਗੇ ਲਈ ਰਵਾਨਾ ਹੋਈ। ਵਾਹਗਾ ਬਾਡਰ ਦੇ ਦੂਜੇ ਪਾਸੇ ਪਾਕਿਸਤਾਨ ਦੀ ਪੁਲੀਸ ਅਤੇ ਫ਼ੌਜੀ ਅਧਿਕਾਰੀਆਂ ਦਾ ਰਵੀਇਆ ਬਹੁਤ ਹੀ ਮੁਹਬਤਨੁਮਾ ਅਤੇ ਪਰਖਲੂਸ ਸੀ। ਉਨ੍ਹਾਂ ਦੇ ਉੱਚ ਅਧਿਕਾਰੀਆਂ ਨੇ ਸਾਰੇ ਯਾਤਰੂਆਂ ਨੂੰ ਫੁੱਲਾਂ ਦੀ ਬਰੱਖਾ ਕੀਤੀ ਅਤੇ ਗੱਲਾਂ ਵਿੱਚ ਹਾਰ ਪਾ ਕੇ ਆਪਣੀ ਅਕੀਦਤ ਪੇਸ਼ ਕੀਤੀ। ਉਹ ਬਾਰ-ਬਾਰ ਮਾਇਕ ਤੇ ਹੌਲੀ-ਹੌਲੀ ਚੱਲਣ ਅਤੇ ਬੀਬੀਆਂ ਲਈ ਵੱਖਰੀ ਕਤਾਰ ਬਣਾਉਣ ਲਈ ਆਖ ਰਹੇ ਸਨ। ਜੈਕਾਰੇ ਖ਼ੂਬ ਵੱਜ ਰਹੇ ਸਨ। ਇੱਕ ਦੋ ਵੇਰਾਂ ਜਦੋਂ 'ਰਾਜ ਕਰੇਗਾ ਖਾਲਸਾ ਜੈਕਾਰੇ ਵੱਜ ਰਹੇ ਸਨ ਤਾਂ ਮੈਂ ਉਸ ਸਮੇਂ ਕਤਾਰ ਵਿੱਚ ਖੜ੍ਹਾ ਸਾਂ ਤਾਂ ਇਕ

ਪਾਕਿਸਤਾਨ ਦਾ ਕਮਾਂਡੋ ਲਾਗੇ ਖੜ੍ਹਾ ਸੀ। ਉਸਦੇ ਚਿਹਰੇ ਦੇ ਹਾਵ-ਭਾਵ ਮੈਂ ਦੇਖ ਰਿਹਾ ਸਾਂ। ਆਖ਼ਰ ਉਹ ਕਹਿਣ ਲੱਗਾ ਥਕਾਵਟ ਜੈਕਾਰਿਆਂ ਨਾਲ ਹੀ ਦੂਰ ਹੁੰਦੀਂ ਹੈ। ਉਸ ਤੋਂ ਬਾਅਦ ਪਾਕਿਸਤਾਨ ਦੇ ਇੰਮੀਗ੍ਰੇਸ਼ਨ ਵਿਭਾਗ ਨੇ ਸਾਡੇ ਪਾਸਪੋਰਟ ਆਪਣੇ ਕੋਲ ਰੱਖ ਕੇ ਸਾਨੂੰ ਪਹਿਚਾਣ ਪੱਤਰ ਅਤੇ ਫ਼ਾਰਮ ਜਾਰੀ ਕਰ ਦਿੱਤੇ। ਉੱਥੇ ਚਾਹ ਦਾ ਲੰਗਰ ਵੀ ਲਾਇਆ ਸੀ। ਪਾਕਿਸਤਾਨ ਸਪੈਸ਼ਲ ਰੇਲ ਰਾਹੀਂ ਅਸੀਂ ਸਵੇਰ ਦੇ ਤਿੰਨ ਵੱਜੇ ਸ੍ਰੀ ਨਨਕਾਣਾ ਸਾਹਿਬ ਪੁੱਜੇ। ਰੇਲ ਤੋਂ ਬਾਅਦ ਬੱਸਾਂ ਰਾਹੀਂ ਨਨਕਾਣਾ ਸਾਹਿਬ ਪੁੱਜੇ। ਨਨਕਾਣਾ ਸਾਹਿਬ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਸਾਰੇ ਦੇਸ਼ਾਂ ਤੋਂ ਸ਼ਰਧਾਲੂ ਆਏ ਹੋਏ ਸਨ। ਆਖ਼ਰ ਕਈ ਘੰਟਿਆਂ ਬਾਅਦ ਨਨਕਾਣਾ ਸਾਹਿਬ ਦੇ ਜਨਮ ਅਸਥਾਨ ਦੀ ਧੂੜ ਮੱਥੇ ’ਤੇ ਲਾ ਕੇ ਸਰਖਰੂ ਹੋਏ। ਰਿਹਾਇਸ਼ ਸੰਬੰਧੀ ਮੈਂ ਯਾਤਰਾ ਚੱਲਣ ਤੋਂ ਪਹਿਲਾਂ ਹੀ ਆਪਣੇ ਪਿਆਰੇ ਦੋਸਤ ਪ੍ਰੋ. ਕਲਿਆਣ ਸਿੰਘ ਕਲਿਆਣ, ਜੋ ਨਨਕਾਣਾ ਸਾਹਿਬ ਦੇ ਜੰਮਪਲ ਹਨ ਅਤੇ ਜੀ.ਸੀ. ਕਾਲਜ, ਲਾਹੌਰ ਯੂਨੀਵਰਸਿਟੀ ਵਿੱਚ ਪੰਜਾਬੀ ਪੜ੍ਹਾਉਂਦੇ ਹਨ, ਨੂੰ ਯਾਤਰਾ ਸੰਬੰਧੀ ਮੈਸੇਜ਼ ਕਰ ਦਿੱਤਾ ਸੀ। ਉਨ੍ਹਾਂ ਅਜ਼ਰ ਅਬਾਸ (ਸ਼ਾਹ ਜੀ) ਨੂੰ ਕਹਿ ਦਿੱਤਾ ਸੀ, ਜੋ ਕਮਰੇ ਅਲਾਟ ਕਰਦੇ ਸਨ। ਮੇਰੇ ਨਾਲ ਜੰਮੂ ਦੇ ਦੋ ਸਿੰਘ ਮਿਲੇ ਅਤੇ ਅਸਾਂ ਤਿੰਨਾਂ ਨੂੰ ਇੱਕ ਕਮਰਾ ਅਲਾਟ ਹੋ ਗਿਆ। ਅਸੀਂ ਤੁਰੰਤ ਕਮਰਾ ਲੈ ਕੇ, ਇਸ਼ਨਾਨ ਆਦਿ ਕਰਕੇ ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ ’ਤੇ ਦਸਤਕ ਦਿੱਤੀ। ਇੱਥੇ ਹੀ ਮੱਥਾ ਟੇਕਣ ਲਈ ਕਈ ਘੰਟੇ ਲੱਗ ਗਏ। ਇੱਥੇ ਜਦੋਂ ਮੱਥਾ ਟੇਕ ਰਿਹਾ ਸਾਂ ਤਾਂ ਉੱਥੇ ਖੱਬੇ ਹੱਥ ਮੇਜ਼ ’ਤੇ ਇੱਕ ਫ਼ੋਟੋਸਟੈਟ, ਕਿਤਾਬਚਾ ‘ਗੁਰੂ ਨਾਨਕ ਸਾਹਿਬ ਦੇ ਅਰਬ ਦੇਸ਼ਾਂ ਦਾ ਸਫ਼ਰ ਉਰਦੂ-ਅਰਬੀ ਵਿੱਚ ਪਿਆ ਸੀ। ਮੈਂ ਉਥੋਂ ਲੈ ਕੇ ਆਇਆ ਜਿਸ ਬਾਰੇ ਮੈਂ ਪਹਿਲਾਂ ਥੋੜ੍ਹੀ ਬਹੁਤੀ ਜਾਣਕਾਰੀ ਰੱਖਦਾ ਸਾਂ। ਮੈਂ ਇਸ ਨੂੰ ਪੰਜਾਬੀ ਵਿੱਚ ਅਨੁਵਾਦ ਕਰਕੇ ਸਾਰਿਆਂ ਲਈ ਜਾਣਕਾਰੀ ਦੇਣ ਬਾਰੇ ਸੋਚ ਲਿਆ ਸੀ। ਦਰਸ਼ਨ ਦੀਦਾਰ ਕਰਕੇ ਅਸੀਂ ਲੰਗਰ ਵਾਲੇ ਪਾਸੇ ਗਏ ਜਿੱਥੇ ਸਿੰਧੀ ਨਾਨਕ ਨਾਮ ਲੇਵਾ ਵੀਰ ਬੇਮਿਸਾਲ ਲੰਗਰ ਸ਼ੁਰੂ ਕੀਤਾ ਹੋਇਆ ਸੀ। ਵੱਖ-ਵੱਖ ਕਿਸਮਾਂ ਦੇ ਲੰਗਰ, ਮਾਨੋ 36 ਪ੍ਰਕਾਰ ਦੇ ਭੋਜਨ ਸੰਗਤਾਂ ਨੂੰ ਤ੍ਰਿਪਤ ਕਰ ਰਹੇ ਸਨ। ਲੱਡੂ, ਜਲੇਬੀਆਂ, ਡਰਾਈ ਫ਼ਰੂਟ ਆਦਿ ਲੰਗਰ ਵਿੱਚ ਵਰਤ ਰਿਹਾ ਸੀ। ਉੱਥੇ ਪਿਸ਼ੋਰ ਤੋਂ ਆਏ ਸਿੰਘਾਂ ਨੇ ਵੀ ਆਪਣਾ ਲੰਗਰ ਲਾਇਆ ਸੀ। ਮੈਂ ਕੁੱਝ ਕਿਤਾਬਾਂ ਆਪਣੀਆਂ, ਜੋ ਸ੍ਰ. ਕਲਿਆਨ ਸਿੰਘ ਲਈ ਸੁਗਾਤ ਵਜੋਂ ਲੈ ਕੇ ਗਿਆ ਸੀ, ਉਹ ਸਮੇਂ ਸਿਰ ਨਾ ਮਿਲੇ ਤਾਂ ਮੈਂ ਪੰਜਾਬੀ ਸੰਗਤ ਦੇ ਇਕ ਕਾਰਕੁਨ ਕੋਲ ਅਮਾਨਤ ਰੱਖ ਦਿੱਤੀਆਂ।

ਗੁਰਦੁਆਰਾ ਸਾਹਿਬ ਦੀ ਪ੍ਰਕਰਮਾ ਵਿੱਚ ਬੈਠੇ ਸਾਂ ਕਿ ਅਚਾਨਕ ਪੰਜਾਬ ਟੀ.ਵੀ ਦੇ ਰੁਕਨ ਨਾਲ ਮੁਲਾਕਾਤ ਹੋਈ। ਉਹ ਮੀਡੀਆਂ ਨਾਲ ਜੁੜੇ ਪਰ-ਖਲੂਸ ਸ਼ਖਸ਼ੀਅਤ ਸਨ। ਉਨ੍ਹਾਂ ਦੱਸਿਆ ਕਿ ਉਹ ਗੁਰਦੁਆਰਾ ਸਾਹਿਬ ਵਿੱਚ ਲਗਾਤਾਰ ਕੀਰਤਨ ਦੀ ਰਿਕਾਰਡਿੰਗ ਕਰਦੇ ਹਨ। ਨਨਕਾਣਾ ਸਾਹਿਬ, ਜਨਮ ਸਥਾਨ ਇਕ ਛੋਟਾ ਜਿਹਾ ਪ੍ਰਕਾਸ਼ ਅਸਥਾਨ ਹੈ, ਜਿਸਦੇ ਉੱਪਰ ਸੰਗਮਰਮਰ ਦੀ ਸ਼ਿਲਾਲੇਖ ਹੈ ਜਿਸ ’ਤੇ ਲਿਖਿਆ ਹੈ:

*ੴ ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ*

ਇਸਦੇ ਆਸ-ਪਾਸ ਸੰਗਮਰਮਰ 'ਚ ਨਕਾਸ਼ੀ ਅਤੇ ਖੰਡੇ ਹਨ। ਇਹ ਸੇਵਾ ਰਾਵਲਪਿੰਡੀ ਦੇ ਇਕ ਸਰਦਾਰ ਨੇ ਸੰਮਤ 1947(1890 ਈ) ਵਿੱਚ ਕਰਾਈ ਸੀ। ਗੁਰਦੁਆਰੇ ਦੇ ਅਹਾਤੇ ਵਿੱਚ ਹੀ ਸ਼ਹੀਦ ਲਛਮਣ ਸਿੰਘ ਦਾ ਉਹ ਜੰਡ ਦਾ ਦਰਖ਼ੱਤ ਮੌਜੂਦ ਹੈ। ਉਸਦੇ ਹੇਠਾਂ ਜੋ ਸ਼ਿਲਾਲੇਖ ਹੈ, ਉਸਦੀ ਇਬਾਰਤ ਇਸ ਤਰ੍ਹਾਂ ਹੈ:

*" ਸਿੱਖ ਸ਼ਹੀਦੀ (20 ਫ਼ਰਵਰੀ 1921) ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ।*

*ਪੰਜਾਬ' ਤੇ ਅੰਗਰੇਜਾਂ ਦੇ ਕਬਜ਼ੇ ਮਗਰੋਂ ਮਹੰਤਾਂ ਨੇ ਇਨ੍ਹਾਂ ਨਾਲ ਗਠਜੋੜ ਕਰਕੇ ਗੁਰਦੁਆਰਾ ਸ੍ਰੀ ਜਨਮ ਅਸਥਾਨ' ਤੇ ਕਬਜਾ ਕਰ ਲਿਆ। ਮਹੰਤ ਗੁਰੂ ਘਰ ਦੀ ਬੇਅਦਬੀ ਕਰਦੇ ਤੇ ਆਏ ਹੋਏ ਯਾਤਰੀਆਂ ਨੂੰ ਤੰਗ ਕਰਦੇ । ਗੁਰੂ ਕੇ ਸਿੰਘਾਂ ਕੋਲੋਂ ਗੁਰੂ ਘਰ ਦੀ ਇਹ ਹਾਲਤ ਨਾ ਸਹਾਰੀ ਗਈ ਤੇ ਉਨ੍ਹਾਂ ਨੇ ਜਨਮ ਅਸਥਾਨ ਨੂੰ ਹਿੰਦੂ ਮਹੰਤ ਦੇ ਕਬਜ਼ੇ ਤੋਂ ਆਜ਼ਾਦ ਕਰਾਉਣ ਦਾ ਫ਼ੈਸਲਾ ਕਰ ਲਿਆ। 20 ਫ਼ਰਵਰੀ 1921 ਨੂੰ ਜਥੇਦਾਰ ਸਰਦਾਰ ਲਛਮਣ ਸਿੰਘ ਲੱਗਭਗ 200 ਸਿੰਘਾਂ ਦਾ ਜਥਾ ਲੈ ਕੇ ਗੁਰਦੁਆਰਾ ਸਾਹਿਬ ਪਹੁੰਚੇ। ਹਿੰਦੂ ਮਹੰਤ ਨਾਰਾਇਣ ਦਾਸ ਨੇ ਗੁਰਦੁਆਰੇ ਦਾ ਕਬਜਾ ਛੱਡਣ ਤੋਂ ਨਾਂਹ ਕਰ ਦਿੱਤੀ ਤਾਂ ਇਸਦੇ ਬੰਦਿਆਂ ਨੇ ਇਨ੍ਹਾਂ ਨਿਹੱਥੇ ਸਿੰਘਾਂ ਨੂੰ ਬੜੀ ਬੇ-ਦਰਦੀ ਨਾਲ ਸ਼ਹੀਦ ਕੀਤਾ। ਭਾਈ ਲਛਮਣ ਸਿੰਘ ਜੀ ਨੂੰ ਗੁਰਦੁਆਰੇ ਦੇ ਅੰਦਰ ਇਸ ਜੰਡ ਨਾਲ ਪੁੱਠਾ ਲਟਕਾ ਕੇ ਜਿਉਂਦਿਆਂ ਜੀਅ ਸਾੜ ਕੇ ਸ਼ਹੀਦ ਕੀਤਾ ਗਿਆ। ਇਸ ਤਰ੍ਹਾਂ ਸਿੰਘਾਂ ਨੇ ਆਪਣੀਆਂ ਜਾਨਾਂ ਵਾਰ ਕੇ ਹਿੰਦੂ ਮਹੰਤਾਂ ਤੋਂ ਗੁਰਦੁਆਰਾ ਅਜ਼ਾਦ ਕਰਵਾਇਆ।"*

ਇੱਥੇ ਹੀ ਤਿੰਨ ਸਿੰਧੀ ਬੱਚਿਆਂ ਨੇ ਇਸ ਜੰਡ ਕੋਲ ਫ਼ੋਟੋ ਖਿੱਚਣ ਲਈ ਬੇਨਤੀ ਕੀਤੀ, ਜੋ ਮੈਂ ਪੂਰੀ ਕੀਤੀ। ਗੁਰਦੁਆਰੇ ਦੇ ਅਹਾਤੇ ਅੰਦਰ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਦੇ ਵੱਡੇ-ਵੱਡੇ ਪੋਸਟਰ ਅਤੇ 2020 ਖ਼ਾਲਿਸਤਾਨ ਦੂਰੋਂ ਹੀ ਨਜ਼ਰ ਆ ਰਹੇ ਸਨ। ਗੁਰਦੁਆਰੇ ਦੇ ਬਾਹਰ ਖ਼ੂਬਸੂਰਤ ਡਿਉਡੀ ਹੈ ਜਿਸ 'ਤੇ ਅੰਗਰੇਜ਼ੀ ਵਿੱਚ 'Gurdwara Janam Asthan' ਲਿਖਿਆ ਹੈ। 22 ਨਵੰਬਰ 2018 ਨੂੰ ਸਾਨੂੰ ਬੱਸਾਂ ਰਾਹੀਂ 'ਗੁਰਦੁਆਰਾ ਸੱਚਾ ਸੋਦਾ' ਵੇਖਣ ਲਈ ਲੈ ਜਾਇਆ ਗਿਆ। ਇਹ ਪਿੰਡ ਚੂਹੜਕਾਣਾ, ਜ਼ਿਲਾ ਸ਼ੇਖ਼ੂਪੁਰਾ ਵਿੱਚ ਆਉਂਦਾ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਜੀ ਨੂੰ ਪਿਤਾ ਮਹਿਤਾ ਕਾਲੂ ਜੀ ਨੇ ਸੰਸਾਰਕ ਕਾਰ-ਵਿਹਾਰ ਵਿੱਚ ਪਾਉਣ ਲਈ ਵੀਹ ਰੁਪਏ ਦਿੱਤੇ ਅਤੇ 'ਸੱਚਾ ਸੋਦਾ ਜਾਂ ਖਰਾ ਸੌਦਾ' ਕਰਨ ਲਈ ਆਖਿਆ। ਗੁਰੂ ਸਾਹਿਬ ਨਾਲ ਭਾਈ ਮਰਦਾਨਾ ਵੀ ਨਾਲ ਸੀ। ਮੰਡੀ ਚੂਹੜਕਾਣੇ ਤੋਂ ਬਾਹਰ ਉਨ੍ਹਾਂ ਵੇਖਿਆ ਕਿ ਜੰਗਲ ਵਿੱਚ ਕੁੱਝ ਸਾਧੂ ਭੁੱਖਣ-ਭਾਣੇ ਬੈਠੇ ਹਨ। ਗੁਰੂ ਸਾਹਿਬ ਨੇ ਭੁੱਖੇ ਸਾਧੂ ਵੇਖ ਕੇ ਉਨ੍ਹਾਂ ਨੂੰ ਵੀਹ ਰੁਪਏ ਦਾ ਲੰਗਰ ਛਕਾ ਦਿੱਤਾ। ਜਦੋਂ ਮਹਿਤਾ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਬੜਾ ਗੁੱਸਾ ਕੀਤਾ ਪਰ ਗੁਰੂ ਜੀ ਨੇ ਕਾਲੂ ਨੂੰ ਫ਼ੁਰਮਾਇਆ ਕਿ ਮੈਂ ਸੱਚਾ ਸੌਦਾ ਕਰਕੇ ਆਇਆ ਹਾਂ। ਜਿਸ ਥਾਂ ਸਾਧੂਆਂ ਨੇ ਲੰਗਰ ਛਕਿਆ ਸੀ, ਉੱਥੇ ਹੀ ਹੁਣ ਗੁਰਦੁਆਰਾ ਸਾਹਿਬ ਹੈ। ਇਹ ਤਿੰਨ ਮੰਜ਼ਲਾ ਕਿਲ੍ਹੇ ਵਰਗਾ ਰਮਣੀਕ ਤੇ ਵਿਸ਼ਾਲ ਗੁਰਦੁਆਰਾ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹੀ ਹੁਕਮ ਨਾਲ ਤਾਮੀਰ ਕੀਤਾ ਗਿਆ ਸੀ। ਇਸ ਗੁਰਦੁਆਰੇ ਨਾਲ 125 ਏਕੜ ਜ਼ਮੀਨ ਹੈ। ਇੱਥੇ ਵਿਸਾਖੀ ਮਾਘ

ਸੁਦੀ ਇੱਕ ਅਤੇ ਕੱਤਕ ਨੂੰ ਭਾਰੀ ਜੋੜ-ਮੇਲਾ ਹੁੰਦਾ ਸੀ। 1947 ਤੋਂ ਮਗਰੋਂ ਇਹ ਗੁਰਦੁਆਰਾ ਬੰਦ ਪਿਆ ਸੀ। 1993 ਦੀ ਵਿਸਾਖੀ ਸਮੇਂ ਦੇਸ਼-ਬਦੇਸ਼ਾਂ ਤੋਂ ਆਈਆਂ ਸੰਗਤਾਂ ਲਈ ਖੁੱਲੇ ਦਰਸ਼ਨ-ਦੀਦਾਰ ਵਾਸਤੇ ਖੋਲ ਦਿੱਤਾ ਗਿਆ ਹੈ। ਇੰਗਲੈਂਡ ਦੀ ਸੰਗਤ ਦੇ ਸਹਿਯੋਗ ਨਾਲ ਲੱਖਾਂ ਰੁਪਏ ਖ਼ਰਚ ਕਰਕੇ ਇਸ ਅਸਥਾਨ ਦੀ ਮੁਰੰਮਤ ਕਰਾਈ ਗਈ ਹੈ। ਨਵਾਂ ਲੰਗਰ ਹਾਲ ਅਤੇ ਸਰੋਵਰ ਵੀ ਬਣਾਇਆ ਗਿਆ ਹੈ। ਇੱਥੇ ਅਜਕਲ੍ਹ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਸਾਲ ਵਿੱਚ ਚਾਰ ਵਾਰ ਅਖੰਡ ਪਾਠ ਸਾਹਿਬ ਆਰੰਭ ਹੁੰਦੇ ਹਨ। ਪ੍ਰਕਾਸ਼ ਅਸਥਾਨ ਦੇ ਸੱਜੇ ਪਾਸੇ ਵਣ ਦਾ ਇੱਕ ਵੱਡਾ ਰੁੱਖ ਹੈ, ਜਿਸ ਬਾਰੇ ਰਿਵਾਇਤ ਹੈ ਕਿ ਗੁਰੂ ਸਾਹਿਬ ਨੇ ਦਾਤਨ ਕਰਕੇ ਇੱਥੇ ਦੱਬ ਦਿਤੀ ਸੀ, ਜਿਸ ਦੀ ਛਾਂ ਹੁਣ ਸ਼ਰਧਾਲੂ ਮਾਣਦੇ ਹਨ। ਹੁਣ ਪੁਰਾਣੇ ਵਣ ਦੇ ਦਰਖ਼ੱਤ ਦੀ ਕਰੂੰਬਲਾਂ ਫੁੱਟ ਪਈਆਂ ਹਨ, ਜੋ ਅਸਾਂ ਆਪ ਦੇਖੀਆਂ ਹਨ। ਸ਼ਾਮ ਨੂੰ ਬੱਸਾਂ ਰਾਹੀਂ ਨਨਕਾਣਾ ਸਾਹਿਬ ਆ ਗਏ ਸਾਂ।

ਨਨਕਾਣਾ ਸਾਹਿਬ ਦੇ ਨੇੜੇ ਹੀ ਕੁੱਝ ਫ਼ਰਲਾਂਗ ’ਤੇ ਗੁਰਦੁਆਰਾ ਬਾਲ-ਲੀਲਾ ਸਾਹਿਬ ਵੇਖਣ ਗਏ। ਇਥੇ ਗੁਰੂ ਜੀ ਛੋਟੇ-ਛੋਟੇ ਬੱਚਿਆਂ ਨੂੰ ਇਕੱਠਾ ਕਰਕੇ ਪਰਮਾਤਮਾ ਦੀ ਇਬਾਦਤ ਦਾ ਸੰਦੇਸ਼ ਦੇਂਦੇ ਸਨ। ਇੱਥੇ ਹੀ ਬੇਸਹਾਰਾ, ਮਸਕੀਨ ਅਤੇ ਗ਼ਰੀਬ ਬੱਚਿਆਂ ਨੂੰ ਘਰ ਤੋਂ ਕੱਪੜੇ ਅਤੇ ਰੋਟੀ ਲਿਆ ਕੇ ਦੇਂਦੇ ਸਨ। ਇੱਥੇ ਉਸ ਸਮੇਂ ਹਾਕਮ ਰਾਇ ਬੁਲਾਰ ਨੇ ਗੁਰੂ ਜੀ ਦੀ ਯਾਦ ਵਿੱਚ ਸਿੱਖਾਂ ਦਾ ਪਹਿਲਾ ਸਰੋਵਰ (ਨਾਨਕਸਰ ਸਰੋਵਰ ) ਬਣਾਇਆ, ਜੋ ਅੱਜ ਵੀ ਮੁਸਲਮਾਨਾਂ ਅਤੇ ਸਿੱਖਾਂ ਦੇ ਭਾਈਚਾਰਕ ਅਤੇ ਇਤਫ਼ਾਕ ਦੀ ਯਾਦ ਦੁਲਾਉਂਦਾ ਹੈ। ਇਹ ਗੁਰਦੁਆਰਾ 20-22 ਸੀੜੀਆਂ ਚੜ੍ਹ ਕੇ ਆਉਂਦਾ ਹੈ। ਵਿਸ਼ਾਲ ਗੁੰਬਦ ਬਣੇ ਹਨ ਅਤੇ ਕੇਸਰੀ ਨਿਸ਼ਾਨ ਸਾਹਿਬ ਝੂੱਲ ਰਿਹਾ ਹੈ। ਇਸ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਯੂ.ਕੇ. ਕਮੇਟੀ ਅਤੇ ਕਾਰ ਸੇਵਾ ਗੁਰੂ ਕਾ ਬਾਗ਼, ਬਾਬਾ ਲੱਖਾ ਸਿੰਘ ਜੀ, ਸੇਵਕ ਬਾਬਾ ਸਤਿਨਾਮ ਸਿੰਘ ਵਲੋਂ ਪਾਕਿਸਤਾਨ ਅਤੇ ਸੰਸਾਰ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਜਾ ਰਹੀ ਹੈ।

ਇਥੋਂ ਹੀ ਕੁੱਝ ਫ਼ਰਲਾਂਗ ’ਤੇ ਹੀ ਗੁਰਦੁਆਰਾ ਸ੍ਰੀ ਪੱਟੀ ਸਾਹਿਬ' ਹੈ। ਇਸ ਪਵਿੱਤਰ ਅਸਥਾਨ ’ਤੇ ਗੁਰੂ ਜੀ ਬਚਪਨ ਵਿੱਚ ਪਾਂਧੇ ਪੰਡਿਤ ਗੋਪਾਲ ਦਾਸ ਪਾਸ ਵਿਦਿਆਰਥੀ ਸਨ ਅਤੇ ਪਾਂਧੇ ਨੂੰ ਆਤਮਿਕ ਉਪਦੇਸ਼ ਦਿੱਤਾ ਤੇ ਰਾਗ ਆਸਾ ਵਿੱਚ ਪੱਟੀ ਨਾਮੀ ਬਾਣੀ ਦੀ ਰਚਨਾਂ ਕੀਤੀ, ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ: *“ਆਪੇ ਪੱਟੀ ਕਲਮ ਆਪਿ ਲਿਖਣਹਾਰਾ ਹੋਆ।”*

ਇਹ ਵਿਸ਼ਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਹੈ ਜਿਸਦਾ ਮੁੱਖ ਦੁਆਰ ਛੋਟਾ ਜਿਹਾ ਹੈ। ਇੱਕ ਸ਼ਿਲਾਲੇਖ ’ਤੇ ਲਿਖਿਆ ਹੈ *“ਗੁਰਦੁਆਰਾ ਪੱਟੀ ਸਾਹਿਬ ਇਸ ਪਵਿੱਤਰ ਅਸਥਾਨ ’ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਉਹ ਬਚਪਨ ਵਿੱਚ ਪਾਂਧੇ ਪਾਸ ਵਿਦਿਆਰਥੀ ਸਨ ਪਾਂਧੇ ਨੂੰ ਆਤਮਿਕ ਉਪਦੇਸ਼ ਦਿੱਤਾ ਤੇ ਰਾਗ ਆਸਾ ਵਿੱਚ ਪੱਟੀ ਨਾਮੀ ਬਾਣੀ ਰਚ ਕੇ ਸੁਣਾਈ ਸੀ।”* ਇਹ ਇਮਾਰਤ ਬਹੁਤ ਪੁਰਾਣੀ ਹੈ। ਗੁਰਦੁਆਰੇ ਅੰਦਰ ਇੱਕ ਸਿੰਧੀ ਨੌਜਵਾਨ ਵੀਰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਪਾਠ ਕਰ ਰਿਹਾ ਸੀ। ਹੁਣ ਅਸੀਂ ਦੂਜਿਆ ਗੁਰਦੁਆਰਿਆਂ ਵੱਲ ਜਾ ਹੀ ਰਹੇ ਸਾਂ ਪੈਦਲ ਕਿ ਇੱਕ

ਮੁਸਲਮਾਨ ਵੀਰ ਮਿਲ ਕੇ ਗੁਫ਼ਤਗੂ ਕਰਨ ਲੱਗ ਪਏ। ਅਸੀ ਗੱਲਾਂ ਕਰ ਰਹੇ ਸਾਂ ਕਿ ਮੈਂ ਇੱਕ ਸਿੰਘ ਆਪਣੇ ਘਰ ਵੱਲ ਜਾਂਦਾ ਵੇਖ, ਉਸਨੂੰ ਪੁੱਛਿਆ ਇਹ ਕਲਿਆਣ ਸਿੰਘ ਤੇ ਨਹੀਂ? ਮੈਂ ਕਲਿਆਣ ਸਿੰਘ ਨੂੰ ਕਦੀ ਮਿਲਿਆ ਨਹੀ ਸਾਂ ਪਰ ਉਸਦੀ ਫ਼ੋਟੋ ਤੋਂ ਸੂਰਤ ਵੇਖੀ ਸੀ। ਉਸ ਤੁਰੰਤ ਹਾਂ ਕਰਕੇ ਉਸਨੂੰ ਉੱਚੀ ਆਵਾਜ਼ ਮਾਰ ਦਿਤੀ ਤਾਂ ਉਹ ਖੜ੍ਹਾ ਹੋ ਗਿਆ। ਮੈਂ ਕੋਲ ਜਾ ਕੇ ਫ਼ਤਹਿ ਬੁਲਾਈ ਤਾਂ ਆਪਣਾ ਤੁਆਰਫ਼ ਕਰਾਇਆ ਤਾਂ ਉਸ ਮੈਨੂੰ ਗਲਵੱਕੜੀ ਵਿੱਚ ਲੈ ਲਿਆ। ਉਸਨੇ ਜ਼ੋਰ ਲਾਇਆ ਕਿ ਘਰ ਚੱਲ ਕੇ ਸੇਵਰ ਦਾ ਨਾਸ਼ਤਾ ਕਰਦੇ ਹਾਂ ਪਰ ਮੈਂ ਮਾਅਫ਼ੀ ਮੰਗੀ ਕਿ ਨਾਸ਼ਤਾ ਕਰ ਚੁੱਕੇ ਹਾਂ ਅਤੇ ਅਸੀਂ ਗੁਰਦੁਆਰੇ ਦੇਖਣ ਲਈ ਜਾ ਰਹੇ ਹਾਂ। ਸ਼ਾਮ ਨੂੰ ਗੁਰਦੁਆਰੇ ਮਿਲਣ ਦਾ ਬਚਨ ਦੇ ਕੇ, ਅਸੀਂ ਉਥੋਂ ਰਕਸ਼ਾਂ ਆਟੋ ਫ਼ੜ੍ਹ, ਗੁਰਦੁਆਰਾ ਤੰਬੂ ਸਾਹਿਬ ਵੱਲ ਹੋ ਤੁਰੇ। ਭੀੜੀਆਂ ਗਲੀਆਂ ਨੂੰ ਪਾਰ ਕਰਦੇ ਅਸੀਂ 'ਗੁਰਦੁਆਰਾ ਤੰਬੂ ਸਾਹਿਬ" ਦੇ ਦਰਸ਼ਨ ਕੀਤੇ। ਇਸ ਅਸਥਾਨ ਨੂੰ ਗੁਰੂ ਨਾਨਕ ਸਾਹਿਬ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਜਦੋਂ ਗੁਰੂ ਸਾਹਿਬ ਸੱਚਾ ਸੋਦਾ ਕਰਕੇ ਵਾਪਿਸ ਪਰਤੇ ਤਾਂ ਕੁੱਝ ਸਮੇਂ ਲਈ ਇਸ ਵਣ ਦੇ ਦਰਖ਼ੱਤ, ਜੋ ਤੰਬੂ ਦੀ ਸ਼ਕਲ ਵਾਂਗ ਸੀ, ਹੇਠ ਜਾ ਬਿਰਾਜੇ ਸਨ। ਇਸੇ ਥਾਂ ਤੋਂ ਬੇਬੇ ਨਾਨਕੀ ਅਤੇ ਪਿਤਾ ਮਹਿਤਾ ਕਾਲੂ ਜੀ ਗੁਰੂ ਸਾਹਿਬ ਨੂੰ ਘਰ ਲੈ ਗਏ ਸਨ। ਇਹ ਵਣ ਦਾ ਦਰਖ਼ੱਤ ਅਜੇ ਤੱਕ ਪੂਰੇ ਤੰਬੂ ਦੀ ਸ਼ਕਲ ਦਾ ਹੈ। ਇਸ ਵਣ ਦੇ ਦਰਖ਼ੱਤ ਦੀਆਂ ਅਨੇਕਾਂ ਸ਼ਾਖਾਂ ਅੱਜ ਵੀ ਹਰੀਆਂ-ਭਰੀਆਂ ਹਨ। ਇੱਥੇ ਗੁਰਦੁਆਰਾ ਭਾਵੇਂ ਛੋਟਾ ਜਿਹਾ ਹੈ ਪਰ ਆਸ-ਪਾਸ ਦੀਆਂ ਵਿਸ਼ਾਲ ਇਮਾਰਤਾਂ ਉਸਾਰੀਆਂ ਜਾ ਚੁੱਕੀਆਂ ਹਨ, ਜਿਵੇਂ ਸ਼ਹੀਦੀ ਬਲਾਕ ਜਿਸਦੀ ਕਾਰ ਸੇਵਾ ਕਮੇਟੀ ਯੂ.ਕੇ. ਨੇ ਜੂਨ 2005 ਨੂੰ ਕਰਾਈ ਹੈ। ਗੁਰਦੁਆਰੇ ਦੇ ਅੰਦਰ ਭਾਈ ਮਰਦਾਨਾ ਜੀ ਦੀ ਵੰਸ਼ ਦਾ ਕੀਰਤਨੀ ਜਥਾ (ਮੁਸਲਮਾਨ) ਰਸਭਿੰਨਾਂ ਕੀਰਤਨ ਕਰ ਰਿਹਾ ਸੀ। ਇੱਕ ਵਿਸ਼ਾਲ ਲੰਗਰ ਦੀ ਸੇਵਾ, ਕਾਰ ਸੇਵਾ ਕਮੇਟੀ ਸਿੱਖ ਗੁਰਧਾਮ (ਪਾਕਿਸਤਾਨ) ਯੂ.ਕੇ. ਰਾਹੀਂ ਇੰਗਲੈਂਡ ਅਤੇ ਬਾਕੀ ਵਿਦੇਸ਼ੀ ਸਿੱਖ ਸੰਗਤਾਂ ਦੇ ਸਹਿਯੋਗ ਸਦਕਾ ਮਾਰਚ 2009 ਵਿੱਚ ਕੀਤੀ ਗਈ ਹੈ। 'ਬੇਬੇ ਨਾਨਕੀ ਲੰਗਰ ਹਾਲ ਵਿੱਚ ਜਾ ਕੇ ਲੰਗਰ ਛਕਿਆ।

ਇੱਥੇ ਹੀ ਮੁਸਲਮਾਨ ਡਾਕਟਰਾਂ ਨੇ ਇੱਕ ਮੈਡੀਕਲ ਕੈਂਪ ਲਾਇਆ ਸੀ ਜਿਨ੍ਹਾਂ ਵਿੱਚ ਡਾ. ਸੁਲਤਾਨ ਅਹਿਮਦ ਅਬਦੁੱਲਾ, ਸੇਵਾਮੁਕਤ ਮੁੱਖੀ ਚੈਸਟ ਵਿਭਾਗ, ਪੰਜਾਬ ਮੈਡੀਕਲ ਕਾਲਜ, ਫ਼ੈਜ਼ਲਾਬਾਦ 'Bright Hope Foundation at Nankana Sahib. 7th Free Medical Camp on 21-23rd Nov, 2018 on the eve of Birthday Ceremony of Baba Guru Nanak Jee' ਉਹ ਚੈੱਕਅੱਪ ਅਤੇ ਮੁਫ਼ਤ ਦਵਾਈਆਂ ਵੀ ਦੇ ਰਹੇ ਸਨ। ਇੱਥੇ ਪੰਜ-ਛੇ ਡਾਕਟਰ ਸੇਵਾ ਨਿਭਾ ਰਹੇ ਸਨ।

ਇਥੋਂ ਅਸੀਂ ਫਿਰ 'ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਪੁੱਜੇ ।ਇਥੇ ਗੁਰੂ ਜੀ ਨੇ ਵਣ ਦੇ ਦਰਖ਼ੱਤ ਨਾਲ ਆਪਣਾ ਘੋੜਾ ਬੰਨਿਆ ਸੀ ਅਤੇ ਪੈਦਲ ਹੀ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਵੱਲ ਗਏ ਸਨ। ਇਸਨੂੰ 'ਗੁਰਦੁਆਰਾ ਛੇਵੀਂ ਪਾਤਸ਼ਾਹੀ' ਆਖਿਆ ਜਾਂਦਾ ਹੈ। ਇਸ ਵਣ ਦੇ ਦਰਖ਼ੱਤ ਦਾ ਕੁੱਝ ਹਿੱਸਾ ਅਜੇ ਵੀ ਯਾਦਗਾਰ ਵਜੋਂ ਸੁਰਖਿਅਤ ਹੈ। ਨਾਲ ਹੀ ਪੰਜਵੀਂ ਪਾਤਸ਼ਾਹੀ ਗੁਰਦੁਆਰਾ ਹੈ। ਇਸ ਗੁਰਦੁਆਰੇ ਦਾ ਉਦਘਾਟਨ ਮੁਹਮੰਦ ਸਦੀਕ ਅਲ ਫ਼ਾਰੂਕ ਚੈਅਰਮੈਨ ਇਵੈਕੂਈ ਟਰਸਟ

ਪ੍ਰਾਪਰਟੀ ਬੋਰਡ ਪਾਕਿਸਤਾਨ ਸਰਕਾਰ ਨੇ 16 ਅਪ੍ਰੈਲ 2016 ਨੂੰ ਕੀਤਾ ਸੀ। ਇਥੇ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਗੁਰੂ ਹਰਿਗੋਬਿੰਦ ਸਾਹਿਬ ਵਾਲੇ ਅਸਥਾਨ ਦੀ ਸੇਵਾ ਇੱਕ ਸਿੰਘ ਨੇ 13 ਅਪ੍ਰੈਲ 1937 ਨੂੰ ਕਰਾਈ ਸੀ, ਜਿਸਦੀ ਗਵਾਈ ਇੱਕ ਸ਼ਿਲਾਲੇਖ ਕਰਦੀ ਹੈ:

*੧ੴ ਅਸਥਾਨ ਮਹਾਰਾਜਾ ਗੁਰੂ ਹਰਿ ਗੋਬਿੰਦ ਸਾਹਿਬ*

*ਇਸ ਪਵਿਤ੍ਰ ਅਸਥਾਨ ਦੀ ਸੇਵਾ ਦਾਸ ਈਸ਼ਰ ਸਿੰਘ ਸਾਹਿਬ ਸ਼ਾਹੀ ਡਿਪਟੀ ਮੈਜਿਸਟਰੇਟ (ਨੈਹਰ) ਨੇ ਆਪਣੇ ਪਿਤਾ ਸ੍ਰਦਾਰ ਗਨੇਸ਼ਾ ਸਿੰਘ ਸਾਹਿਬ ਸ਼ਾਹੀ ਸ਼ਾਹੂਕਾਰ ਮਾਨਾਂਵਾਲਾ ਬਾਰ ਦੀ ਯਾਦ ਵਿੱਚ ਕਰਾਈ ੧ ਵਿਸਾਖ ਸੰ:1994 13 ਅਪ੍ਰੈਲ 1937*

ਇਹ ਸਾਰੀ ਇਬਾਰਤ ਉਰਦੂ ਵਿੱਚ ਲਿਖੀ ਹੋਈ ਹੈ। ਉਥੋਂ ਅਸੀਂ 'ਗੁਰਦੁਆਰਾ ਮਾਲ ਜੀ ਸਾਹਿਬ' ਦੇਖਣ ਚਲੇ ਗਏ। ਇਹ ਸੰਨ 1483 ਈ ਦਾ ਵਾਕਿਆ ਹੈ ਜੋ ਗੁਰੂ ਨਾਨਕ ਸਾਹਿਬ 14 ਸਾਲ ਦੀ ਉਮਰ ਵਿੱਚ ਇਸ ਅਸਥਾਨ 'ਤੇ ਆਪਣੀਆਂ ਮੱਝਾਂ-ਗਾਵਾਂ ਚਰਾਇਆ ਕਰਦੇ ਸਨ। ਇੱਕ ਵਾਰ ਆਪ ਜੀ ਮੱਝਾਂ ਚਾਰਦੇ ਹੋਏ ਪਰਮਾਤਮਾ ਦੀ ਭਗਤੀ ਵਿੱਚ ਲੀਨ ਹੋ ਗਏ ਅਤੇ ਆਪਜੀ ਨੂੰ ਨੀਂਦ ਆ ਗਈ ਤਾਂ ਆਪ ਲੇਟ ਗਏ, ਜਦੋਂ ਸੂਰਜ ਰੁਖ਼ ਬਦਲਿਆ ਤਾਂ ਸਰੀਰ ਉੱਪਰ ਧੁੱਪ ਆ ਗਈ। ਝਾੜੀਆਂ ਵਿਚੋਂ ਇਕ ਫ਼ਨੀਅਰ ਨਾਗ (ਸੱਪ) ਨਿਕਲਿਆ ਤੇ ਉਸਨੇ ਆਪਣੇ ਫ਼ਨ ਫ਼ਲਾ (ਖਿਲਾਰ) ਕੇ ਗੁਰੂ ਜੀ ਦੇ ਮੁੱਖ ਉੱਤੇ ਛਾਂ ਕੀਤੀ। ਇਸ ਕੌਤਕ ਨੂੰ ਤਲਵੰਡੀ ਦੇ ਨਵਾਬ ਰਾਇ ਬੁਲਾਰ ਨੇ ਆਪਣੀ ਅੱਖੀਂ ਵੇਖਿਆ ਤਾਂ ਆਪਜੀ ਦੇ ਸੱਚੇ ਸ਼ਰਧਾਲੂ ਬਣੇ। ਰਾਇ ਬੁਲਾਰ ਜੀ ਨੇ ਬਾਅਦ ਵਿੱਚ 750 ਮਰੱਬਾ ਜ਼ਮੀਨ ਗੁਰੂ ਨਾਨਕ ਜੀ ਦੇ ਨਾਮ ਕੀਤੀ। ਇਸ ਕਾਰਨ ਹੀ ਇਸ ਅਸਥਾਨ ਨੂੰ 'ਗੁਰਦੁਆਰਾ ਸ੍ਰੀ ਮਾਲ ਜੀ ਸਾਹਿਬ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਜਿਸ ਥਾਂ ਗੁਰੂ ਜੀ ਸੁੱਤੇ ਸਨ, ਉਸ ਥਾਂ ਦਾ ਬਿਰਛ ਅਜੇ ਵੀ ਸੁਰੱਖਿਅਤ ਹੈ ਅਤੇ ਅੱਜ ਵੀ ਸੱਪ ਵਾਂਗ ਵਲ਼ ਖਾਂਦਾ ਹੋਇਆ ਦਿਸ ਰਿਹਾ ਹੈ। ਲੋਕਾਂ ਨੇ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਲਈ ਰੰਗ-ਬਰੰਗੀਆਂ ਦਸ਼ੀਆਂ ਬਦੀਆਂ ਹੋਈਆਂ ਹਨ। ਇਸ ਗੁਰਦੁਆਰੇ ਵਿੱਚ 'ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਹੈ। ਗੁਰਦੁਆਰੇ ਉੱਪਰ ਚਿੱਟਾ ਵੱਡਾ ਗੁੰਬਦ ਹੈ ਅਤੇ ਆਸ-ਪਾਸ ਚਾਰ ਛੋਟੇ ਗੁੰਬਦ ਹਨ। ਛੋਟੀਆਂ-ਛੋਟੀਆਂ ਅਨੇਕਾਂ ਹੀ ਮੱਮਟੀਆਂ ਬਣੀਆਂ ਹਨ। ਫਿਰ ਅਸੀਂ ਤੰਗ ਰਸਤਿਆਂ ਤੋਂ ਹੁੰਦੇ ਹੋਏ 'ਗੁਰਦੁਆਰਾ ਸ੍ਰੀ ਕਿਆਰਾ ਸਾਹਿਬ' ਪੁੱਜੇ। ਇਹ ਉਹ ਥਾਂ ਹੈ ਜਿੱਥੇ ਗੁਰੂ ਜੀ ਦੇ ਪਸ਼ੂਆਂ ਨੇ ਜ਼ਿਮੀਦਰ ਦੀ ਫ਼ਸਲ ਉਜਾੜ ਦਿੱਤੀ ਸੀ ਅਤੇ ਗੁਰੂ ਜੀ ਨੇ ਆਤਮਿਕ ਸ਼ਕਤੀ ਨਾਲ ਫ਼ਸਲ ਫਿਰ ਹਰੀ-ਭਰੀ ਕਰ ਦਿੱਤੀ ਸੀ। ਇਹ ਥਾਂ ਵਿਸ਼ਾਲ ਹੈ, ਨਾਲ ਹੀ ਇੱਕ ਛੋਟਾ ਜਿਹਾ ਗੁਰਦੁਆਰਾ ਬਣਿਆ ਹੈ ਜਿੱਥੇ 'ਗੁਰੂ ਗ੍ਰੰਥ ਸਾਹਿਬ` ਦਾ ਪ੍ਰਕਾਸ਼ ਹੈ। ਗੁਰਦੁਆਰੇ ਦੇ ਇਕ ਪਾਸੇ ਵੱਡਾ ਸਰੋਵਰ ਹੈ। ਇਥੋਂ ਅਸੀਂ ਤੁਰੰਤ ਜਨਮ ਅਸਥਾਨ ਵੱਲ ਆਟੋ ਕਰਕੇ ਪੁੱਜੇ ਕਿਉਂਕਿ 'ਨਗਰ ਕੀਰਤਨ' ਸ਼ੁਰੂ ਹੋ ਚੁੱਕਾ ਸੀ। ਹਰ ਧਰਮ ਦੇ ਲੋਕੀ ਇਸ ਵਿੱਚ ਸ਼ਾਮਿਲ ਸਨ। ਸੜਕ 'ਤੇ ਲਾਲ ਕਾਰਪੈਟ ਦੀ ਵਿਛਾਈ ਹੋ ਚੁੱਕੀ ਸੀ। ਇਹ ਕਾਰਪੈਟ ਵੀ ਇੱਕ ਮੁਸਲਮਾਨ ਵੀਰ ਨੇ ਭੇਟਾ ਕੀਤਾ ਸੀ ਅਤੇ ਜਿੱਥੋਂ-ਜਿੱਥੋਂ ਨਗਰ ਕੀਰਤਨ (ਪਾਕਿਸਤਾਨ ਵਿੱਚ ਇਹ ਜਲੂਸ ਕਰਕੇ ਪ੍ਰਸਿੱਧ ਹੈ) ਜਾਂਦਾ ਸੀ, ਸਾਰੇ ਰਸਤੇ ਵੀ ਲਾਲ ਕਾਰਪੈਟ ਦੀ

ਵਿਛਾਈ ਹੋਈ ਪਈ ਸੀ। ਕਈ ਨੌਜਵਾਨ ਬੱਚੇ ਦੁਮਾਲੇ ਸਜਾ ਕੇ ਘੋੜਿਆਂ ’ਤੇ ਚੜ੍ਹੇ ਹੋਏ ਸਨ। ਇਸ ਨਗਰ ਕੀਰਤਨ ਵਿੱਚ ਸਿੰਧੀ ਵੀਰ ਪਰਿਵਾਰ ਸਮੇਤ ਬਹੁ-ਗਿਣਤੀ ਵਿੱਚ ਆਪਣੀ ਹਾਜ਼ਰੀ ਲਵਾ ਰਹੇ ਸਨ। ‘ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼' ਜਿਸ ਬੱਸ ’ਤੇ ਸਜਿਆ ਸੀ, ਉਹ ਬਹੁਤ ਮਨਮੋਹਣਾ ਦ੍ਰਿਸ਼ ਪੇਸ਼ ਕਰ ਰਿਹਾ ਸੀ। ਢੋਲੀ ਢੋਲ ਵਜਾ ਰਹੇ ਸਨ ਅਤੇ ਬੰਸਰੀ ਵਾਧਕ ਆਪਣੀਆਂ ਬੰਸਰੀਆਂ ਦੀਆਂ ਧੁਨਾਂ ਨਾਲ ਬਾਬੇ ਨਾਨਕ ਦਾ ਜਸ ਗਾਇਨ ਕਰ ਰਹੇ ਸਨ। ਸਿੰਧੀ ਵੀਰ ਤੇ ਭੈਣਾਂ ਭੰਗੜੇ ਵੀ ਪਾ ਰਹੇ ਸਨ। ਨਗਰ ਕੀਰਤਨ ਵਿੱਚ ਨੀਲੇ-ਪੀਲੇ ਖ਼ਾਲਿਸਤਾਨ ਦੇ ਝੰਡੇ ਵੀ ਸ਼ੋਭਾ ਦੇ ਰਹੇ ਸਨ। ਪੂਰੇ ਰਸਤੇ ਨੂੰ ਖ਼ੂਬਸੂਰਤ ਅੰਦਾਜ਼ ਵਿੱਚ ਸਜਾਇਆ ਗਿਆ ਸੀ। ਰਸਤੇ ਵਿੱਚ ਸਿੰਧੀ ਵੀਰ ਪਿੰਨੀਆਂ ਆਦਿ ਵੀ ਵਰਤਾ ਰਹੇ ਸਨ। ਵਾਪਸ ਆਉਂਦਿਆ ਸਾਨੂੰ ਇੱਕ ਬਜ਼ੁਰਗ ਉਮਰ 90 ਸਾਲ ਅਤੇ ਨਾਮ ਇਕਬਾਲ, ਵਾਸੀ ਜਿਹਲਮ ਮਿਲਿਆ। ਉਸਨੂੰ ਧੁਮਾਲ ਪਾਉਣ ਵਾਲਾ ਬਾਬਾ ਆਖਿਆ ਜਾਂਦਾ ਹੈ। ਇਹ ਹਰ ਸਾਲ ਇਸ ਜਲੂਸ ਵਿੱਚ ਭੰਗੜਾ ਪਉਦਾਂ ਰਹਿੰਦਾ ਸੀ ਅਤੇ ਹੁਣ ਸਿਹਤ ਇਜਾਜ਼ਤ ਨਹੀਂ ਦੇਂਦੀ ਸੀ। ਫਿਰ ਵੀ ਸਾਡੀ ਬੇਨਤੀ ’ਤੇ ਇਸਨੇ ਭੰਗੜਾ ਪਾਇਆ। ਇਸਨੇ ਕਈ ਪੰਜਾਬੀ ਕਵਿਤਾਵਾਂ ਦੀਆਂ ਲਾਈਨਾਂ ਸੁਣਾ ਕੇ ਦਿਲ ਖ਼ੁਸ਼ ਕਰ ਦਿੱਤਾ। ਇਸੇ ਤਰ੍ਹਾਂ ਇਕ ਹੋਰ ਬਜ਼ੁਰਗ ਵੀ ਮਿਲਿਆ ਜਿਸਨੇ ਪੁਰਾਤਨ ਕਵਿਤਾ ਦੇ ਬੰਦ ਸੁਣਾਏ। ਸ਼ਾਮ ਨੂੰ ਨਨਕਾਣਾ ਸਾਹਿਬ ਦੇ ਅਹਾਤੇ ਅੰਦਰ ਹੀ ਪ੍ਰੋ: ਕਲਿਆਣ ਸਿੰਘ ਕਲਿਆਣ ਆਣ ਮਿੱਲੇ ਅਤੇ ਗਲਵੱਕੜੀ ਪਾ ਲਈ। ਉੱਥੇ ਹੀ ਉਨ੍ਹਾਂ ਆਪਣੇ ਛੋਟੇ ਭਾਈ ਪਹਿਲੇ ਸਿੱਖ ਮੈਨੇਜਰ ਸ੍ਰ: ਹਰਚਰਨ ਸਿੰਘ ਅਤੇ ਪਹਿਲੇ ਸਿੱਖ ਡਾਕਟਰ ਮਿੰਮਪਾਲ ਸਿੰਘ ਨਾਲ ਮੁਲਾਕਾਤ ਕਰਾਈ। ਮੈਂ ਉਨ੍ਹਾਂ ਦੋਵਾਂ ਨੂੰ ਤੋਹਫ਼ੇ ਦੇ ਤੌਰ ’ਤੇ ਆਪਣੀਆਂ ਕਿਤਾਬਾਂ ਭੇਟ ਕੀਤੀਆਂ, ਜੋ ਬੜੇ ਖ਼ੁਸ਼ ਹੋਏ ਅਤੇ ਗੱਲਾਂਬਾਤਾਂ ਹੁੰਦੀਆਂ ਰਹੀਆਂ। ਉੱਥੇ ਹੀ ਪਾਕਿਸਤਾਨ ਦੇ ਸਿੱਖ ਟੀ.ਵੀ. ਕਲਾਕਾਰ ਸਰਦਾਰ ਲਾਲੀ ਵੀ ਮਿੱਲ ਪਏ। ਉਥੇ ਹੀ ਔਕਾਫ਼ ਦੇ ਡਿਪਟੀ ਸਕੱਤਰ ਮਿਸਟਰ ਇਮਰਾਨ ਗਲਾਨੀ ਮਿਲੇ ਜੋ ਬਹੁਤ ਹੀ ਖ਼ੁਸ਼-ਅਸਲੂਬੀ ਵਾਲੇ ਨੌਜਵਾਨ ਹਨ। ਉੱਥੇ ਹੀ ਲਾਹੌਰ ਦੇ ‘ਡਾਨ’ ਰੋਜ਼ਾਨਾ ਅਖ਼ਬਾਰ ਦੀ ਪ੍ਰਤੀਨਿੱਧ ਮਿਲ ਪਈ, ਜਿਸ ਨਾਲ ਪ੍ਰੋ. ਕਲਿਆਣ ਸਿੰਘ ਨੇ ਮੁਲਾਕਾਤ ਕਰਾਈ। ਉੱਥੇ ਹੀ ਬਾਬਰ ਜਲੰਧਰੀ ਮਿਲ ਪਿਆ ਜੋ ਅਕਸਰ ਫ਼ੇਸਬੁੱਕ ’ਤੇ ਸਰਗਰਮ ਰਹਿੰਦਾ ਹੈ ਅਤੇ ਪੰਜਾਬੀ ਮਾਂ ਦਾ ਇੱਕ ਸੱਚਾ ਪੁੱਤਰ ਹੈ। ਭਾਵੇਂ ਮੈਂ ਇਸਨੂੰ ਦੂਰੋਂ ਹੀ ਪਹਿਚਾਣ ਲਿਆ ਸੀ। ਇੱਕ ਇਮਾਰਤ ਦੇ ਉੱਤੇ ਡਾ. ਰਾਜਵੰਤ ਸਿੰਘ (ਅਮਰੀਕਾ) ਫ਼ਿਲਮ ਬਣਾਉਣ ਵਿੱਚ ਮਸ਼ਗੂਰ ਸਨ ਪਰ ਉਨ੍ਹਾਂ ਨਾਲ ਮੁਲਾਕਾਤ ਨਾ ਹੋ ਸਕੀ। ਉਹ ਸ਼ਾਮ ਨੂੰ ਹੀ ਵਾਪਸ ਚਲ੍ਹੇ ਗਏ ਸਨ। ਹੋਰ ਵੀ ਬਹੁਤ ਸਾਰੀਆਂ ਸ਼ਖ਼ਸੀਅਤਾਂ ਨਾਲ ਮੁਲਾਕਾਤਾਂ ਹੋਈਆਂ।

ਰਾਤ ਦੇ ਦੀਵਾਨ ਵਿੱਚ ਕੀਰਤਨ ਅਤੇ ਵਲ਼ਵਲ਼ੇਦਾਰ ਲੈਕਚਰ ਹੁੰਦੇ ਰਹੇ। ਮੁਕਾਮੀ ਸਿੱਖ ਬੱਚੀਆਂ ਦੇ ਰਸ ਭਿੰਨੇ ਕੀਰਤਨ ਨੇ ਸਾਰੀ ਸੰਗਤ ਨੂੰ ਕੀਲ ਰੱਖਿਆ ਸੀ। ਬਦੇਸ਼ਾਂ ਤੋਂ ਆਏ ਕਈ ਖਾੜਕੂ ਵੀਰਾਂ ਨੇ ਸਿੱਖੀ ਜਹੋ-ਜਲਾਲ ਨਾਲ ਭਰਪੂਰ ਤਕਰੀਰਾਂ ਕੀਤੀਆਂ ਜੋ ਬਹੁਤੇ ਕੈਨੇਡਾ, ਯੂ. ਕੇ., ਜਰਮਨੀ ਤੋਂ ਆਏ ਸਨ। ਉਨ੍ਹਾਂ ਦੀਆਂ ਤਕਰੀਰਾਂ ਦਾ ਕੇਂਦਰੀ ਨੁਕਤਾ ‘ਖ਼ਾਲਿਸਤਾਨ’ ਦੀ ਪ੍ਰਾਪਤੀ ਸੀ। ਬਾਅਦ ਵਿੱਚ ਦਰਬਾਰ ਸਾਹਿਬ ਤੋਂ ਆਏ ਰਾਗੀ ਜਥਿਆਂ ਨੇ ਇਲਾਹੀ ਬਾਣੀ ਦੇ ਕੀਰਤਨ ਕੀਤੇ। ਸਿੰਧੀ ਪਰਿਵਾਰ ਬੜੀ ਸ਼ਰਧਾ ਭਾਵ ਨਾਲ ਮੋਮਬੱਤੀਆਂ ਜਗਾ ਕੇ ਬਾਬਾ ਨਾਨਕ ਦੇਵ ਦਾ ਜਨਮ ਦਿਨ ਮਨਾ ਰਹੇ ਸਨ।

ਰਾਤ ਦੇ ਇੱਕ ਵਜੇ ਅਖੰਡ-ਪਾਠ ਸਾਹਿਬ ਦੀ ਸਮਾਪਤੀ ਹੋਈ। ਸਿੰਧੀ ਵੀਰ ਪਿੰਨੀਆਂ, ਚਾਕਲੈਟਾਂ, ਟਾਫ਼ੀਆਂ ਆਦਿ ਆਪਣੀ ਭਾਵਨਾ ਅਨੁਸਾਰ ਸੰਗਤਾਂ ਵਿੱਚ ਵੰਡ ਰਹੇ ਸਨ। ਸਿੰਧੀ ਬੀਬੀਆਂ ਨੂੰ ਗੁਰਬਾਣੀ ਅਤੇ ਸ਼ਬਦ ਜ਼ੁਬਾਨੀ ਯਾਦ ਸਨ, ਕਿਉਂਕਿ ਉਹ ਰਾਗੀ ਸਿੰਘਾਂ ਨਾਲ ਹੀ ਸ਼ਬਦ ਗਾਇਨ ਕਰ ਰਹੀਆਂ ਸਨ। ਰਾਤ ਨੂੰ ਜ਼ਬਰਦਸਤ ਆਤਸ਼ਬਾਜ਼ੀ ਹੋਈ।

24 ਨਵੰਬਰ 2018 ਸਵੇਰ ਜਨਮ ਅਸਥਾਨ ’ਤੇ ਮੱਥਾ ਟੇਕ ਕੇ ਬਾਹਰ ਆਏ ਤਾਂ ਇੱਕ ਸੱਕਰ (ਸਿੰਧ) ਤੋਂ ਆਇਆ ਵੀਰ ਵਿਨੋਦ ਮਿਲ ਪਿਆ। ਜਿਸਨੇ ਫ਼ੋਟੋ ਖਿੱਚ ਕੇ ਆਪਣਾ ਕਾਰਡ ਦਿੱਤਾ। ਉਸਦੇ ਵੈਂਟਸਐਪ ਰਾਹੀਂ ਮੈਂ ਆਪਣੇ ਬੇਟੇ ਨੂੰ ਜੰਮੂ ਫ਼ੋਨ ਕੀਤਾ। ਇੱਕ ਪਿਸ਼ੌਰੀ ਸਿੱਖਾਂ ਦਾ ਜਥਾ ਮਿਲਿਆ, ਜੋ ਸਾਡੇ ਨਾਲ ਫ਼ੋਟੋ ਖਿੱਚ ਕੇ ਪ੍ਰਸੰਨ ਹੋਏ। ਅੱਜ ਅਸਾਂ ਸ਼ਾਮ ਸਮੇਂ ਪੰਜਾ ਸਾਹਿਬ (ਹਸਨ ਅਬਦਾਲ) ਵੱਲ ਜਾਣਾ ਸੀ। ਹਸਨ ਅਬਦਾਲ, ਜਿਸਨੂੰ ਬਾਬਾ ਵਲੀ ਕੰਧਾਰੀ ਵੀ ਆਖਿਆ ਜਾਂਦਾ ਸੀ ਦਾ ਇਤਿਹਾਸਕ ਸ਼ਹਿਰ ਹੈ ਜੋ ਜੀ.ਟੀ.ਰੋਡ ਅਤੇ ਕਰਾਕਰੰਮ ਮੁੱਖ ਰਾਹ ’ਤੇ NWFP Province ਦੇ ਲਾਗੇ ਹੈ। ਇੱਕ ਪਹਾੜੀ ’ਤੇ ਹੀ 714 ਮੀਟਰ, ਇੱਕ ਮੁਸਲਮਾਨ ਸੰਤ ਬਾਬਾ ਵਲੀ ਕੰਧਾਰੀ ਦਾ ਤੱਕੀਆ ਹੈ। ਉਸਦੀ ਮੌਤ ਤੋਂ ਬਾਅਦ, ਉਸਨੂੰ ਕੰਧਾਰ ਦੇ ਲਾਗੇ ਦਫ਼ਨ ਕੀਤਾ ਗਿਆ ਸੀ। 25 ਨਵੰਬਰ ਨੂੰ ਅਸੀਂ ਸ੍ਰੀ ਪੰਜਾ ਸਾਹਿਬ ਵੱਲ ਰਵਾਨਾ ਹੋਏ। ਪੰਜਾਂ ਸਾਹਿਬ ਵੱਲ ਰਾਤ ਸਮੇਂ ਹੀ ਲੈ ਜਾਂਦੇ ਹਨ। ਪਹਾੜੀ ਇਲਾਕਾ ਜਾਂ ਸੁਰੱਖਿਆ ਪੱਖੋਂ ਅਸੀਂ ਰਾਤ ਸਮੇਂ ਹੀ ਉੱਥੇ ਪੁੱਜੇ। ਉੱਥੇ ਹੀ ‘ਸ਼ਾਹ ਜੀ’ ਦੀ ਕ੍ਰਿਪਾ ਨਾਲ ਕਮਰਾ ਮਿਲਿਆ, ਜਿਸ ਵਿੱਚ ਦੋ ਹੋਰ ਯਾਤਰੂ ਜੰਮੂ ਦੇ ਐਡਜੱਸਟ ਕੀਤੇ। ਪੰਜਾ ਸਾਹਿਬ ਦੇ ਮੁੱਖ ਦਰਵਾਜ਼ੇ ਤੋਂ ਬਾਹਰ ਕਿਸੇ ਨੂੰ ਵੀ ਜਾਣ ਦੀ ਇਜਾਜ਼ਤ ਨਹੀਂ ਸੀ। ਅਸੀਂ ਇੱਥੇ ਦੋ-ਤਿੰਨ ਦਿਨ ਠਹਿਰੇ। ਸਵੇਰੇ 2 ਵਜੇ ਇਸ਼ਨਾਨ ਸਰੋਵਰ ਵਿਚੋਂ ਕੀਤਾ ਜਿੱਥੇ ਵੱਡੀਆਂ-ਵੱਡੀਆਂ ਮੱਛੀਆਂ ਵੀ ਸਨ। ਉੱਥੇ ਹੀ ਗੁਰੂ ਨਾਨਕ ਪਾਤਸ਼ਾਹ ਦਾ ਪਵਿੱਤਰ ਪੰਜਾ ਵੇਖਿਆ, ਜਿਸਨੂੰ ਵੇਖ ਅਨੰਦ ਪ੍ਰਸੰਨ ਹੋਏ। ਪੰਜਾ ਸਾਹਿਬ ਅੱਜਕਲ੍ਹ ਜ਼ਿਲ੍ਹਾ ਅਟਕ (ਕੈਂਬਲਪੁਰ) ਵਿੱਚ ਆਉਂਦਾ ਹੈ। ਗੁਰੂ ਨਾਨਕ ਸਾਹਿਬ ਪੱਛਮੀ ਉਦਾਸੀ ਸਮੇਂ, ਮੱਕਾ ਅਤੇ ਬਗਦਾਦ ਤੋਂ ਵਾਪਸ ਆ ਕੇ ਠਹਿਰੇ ਸਨ। ਗੁਰੂ ਜੀ ਨਾਲ ਭਾਈ ਮਰਦਾਨਾ ਜੀ ਵੀ ਨਾਲ ਸਨ। ਗੁਰੂ ਜੀ ਨੇ ਪਹਾੜੀ ਹੇਠਾਂ ਨਿਵਾਸ ਕੀਤਾ। ਉਸ ਸਮੇਂ ਵਲੀ ਕੰਧਾਰੀ ਪਹਾੜੀ ਦੀ ਚੋਟੀ ’ਤੇ ਰਹਿੰਦਾ ਸੀ। ਗੁਰੂ ਜੀ ਪਿੱਪਲ ਦੇ ਦਰਖ਼ੱਤ ਹੇਠਾਂ ਬੈਠੇ ਸਨ। ਜਨਮ ਸਾਖੀਆਂ ਅਨੁਸਾਰ ਜਦੋਂ ਭਾਈ ਮਰਦਾਨੇ ਨੂੰ ਪਿਆਸ ਲੱਗੀ ਤਾਂ ਗੁਰੂ ਜੀ ਨੇ ਤਿੰਨ ਵੇਰ ਉਸਨੂੰ ਵਲੀ ਕੰਧਾਰੀ ਕੋਲ ਪਾਣੀ ਲੈਣ ਲਈ ਭੇਜਿਆ। ਤਿੰਨ ਵਾਰੀ ਹੀ ਵਲੀ ਕੰਧਾਰੀ ਨੇ ਆਖਿਆ, “ਜਿਸ ਫ਼ਕੀਰ ਦਾ ਤੂੰ ਮੁਰੀਦ ਹੈਂ, ਉਹ ਤੈਨੂੰ ਪਾਣੀ ਨਹੀਂ ਪਿਆ ਸਕਦਾ।” ਗੁਰੂ ਸਾਹਿਬ ਨੇ ਆਪਣੇ ਕਰ-ਕਮਲਾਂ ਨਾਲ ਜਦੋਂ ਇੱਕ ਪੱਥਰ ਉਠਾਇਆ ਤਾਂ ਉਸਦੇ ਹੇਠੋਂ ਪਾਣੀ ਦਾ ਚਸ਼ਮਾ ਫੁੱਟ ਪਿਆ। ਭਾਈ ਮਰਦਾਨੇ ਅਤੇ ਉੱਥੇ ਮੌਜੂਦ ਹੋਰ ਲੋਕਾਂ ਨੇ ਪਾਣੀ ਪੀ ਕੇ ਰੱਬ ਦਾ ਸ਼ੁਕਰ ਕੀਤਾ। ਉੱਪਰ ਵਾਲੀ ਕੰਧਾਰੀ ਦਾ ਚਸ਼ਮਾ ਸੁੱਕ ਗਿਆ ਅਤੇ ਉਸਦਾ ਪਾਣੀ ਇਸ ਚਸ਼ਮੇ ਵਿੱਚ ਆ ਗਿਆ। ਵਲੀ ਕੰਧਾਰੀ ਨੇ ਇਕ ਭਾਰੀ ਪੱਥਰ ਥੱਲੇ ਵੱਲ ਰੇੜ੍ਹ ਦਿੱਤਾ ਤਾਂ ਗੁਰੂ ਨਾਨਕ ਜੀ ਨੇ ਪੱਥਰ ਨੂੰ ਆਪਣੇ ਸੱਜੇ ਹੱਥ ਨਾਲ ਰੋਕ ਲਿਆ ਤੇ ਪੱਥਰ ਅੰਦਰ ਗੁਰੂ ਸਾਹਿਬ ਦਾ ਪੰਜਾ ਉਕਰਿਆ ਗਿਆ। ਪੰਜੇ ਦੇ ਚਿੰਨ੍ਹ ਵਾਲਾ ਇਹ ਪੱਥਰ ਅਤੇ ਚਸ਼ਮਾ ਅੱਜ ਵੀ ਮੌਜੂਦ ਹੈ। ਯਾਤਰੂ ਪੰਜੇ ਨੂੰ ਚੁੰਮ ਕੇ ਤੇ ਜਲ ਛਕ ਕੇ ਨਿਹਾਲ ਹੁੰਦੇ ਹਨ।

ਬਹੁਤ ਦੇਰ ਤੱਕ ਇਹ ਅਸਥਾਨ ਇੰਞ ਹੀ ਪਿਆ ਰਿਹਾ। ਮੁਕਾਮੀ ਸ਼ਰਧਾਲੂ ਮੱਥਾ ਟੇਕਦੇ ਰਹੇ। ਹੌਲੀ-ਹੌਲੀ ਸੰਗਤਾਂ ਨੇ ਛੋਟਾ ਜਿਹਾ ਦਰਬਾਰ ਉਸਾਰ ਦਿੱਤਾ। ਖ਼ਾਲਸਾ ਰਾਜ ਸਮੇਂ ਜਦੋਂ ਪਿਸ਼ਾਵਰ ਫ਼ਤਹਿ ਹੋਇਆ ਤਾਂ ਸ੍ਰ: ਹਰੀ ਸਿੰਘ ਨਲਵਾ ਨੇ ਇੱਕ ਵਿਸ਼ਾਲ ਤੇ ਸੁੰਦਰ ਗੁਰਦੁਆਰਾ ਤੇ ਸਰੋਵਰ ਬਣਾਇਆ। ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦੁਆਰੇ ਦੇ ਕਈ ਵਾਰ ਦਰਸ਼ਨ ਕੀਤੇ। ਸਿੱਖ ਇਤਿਹਾਸ ਨਾਲ ਵੀ ਬਾਅਦ ਵਿੱਚ ਪੰਜਾ ਸਾਹਿਬ ਸੰਬੰਧਤ ਰਿਹਾ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਹੁਣ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

ਸ਼ਾਮ ਨੂੰ ਸਾਡੇ ਵਰਾਂਡੇ ਦੇ ਆਗੇ ਹੀ ਤਿੰਨ-ਚਾਰ ਬੰਦੇ ਕਿਤਾਬਾਂ ਭੇਟ ਕਰਕੇ ਫ਼ੋਟੋ ਖਿੱਚ ਰਹੇ ਸਨ। ਜਦੋਂ ਕੋਲੋਂ ਲੰਘਿਆ ਤਾਂ ਮੈ ਵੀ ਰੁਕ ਗਿਆ। ਉੱਥੇ ਹੀ ਡਾ. ਸ਼ਾਹਜ਼ਾਦ ਹੁਸੈਨ ਨਕਵੀ, ਜੋ ਬਲੋਚਿਸਤਾਨ ਐਕਸਪ੍ਰੈਸ ਦੇ ਡਿਪਟੀ ਸੰਪਾਦਕ ਸਨ, ਮਿਲ ਪਏ। ਉੱਥੇ ਹੀ ਲਖਨਊ ਤੋਂ ਆਏ ਕਵੀ ਚੰਨ ਜੀ, ਮਿਲੇ ਜੋ ਆਪਣੀਆਂ ਪੰਜਾਬੀ ਕਵਿਤਾਵਾਂ ਦੀ ਛਹਿਬਰ ਲਾ ਰਹੇ ਸਨ। ਡਾ. ਨਕਵੀ ਦੂਜੇ ਦਿਨ ਦਾ ਸਮਾਂ ਲੈ ਕੇ ਚਲੇ ਗਏ। ਦੂਜੇ ਦਿਨ ਫ਼ਿਰ ਉਨ੍ਹਾਂ ਨਾਲ ਮੁਲਾਕਾਤ ਹੋਈ ਅਤੇ ਇਲਮੀ ਅਤੇ ਪੰਜਾਬੀਅਤ ਬਾਰੇ ਵਿਚਾਰ-ਵਿਟਾਦਰਾਂ ਹੁੰਦਾ ਰਿਹਾ। ਇੱਥੇ ਮੈਂ ਉਨ੍ਹਾਂ ਨੂੰ ਆਪਣੀ ਅੰਗਰੇਜ਼ੀ ਕਿਤਾਬ 'ਫ਼ਲੋਰਾ ਐਂਡ ਫ਼ਾਨਾ ਇਨ ਗੁਰੂ ਨਾਨਕਜ਼ ਬਾਨੀ' ਭੇਟ ਕੀਤੀ। ਉਹ ਪੰਜਾ ਸਾਹਿਬ ਦੇ ਇਲਾਕੇ ਵਿੱਚ ਭਾਈਚਾਰਕ ਸਾਂਝ ਲਈ ਬਹੁਤਾ ਕੰਮ ਕਰਦੇ ਹਨ। ਉਹ ਮੁਸਲਮਾਨਾਂ ਦੇ ਸ਼ੀਹਾ ਫ਼ਿਰਕੇ ਨਾਲ ਸੰਬੰਧ ਰੱਖਦੇ ਹਨ। ਰਾਤ ਸਮੇਂ ਹੀ ਸਾਨੂੰ ਪੰਜਾ ਸਾਹਿਬ ਤੋਂ ਵਾਪਸੀ ਲਈ ਲਾਹੌਰ ਲਿਆਂਦਾ ਗਿਆ। ਲਾਹੌਰ ਵਿੱਚ ਵੀ 'ਸ਼ਾਹ ਜੀ' ਦੀ ਨਜ਼ਰੇ-ਇਨਾਇਤ ਨਾਲ ਕਮਰਾ ਮਿਲਿਆ, ਜਿੱਥੇ ਜੰਮੂ ਕਸ਼ਮੀਰ ਦੇ ਕਾਫ਼ੀ ਪਰਿਵਾਰ ਸਨ। ਇਹ ਗੁਰਦੁਆਰਾ ਡੇਹਰਾ ਸਾਹਿਬ, ਸ਼ਾਹੀ ਕਿਲ੍ਹਾ ਲਾਹੌਰ ਦੇ ਨੇੜੇ ਹੈ। ਕਮਰੇ ਵਿੱਚ ਆਪਣਾ ਸਾਮਾਨ ਰੱਖ ਅਸੀਂ ਗੁਰਦੁਆਰਾ ਡੇਹਰਾ ਸਾਹਿਬ ਨਤਮਸਤਕ ਹੋਏ।

ਡੇਹਰਾ ਸਾਹਿਬ, ਲਾਹੌਰ ਉਹ ਅਸਥਾਨ ਹੈ ਜਿੱਥੇ ਗੁਰੂ ਅਰਜਨ ਸਾਹਿਬ ਜੀ ਜੋਤੀ ਜੋਤਿ ਸਮਾਏ ਸਨ। ਇੱਥੇ ਹੀ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਚੰਦੂ ਵਲੋਂ ਤਸੀਹੇ ਦੇਣ ਕਾਰਨ, ਗੁਰੂ ਜੀ 30 ਮਈ 1606 ਈ. ਨੂੰ ਸ਼ਹੀਦ ਕੀਤਾ ਗਿਆ ਸੀ। ਗੁਰੂ ਹਰਿ ਗੋਬਿੰਦ ਸਾਹਿਬ ਨੇ ਪਹਿਲਾਂ ਇੱਥੇ ਆ ਕੇ 1621 ਈ: ਵਿੱਚ ਗੁਰਦੁਆਰਾ ਬਣਾਇਆ। ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਵਲੋਂ ਗੁਰਦੁਆਰੇ ਦੀ ਉਸਾਰੀ ਕੀਤੀ ਗਈ। ਇਹ ਇਮਾਰਤ ਗੁੰਬਦਦਾਰ, ਸੰਗਮਰਮਰ ਦੀ ਬਣੀ ਹੋਈ ਹੈ ਅਤੇ ਇਸਦੇ ਆਸ-ਪਾਸ ਵਰਾਡੇਂ ਬਣੇ ਹਨ। 1909 ਈ. ਵਿੱਚ ਪ੍ਰਕਾਸ਼ ਅਸਥਾਨ ਵਾਸਤੇ ਇੱਕ ਹਾਲ ਕਮਰਾ ਅਤੇ ਸਰਾਂ ਬਣਾਈ ਗਈ ਅਤੇ ਨਿਸ਼ਾਨ ਸਾਹਿਬ ਸਥਾਪਤ ਕੀਤਾ ਗਿਆ। ਅੱਜਕਲ੍ਹ ਗੁਰਦੁਆਰੇ ਦੀ ਜ਼ਮੀਨ ਉੱਤੇ ਹੀ 'ਮੀਆਂ ਮੀਰ ਸਰਾਂ' ਉਸਾਰੀ ਗਈ ਹੈ, ਜੋ ਲੰਗਰ ਹਾਲ ਦੇ ਨਾਲ ਹੈ। ਇਸ ਦੋ ਮੰਜ਼ਲਾਂ ਸਰ੍ਹਾਂ ਹੇਠ ਇੱਕ ਤਹਿਖ਼ਾਨਾਂ ਵੀ ਬਣਾਇਆ ਗਿਆ ਹੈ।

27 ਨਵੰਬਰ ਨੂੰ ਅਸੀਂ ਸਾਰੇ ਕਿਲ੍ਹਾ ਲਾਹੌਰ ਵੇਖਣ ਲਈ ਤੁਰ ਪਏ। ਸ਼ਾਹੀ ਕਿਲ੍ਹੇ ਦੀ ਆਪਣੀ ਹੀ ਅਨੋਖੀ ਤੇ ਦਿਲਚਸਪ ਤਵਾਰੀਖ ਹੈ ਜੋ ਸਮੇਂ ਦੀਆਂ ਪਰਤਾਂ ਵਿੱਚ ਸਾਂਭੀ ਪਈ ਹੈ। ਸ਼ਾਹੀ ਕਿਲ੍ਹਾ

ਲਾਹੌਰ ਅਜਿਹਾ ਵਿਰਾਸਤੀ ਕਿਲ੍ਹਾ ਹੈ ਜਿਸਦੇ ਕਈ ਮਹੱਤਵਪੂਰਨ ਅਧਿਆਏ ਹਨ। ਪਹਿਲਾਂ ਅਸਾਂ ਸ਼ਾਹੀ ਬੁਰਜ ਦਰਵਾਜ਼ਾ ਵੇਖਿਆ, ਇਹ ਸ਼ਾਹ ਜਹਾਨ ਨੇ 1631-32 ਈ: ਨੂੰ ਤਾਮੀਰ ਕੀਤਾ ਸੀ। ਇਹ ਉਨ੍ਹਾਂ ਦੇ ਨਿੱਜੀ ਵਰਤੋਂ ਵਾਸਤੇ ਸੀ। ਸ਼ਾਹੀ ਬੁਰਜ਼ ਜਿਸਨੂੰ ਸ਼ੀਸ਼ ਮਹੱਲ ਵੀ ਆਖਿਆ ਜਾਂਦਾ ਹੈ ਹਰਮ ਵਜੋਂ ਵਰਤਿਆ ਜਾਂਦਾ ਸੀ। ਇਸ ਬੁਰਜ਼ 'ਤੇ ਉੱਪਰ ਲੱਗੀ ਤਖ਼ਤੀ 1631-32 ਈ. ਦੀ ਨਿਸ਼ਾਨਦਈ ਕੀਤੀ ਗਈ ਹੈ, ਜਿਸਦੀ ਰੇਖ-ਦੇਖ ਅਬਦੁਲ ਕਰੀਮ ਕਰਦਾ ਸੀ।

ਇਸਦੇ ਨਾਲ ਹੀ ਸ਼ਾਹੀ ਬੁਰਜ ਦੀ ਤਵਾਰੀਖੀ ਕੰਧ ਹੈ ਜੋ ਜਹਾਂਗੀਰ ਬਾਦਸ਼ਾਹ ਨੇ 1624-25 ਈ: ਵਿੱਚ ਬਣਾਈ ਸੀ। ਇਸ ਦੀਵਾਰ ਨੂੰ ਪ੍ਰਸਿੱਧ ਇਰਾਨੀ ਚਿੱਤਰਕਾਰੀ ਅਤੇ ਅਨੋਖੇ ਰੰਗਾਂ ਨਾਲ ਸਜਾਇਆ ਗਿਆ ਹੈ। ਭਾਵੇਂ ਇਹ ਤਿੰਨ ਸੋ ਵਰ੍ਹੇ ਪੁਰਾਣੀ ਹੈ ਪਰ ਅਜੇ ਤੱਕ ਤਰ-ਵਾ-ਤਾਜ਼ਾ ਹੈ। ਇਸ ਦੀਵਾਰ 'ਤੇ ਹਾਥੀਆਂ, ਊਠਾਂ ਅਤੇ ਅਨੇਕਾਂ ਪਸ਼ੂਆਂ ਦੀ ਚਿੱਤਰਕਾਰੀ ਕੀਤੀ ਗਈ ਹੈ। ਸ਼ਾਹੀ ਕਿਲ੍ਹੇ ਦੇ ਦਰਵਾਜ਼ੇ ਵੱਡ-ਅਕਾਰੀ ਅਤੇ ਇਨੇ ਮਜ਼ਬੂਤ ਹਨ, ਜਿਨ੍ਹਾਂ ਨੂੰ ਹੱਥ ਲਾ ਕੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਸ਼ਾਹੀ ਕਿਲ੍ਹੇ ਦੇ ਉੱਪਰ ਇੱਕ ਲਾਇਲਪੁਰ ਇਸਲਾਮੀਆਂ ਕਾਲਜ (ਪਹਿਲਾਂ ਖ਼ਾਲਸਾ ਕਾਲਜ) ਦੇ ਵਿਦਿਆਰਥੀਆਂ ਦਾ ਇੱਕ ਗਰੁੱਪ ਮਿਲਿਆ, ਜਿਨ੍ਹਾਂ ਨਾਲ ਦੋ-ਤਿੰਨ ਪ੍ਰੋਫ਼ੈਸਰ ਵੀ ਸਨ। ਉਨ੍ਹਾਂ ਦੀ ਬੇਨਤੀ 'ਤੇ ਸਾਰਿਆਂ ਦੀ ਫ਼ੋਟੋ ਲਈ। ਇੱਥੇ ਹੀ ਇੱਕ ਮੁੰਡਾ ਸ਼ਾਹੀ ਬਾਜ਼ ਲੈ ਕੇ ਖੜ੍ਹਾ ਸੀ ਜਿਸ ਨਾਲ ਅਸਾਂ ਫ਼ੋਟੋਆਂ ਖਿੱਚੀਆਂ। ਇੱਕ ਯੂ.ਕੇ. ਤੋਂ ਆਏ ਯਾਤਰੂਆਂ ਦਾ ਇੱਕ ਗਰੁੱਪ ਸੀ, ਜਿਨ੍ਹਾਂ ਨਾਲ ਇੱਕ ਗਾਇਡ ਵੱਖ-ਵੱਖ ਹਿੱਸਿਆਂ ਦੀ ਜਾਣਕਾਰੀ ਦੇ ਰਿਹਾ ਸੀ। ਇੱਥੇ ਹੀ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹੀ ਕਮਰਾ ਵੀ ਦੇਖਿਆ। ਪੁਰਾਣੇ ਲਿਬਾਸ, ਪੁਰਾਣੇ ਹਥਿਆਰ ਵੀ ਇਸ ਕਿਲ੍ਹੇ ਵਿੱਚ ਦਰਸ਼ਨ ਲਈ ਰੱਖੇ ਸਨ। ਅੰਦਰ ਕਿਲ੍ਹੇ ਦੀ ਚਿੱਤਰਕਾਰੀ ਲਫ਼ਜਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ। ਸ਼ੀਸ਼ ਮਹੱਲ ਨੂੰ ਦੁਬਾਰਾ 2005 ਵਿੱਚ ਸੁਰੱਖਿਅਤਾ ਦੇ ਨਜ਼ਰੀਏ ਤੋਂ ਗਿੱਚਕਾਰੀ ਅਤੇ ਆਇਨਾਂਕਾਰੀ ਦੇ ਨਾਲ ਸੰਗਮਰਮਰ ਦਾ ਕੰਮ ਜਾਰੀ ਰੱਖਿਆ ਗਿਆ ਹੈ। ਇਸ ਕੰਮ ਲਈ ਨਾਰਵੇ ਹਕੂਮਤ ਨੇ ਪੰਜਾਬ ਹਕੂਮਤ (ਪਾਕਿਸਤਾਨ) ਨੂੰ ਯੂਨੇਸਕੋ ਰਾਹੀਂ ਫ਼ੰਡ ਮੁਹੱਈਆ ਕਰਵਾਏ ਹਨ। ਪੁਰਾਣੇ ਦਰਵਾਜ਼ੇ ਅੱਜ ਵੀ ਖ਼ੂਬਸੂਰਤ ਨਕਸ਼ ਪੇਸ਼ ਕਰਦੇ ਹਨ। ਦੀਵਾਰਾਂ ਦੀ ਮਨਮੋਹਣੀ ਚਿੱਤਰਕਾਰੀ ਮਨ ਨੂੰ ਮੋਹ ਲੈਂਦੀ ਹੈ। ਸ਼ਾਹੀ ਕਿਲ੍ਹੇ ਵਿੱਚ ਬਹੁਤੀ ਸਜਾਵਟੀ ਥਾਂ ਸ਼ੀਸ਼ਿਆਂ ਦੀ ਪੈਲੇਸ ਹੈ ਜਿਸਨੂੰ ਸ਼ਾਹ ਜਹਾਨ ਦੇ ਗਵਰਨਰ ਆਸਫ਼ ਖ਼ਾਨ ਨੇ 1631-32 ਵਿੱਚ ਤਾਮੀਰ ਕੀਤਾ ਸੀ। ਇਸ ਵਿੱਚ ਬੜੇ ਕੀਮਤੀ ਪੱਥਰਾਂ ਦੀ ਜੜਤ ਕੀਤੀ ਹੋਈ ਹੈ ਜਿਵੇਂ ਅਗਾਤੇ, ਜਾਡੀ, ਲੈਪਿਸ, ਲਾਜ਼ੂਲੀ, ਵੈਰੀ ਗੈਟਲ, ਅਤੇ ਸੰਗਮਰਮਰ 'ਚ ਸੰਗ-ਏ ਬਾਦਲ, ਸੰਗ-ਏ-ਮੂਸਾ, ਸੰਗ-ਏ-ਖਾਤੂ ਆਦਿ ਫ਼ਰਸ਼ 'ਤੇ ਲਾਏ ਗਏ ਹਨ।

ਅਸੀਂ ਫ਼ਿਰ ਪਾਂਈ ਬਾਗ਼ ਅਹਾਤਾ ਹਮਾਮਸ਼ਾਹੀ ਵੇਖਿਆ। ਜੋ ਸ਼ਾਹ ਜਹਾਨ ਨੇ 1633 ਈ ਵਿੱਚ ਕੇਵਲ ਸ਼ਾਹੀ ਰਾਣੀਆਂ ਲਈ ਤਿਆਰ ਕਰਾਇਆ ਸੀ। ਅਜੋਕੇ ਸਮੇਂ ਇਸ ਵਿੱਚ ਖਿਲਵੱਤ ਖ਼ਾਨਾ ਵੀ ਸ਼ੁਮਾਰ ਕੀਤਾ ਗਿਆ ਹੈ। ਇਸ ਦੇ ਨੇੜੇ ਕਾਲਾ ਅਤੇ ਲਾਲ ਬੁਰਜ ਹੈ। ਸੰਗੇ-ਬੁਨਿਆਦੀ ਦੇ ਕੋਨ ਤੋਂ ਇਸਦੇ ਵੱਖ-ਵੱਖ ਅਹਾਤੇ ਅਤੇ ਚਾਰ ਦੀਵਾਰੀ ਬਾਗ਼ ਹਨ। ਇਸ ਵਿੱਚ ਖ਼ੁਬਸੂਰਤ ਇੱਟਾਂ ਬਣੇ ਰਸਤੇ, ਸੁਗੰਦੀਆਂ ਵੰਡ ਰਹੇ ਫੁੱਲ ਅਤੇ ਝਾੜੀਆਂ ਹਨ। ਛੋਟੇ-ਛੋਟੇ ਆਕਾਰ ਦੇ ਫੁੱਲਦਾਰ ਦਰਖ਼ੱਤ ਲੱਗੇ ਹਨ।

ਇਸਦੇ ਨੇੜਿਉਂ ਹੀ ਜਨਾਨਾ ਮਸੀਤ ਦਾ ਰਾਹ ਹੈ। ਸ਼ਾਹੀ ਹਮਾਮ ਵੀ ਸ਼ਾਹ ਜਹਾਨ ਨੇ 1634 ਈ . ਵਿੱਚ ਬਣਾਇਆ ਜਿਸਦੇ ਖ਼ੁਬਸੂਰਤ ਕਮਰੇ ਬਣ ਹਨ, ਸੀਤਲ ਅਤੇ ਗਰਮ ਪਾਣੀ ਦਾ ਇੰਤਜ਼ਾਮ ਅਤੇ ਬਸਤਰ ਬਦਲਣ ਦਾ ਵੀ ਪ੍ਰਬੰਧ ਸੀ। ਇੱਥੇ ਹੀ ਸਕੂਲ ਦੇ ਬੱਚੇ ਸ਼ਾਹੀ ਕਿਲ੍ਹਾ ਵੇਖਣ ਆਏ ਸੀ ਅਤੇ ਸਾਡੇ ਨਾਲ ਫ਼ੋਟੋ ਖਿੱਚ ਕੇ ਬਹੁਤ ਖ਼ੁਸ਼ੀ ਮਹਿਸੂਸ ਕੀਤੀ।

ਦੀਵਾਨ-ਏ-ਖ਼ਾਸ ਵੀ ਵਜ਼ੀਰ ਖ਼ਾਨ ਗਵਰਨਰ ਲਾਹੌਰ ਨੇ ਸ਼ਾਹਜਹਾਨ ਬਾਦਸ਼ਾਹ ਵਾਸਤੇ 1645 ਈ. ਵਿੱਚ ਤਾਮੀਰ ਕੀਤਾ ਸੀ। ਇਸਦੀ ਲੰਬਾਈ 53×51 ਫੁੱਟ ਹੈ ਅਤੇ ਸੰਗਮਰਮਰ ਨਾਲ ਵੱਖ-ਵੱਖ ਸ਼ਾਨਦਾਰ ਧੰਮੀਆਂ, ਪੈਰਾਪਿੱਟ ਆਦਿ ਦਾ ਕੰਮ ਬਾ-ਕਮਾਲ ਹੋਇਆ ਹੈ। ਫ਼ਰਸ਼ 'ਤੇ ਰੰਗ- ਬਰੰਗਾ ਸੰਗਮਰਮਰ ਜੜ੍ਹਿਆ ਗਿਆ ਹੈ। ਸ਼ਾਹ ਜਹਾਨ ਖ਼ਵਾਬ-ਗਾਹ ਵਿੱਚ ਪੰਜ ਖ਼ਾਸ ਖ਼ਾਨੇ ਇੱਕੋ ਕਤਾਰ ਵਿੱਚ ਹਨ। ਇਹ 1634 ਈ ਵਿੱਚ ਸ਼ਾਹ ਜਹਾਨ ਦੇ ਹੁਕਮ ਨਾਲ ਤਿਆਰ ਕੀਤਾ ਗਿਆ ਸੀ। ਇਸ ਵਿੱਚ ਬੇਅੰਤ ਗੁੰਬਦੀ ਥਾਵਾਂ ਅਤੇ ਪਿੱਛਵਾੜੇ ਵਿੱਚ ਸੰਗਮਰਮਰ ਸ਼ੀਸ਼ਿਆਂ ਨਾਲ ਜੁੜਿਆ ਹੈ। ਰੂਪ -ਰੇਖਾ ਗੱਚਕਾਰੀ, ਮੁਲੰਮੇਦਾਰ ਦੀਵਾਰਾਂ ਅਤੇ ਛੱਤ ਗੀਰੀ ਅਜੇ ਵੀ ਮੌਜੂਦ ਹੈ। ਇਸਨੂੰ ਸਿੱਖ ਰਾਜ ਸਮੇਂ ਕੱਜਿਆ ਜਾਂ ਢੱਕਿਆ ਗਿਆ ਸੀ। ਇੱਕ ਸੰਗਮਰਮਰ ਦਾ ਫੁਹਾਰਾ, ਕੇਂਦਰੀ ਕਮਰੇ ਵਿਚਕਾਰ ਸ਼ੋਭਾ ਦੇ ਰਿਹਾ ਹੈ। ਸ਼ਾਹੀ ਕਿਲ੍ਹਾ, ਬਹੁਤ ਹੀ ਵਿਸ਼ਾਲ ਅਤੇ ਵਿਰਾਸਤ ਦਾ ਦਿਲਫ਼ਰੇਬ ਨਜ਼ਾਰਾ ਪੇਸ਼ ਕਰਦਾ ਹੈ। ਇੱਥੇ ਹੀ ਸਿੱਖ ਰਾਜ ਦਾ ਇੱਕ ਅਜਾਇਬ ਘਰ ਬਣਾਇਆ ਗਿਆ ਹੈ। ਇਸ ਕਿਲ੍ਹੇ ਵਿੱਚ ਉਹ ਥਾਂ ਵੀ ਵੇਖੀ ਜਿੱਥੇ ਘੋੜਿਆਂ ਦਾ ਅਸਤਬਲ ਹੈ। ਇਸ ਅਸਤਬਲ ਵਿਚੋਂ ਦੋ ਬੇਸ਼ਕੀਮਤੀ ਘੋੜੇ ਇੱਕ ਸ਼ਰਧਾਲੂ ਸਿੱਖ ਕੋਲੋ ਖੋਹ ਕੇ ਮੁਗ਼ਲ ਹਾਕਮ ਨੇ ਇੱਥੇ ਰੱਖੇ ਸਨ। ਇਹ ਦੋ ਘੋੜੇ ਸ਼ਰਧਾਲੂ ਸਿੱਖ ਗੁਰੂ ਹਰਿਗੋਬਿੰਦ ਸਾਹਿਬ ਲਈ ਪੰਜਾਬ ਲੈ ਜਾ ਰਿਹਾ ਸੀ। ਇਹ ਦੋਵੇਂ ਘੋੜੇ ਬਾਅਦ ਵਿੱਚ ਭਾਈ ਬਿਧੀ ਚੰਦ ਛੀਨਾ ਨੇ ਸ਼ਾਹੀ ਕਿਲ੍ਹੇ ਵਿਚੋਂ ਫੁਰਤੀ ਨਾਲ ਕੱਢ ਕੇ ਕਿਲ੍ਹੇ ਦੀ ਦੀਵਾਰ ਤੋਂ ਰਾਵੀ ਦਰਿਆਂ ਵਿੱਚ ਛਾਲ ਮਾਰ ਕੇ, ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਭੇਟਾ ਕੀਤੇ ਸਨ।

ਲਾਹੌਰ ਕਿਲ੍ਹਾ ਅਜਾਇਬ ਘਰ (ਨਵੀਂ ਗੈਲਰੀ) ਵੀ ਬਣਾਈ ਹੈ ਜਿਸਨੂੰ ਅਪ੍ਰੈਲ 17, 1965 ਨੂੰ ਡਾ. ਐੱਸ.ਐੱਮ. ਰੀਫ਼ ਨੇ ਖੋਲਿਆ ਸੀ। ਇਸ 'ਸਿੱਖ ਅਜਾਇਬ ਘਰ' ਵਿੱਚ ਬਹੁਤ ਸਾਰੇ ਪ੍ਰਾਚੀਨ ਹਥਿਆਰ, ਸਿੱਖ ਫ਼ੌਜੀਆਂ ਦੇ 18ਵੀਂ ਅਤੇ 19ਵੀਂ ਸਦੀ ਦੇ ਹਥਿਆਰ ਆਦਿ ਸੁਸ਼ੋਭਿਤ ਹਨ। ਜਿਵੇਂ ਪੁਰਾਣੇ ਤੀਰ-ਕਮਾਨ, ਵੱਖ-ਵੱਖ ਪਿਸਤੌਲ, ਢਾਲਾਂ, ਜੰਗੀ ਤੋਪਾਂ ਆਦਿ। ਇੱਥੇ ਹੀ ਮਹਾਰਾਜਾ ਰਣਜੀਤ ਸਿੰਘ ਦੇ ਚਿੱਟੇ ਘੋੜੇ ਦਾ ਬੁੱਤ ਵੀ ਹੈ। ਜਹਾਂਗੀਰ ਬਾਦਸ਼ਾਹ ਦੀ 1617-18 ਈ: ਦੀ ਦਾਲਾਨ-ਏ-ਸੰਗ-ਏ ਸੁਰੱਖ' ਵੀ ਬਣੀ ਹੋਈ ਹੈ। ਇਸ ਅਜਾਇਬ ਘਰ ਵਿੱਚ ਸਿੱਖ ਸਲਤਨਤ ਦੇ ਮੁੱਖੀਆਂ, ਰਾਜੇ-ਮਹਾਰਾਜਿਆਂ ਦੇ ਚਿੱਤਰ, ਸਿੱਖ-ਅੰਗਰੇਜ਼ ਲੜਾਈਆਂ ਦੇ ਚਿੱਤਰ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਪੁਰਾਣੇ ਘੋੜਿਆਂ ਦਾ ਸਾਜ਼-ਸਾਮਾਨ ਅਤੇ ਛਾਤੇ ਵੀ ਮੌਜੂਦ ਹਨ। ਇਸ ਵਿਚ ਬਹੁਤੇ ਫ਼ੋਟੋਆਂ ਚਿੱਤਰਾਂ ਦਾ ਸੰਗ੍ਰਹਿ ਸ਼ਹਿਜ਼ਾਦੀ ਬੰਬਾ ਜਿੰਦਾਂ ਦਾ ਹੈ। ਕਿਲ੍ਹੇ ਦੇ ਅਹਾਤੇ ਅੰਦਰ ਹੀ ਮੋਤੀ ਮਸੀਤ ਹੈ, ਜੋ ਸ਼ਾਹਜਹਾਨ ਨੇ 1645 ਈ: ਵਿੱਚ ਬਣਾਈ ਸੀ। ਇਹ ਛੋਟੀ ਮਸੀਤ ਚਿੱਟੇ ਸੰਗਮਰਮਰ ਨਾਲ ਬਣੀ ਹੈ ਅਤੇ ਪੂਰੇ ਚੰਦ ਦੀ ਚਾਂਦਨੀ ਵਿਚ ਮੋਤੀਆਂ ਵਾਂਗ ਚਮਕਦੀ ਹੈ, ਇਸੇ ਕਾਰਨ ਇਸਦਾ ਨਾਂ ਮੋਤੀ ਮਸੀਤ ਪ੍ਰਸਿੱਧ ਹੈ।

ਮਸੀਤ ਦੀਆਂ ਮਹਿਰਾਬਦਾਰ ਛੱਤਾਂ ਬੜੀਆਂ ਖ਼ੂਬਸੂਰਤ ਹਨ। ਲਾਗੇ ਹੀ ਇੱਕ ਇਮਾਰਤ ਦਵਾਨੇ-ਆਮ ਦੇ ਨੇੜੇ 'ਮੁੱਕਾਤਬ ਖ਼ਾਨਾ'ਹੈ ਜੋ ਦੌਲਤਖ਼ਾਨਾ ਜਹਾਂਗੀਰੀ (ਮਹਿਲ) ਦੇ ਦਾਖਲੇ ਲਈ ਰਾਹਦਾਰੀ ਦਾ ਕੰਮ ਕਰਦਾ ਸੀ। ਇੱਥੇ ਬੈਠਕੇ ਮਹੱਲ ਦੇ ਅੰਦਰ ਆਉਣ ਜਾਣ-ਵਾਲਿਆਂ 'ਤੇ ਨਜ਼ਰ ਰੱਖੀ ਜਾਂਦੀ ਸੀ। ਇਹ 1617 ਵਿੱਚ ਜਹਾਂਗੀਰ ਦੇ ਸਮੇਂ ਮਹਿਮੂਰ ਖ਼ਾਨ ਦੀ ਨਿਗਰਾਨੀ ਵਿੱਚ ਤਿਆਰ ਹੋਈ। ਦਹਿਲਾਨ ਸੰਗ-ਸੁਰੱਖ ਜਹਾਂਗੀਰ ਮਹੱਲ ਲਾਗੇ ਖ਼ੂਬਸੂਰਤ ਦਾਲਾਨ ਹੈ। ਜਿਸ ਵਿੱਚ ਤਰਾਸ਼ੀਆਂ ਪੱਕੀਆਂ ਇੱਟਾਂ ਅਤੇ ਕਾਲੇ ਪੱਥਰ ਦਾ ਸੋਹਣਾ ਫ਼ਰਸ਼ ਤਿਆਰ ਕੀਤਾ ਗਿਆ ਹੈ। ਇਸਦੇ ਕੇਂਦਰ ਵਿੱਚ ਇੱਕ ਫ਼ੁਹਾਰਾ ਵੀ ਹੈ। ਬਾਦਸ਼ਾਹੀ ਮਸੀਤ ਅਤੇ ਸ਼ਾਹੀ ਕਿਲ੍ਹੇ ਵਿੱਚਕਾਰ ਹਜ਼ੂਰੀ ਬਾਗ਼ ਪੈਂਦਾ ਹੈ। ਸਿੱਖ ਰਾਜ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ 1818 ਈ. ਵਿੱਚ ਬਾਗ਼ ਦੇ ਕੇਂਦਰ ਵਿੱਚ 45.5x45.5 ਫ਼ੁੱਟ ਸੰਗਮਰਮਰ ਦੀ ਬਾਰਾਂਦਰੀ ਤਾਮੀਰ ਕਰਾਈ ਸੀ। ਇਹ ਇੱਕ ਦੋ ਮੰਜਲਾਂ ਇਮਾਰਤ ਹੈ, ਜਿਸਦੇ ਹੇਠਾਂ ਤਹਿਖ਼ਾਨੇ ਹਨ। ਉੱਪਰਲੀ ਮੰਜ਼ਲ 1932 ਈ: ਵਿੱਚ ਅਸਮਾਨੀ ਬਿਜਲੀ ਨਾਲ ਤਬਾਹ ਹੋ ਗਈ ਸੀ। ਬਰਾਂਦਰੀ ਦੀ ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਹੁਕਮਰਾਨ ਵਰਤੋਂ ਕਰਦੇ ਰਹੇ ਹਨ। ਇਸ ਦੇ ਇੱਕ ਨੁਕੱਰ ਵਿੱਚ ਪ੍ਰਸਿੱਧ ਕਵੀ ਉਲਾਮਾ ਮੁਹੰਮਦ ਇਕਬਾਲ ਦਾ ਮਜ਼ਾਰ ਵੇਖਿਆ, ਜੋ ਹਜ਼ੂਰੀ ਬਾਗ਼ ਵਿੱਚ ਹੀ ਹੈ। ਇਹ ਮਜ਼ਾਰ 1951 ਈ ਵਿੱਚ ਤਾਮੀਰ ਕੀਤਾ ਗਿਆ ਹੈ। ਛੋਟੇ ਜਿਹੇ ਕਮਰੇ ਵਿੱਚ ਇਸ ਕਬਰ ਉੱਤੇ ਕੀਮਤੀ ਸ਼ਾਲ ਪਈ ਸੀ। ਇੱਕ ਸ਼ਿਲਾਲੇਖ ਵਿੱਚ ਅਰਬੀ ਦੀ ਆਇਤ ਲਿਖੀ ਸੀ ਜਿਸ ਉੱਪਰ ਫ਼ੁੱਲਾਂ ਦੇ ਹਾਰ ਲੱਟਕਦੇ ਸਨ। ਕਬਰ ਉੱਪਰ ਵੀ ਫ਼ੁੱਲਾਂ ਦੇ ਗੁਲਦਸਤੇ ਪਏ ਹੋਏ ਸਨ। ਇੱਕ ਸ਼ਿਲਾਲੇਖ 'ਤੇ ਉਰਦੂ ਵਿੱਚ ਡਾ ਇਕਬਾਲ ਦੇ ਜਨਮ ਮਰਨ ਦੀਆਂ ਮਿਤੀਆਂ ਲਿਖੀਆਂ ਹੋਈਆਂ ਸਨ। ਲਿਖਿਆ ਸੀ। ਹਜ਼ੂਰੀ ਬਾਗ਼ ਦੇ ਪੂਰਬ ਵਿੱਚ ਮੁਗ਼ਲ ਸਮੇਂ ਦਾ ਰੁਸ਼ਨਾਈ ਦਰਵਾਜ਼ਾ ਹੈ। ਦਰਵਾਜ਼ੇ ਦੇ ਪਾਸੇ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਵਲੋਂ ਤਿਆਰ ਕੀਤਾ ਗੁਰਦੁਆਰਾ ਡੇਹਰਾ ਸਾਹਿਬ ਹੈ। ਬਾਦਸ਼ਾਹੀ ਮਸੀਤ ਵੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ 1673-74 ਈ ਵਿੱਚ ਬਣਾਈ ਸੀ। ਇਸਨੂੰ ਮੁਜ਼ਫ਼ਰ ਹੁਸੈਨ ਸਰਮਦ ਅਲਮਾਰੂਫ਼ ਫ਼ਦਾਈ ਖ਼ਾਨ ਗੋਗਾ, ਗਵਰਨਰ ਲਾਹੌਰ ਦੀ ਨਿਗਰਾਨੀ ਹੇਠ ਤਿੰਨ ਸਾਲ ਵਿੱਚ ਮੁਕੰਮਲ ਕੀਤਾ ਗਿਆ। ਇਸਦੀ ਅੰਦਰਲੀ ਤੇ ਬਾਹਰੀ ਸਜਾਵਟ ਬਾ-ਕਮਾਲ ਹੈ। ਮਸੀਤ ਦੀਆਂ ਦੀਵਾਰਾਂ ਛੋਟੀ ਇੱਟ ਅਤੇ ਕਸੂਰੀ ਚੂਨੇ ਨਾਲ ਬਣੀਆਂ ਹਨ। ਉੱਪਰ ਗੁੰਬਦਾਂ ਤੋਂ ਲਾਲ ਅਤੇ ਸੰਗਮਰਮਰ ਲੱਗਾ ਹੈ, ਜੋ ਹਿੰਦੋਸਤਾਨ ਤੋਂ ਲਿਆਂਦਾ ਗਿਆ ਸੀ। ਇਹ ਮਸੀਤ 567×567 ਫ਼ੁੱਟ ਮਰੱਬਾ ਹੈ। ਇਸਦੇ ਅੰਦਰ ਤਕਰੀਬਨ ਇਕੋਂ ਸਮੇਂ 60,000 ਨਮਾਜ਼ੀ ਨਮਾਜ਼ ਪੜ੍ਹ ਸਕਦੇ ਹਨ। ਸੱਧਰ ਦਰਵਾਜ਼ਾ ਵੱਡੀ ਡਿਉਡੀ ਦੀ ਸ਼ਕਲ ਵਿੱਚ ਹੈ ਜੋ ਕਾਰੀਗਰੀ ਦਾ ਉੱਤਮ ਨਮੂਨਾ ਹੈ। ਸ਼ਾਹੀ ਕਿਲ੍ਹਾ ਲਾਹੌਰ, ਤਵਾਰੀਖ਼ੀ ਯਾਦਗਾਰ ਹੈ ਜੋ ਸਮੇਂ-ਸਮੇਂ ਦੇ ਨਕਸ਼ ਆਪਣੀਆਂ ਪੈੜਾਂ ਵਿੱਚ ਸਮਾਈ ਬੈਠਾ ਹੈ। ਇਸਦਾ ਜ਼ਿਕਰ ਸਫ਼ਰਨਾਮਿਆਂ ਅਤੇ ਤਵਾਰੀਖ਼ੀ ਦਸਤਾਵੇਜਾਂ ਵਿੱਚ ਆਉਂਦਾ ਹੈ। ਇਸਦਾ ਜ਼ਿਕਰ ਸ਼ਾਹਬਦੀਨ ਗੋਰੀ (1180 1186 ਈ) ਦੇ ਲਾਹੌਰ 'ਤੇ ਹੋਏ ਹਮਲਿਆਂ ਵਿੱਚ ਵੀ ਮਿਲਦਾ ਹੈ। ਮੰਗੋਲਾਂ ਨੇ 1241 ਈ ਵਿੱਚ ਕਿਲ੍ਹੇ ਨੂੰ ਤਬਾਹ ਕੀਤਾ। ਸੁਲਤਾਨ ਗਿਆਸ-ਉ-ਦੀਨ ਨੇ 1267 ਈ: ਵਿੱਚ ਦੁਬਾਰਾ ਤਾਮੀਰ ਕੀਤਾ। ਅਮੀਰ ਤੈਮੂਰ ਨੇ 1381 ਈ: ਵਿੱਚ, ਸੁਲਤਾਨ ਮੁਬਾਰਖ਼ ਸ਼ਾਹ 1421 ਈ ਅਤੇ ਸ਼ੇਖ

ਮੁਬਾਰਖ ਅਲੀ ਨੇ 1432 ਈ: ਵਿੱਚ ਇਸ ਕਿਲ੍ਹੇ ਨੂੰ ਤਾਮੀਰ ਕਰਦੇ ਰਹੇ। ਮੁਗ਼ਲ ਸ਼ਹਿਨਸ਼ਾਹ ਅਕਬਰ ਨੇ 1566 ਈ: ਵਿੱਚ ਕਿਲ੍ਹਾ ਲਾਹੌਰ ਨੂੰ ਪੱਕੀਆਂ ਇੱਟਾਂ ਨਾਲ ਤਾਮੀਰ ਕੀਤਾ ਅਤੇ ਦਰਿਆ ਰਾਵੀ ਤੱਕ ਵਧਾਇਆ ਜੋ 1849 ਈ: ਤੱਕ ਕਿਲ੍ਹੇ ਦੀ ਉੱਤਰੀ ਦੀਵਾਰ ਦੇ ਨਾਲ-ਨਾਲ ਵਹਿੰਦਾ ਸੀ। ਅਕਬਰ ਦੇ ਸਮੇਂ ਹੀ ਅਕਬਰੀ ਮਹੱਲ, ਦੌਲਤਖ਼ਾਨਾ ਆਮ, ਅਕਬਰੀ ਗੈਟ ਤਾਮੀਰ ਕੀਤੇ ਗਏ ਸਨ ਅਤੇ ਬਾਅਦ ਵਿੱਚ ਆਉਣ ਵਾਲੇ ਮੁਗ਼ਲ ਹੁਕਮਰਾਨਾਂ ਨੇ ਵੀ ਇਸ ਪਾਸੇ ਵੱਲ ਤਾਮੀਰੀ ਕੰਮ ਜਾਰੀ ਰੱਖੇ। ਮਹਾਰਾਜਾ ਰਣਜੀਤ ਸਿੰਘ ਨੇ ਕਿਲ੍ਹੇ ਦੀ ਉੱਤਰੀ ਦੀਵਾਰ, ਉੱਠਦਰਾ, ਹਵੇਲੀ ਮਾਈ ਜਿੰਦਾਂ, ਸਿੱਖ ਦੌਰ ਸਮੇਂ (1799-1839 ਈ) ਬਣਾਈਆਂ। 1849 ਈ ਵਿੱਚ ਅੰਗਰੇਜਾਂ ਨੇ ਕਿਲ੍ਹੇ ’ਤੇ ਕਬਜ਼ਾ ਕੀਤਾ ਅਤੇ ਦੱਖਣੀ ਦੀਵਾਰਾਂ ਬਣਾਈਆਂ।

ਕਿਲ੍ਹੇ ਤੋਂ ਵਾਪਸ ਆ ਕੇ ਅਸੀਂ ਲਾਹੌਰ ਦੇ ਮਸ਼ਹੂਰ ਬਾਜ਼ਾਰ ‘ਅਨਾਰ ਕਲੀ’ ਵੇਖਣ ਚਲੇ ਗਏ। ਇਸ ਖ਼ੂਬਸੂਰਤ ਬਾਜ਼ਾਰ ਵਿੱਚ ਚਹਿਲ-ਕਦਮੀ ਉੱਰੂਜ ’ਤੇ ਸੀ। ਇੱਥੇ ਆਮ ਲੋਕੀਂ ਖ਼ੁਸ਼-ਅਸਲੂਬੀ ਨਾਲ ਆ ਕੇ ਮਿਲਦੇ। ਯਾਤਰੂਆਂ ਕਾਰਨ ਸਾਰੇ ਬਾਜ਼ਾਰਾਂ ਵਿੱਚ ਸੁਰੱਖਿਆ ਦਾ ਪਹਿਲਾਂ ਹੀ ਇੰਤਜ਼ਾਮ ਕੀਤਾ ਗਿਆ ਸੀ। ਅਨਾਰ ਕਲੀ ਬਾਜ਼ਾਰ ਜਾਣ ਤੋਂ ਪਹਿਲਾਂ ਸਾਨੂੰ ਬਸਾਂ ਰਾਹੀਂ ਗਵਰਨਰ ਲਾਹੌਰ ਹਊਸ ਵਿੱਚ ਲੈ ਜਾਇਆ ਗਿਆ, ਜਿੱਥੇ ਇੱਕ ਇੰਟਰਨੈਸ਼ਨਲ ਸੈਮੀਨਾਰ ਹੋ ਰਿਹਾ ਸੀ ਜਿਸ ’ਤੇ ਲਿਖਿਆ ਸੀ ‘ਤੋਹੀਦ ਤੇ ਪ੍ਰੇਮ ਦੀ ਨਿਸ਼ਾਨੀ ਬਾਬੇ ਨਾਨਕ ਦੀ ਬਾਣੀ'। ਇੱਥੇ ਕਈਆਂ ਨੇ ਭਾਸ਼ਣ ਦਿੱਤੇ ਜਿਨ੍ਹਾਂ ਵਿੱਚ ਗਵਰਨਰ ਲਾਹੌਰ, ਪਾਲ ਸਿੰਘ ਪੁਰੇਵਾਲ, ਸ੍ਰ: ਪ੍ਰਿਥੀਪਾਲ ਸਿੰਘ ਖ਼ਾਲਸਾ, ਸ੍ਰ: ਪਰਮਜੀਤ ਸਿੰਘ ਸਰਨਾ, ਔਕਾਫ਼ ਦੇ ਚੈਅਰਮੈਨ, ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਆਦਿ ਵਰਨਣਯੋਗ ਸਨ। ਇਹ ਸੈਮੀਨਾਰ ਹਰ ਸਾਲ ਦਿਆਲ ਸਿੰਘ ਰਿਸਰਚ ਫੈਡਰੇਸ਼ਨ ਲਾਹੌਰ ਵੱਲੋਂ ਕੀਤਾ ਜਾਂਦਾ ਹੈ।

ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿੱਚ ਹੀ ਸਾਡੀ ਰਿਹਾਇਸ਼ ਸੀ। ਇੱਥੇ ਹੀ ਸਾਡੇ ਨਾਲ ਇਕ ਸਿੱਖ ਵੀਰ ਨਨਕਾਣਾ ਸਾਹਿਬ ਦਾ ਜਿਸਦਾ ਨਾਂ ਆਜ਼ਾਦ ਸੀ, ਸਾਨੂੰ ਲਾਹੌਰ ਦੇ ਆਸ-ਪਾਸ ਦੇ ਗੁਰਦੁਆਰਿਆਂ ਦੇ ਦਰਸ਼ਨ ਲਈ ਲੈ ਗਿਆ। ਉਹ ਆਪਣੀ ਕਾਰ ਵਿੱਚ ਬਿਠਾ ਕੇ ਪਹਿਲਾਂ ਸਾਨੂੰ ਗੁਰਦੁਆਰਾ ਚੂਨਾ ਮੰਡੀ ਲੈ ਗਿਆ। ਇਹ ਗੁਰਦੁਆਰਾ ਡੇਹਰਾ ਸਾਹਿਬ ਤੋਂ ਦੋ-ਤਿੰਨ ਕਿਲੋਮੀਟਰ ਦੂਰ ਹੈ। ਕਾਰ ਇੱਕ ਥਾਂ ਰੱਖ ਅਸੀਂ ਭੀੜੀਆਂ ਗਲੀਆਂ 'ਚੋਂ ਹੁੰਦੇ ਹੋਏ, ਸੱਜੇ ਹੱਥ ਬਾਜ਼ਾਰ ਵਿੱਚ ਚਿੱਟੀ ਦੁੱਧ ਵਿਸ਼ਾਲ ਇਮਾਰਤ ਦੇਖੀ ਜੋ ‘ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂੰਨਾ ਮੰਡੀ, ਲਾਹੌਰ’ ਕਰਕੇ ਪ੍ਰਸਿੱਧ ਹੈ। ਇਸਦੇ ਮੁੱਖ ਦਰਵਾਜ਼ੇ ’ਤੇ ਫੁੱਲ-ਪੱਤੀਆਂ ਉਲੀਕੀਆਂ ਗਈਆਂ ਹਨ। ਅੰਦਰ ਪ੍ਰਕਾਸ਼ ਅਸਥਾਨ ਵੱਡੇ ਹਾਲ ਦੀ ਸ਼ਕਲ ਵਿੱਚ ਹੈ। ਇਸ ਗੁਰਦੁਆਰਾ ਸਾਹਿਬ ਦੇ ਉੱਪਰ ਇੱਕ ਵੱਡਾ ਗੁੰਬਦ ਅਤੇ ਚਾਰ ਛੋਟੇ ਗੁੰਬਦਾਂ ਵਿੱਚਕਾਰ ਛੋਟੀਆਂ-ਛੋਟੀਆਂ ਗੁੰਬਦੀਆਂ ਬਣੀਆਂ ਹਨ। ਗੁਰਦੁਆਰੇ ਦੇ ਅਹਾਤੇ ਵਿੱਚ ਕਾਲੇ-ਚਿੱਟੇ ਸੰਗਮਰਮਰ ਦੀ ਵਛਾਈ ਹੋਈ ਹੈ। ਹੇਠਾਂ ਲੰਗਰ ਹਾਲ ਵਿੱਚ ਲੰਗਰ ਵੀ ਛਕਿਆ।

ਇਸ ਤੋਂ ਬਾਅਦ ਅਸੀਂ ਨਾਖ਼ਾਸ ਚੌਂਕੇ, ਨੌਂ ਲੱਖਾ ਬਾਜ਼ਾਰ ਪੁੱਜੇ ਜਿੱਥੇ ‘ਭਾਈ ਤਾਰੂ ਸਿੰਘ ਅਤੇ ਗੁਰਦੁਆਰਾ ਸ਼ਹੀਦ ਗੰਜ ਸਿੰਘਾਂ ਸਿੰਘਣੀਆਂ’ ਹੈ ਇੱਥੇ ਸਿੰਘਣੀਆਂ ਨੇ ਆਪਣੇ ਬੱਚਿਆਂ ਦੇ ਟੋਟੇ-ਟੋਟੇ

ਕਰਵਾ ਲਏ ਪਰ ਧਰਮ ਨਹੀਂ ਛੱਡਿਆ। ਆਪਣੇ ਬੱਚਿਆਂ ਦੀਆਂ ਆਦਰਾਂ ਦੇ ਹਾਰ ਗਲ਼ਾਂ ਵਿੱਚ ਪਵਾ ਲਏ। ਖਨੀਂ-ਖਨੀਂ ਰੋਟੀ 'ਤੇ ਗੁਜ਼ਾਰਾ ਕੀਤਾ। ਸਵਾ-ਸਵਾ ਮਣ ਪੀਸਨ ਪੀਸੇ ਪਰ ਕਿਸੇ ਨੇ ਸੀ ਨਹੀਂ ਕੀਤੀ, ਧਰਮ ਨਹੀਂ ਛੱਡਿਆ। ਇਥੇ ਹੀ ਉਹ ਹੇਠਲੀ ਤਹਿ ਵਾਲੇ ਕਮਰੇ ਵੇਖੇ, ਜਿੱਥੇ ਇਨ੍ਹਾਂ ਸਿੰਘਣੀਆਂ ਨੂੰ ਕੈਦ ਕਰਕੇ ਰੱਖਿਆ ਸੀ ਅਤੇ ਦੋ ਕੁ ਚੱਕੀਆਂ ਦੇ ਪੁੜੇ ਅਜੇ ਤੱਕ ਉੱਥੇ ਮੌਜੂਦ ਹਨ। ਇਕ ਬਹੁਤ ਵੱਡਾ ਪ੍ਰਾਚੀਨ ਖੂਹ ਵੀ ਲਾਗੇ ਹੈ। ਇੱਥੇ ਹੀ ਭਾਈ ਤਾਰੂ ਸਿੰਘ ਨੂੰ ਵੀ ਸ਼ਹੀਦ ਕੀਤਾ ਗਿਆ ਸੀ। ਇਸ ਗੁਰਦੁਆਰਾ ਸਾਹਿਬ ਵਿੱਚ 'ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ' ਹੁੰਦਾ ਹੈ ਅਤੇ ਸੰਗਤਾਂ ਲਈ ਲੰਗਰ ਵੀ ਚੱਲਦਾ ਹੈ। ਦੂਜੇ ਦਿਨ ਬਸਾਂ ਰਾਹੀਂ ਸਾਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਲੈ ਜਾਇਆ ਗਿਆ। ਇਹ ਲਾਹੌਰ ਤੋਂ ਕਾਫ਼ੀ ਦੂਰ ਹੈ। ਨਾਰੋਵਾਲ ਜ਼ਿਲੇ ਵਿੱਚ ਆਉਂਦਾ ਹੈ। ਰਸਤੇ ਵਿੱਚ ਬੇਅੰਤ ਪਿੰਡ ਆਏ ਜਿਨ੍ਹਾਂ ਦੀ ਹਾਲਤ ਬੜੀ ਖਸਤਾ ਜਾਪਦੀ ਸੀ। ਧਾਈਆਂ ਦੇ ਵੱਡੇ-ਵੱਡੇ ਖੇਤ ਅਤੇ ਪਾਕਿਸਤਾਨ ਦੀ ਵਧੀਆ ਬਾਸਮਤੀ ਇਸੇ ਖੇਤਰ ਵਿੱਚ ਉਗਾਈ ਜਾਂਦੀ ਹੈ। ਇਸ ਖੇਤਰ ਵਿੱਚ ਵੱਡੇ-ਵੱਡੇ ਅਨਾਜ ਦੇ ਗੁਦਾਮ ਵੀ ਵੇਖੇ। ਇੱਥੇ ਬਹੁਤੀਆਂ ਸੜਕਾਂ ਕੱਚੀਆਂ ਸਨ ਅਤੇ ਮਿੱਟੀ ਗੁਬਾਰ ਖ਼ੂਬ ਉੱਡ ਰਿਹਾ ਸੀ। ਗੁਰਦੁਆਰਾ ਪਹਿਲੀ ਵੇਰ ਸਿੱਖ ਸੰਗਤਾਂ ਦੇ ਦਰਸ਼ਨਾਂ ਲਈ ਖੋਲਿਆ ਜਾ ਰਿਹਾ ਸੀ। ਸੁਰੱਖਿਆ ਦੇ ਕਰੜੇ ਪ੍ਰਬੰਧ ਕੀਤੇ ਗਏ ਸਨ। ਕਿਉਂਕਿ ਇੱਥੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੀ ਆਏ ਸਨ। ਬਹੁਤ ਹੀ ਵਧੀਆ ਪੰਡਾਲ ਸਜਾਏ ਗਏ ਸਨ। ਗੁਰੂ ਨਾਨਕ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਦੋ ਅਖ਼ੀਰਲੇ ਦਹਾਕੇ ਆਪਣੀ ਧਰਮ ਪਤਨੀ ਅਤੇ ਬੱਚਿਆਂ ਨਾਲ ਕਰਤਾਰਪੁਰ ਸਾਹਿਬ ਵਿੱਚ ਹੀ ਗੁਜ਼ਾਰੇ, ਜੋ ਬਾਅਦ ਵਿੱਚ ਸਿੱਖ ਧਰਮ ਦੀ ਪ੍ਰਮੁੱਖ ਮੰਜੀ ਹੋ ਨਿਬੜਿਆ। ਭਾਈ ਗੁਰਦਾਸ ਜੀ ਵੀ ਲਿਖਦੇ ਹਨ:

*"ਫ਼ਿਰਿ ਬਾਬਾ ਆਇਆ ਕਰਤਾਰਪੁਰਿ, ਭੇਖੁ ਉਦਾਸੀ ਸਗਲ ਉਤਾਰਾ। ਪਹਿਰਿ ਸੰਸਾਰੀ ਕਪੜੇ, ਮੰਜੀ ਬੈਠਿ ਕੀਆ ਅਵਤਾਰਾ।" (ਵਾਰ:1)*

ਕਰਤਾਰਪੁਰ ਸਾਹਿਬ ਵਿੱਚ ਹੀ ਭਾਈ ਲਹਿਣਾ (ਬਾਅਦ ਵਿੱਚ ਗੁਰੂ ਅੰਗਦ ਸਾਹਿਬ) ਨੇ ਗੁਰੂ ਨਾਨਕ ਸਾਹਿਬ ਤੋਂ ਸਿਖਿਆ ਗ੍ਰਹਿਣ ਕੀਤੀ ਅਤੇ ਗੁਰੂ ਜੀ ਨੇ ਇਨ੍ਹਾਂ ਨੂੰ ਆਪਣਾ ਰੂਹਾਨੀ ਪੈਰੋਕਾਰ ਨਿਯੁਕਤ ਕੀਤਾ। ਗੁਰੂ ਨਾਨਕ ਸਾਹਿਬ ਇੱਥੇ ਹੀ ਅੱਸੂ ਵਦੀ 10,1596 ਬਿਕਰਮੀ (7 ਸਤੰਬਰ 1539 ਨੂੰ ਇਲਾਹੀ ਜੋਤਿ ਵਿੱਚ ਲੀਨ ਹੋ ਗਏ। ਕਰਤਾਰਪੁਰ ਨੂੰ ਚਿਰੋਕਣਾ ਰਾਵੀ ਨੇ ਆਪਣੇ ਵਿੱਚ ਲੀਨ ਕਰ ਲਿਆ ਹੈ, ਪਰ ਗੁਰੂ ਸਾਹਿਬ ਦੇ ਸਿੱਖਾਂ ਅਤੇ ਸ਼ਰਧਾਲੂਆਂ ਨੇ 'ਡੇਰਾ ਬਾਬਾ ਨਾਨਕ' ਨਵਾਂ ਨਗਰ ਆਬਾਦ ਕੀਤਾ ਹੈ, ਜੋ ਰਾਵੀ ਦੇ ਦੂਜੇ ਕੰਢੇ ਹੈ। ਇਕ ਤਿੰਨ ਮੰਜ਼ਲੀ ਉੱਚੀ ਇਮਾਰਤ 'ਗੁਰਦੁਆਰਾ ਕਰਤਾਰਪੁਰ ਸਾਹਿਬ ਰਾਵੀ, ਪਾਤਸ਼ਾਹੀ ਪਹਿਲੀ' ਬਾਅਦ ਵਿੱਚ ਬਣਾਈ ਗਈ ਹੈ, ਜੋ ਹਿੰਦੋਸਤਾਨ ਪਾਕਿਸਤਾਨ ਸਰਹੱਦ ਤੋਂ ਵੀ ਨਜ਼ਰ ਆਉਂਦੀ ਹੈ। ਗੁਰਦੁਆਰੇ ਨਾਲ ਸਾਲਾਨਾ ਜਾਗੀਰ ਤੋਂ ਛੁੱਟ 70 ਏਕੜ ਜ਼ਮੀਨ ਕਈ ਪਿੰਡਾਂ ਵਿੱਚ ਮੌਜੂਦ ਹੈ। ਅਜੋਕੀ ਗੁਰਦੁਆਰਾ ਸਾਹਿਬ ਦੀ ਇਮਾਰਤ ਉਸਾਰੀ ਲਈ ਮਹਾਰਾਜਾ ਭੁਪਿੰਦਰ ਸਿੰਘ ਆਫ਼ ਪਟਿਆਲਾ ਨੇ ਇੱਕ ਲੱਖ ਪੈਂਤੀ ਹਜ਼ਾਰ ਛੇ ਸੋ ਰੁਪਏ ਦੀ ਰਕਮ ਨਾਲ ਉਸਾਰੀ ਸੀ। ਇਮਾਰਤ ਦੀ ਮੁਰੰਮਤ 1995 ਵਿੱਚ ਪਾਕਿਸਤਾਨ ਸਰਕਾਰ ਵਲੋਂ ਲੱਖਾਂ ਰੁਪਏ ਖ਼ਰਚ ਕੇ ਕੀਤੀ ਗਈ ਹੈ। ਇਮਾਰਤ ਸੁੰਦਰ ਤੇ ਵੱਡੀ ਹੈ। ਅੱਜਕਲ੍ਹ ਇਸਨੂੰ 'ਗੁਰਦੁਆਰਾ ਕਰਤਾਰਪੁਰ ਸਾਹਿਬ,

ਨਾਰੋਵਾਲ' ਆਖਿਆ ਜਾਂਦਾ ਹੈ। ਇਸ ਗੁਰਦੁਆਰੇ ਵਿੱਚ ਨਤਮਸਤਕ ਹੋਏ ਅਤੇ ਲੰਗਰ ਛਕਿਆ। ਵੱਡੇ ਪੰਡਾਲ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ, ਨਵਜੋਤ ਸਿੰਘ ਸਿੱਧੂ, ਬੀਬੀ ਹਰਸਿਮਰਤ ਕੌਰ ਬਾਦਲ, ਸ੍ਰ: ਗੁਰਦੀਪ ਸਿੰਘ ਪੁਰੀ, ਸ੍ਰ: ਗੋਬਿੰਦ ਸਿੰਘ ਲੋਗੋਂਵਾਲ ਆਦਿ ਵੀ ਮੌਜੂਦ ਸਨ। ਇੱਥੇ ਹੀ 'ਕਰਤਾਰਪੁਰ ਸਾਹਿਬ ਕੋਰੀਡੋਰ' ਦਾ ਨੀਂਹ ਪੱਥਰ ਰੱਖਿਆ ਗਿਆ। ਸ਼ਾਮ ਨੂੰ ਵਾਪਸ ਡੇਹਰਾ ਸਾਹਿਬ ਆਉਣਾ ਸੀ। ਰਾਤ ਸਮੇਂ ਸਾਨੂੰ ਗੁਜ਼ਰਾਂ ਵਾਲਾ ਜ਼ਿਲ੍ਹੇ ਦੇ ਪੁਰਾਤਨ ਨਗਰ 'ਏਮਨਾਬਾਦ' ਲਿਆਦਾਂ ਗਿਆ। ਗੁਰੂ ਨਾਨਕ ਜੀ ਦੇ ਸਮੇਂ ਇਸਨੂੰ ਸੈਦਪੁਰ ਜਾਂ ਸਿਆਦਪੁਰ ਆਖਿਆ ਜਾਂਦਾ ਸੀ। ਇਹ ਥਾਂ ਗੁਜ਼ਰਾਂ ਵਾਲਾ ਨਗਰ ਤੋਂ 13 ਕਿਲੋਮੀਟਰ ਦੂਰ ਹੈ। ਗੁਰੂ ਨਾਨਕ ਸਾਹਿਬ ਦਾ ਪ੍ਰਮੁੱਖ ਸਿੱਖ ਭਾਈ ਲਾਲੋ ਇਸ ਥਾਂ ਦਾ ਰਹਿਣ ਵਾਲਾ ਸੀ। ਗੁਰੂ ਸਾਹਿਬ ਅਤੇ ਰਬਾਬੀ ਮਰਦਾਨਾ ਕਈ ਵੇਰ ਇਸ ਨਗਰ ਆਏ ਸਨ। ਇਸੇ ਨਗਰ ’ਤੇ ਬਾਬਰ ਨੇ 1521 ਈ ਵਿੱਚ ਹਮਲਾ ਕੀਤਾ ਸੀ ਅਤੇ ਹੋਰ ਲੋਕਾਂ ਤੋਂ ਇਲਾਵਾ ਗੁਰੂ ਸਾਹਿਬ ਨੂੰ ਵੀ ਕੈਦ ਕਰਕੇ ਜੇਲ੍ਹ ਭੇਜ ਦਿਤਾ ਸੀ। ਗੁਰੂ ਸਾਹਿਬ ਨੂੰ ਜੇਲ੍ਹ ਵਿੱਚ ਦਾਣੇ ਪੀਹਣ ਵਾਲੀ ਚੱਕੀ ਦਿੱਤੀ ਗਈ। ਇੱਥੇ ਹੁਣ ਸੁੰਦਰ ਗੁਰਦੁਆਰਾ ਬਣਿਆ ਹੈ। ਇੱਕ ਵਿਸ਼ਾਲ ਸਰੋਵਰ ਵੀ ਨਾਲ ਹੈ। ਖ਼ਾਲਸਾ ਰਾਜ ਸਮੇਂ 5000 ਦੀ ਸਾਲਾਨਾ ਜਗੀਰ ਤੋਂ ਇਲਾਵਾ 225 ਏਕੜ ਜ਼ਮੀਨ ਲੱਗੀ ਹੋਈ ਸੀ। ਸਿੱਖ ਰਾਜ ਸਮੇਂ 1760 ਈ ਵਿੱਚ ਸ੍ਰ: ਚੜ੍ਹਤ ਸਿੰਘ ਸ਼ੁਕਰਚਕੀਏ ਨੇ ਇਹ ਨਗਰ ਫ਼ਤਹਿ ਕਰਕੇ ਕੇਸਰੀ ਨਿਸ਼ਾਨ ਲਹਿਰਾਏ। ਗੁਰੂ ਸਾਹਿਬ ਦੀ ਯਾਦ ਵਿੱਚ ਤਿੰਨ ਗੁਰਦੁਆਰੇ ਸਥਾਪਤ ਕੀਤੇ ਗਏ ਸਨ ਜਿਵੇਂ ਗੁਰਦੁਆਰਾ ਰੋੜੀ ਸਾਹਿਬ, ਗੁਰਦੁਆਰਾ ਚੱਕੀ ਸਾਹਿਬ ਅਤੇ ਗੁਰਦੁਆਰਾ ਖੂਹੀ ਭਾਈ ਲਾਲੋ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ 28 ਫ਼ਰਵਰੀ 1922 ਤੋਂ ਲੈ ਕੇ 1947 ਤੱਕ ਇਨ੍ਹਾਂ ਦਾ ਪ੍ਰਬੰਧ ਕਰਦੀ ਸੀ। ਬਾਅਦ ਵਿੱਚ ਪਾਕਿਸਤਾਨ ਔਕਾਫ਼ ਬੋਰਡ ਅਤੇ ਹੁਣ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਖਭਾਲ ਕਰ ਰਹੀ ਹੈ।1947 ਵਿੱਚ ਜਨੂਨੀ ਹਜ਼ੂਮ ਨੇ ਕਈ ਮੰਜ਼ਲਾਂ ਉੱਚੀ ਇਮਾਰਤ ਨੂੰ ਅੱਗ ਲਾ ਕੇ ਤਬਾਹ ਕਰ ਦਿੱਤਾ ਸੀ। ਇਸਦੀ ਪ੍ਰਮੁੱਖ ਖ਼ੂਬਸੂਰਤ ਡਿਉਢੀ ’ਤੇ ਤਿੰਨ ਗੁੰਬਦ ਨਜ਼ਰ ਆਉਦੇ ਹਨ ਅਤੇ ਕੇਂਦਰੀ ਗੁੰਬਦ ਹੇਠਾਂ ਖ਼ੂਬਸੂਰਤ ਗੁਰਮੁਖੀ ਅੱਖਰਾਂ ਵਿੱਚ 'ਗੁਰਦੁਆਰਾ ਰੋੜੀ ਸਾਹਿਬ' ਲਿਖਿਆ ਹੋਇਆ ਹੈ। ਮੁੱਖ ਦਰਵਾਜ਼ੇ ਅੰਦਰ ਜਾਦੇਂ ਹੀ 'ਰੋੜਾਂ ਦੀ ਗੁਰ ਕੀ ਵਿਛਾਈ' ਲਿਖਿਆ ਹੈ। ਭਾਈ ਗੁਰਦਾਸ ਜੀ ਨੇ ਵੀ ਆਪਣੀ ਪਹਿਲੀ ਵਾਰ (24 ਪਉੜੀ) ਵਿੱਚ ਜ਼ਿਕਰ ਕੀਤਾ ਹੈ। ਪਹਿਲਾਂ ਵਿਸਾਖੀ ਅਤੇ ਕੱਤਕ ਦੀ ਪੂਰਨਮਾਸ਼ੀ ਨੂੰ ਮੇਲਾ ਜੁੜਦਾ ਸੀ। ਹੁਣ ਕੇਵਲ ਵਿਸਾਖੀ ਨੂੰ ਜੋੜਮੇਲਾ ਹੁੰਦਾ ਹੈ। ਇਸ ਜੋੜਮੇਲੇ ਵਿੱਚ ਗੁਜ਼ਰਾਂ ਵਾਲੇ ਅਤੇ ਆਸਪਾਸ ਦੇ ਪਿੰਡਾਂ ਦੇ ਲੋਕ ਹੁੰਮ-ਹੁੰਮਾ ਕੇ ਆਉਦੇਂ ਹਨ। ਇਸ ਗੁਰਦੁਆਰੇ ’ਤੇ ਲੱਖਾਂ ਰੁਪਏ ਖ਼ਰਚ ਕੇ ਇਮਾਰਤ ਨੂੰ ਠੀਕ ਅਤੇ ਚਾਰ-ਦੀਵਾਰੀ ਕੀਤੀ ਗਈ ਹੈ।

ਇਥੋਂ ਅਸੀਂ ਸਿੱਧੇ ਗੁਰਦੁਆਰਾ ਡੇਹਰਾ ਸਾਹਿਬ ਪੁੱਜੇ। 30 ਨਵੰਬਰ ਨੂੰ ਆਪਣੇ ਪਾਸਪੋਰਟ ਲੈ ਲਏ। ਡੇਹਰਾ ਸਾਹਿਬ ਦੇ ਬਾਹਰ ਹੀ ਵਿਸ਼ਾਲ ਬਾਗ਼ ਬਣਿਆ ਹੈ ਜਿਸ ਵਿੱਚ 'ਮੀਨਾਰੇ-ਪਾਕਿਸਤਾਨ' ਅਸਮਾਨੀ ਛੂਹਾਂ' ਨਾਲ ਵੱਖਰਾ ਨਜ਼ਾਰਾ ਪੇਸ਼ ਕਰਦਾ ਹੈ। ਪੁਰਾਣੇ ਕਿਸਮ ਦੀਆਂ ਚਿੱਟੀਆਂ ਬੱਗੀਆਂ ਵੀ ਸਵਾਰੀਆਂ ਲਈ ਰੱਖੀਆਂ ਹੋਈਆਂ ਹਨ। ਇੱਥੇ ਹੀ ਪਾਕਿਸਤਾਨੀ ਰੁਪਏ ਬਦਲਾ ਕੇ ਭਾਰਤੀ ਰੁਪਏ ਲੈ ਲਏ। ਵਾਹਗਾ ਬਾਡਰ ਤੋਂ ਹੁੰਦੇ ਹੋਏ ਅਟਾਰੀ ਪੁੱਜੇ ਜਿੱਥੇ ਸਾਮਾਨਾਂ ਦੀ ਖ਼ੂਬ ਤਲਾਸ਼ੀ ਹੋਈ ਅਤੇ ਬੈਗ

ਵਿੱਚੋਂ ਇੱਕ-ਇੱਕ ਕੱਪੜਾ ਕੱਢ ਕੇ ਸੁਤੰਸ਼ਟੀ ਹੋਈ, ਸਾਡੇ ਆਪਣੇ ਕਸਟਮ ਅਧਿਕਾਰੀਆਂ ਦੀ। ਉਥੋਂ ਸਿੱਧੇ ਹੀ ਬੱਸਾਂ ਫੜ੍ਹ ਕੇ ਜੰਮੂ ਪੁੱਜੇ ਅਤੇ ਗੁਰਦੁਆਰਾ ਸਾਹਿਬ ਪੁੱਜ ਕੇ 'ਅਕਾਲਪੁਰਖ' ਦਾ ਧੰਨਵਾਦ ਕੀਤਾ।

**Sant Niwas, H.No 668,**
**Sector 4A, Hamdanya Colony,**
**Bemina, Srinagar 190018.kashmir.**
**Email:** Jbsingh.801@gmail.com

ੴ

# ਝੀਲਾਂ ਦੇ ਸ਼ਹਿਰ ਦੀ ਯਾਤਰਾ

**❑ ਰਤਨ ਸਿੰਘ ਕੰਵਲ**

ਬਹੁਤ ਘੱਟ ਲੋਕ ਸੰਸਾਰ 'ਚ ਹੋਣਗੇ ਜਿਨ੍ਹਾਂ ਨੂੰ ਆਪਣੇ ਆਲੇ-ਦੁਆਲੇ ਤੋਂ ਛੁੱਟ ਹੋਰ ਕੁਝ ਵੇਖਣ ਮਾਣਨ ਦਾ ਸ਼ੌਂਕ ਨਹੀਂ ਹੋਵੇਗਾ। ਉਂਝ ਤਾਂ ਸਾਰਿਆਂ ਨੂੰ ਹੀ ਦੁਨੀਆ ਵੇਖਣ ਦਾ ਚਾਅ ਹੁੰਦਾ ਹੈ। ਖ਼ੂਬਸੂਰਤ ਥਾਵਾਂ, ਬਸਤੀਆਂ, ਲੋਕ ਤੇ ਲੋਕਾਂ ਦਾ ਭਿੰਨ-ਭਿੰਨ ਸਭਿਆਚਾਰ ਜਾਂ ਰਹਿਣ-ਸਹਿਣ ਹੋਰ ਵੀ ਖਿੱਚ ਪਾਉਂਦਾ ਹੈ। ਜੇ ਕਿਸੇ ਨੂੰ ਅਵਸਰ ਮਿਲ ਜਾਏ ਤਾਂ ਇਹ ਉਸ ਦੀਆਂ ਯਾਦਾਂ ਦਾ ਸੁਨਹਿਰੀ ਪੰਨਾ ਬਣ ਜਾਂਦਾ ਹੈ, ਜਿਸਨੂੰ ਉਹ ਜੀਵਨ ਦੇ ਕਿਸੇ ਮੋੜ 'ਤੇ ਵੀ, ਦੁੱਖਾਂ-ਸੁੱਖਾਂ ਵੇਲੇ ਫ਼ਰੋਲ ਕੇ ਪੜ੍ਹ ਲੈਂਦਾ ਹੈ। ਅਫ਼ਸੋਸ ਸਾਰਿਆਂ ਨੂੰ ਇਹ ਅਵਸਰ ਨਹੀਂ ਮਿਲਦੇ। ਕਈ ਲੋਕ ਭਾਰਤ ਦੇ ਜੰਮਪਲ, ਭਾਰਤ ਦਰਸ਼ਨ ਵੀ ਪੂਰਨ ਤੌਰ ਨਹੀਂ ਕਰ ਸਕਦੇ, ਹੋਰਾਂ ਦੇਸ਼ਾਂ ਦਾ ਭਰਮਣ ਤਾਂ ਉਨ੍ਹਾਂ ਲਈ ਇਕ ਸੁਪਨਾ ਹੀ ਬਣ ਕੇ ਰਹਿ ਜਾਂਦਾ ਹੈ। ਮੈਂ ਵੀ ਆਪਣੇ-ਆਪ ਨੂੰ ਇਨ੍ਹਾਂ ਲੋਕਾਂ ਤੋਂ ਭਿੰਨ ਨਹੀਂ ਸਮਝਦਾ ਜੋ ਜੰਮੂ-ਕਸ਼ਮੀਰ ਦੇ ਦੱਖਣ-ਉੱਤਰ ਵੱਲ ਦੀ ਰਹਿੰਦ-ਖੂੰਦ ਵਿਚ ਬੈਠਾ ਤਸਵੀਰਾਂ ਤੇ ਤਸੱਵਰਾਂ ਤੋਂ ਮਨ ਪਰਚਾ ਲੈਂਦਾ ਹੈ। ਇਕ ਦਿਨ ਮਜ਼ਬੂਰੀ ਵਸ ਜਾਂ ਭਾਗਾਂ ਨਾਲ ਮਧਿਆ ਪ੍ਰਦੇਸ਼ ਦੀ ਰਾਜਧਾਨੀ ਭੂਪਾਲ ਜਾਣ ਦਾ ਅਵਸਰ ਮਿਲ ਗਿਆ। ਬੇਟੇ, ਹਰਪ੍ਰੀਤ ਨੇ, ਭੂਪਾਲ ਦੇ ਇਕ ਕਾਲਜ ਵਿਚ ਦਾਖਲਾ ਲੈਣਾ ਸੀ ਅਤੇ ਉਹਦੇ ਨਾਲ ਜਾਣਾ ਮੈਂ ਜ਼ਰੂਰੀ ਸਮਝਿਆ। ੧੨ ਨਵੰਬਰ ੨੦੧੨ ਨੂੰ ਅਸੀਂ ਘਰੋਂ ਸੱਤ ਕੁ ਵਜੇ, ਸਵੇਰੇ ਤੁਰੇ ਅਤੇ ਸ਼ਾਮੀਂ ਪੰਜ ਕੁ ਵਜੇ ਜੰਮੂ ਪੁੱਜ ਗਏ। ਲਗਭਗ ਤਿੰਨ ਸੌ ਕਿਲੋਮੀਟਰ ਦਾ ਸਫ਼ਰ ਦਸਾਂ ਘੰਟਿਆਂ ਵਿਚ ਕੱਢਿਆ। ਥਾਂ-ਥਾਂ 'ਤੇ ਨੈਸ਼ਨਲ ਹਾਈਵੇ ਖ਼ਰਾਬ ਹੋਣ ਕਰਕੇ ਅਤੇ ਟ੍ਰੈਫ਼ਿਕ ਜੈਮਿੰਗ ਕਰਕੇ ਸਮਾਂ ਵੱਧ ਲੱਗ ਗਿਆ। ਸਰੀਰ ਦਾ ਪੋਟਾ-ਪੋਟਾ ਦੁਖ ਰਿਹਾ ਸੀ। ਉਦੋਂ ਸੜਕ ਦੀ ਹਾਲਤ ਅੱਜ ਨਾਲੋਂ ਵਧੇਰੇ ਖ਼ਰਾਬ ਅਤੇ ਤੰਗ ਸੀ।

ਦੋ ਦਿਨ ਸੁਰਿੰਦਰ ਸਿੰਘ (ਬਬਲੂ) ਦੇ ਘਰ ਨਾਨਕ ਨਗਰ ਵਿਖੇ ਠਹਿਰੇ ਜੋ ਮੇਰੇ ਸਹੁਰਾ ਪਰਿਵਾਰ ਵਿੱਚੋਂ, ਮੇਰਾ ਸਾਲਾ ਲੱਗਦਾ ਹੈ। ਭੂਪਾਲ ਜਾਣ ਲਈ ਰੇਲਵੇ ਦਾ ਟਿਕਟ ਪੰਦਰਾਂ ਨਵੰਬਰ ਦਾ ਸੀ। ਦੋ-ਤਿੰਨ ਦਿਨ ਪਹਿਲਾਂ ਹੀ ਜੰਮੂ ਪੁੱਜਣ ਦੀ ਵੀ ਸਾਡੀ ਇਕ ਮਜ਼ਬੂਰੀ ਸੀ। ਬਾਰਿਸ਼ ਦਾ ਇਮਕਾਨ ਸੀ ਅਤੇ ਜੰਮੂ-ਸ੍ਰੀਨਗਰ ਹਾਈਵੇ ਚੱਟਾਨਾਂ ਅਤੇ ਪੱਥਰ ਖਿਸਕਣ ਨਾਲ ਬੰਦ ਹੋ ਸਕਦੀ ਸੀ। ਦੋ-ਤਿੰਨ ਦਿਨ ਅਸੀਂ ਸੁਰਿੰਦਰ ਦੇ ਘਰੇ ਹੀ ਅਰਾਮ ਕੀਤਾ, ਥਕਾਵਟ ਵੀ ਦੂਰ ਹੋਈ ਅਤੇ ਅੱਗੇ ਦਾ ਸਫ਼ਰ ਕੱਛਣ ਲਈ ਵੀ ਤਿਆਰ ਹੋਏ।

ਸੁਰਿੰਦਰ ਸਿੰਘ ਸਾਨੂੰ ਪੰਦਰਾਂ ਨਵੰਬਰ ਨੂੰ ਸੁਵੱਖਤੇ ਹੀ, ਆਪਣੀ ਗੱਡੀ ਵਿਚ ਜੰਮੂ ਰੇਲਵੇ ਸਟੇਸ਼ਨ 'ਤੇ ਛੱਡ ਆਇਆ। ਮਾਲਵਾ ਐਕਸਪ੍ਰੈਸ, ਸੈਕੰਡ-ਕਲਾਸ ਦੀਆਂ ਟਿਕਟਾਂ ਅਸਾਂ ਦਸ ਦਿਨ ਪਹਿਲਾਂ ਓ.ਕੇ. ਕਰਵਾ ਲਈਆਂ ਸਨ। ਸੋ ਸੀਟ/ਬਰਥ ਨਾ ਮਿਲਣ ਦੀ ਕੋਈ ਚਿੰਤਾ ਨਹੀਂ ਸੀ। ਟਰੇਨ ਵੀ ਕੁਝ ਲੇਟ ਹੋ ਗਈ ਅਤੇ ਨੌਂ ਵਜੇ ਸਵੇਰੇ ਚਲੀ। ਮੈਂ ਖੱਬੇ ਪਾਸੇ, ਬਾਰੀ ਵਾਲੀ ਸੀਟ 'ਤੇ ਬਹਿ ਗਿਆ। ਦਿੱਲੀ ਤੱਕ ਮੈਂ ਇੰਝ ਹੀ ਬੈਠਿਆ ਰਿਹਾ। ਦੌੜਦੀ ਹੋਈ ਟ੍ਰੇਨ ਦੇ ਨਾਲ-ਨਾਲ ਮੇਰੀ ਨਿਗਾਹ ਵੀ ਦੂਰ ਦਿਸਹੱਦਿਆਂ ਤੱਕ ਚਲੀ ਜਾਂਦੀ। ਪੰਜਾਬ, ਹਰਿਆਣਾ ਦੇ ਖੇਤਰਾਂ ਵਿੱਚੋਂ ਲੰਘਦਿਆਂ ਹਰੇ-ਭਰੇ ਖੇਤਾਂ, ਖਲਿਆਨਾਂ, ਰੁੱਖਾਂ-ਬੂਟਿਆਂ ਦੇ ਨਜ਼ਾਰਿਆਂ ਨੂੰ ਮਾਣਦਿਆਂ ਮੈਂ ਸਵਾਦ-ਸਵਾਦ ਹੋ

ਰਿਹਾ ਸਾਂ। ਮੈਂ ਕਿਸੇ ਨਾਲ ਕੋਈ ਗੱਲ ਕਰਨ ਨੂੰ ਵੀ ਰਾਜ਼ੀ ਨਹੀਂ ਸਾਂ। ਵੇਖਦਿਆਂ-ਵੇਖਦਿਆਂ, ਵਿੱਚੋਂ- ਵਿੱਚੋਂ, ਗੈਰਮਨਸੂਬਾਬੰਦ ਤੈਅਸੀਰੀ ਢਾਂਚੇ ਦੰਦਾਂ ਥੱਲੇ ਰੇਤ ਵਾਂਗ ਆ ਜਾਂਦੇ ਅਤੇ ਨਜ਼ਰ ਮੈਲੀ ਹੋ ਜਾਂਦੀ। ਬੇਤਹਾਸ਼ਾ ਅਬਾਦੀ ਦੇ ਵਧਣ ਨਾਲ ਜਿੱਥੇ ਹਰਿਆਲੀ ਤੇ ਜੰਗਲ ਮੁਕਦੇ ਜਾ ਰਹੇ ਹਨ, ਅਨਾਜਾਂ, ਸਬਜ਼ੀਆਂ ਅਤੇ ਮੇਵਿਆਂ ਦੀ ਪੈਦਾਵਾਰ ਵੀ ਘਟਦੀ ਜਾ ਰਹੀ ਹੈ। ਬੇਢੱਬੀਆਂ ਬਸਤੀਆਂ ਦੈਂਤਾਂ ਵਾਂਗ, ਸਿਰ ਚੁੱਕ ਕੇ, ਮੁਸਕਰਾ ਰਹੀਆਂ ਸਨ। ਜੰਗਲ-ਬੇਲਿਆਂ ਦਾ ਕਾਫ਼ੀਆ ਤੰਗ ਹੋਣ ਨਾਲ ਪਸ਼ੂ-ਪੰਛੀਆਂ ਦਾ ਰਹਿਣ-ਸਹਿਣ ਵੀ ਪ੍ਰਭਾਵਿਤ ਹੋਇਆ ਹੈ ਅਤੇ ਹੋ ਰਿਹਾ ਹੈ। ਮਨੁੱਖ ਉਨ੍ਹਾਂ ਦੇ ਰਹਿਣ-ਸਹਿਣ ਦਾ ਹੱਕ ਖੋਹ ਰਿਹਾ ਹੈ। ਜ਼ਰਖੇਜ਼ ਜ਼ਮੀਨ ਦਾ ਚੋਖਾ ਹਿੱਸਾ ਚੌੜੀਆਂ ਸੜਕਾਂ, ਰੇਲ-ਪਟਰੀਆਂ ਅਤੇ ਕਾਰਖ਼ਾਨਿਆਂ ਆਦਿ ਨੇ ਵੀ ਨਿਗਲ ਲਿਆ ਹੈ। ਇਹ ਵੀ ਇਕ ਸੋਚਣ ਦਾ ਵਿਸ਼ਾ ਹੈ। ਮੈਨੂੰ ਯਕੀਨ ਹੈ ਕਈ ਯਾਤਰੀ, ਸਫ਼ਰ ਦੌਰਾਨ ਇੰਝ ਹੀ ਸੋਚਦੇ ਹੋਣਗੇ। ਸੁੱਖ-ਸੁਵਿਧਾਵਾਂ ਆਪਣੇ-ਆਪ ਵਿਚ ਮਾੜੀਆਂ ਨਹੀਂ ਪਰ ਭਵਿੱਖ ਦੀ ਕੀਮਤ 'ਤੇ ਨਹੀਂ ਜਿੱਥੇ ਸਾਨੂੰ ਕਿਸੇ ਹੋਰ ਗ੍ਰਹਿ ਦੀ ਭਾਲ ਕਰਨੀ ਪੈ ਜਾਏ ਜੋ ਸੰਭਵ ਵੀ ਹੈ ਪਰ ਸਹਿਜ ਨਹੀਂ।

ਜਦੋਂ ਹਨ੍ਹੇਰੇ ਦੀ ਚਾਦਰ ਨੇ ਬਾਹਰ ਦਿਸ ਰਹੇ ਨਜ਼ਾਰਿਆਂ ਨੂੰ ਢੱਕ ਲਿਆ ਤਾਂ ਮੈਂ ਵੀ ਖਿੜਕੀ ਦੀਆਂ ਦੋਵੇਂ ਪਰਤਾਂ ਬੰਦ ਕਰ ਲਈਆਂ। ਬਾਹਰ ਹੁਣ ਠੰਡੀ ਹਵਾ ਵੀ, ਚੁਭਵੀਂ ਜਿਹੀ ਚਲ ਰਹੀ ਸੀ। ਨਾਲ ਚੁੱਕੀ ਰੋਟੀ ਦੀ ਪੋਟਲੀ ਖੋਲ੍ਹ ਕੇ ਦੋਵਾਂ ਪਿਓ-ਪੁੱਤਾਂ ਨੇ ਖਾ ਲਈ। ਸਵੇਰੇ ਸੁਰਿੰਦਰ ਨੇ ਬ੍ਰੇਕਫ਼ਾਸਟ ਵੀ ਭਾਰੀ ਹੀ ਕਰਵਾਇਆ ਸੀ। ਦਿਨੇ ਖਾਣ ਦੀ ਲੋੜ ਵੀ ਮਹਿਸੂਸ ਨਹੀਂ ਹੋਈ। ਕਿਤੇ-ਕਿਤੇ ਛਾਬੜੀ ਵਾਲਿਆਂ ਕੋਲੋਂ ਫ਼ਲ ਫਰੂਟ ਜਾਂ ਦਾਲ-ਚਨੇ ਖ਼ਰੀਦ ਕੇ ਖਾ ਲੈਂਦੇ ਸਾਂ। ਬਾਹਰੋਂ ਧਿਆਨ ਹਟ ਗਿਆ ਤਾਂ ਆਸੇ-ਪਾਸੇ ਬੈਠੇ ਯਾਤਰੀਆਂ ਨਾਲ ਵੀ ਗੱਲਬਾਤ ਕਰਨ ਨੂੰ ਜੀਅ ਕਰ ਰਿਹਾ ਸੀ। ਖਾਣਾ ਵੀ ਲਗਭਗ ਸਾਰਿਆਂ ਨੇ ਇੱਕਠਿਆਂ ਹੀ ਖਾਧਾ ਸੀ ਅਤੇ ਇਕ-ਦੂਜੇ ਨੂੰ ਖਾਣਿਆਂ ਵਿੱਚੋਂ ਕੁਝ ਨਾ ਕੁਝ ਖਾਣ ਲਈ ਆਫ਼ਰ ਵੀ ਕੀਤਾ ਸੀ। ਅਸੀਂ ਵੀ ਅੰਡੇ ਦੀ ਭੁਰਜੀ ਤੇ ਆਲੂ ਚਿਪਸ ਸ਼ਿਅਰ ਕੀਤੇ। ਕਿਹਾ ਜਾਂਦਾ ਹੈ ਇੱਕਠਿਆਂ ਖਾਣ ਨਾਲ ਹੀ ਨੇੜਤਾ ਵਧਦੀ ਹੈ ਅਤੇ ਮਨ ਭਿੱਜਦਾ ਹੈ। ਪਰ ਅੰਦਰੋਂ ਕਿਸੇ ਭੈੜੇ ਬੰਦੇ ਦੇ ਟੱਕਰ ਜਾਣ ਦਾ ਧੜਕਾ ਵੀ ਲੱਗਿਆ ਰਹਿੰਦਾ ਹੈ। ਇਹ ਵੀ ਆਪਣੇ ਵਸ ਵਿਚ ਨਹੀਂ ਕਿ ਬੰਦਾ ਆਪਣੀ ਮਰਜ਼ੀ ਦਾ ਮਿਲੇ। 'ਚੰਗੇ ਬੰਦਿਆਂ' ਨਾਲ ਮਿਲਾਪ ਹੋਣਾ ਵੀ ਇਤਫ਼ਾਕ ਹੀ ਹੈ। ਕਈ ਲੋਕ ਝਗੜਾਲੂ, ਚਿੜਚਿੜੇ ਤੇ ਖੁੰਦਕੀ ਹੁੰਦੇ ਹਨ। ਜੇ ਕੋਈ, ਬਿਨਾਂ ਸੀਟ ਦਾ ਬੰਦਾ ਇਨ੍ਹਾਂ ਦੀ ਸੀਟ ਜਾਂ ਬਰਥ 'ਤੇ ਦੋ ਪਲ ਥਕੇਵਾਂ ਲਾਹੁਣ ਲਈ ਬਹਿ ਜਾਏ ਤਾਂ ਇਹ ਬਹੁਤ ਔਖੇ ਹੁੰਦੇ ਹਨ। ਧੱਕਾ ਮਾਰ ਕੇ ਹੇਠਾਂ ਵੀ ਸੁੱਟ ਸਕਦੇ ਹਨ। ਜੇ ਕੋਈ ਇਧਰੋਂ ਵੀ ਭਾਜੀ ਮੋੜਨ ਵਾਲਾ ਹੋਵੇ ਤਾਂ ਹੱਥਾਪਾਈ ਦੀ ਨੌਬਤ ਵੀ ਆ ਜਾਂਦੀ ਹੈ। ਹੋਰਾਂ ਯਾਤਰੀਆਂ ਲਈ ਤਮਾਸ਼ਾ ਬਣ ਜਾਂਦਾ ਹੈ। ਜੇ ਆਸੇ-ਪਾਸੇ ਕੋਈ ਹਮਦਰਦ ਤੇ ਸੰਵੇਦਨਸ਼ੀਲ ਬੰਦਾ ਹੋਵੇ ਤਾਂ ਸਮਝਾ-ਬੁਝਾ ਕੇ ਸਹਿਜ ਵੀ ਕਰਵਾ ਸਕਦਾ ਹੈ। ਨਹੀਂ ਤਾਂ ਬੋਗੀ ਦਾ ਵਾਤਾਵਰਨ ਮੰਜ਼ਿਲ ਤੱਕ ਕਸੈਲਾ-ਕਸੈਲਾ ਬਣਿਆ ਰਹਿੰਦਾ ਹੈ। ਇੱਥੇ ਹੀ ਬਸ ਨਹੀਂ, ਟਰੇਨਾਂ ਵਿਚ ਜਿਸ ਕਦਰ ਜੇਬਾਂ ਕਟੀਆਂ ਜਾਂਦੀਆਂ ਹਨ, ਸਾਮਾਨ ਚੋਰੀ ਹੋ ਜਾਂਦਾ ਹੈ ਜਾਂ ਕਈ ਵਾਰੀ ਕਤਲ ਵੀ ਹੋ ਜਾਂਦਾ ਹੈ, ਯਾਦ ਆਉਂਦਿਆਂ ਹੀ ਬੇਚੈਨੀ ਪੈਦਾ ਹੋ ਜਾਂਦੀ ਹੈ। ਕਈ ਯਾਤਰੂ ਇਸ ਡਰ ਕਾਰਨ ਰਾਤੀਂ ਜਾਗਦੇ ਹੀ ਰਹਿੰਦੇ ਹਨ। ਇਹ ਸਾਰੇ ਖ਼ਦਸ਼ੇ ਮੇਰੇ ਦਿਮਾਗ਼ ਵਿਚ ਵੀ ਸਨ। ਮੈਨੂੰ ਇਸ ਗੱਲ ਦਾ ਵੀ ਅਨੁਭਵ ਸੀ ਕਿ ਟਰੇਨ ਵਿਚਲੀ ਜਾਣ-ਪਛਾਣ ਤੇ ਦੋਸਤੀ ਕਦੀ-ਕਦੀ ਉਮਰਾਂ ਤੱਕ ਨਿਭਦੀ ਹੈ। ਜੇ ਕਿਸੇ ਨਾਲ ਤਾਰ ਜੁੜ ਜਾਣ ਤਾਂ ਖਾਣ-ਪੀਣ ਹੀ ਨਹੀਂ, ਸਫ਼ਰ ਦਾ ਵਿਚਲਾ ਦੁੱਖ-ਸੁੱਖ ਵੀ ਸਾਂਝਾ ਹੋ ਜਾਂਦਾ ਹੈ। ਫ਼ੋਨ ਨੰਬਰ ਜਾਂ ਪਤਾ ਨੋਟ ਕੀਤਾ ਹੋਇਆ ਸਾਰੀ ਉਮਰ ਜੋੜੀ ਰੱਖ ਸਕਦਾ ਹੈ ਜੇ ਵਿੱਚੋਂ ਕੋਈ ਵਿਘਨ ਨਾ ਪੈ ਜਾਏ। ਕਈ ਬੰਦੇ ਅੰਤਰਮੁਖੀ ਹੁੰਦੇ ਹਨ। ਬਸ ਵੇਖਦੇ ਸੋਚਦੇ ਰਹਿੰਦੇ ਹਨ। ਕਿਹਾ ਜਾਂਦਾ ਹੈ, ਰੇਲ

ਦੇ ਸਫ਼ਰ ਦੌਰਾਨ ਬਹੁਤ ਵਧੀਆ ਰਚਨਾਵਾਂ ਲੇਖਕਾਂ ਦੇ ਦਿਮਾਗ਼ ਵਿਚ ਕਨਸੀਵ ਹੋਈਆਂ ਹਨ ਜੋ ਬਾਅਦ ਵਿਚ ਕਾਗ਼ਜ਼ 'ਤੇ ਉਤਰ ਕੇ ਮਾਸਟਰ ਪੀਸ ਸਾਬਤ ਹੋਈਆਂ।

ਰਾਤ ਦੀ ਰੋਟੀ ਖਾਣ ਤੋਂ ਬਾਅਦ ਅਸੀਂ ਨੇੜੇ-ਨੇੜੇ ਗੱਲੀਂ ਰੁੱਝ ਗਏ। ਹੁਣ ਅਸੀਂ (ਆਸੇ-ਪਾਸੇ ਬੈਠੇ ਯਾਤਰੀ) ਦਿਲੋਂ ਵੀ ਇਕ-ਦੂਜੇ ਨੂੰ ਸਹਿਣ ਕਰ ਰਹੇ ਸਾਂ। ਇਨ੍ਹਾਂ ਵਿੱਚੋਂ ਕੁਝ ਬੰਦੇ ਵਧੇਰੇ ਹੀ ਮਿਲਾਪੜੇ ਤੇ ਹਸਮੁਖ ਸਨ। ਵਾਤਾਵਰਨ ਵੀ ਖੁਸ਼ਹਾਲ ਬਣ ਗਿਆ ਸੀ, ਸਾਡੇ ਆਲੇ-ਦੁਆਲੇ। ਰਾਤ ਦਾ ਚੋਖਾ ਸਮਾਂ ਲੰਘ ਗਿਆ, ਹੁਣ ਅੱਖਾਂ ਵੀ ਨੀਂਦਰ ਨਾਲ ਭਾਰੀ ਹੋ ਗਈਆਂ ਤੇ ਅਸਾਂ ਸਲੀਪਰਾਂ ਦੇ ਫੱਟੇ ਉੱਪਰ ਚੜ੍ਹਾ ਕੇ ਸੰਗਲਾਂ ਨਾਲ ਬੰਨ੍ਹ ਦਿੱਤੇ ਤੇ ਸੌਂ ਗਏ। ਜਦੋਂ ਜਾਗੇ ਤਾਂ ਪਹੁ-ਫੁਟਾਲਾ ਹੋ ਚੁਕਿਆ ਸੀ। ਬਾਹਰ ਛੋਟੇ-ਛੋਟੇ ਟੀਲੇ ਤੇ ਪਹਾੜੀਆਂ ਨਜ਼ਰ ਆਉਣ ਲਗ ਪਈਆਂ ਸਨ ਜੋ ਹਰਿਆਲੀ ਤੋਂ ਸੱਖਣੇ, ਸੂਰਜ ਦੀ ਤਪਸ਼ ਨਾਲ ਸੜ-ਭੁੱਜ ਕੇ ਲਾਲ ਸੂਹੇ ਜਿਹੇ ਹੋ ਗਏ ਸਨ। ਕੁਝ ਤਾਂ ਮੈਨੂੰ, ਗੋਡਿਆਂ 'ਚ ਸਿਰ ਦੇ ਕੇ ਬੈਠੇ ਆਦਮੀ ਲੱਗ ਰਹੇ ਸਨ ਜੋ ਆਪਣੇ ਅੰਦਰ ਦੇ ਦੁੱਖਾਂ-ਦਰਦਾਂ ਨੂੰ ਸਹਿਲਾਉਂਦੇ ਹੋਏ ਪਿੱਛੇ ਨੂੰ ਜਾ ਰਹੇ ਸਨ।

ਸਾਢੇ ਸੱਤ ਵਜੇ ਅਸੀਂ ਭੂਪਾਲ ਪੁੱਜ ਗਏ। ਸਟੇਸ਼ਨ ਤੋਂ ਬਾਹਰ ਨਿਕਲ ਕੇ ਚਾਹ ਪੀਤੀ ਅਤੇ ਮੂੰਹ-ਹੱਥ ਧੋਤੇ। ਮੈਟਾਡੋਰ-ਅੱਡਾ ਲਾਗੇ ਹੀ ਸੀ ਜਿੱਥੋਂ ਸਾਨੂੰ 'ਲਾਲ-ਘਾਟੀ' ਨੂੰ ਜਾਣ ਵਾਲੀ ਮੈਟਾਡੋਰ ਮਿਲ ਗਈ, ਜਿੱਥੇ ਅਸੀਂ ਉਤਰਨਾ ਸੀ। ਲਾਲ-ਘਾਟੀ ਤੱਕ ਅਸਾਂ ਕੰਡੈਕਟਰ ਨੂੰ ਚਾਲ੍ਹੀ ਰੁਪਈਏ ਦਿੱਤੇ। ਬਾਅਦ ਵਿਚ ਪਤਾ ਚਲਿਆ, ਮੈਟਾਡੋਰ ਦਾ ਕਿਰਾਇਆ ਕੇਵਲ ਦਸ ਰੁਪਏ ਹੈ। ਦੋਵਾਂ ਸਵਾਰੀਆਂ ਦੇ ਵੀਹ ਰੁਪਏ। ਪਰ ਕੰਡੈਕਟਰ ਨੇ ਸਾਡੇ ਕੋਲੋਂ ਵੀਹ ਰੁਪਏ ਫ਼ਾਲਤੂ ਲੈ ਲਏ ਸਨ। ਮੈਨੂੰ ਕੰਡੈਕਟਰ ਦੀ ਬੇਈਮਾਨੀ 'ਤੇ ਬਹੁਤ ਦੁੱਖ ਹੋਇਆ। ਇੰਝ ਅਣਵਿਸ਼ਵਾਸ ਦਾ ਪਾਤਰ ਸਾਰਾ ਸ਼ਹਿਰ ਹੀ ਬਣ ਜਾਂਦਾ ਹੈ। ਇਹ ਵੀ ਸੱਚ ਹੈ ਕਿ ਹੱਥ ਦੀਆਂ ਸਾਰੀਆਂ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ ਪਰ ਪਹਿਲੀ ਸੱਟੇ ਇੰਝ ਹੀ ਮਹਿਸੂਸ ਹੁੰਦਾ ਹੈ। ਅਕਸਰ ਲੋਕਾਂ ਤੋਂ ਮੈਂ ਸੁਣਿਆ ਹੈ ਅਨਜਾਣ ਪਰਦੇਸੀ ਕਿਤੇ ਨਾ ਕਿਤੇ ਧੋਖਾ ਖਾ ਜਾਂਦਾ ਹੈ ਜਾਂ ਦੇਸੀ ਲੋਕਾਂ ਦੀ ਬੇਈਮਾਨੀ ਦਾ ਸ਼ਿਕਾਰ ਹੋ ਜਾਂਦਾ ਹੈ। ਪਰ ਕਈ ਦੇਸ਼ਾਂ ਵਿਚਲੀਆਂ ਖ਼ਬਰਾਂ ਸੁਣ ਕੇ ਮਨ ਖ਼ੁਸ਼ ਹੋ ਜਾਂਦਾ ਹੈ। ਮੇਰੇ ਇਕ ਦੋਸਤ ਨੇ ਬਾਹਰ ਦੇ ਇਕ ਮੁਲਕ ਦੀ ਗੱਲ ਦੱਸੀ ਜੋ ਸੁਣਨ ਦੇ ਕਾਬਲ ਹੈ। ਉਸਨੇ ਦੱਸਿਆ ਕਿ ਉਹ ਇਕ ਦਿਨ ਕਿਸੇ ਪਬਲਿਕ ਬੱਸ ਵਿਚ ਸਫ਼ਰ ਕਰ ਰਿਹਾ ਸੀ। ਅਚਾਨਕ ਉਹਦਾ ਸਿਰ ਚਕਰਾਉਣ ਲੱਗਾ ਅਤੇ ਉਸ ਆਪਣਾ ਸਿਰ ਸਾਹਮਣੇ ਵਾਲੀ ਸੀਟ ਦੀ ਬੈਕ 'ਤੇ ਸੁਟਿਆ। ਬਸ ਦੇ ਕੰਡੈਕਟਰ ਦੀ ਉਸ 'ਤੇ ਨਜ਼ਰ ਪਈ ਤੇ ਉਸ ਪੁਛਿਆ, "ਭਾਈ ਸਾਹਿਬ! ਕੀ ਗੱਲ ਹੈ?" ਉਸ ਦੱਸ ਦਿੱਤਾ। ਕੰਡੈਕਟਰ ਨੇ ਡਰਾਈਵਰ ਨਾਲ ਸਲਾਹ ਕੀਤੀ ਤੇ ਆਪਣੀ ਮੰਜ਼ਿਲ ਵੱਲ ਜਾ ਰਹੇ ਰੂਟ ਨੂੰ ਡਰਾਈਵਰ ਨੇ ਬਦਲ ਦਿੱਤਾ। ਬੱਸ ਸਰਕਾਰੀ ਹਸਪਤਾਲ ਵੱਲ ਜਾਂਦੇ ਰੋਡ 'ਤੇ ਪਾ ਦਿੱਤੀ। ਸਿਰ ਦਰਦ ਦਾ ਫ਼ੌਰੀ ਇਲਾਜ ਹੋਇਆ। ਯਾਤਰੀ ਸਹਿਜ ਹੋ ਗਿਆ ਤੇ ਬੱਸ ਮੁੜ ਆਪਣੇ ਰੂਟ 'ਤੇ ਆ ਗਈ। ਕਿਸੇ ਨੂੰ ਵੀ ਇਸ ਅਮਲ 'ਤੇ ਕੋਈ ਇਤਰਾਜ਼ ਨਹੀਂ ਹੋਇਆ। ਇਹ ਉਸ ਦੇਸ਼ ਦਾ ਸਹਿਜ ਵਰਤਾਰਾ ਹੈ। ਸਾਡੇ ਦੇਸ਼ ਵਿਚ ਇਹ ਸਹਿਜ ਵਰਤਾਰਾ ਕਦੀ ਅਮਲ ਵਿਚ ਆਵੇਗਾ? ਗੱਲ ਸੋਚਣ 'ਤੇ ਮਜਬੂਰ ਕਰਦੀ ਹੈ।

ਅੱਗੇ ਦਾ ਦੋ ਕਿਲੋਮੀਟਰ ਸਫ਼ਰ ਅਸਾਂ ਸੱਮਾਨ ਚੁੱਕ ਕੇ ਪੈਦਲ ਹੀ ਕੱਛਿਆ। ਅਸੀਂ ਕੁਝ ਦੇਰ ਤੱਕ ਕਿਸੇ ਲਿਫ਼ਟ ਦੇ ਮਿਲਣ ਦਾ ਇੰਤਜ਼ਾਰ ਕਰਦੇ ਰਹੇ ਪਰ ਨਹੀਂ ਮਿਲੀ। ਆਖ਼ਰ ਖ਼ੁਦ ਸਾਮਾਨ ਚੁੱਕ ਕੇ ਪੈਦਲ ਤੁਰਨਾ ਪਿਆ। ਬੇਟੇ ਹਰਪ੍ਰੀਤ ਕੋਲ ਮੇਰੇ ਤੋਂ ਵੀ ਵੱਧ ਸਾਮਾਨ ਸੀ ਜਿਸ ਕਰਕੇ ਉਹ ਖਿੱਝਿਆ ਹੋਇਆ ਸੀ। ਜਿਵੇਂ-ਤਿਵੇਂ ਅਸੀਂ ਕਾਲਜ ਆਫ਼ ਫ਼ਿਜ਼ੀਕਲ ਏਜੂਕੇਸ਼ਨ ਦੇ ਪਰੀਮਿਜ਼ਿਜ਼ ਵਿਚ ਪੁੱਜ ਗਏ। ਕਾਲਜ ਇਕ ਵੱਡੀ ਝੀਲ ਦੇ ਕਿਨਾਰੇ ਇਕ ਵਸੀਹ ਸਥਾਨ 'ਤੇ ਫੈਲਿਆ ਹੋਇਆ ਹੈ। ਕਈ ਇਮਾਰਤਾਂ ਤੇ ਵੱਖੋ-ਵੱਖਰੇ ਪਲੇ-ਗਰਾਊਂਡ ਤੇ ਖ਼ੂਬਸੂਰਤ ਲਾਅਨ

ਗਹਿਮਾ-ਗਹਿਮੀ ਦਾ ਵਿਖਾਲਾ ਕਰ ਰਹੇ ਸਨ। ਕਾਲੇਜ ਦੇ ਗੇਟ ’ਤੇ ਇਕ ਖ਼ੂਬਸੂਰਤ ਲੇਡੀ ਬੈਠੀ ਹੋਈ ਸੀ, ਜਿਸਨੇ ਸਾਨੂੰ, ਆਪਣੇ ਪੇਸ਼ੇ ਅਨੁਸਾਰ, ਵਧੀਆ ਮਾਣ-ਸਤਿਕਾਰ ਦਿੱਤਾ। ਅਸੀਂ ਆਪਣੇ ਮਕਸਦ ਦੀ ਗੱਲ ਦੱਸੀ ਅਤੇ ਉਹਨੇ ਸਾਨੂੰ ਕਾਲਜ ਦੇ ਪ੍ਰਿੰਸੀਪਲ ਨਾਲ ਮਿਲਾਇਆ। ਫ਼ੀਸ ਕਾਲਜ ਦੀ ਅਸਾਂ ਪਹਿਲਾਂ ਹੀ ਬੈਂਕ ਰਾਹੀਂ ਜਮ੍ਹਾਂ ਕਰ ਦਿੱਤੀ ਸੀ ਅਤੇ ਐਡਮਿਸ਼ਨ ਫਾਰਮ ਵੀ ਫਿਲ ਕਰਕੇ ਭੇਜ ਦਿੱਤਾ ਸੀ। ਦਫ਼ਤਰ ਵਿਚ ਬਾਕੀ ਦੇ ਲਵਾਜ਼ਮਾਤ ਵੀ ਪੂਰੇ ਕੀਤੇ ਅਤੇ ਕਲਾਸ ਰੋਲ ਨੰਬਰ ਪ੍ਰਾਪਤ ਕੀਤਾ। ਦਾਖਲਾ ਤਾਂ ਹੋ ਗਿਆ ਪਰ ਹੋਸਟਲ ਵਿਚ ਰਹਿਣ ਦਾ ਪ੍ਰਬੰਧ ਨਾ ਹੋਇਆ। ਗੁੰਜਾਇਸ਼ ਅਨੁਸਾਰ ਬੁਕਿੰਗ ਪਹਿਲਾਂ ਹੀ ਹੋ ਚੁੱਕੀ ਸੀ। ਇੱਕ-ਦੋ ਦਿਨ ਬਾਅਦ ਕਲਾਸਾਂ ਵੀ ਲੱਗਣੀਆਂ ਸਨ। ਹੁਣ ਰਹਿਣ ਦਾ ਪ੍ਰਬੰਧ ਕਰਨਾ ਜ਼ਰੂਰੀ ਸੀ। ਪਹਿਲੇ ਦਿਨ ਅਸੀਂ ਸਬਜ਼ੀ ਮੰਡੀ ਦੇ ਨੇੜੇ, ਸਿੰਘ ਸਭਾ ਗੁਦਵਾਰੇ ਵਿਚ ਠਹਿਰੇ। ਕਮਰਾ ਮਿਲ ਗਿਆ। ਇਕ ਦਿਨ ਦਾ ਸੌ ਰੁਪਈਆ ਕਿਰਾਇਆ ਸੀ। ਲੰਗਰ-ਪਾਣੀ ਦਾ ਪ੍ਰਬੰਧ ਵੀ ਗੁਰਦਵਾਰਾ ਸਾਹਿਬ ਵਿਚ ਸੀ। ਪਰ ਇੱਥੇ ਵੀ ਤਿੰਨ ਦਿਨ ਤੋਂ ਇਲਾਵਾ ਨਹੀਂ ਸਾਂ ਠਹਿਰ ਸਕਦੇ। ਤਿੰਨ ਦਿਨਾਂ ਬਾਅਦ ਕਾਲਜ ਦੇ ਚੇਅਰਮੈਨ ਨੇ ਆਪਣੇ ਇਕ ਦੋਸਤ ਦੇ ਘਰ ਵਿਚ ਹੀ ਰਹਿਣ ਦਾ ਪ੍ਰਬੰਧ ਕਰਵਾ ਦਿੱਤਾ। ਉੱਥੇ ਬਿਹਾਰ ਦੇ ਕੁਝ ਲੜਕੇ ਪਹਿਲਾਂ ਹੀ ਰਹਿ ਰਹੇ ਸਨ ਜੋ ਦੀਵਾਲੀ ਦੀਆਂ ਛੁੱਟੀਆਂ ’ਤੇ ਘਰ ਗਏ ਹੋਏ ਸਨ ਪਰ ਅਜੇ ਵਾਪਸ ਨਹੀਂ ਸਨ ਪਰਤੇ। ਮੈਂ ਸੋਚਿਆ ਸੀ, ਬੇਟਾ ‘ਪੇਇੰਗ ਗੈਸਟ’ ਵਜੋਂ ਰਹੇਗਾ ਪਰ ਉਹ ਕੁਝ ਮੁਮਕਿਨ ਨਾ ਹੋ ਸਕਿਆ। ਘਰ ਦਾ ਮਾਲਿਕ, ਮਸੂਦ ਕੁਰੈਸ਼ੀ, ਵੀ ਇਕ ਛੋਟੀ ਜਿਹੀ ਫ਼ੈਮਲੀ ਵਾਲਾ ਸੀ। ਸਾਰਾ ਪਰਿਵਾਰ ਆਪਣੇ ਕੰਮ-ਧੰਦੇ ਵਿਚ ਰੁਝਿਆ ਸੀ । ਸੋ ਇਹ ਹੋਰਾਂ ਲਈ ਪਕਾਣ-ਖਵਾਣ ਦਾ ਕੰਮ ਨਹੀਂ ਸਨ ਕਰ ਸਕਦੇ। ਮਸੂਦ ਕੁਰੈਸ਼ੀ ਇਕ ਚੰਗਾ ਇਨਸਾਨ ਦੋਸਤ ਅਤੇ ਮਿਲਾਪੜਾ ਬੰਦਾ ਸੀ। ਉਸਨੇ ਆਪਣੀ ਰਿਹਾਇਸ਼ ਦੇ ਨਾਲ ਕਿਰਾਏ ’ਤੇ ਚੜ੍ਹਾਉਣ ਵਾਲੇ ਕੁਝ ਕਮਰੇ ਬਣਵਾ ਰੱਖੇ ਸਨ ਜੋ ਉਸਦੀ ਆਮਦਨੀ ਵਿਚ ਵੀ ਵਾਧਾ ਕਰ ਰਹੇ ਸਨ। ਅਸੀਂ ਕਮਰਾ ਤਾਂ ਲੈ ਲਿਆ ਪਰ ਅਜੇ ਸਾਡੇ ਕੋਲ ਪਕਾਉਣ-ਰਿੰਨ੍ਹਣ ਲਈ ਭਾਂਡੇ ਨਹੀਂ ਸਨ। ਕੁਰੈਸ਼ੀ ਨੇ ਘਰੋਂ ਕੋਈ ਭਾਂਡਾ ਤਾਂ ਨਹੀਂ ਦਿੱਤਾ ਪਰ ਹਿੰਦੂ, ਬਿਹਾਰੀ ਮੁੰਡਿਆਂ ਦੇ ਕਮਰੇ ਦਾ ਤਾਲਾ ਤੋੜ ਕੇ ਸਾਨੂੰ ਉੱਥੇ ਪਕਾਉਣ ਲਈ ਕਿਹਾ। ਮੈਂ ਇਸ ਗਲੋਂ ਖ਼ੁਸ਼ ਸਾਂ ਕਿ ਆਪਣੀ ਮਰਜ਼ੀ ਦਾ ਪਕਾ ਕੇ ਖਾਵਾਂਗੇ। ਕਈ ਦਿਨਾਂ ਤੋਂ ਮਨ-ਭਾਉਂਦਾ ਖਾਣਾ ਨਹੀਂ ਸਾਂ ਖਾ ਸਕੇ। ਇੱਥੇ ਰਹਿੰਦਿਆਂ ਸਾਨੂੰ ਦੋ ਦਿਨ ਹੋ ਗਏ ਸਨ ਕਿ ਇਕ ਦਿਨ ਹਰਪ੍ਰੀਤ ਨੂੰ ਜਾਣ-ਪਛਾਣ ਵਾਲਾ ਕਸ਼ਮੀਰੀ ਮੁੰਡਾ ਮਿਲ ਗਿਆ ਜੋ ਬਰਕਤ ਅਲੀ ਯੂਨੀਵਰਸਿਟੀ ਵਿਚ ਪੜ੍ਹ ਰਿਹਾ ਸੀ। ਇਹ ਜਹਾਂਗੀਰ-ਆਬਾਦ ਵਿਖੇ ਇਕ ਵੱਖਰੀ ਬਿਲਡਿੰਗ ਵਿਚ ਆਪਣੇ ਕੁਝ ਸਾਥੀਆਂ ਸਮੇਤ ਰਹਿ ਰਿਹਾ ਸੀ। ਇਹ ਹਰਪ੍ਰੀਤ ਨਾਲ ਸਾਡੇ ਡੇਰੇ ਆਇਆ ਅਤੇ ਇਕ ਥ੍ਰੀ-ਵੀਲਰ ਵਿਚ ਸਾਡਾ ਸਾਰਾ ਸਾਮਾਨ ਲੱਦ ਕੇ ਆਪਣੇ ਨਾਲ ਲੈ ਆਇਆ। ਮੈਂ ਰਹਿ ਰਹੇ ਥਾਂ ਤੋਂ ਨਿਕਲਣਾ ਨਹੀਂ ਸਾਂ ਚਾਹੁੰਦਾ। ਪਰ ਹਰਪ੍ਰੀਤ ਅੰਦਰੋਂ ਖ਼ੁਸ਼ ਨਹੀਂ ਸੀ। ਇਕ ਤਾਂ ਇਹ ਥਾਂ ਉਜਾੜ ਵਿਚ ਸੀ, ਦੂਜਾ ਮੇਰੇ ਜਾਣ ਬਾਅਦ ਇਹ ’ਕੱਲਾ ਰਹਿਣਾ ਨਹੀਂ ਸੀ ਚਾਹੁੰਦਾ। ਮੈਂ ਵੀ ਇਹਦੇ ’ਕੱਲਾ ਰਹਿਣ ’ਤੇ ਫ਼ਿਕਰਮੰਦ ਹੀ ਰਹਿਣਾ ਸੀ, ਜਦੋਂ ਮੈਂ ਵਾਪਿਸ ਆ ਜਾਂਦਾ। ਮੈਂ ਸਮਝੌਤਾ ਕਰ ਲਿਆ। ਜਹਾਂਗੀਰ-ਆਬਾਦ ਭੀੜ-ਭਾੜ ਵਾਲਾ ਇਲਾਕਾ ਸੀ ਅਤੇ ਹਵਾ ਦਾ ਪ੍ਰਦੂਸ਼ਣ ਵੀ ਬਹੁਤ ਘੱਟ ਸੀ। ਇੱਥੇ ਪੁਰਾਣੇ ਮਾਡਲ ਵਾਲੀਆਂ ਗੱਡੀਆਂ ਵੱਧ ਚੱਲਦੀਆਂ ਵੇਖੀਆਂ। ਦਿਨੇ ਬਜ਼ਾਰ ਵਿਚ ਘੁੰਮਦਿਆਂ ਸਾਹ ਘੁੱਟਣ ਲਗਦਾ ਸੀ। ਪਰ ਹਰਪ੍ਰੀਤ ਜਿਵੇਂ ਵਿਛੜੀਆਂ ਕੂੰਜਾਂ ਨਾਲ ਮਿਲ ਗਿਆ ਸੀ। ਇਨ੍ਹਾਂ ਮੁੰਡਿਆਂ ਵਿੱਚੋਂ ਦੋ ਮੁੰਡੇ ਮੇਰੇ ਵਿਦਿਆਰਥੀ ਵੀ ਰਹਿ ਚੁੱਕੇ ਸਨ। ਹੁਣ ਸਾਨੂੰ ਬਹੁਤਾ ਸਾਮਾਨ ਖ਼ਰੀਦਣ ਦੀ ਲੋੜ ਵੀ ਨਹੀਂ ਸੀ। ਖਾਣ-ਪੀਣ ਲਈ ਕੁਝ ਪਲੇਟਾਂ, ਗਿਲਾਸ, ਕੱਪ ਅਤੇ ਇੱਕ-ਦੋ ਪਤੀਲੇ ਵੀ ਖ਼ਰੀਦੇ। ਮੁੰਡਿਆਂ ਦਾ ਖ਼ਲੂਸ ਤੇ ਸਤਿਕਾਰ ਵੇਖ ਕੇ ਮੈਨੂੰ ਲੱਗ ਰਿਹਾ ਸੀ ਜਿਵੇਂ ਸਾਡਾ ਬਹੁਤ ਹੀ ਨੇੜਤਾ, ਤੇ ਖ਼ੂਨੀ ਸੰਬੰਧ ਹੋਵੇ। ਉਹ ਮੇਰੇ ਨਾਲ ਉਸਤਾਦ-ਸ਼ਗਿਰਦ ਦਾ ਰਿਸ਼ਤਾ ਵੀ ਨਿਭਾ ਰਹੇ ਸਨ। ਮੈਨੂੰ ਇਹ

ਤੱਤੀ-ਵਾ ਵੀ ਨਹੀਂ ਸੀ ਲੱਗਣ ਦੇਂਦੇ। ਦਿਨ ’ਚ ਕਈ ਵਾਰੀ ਚਾਹ ਬਣਾ ਕੇ ਪਿਲਾਣੀ, ਮੇਰਾ ਬਿਸਤਰ ਵਿਛਾਉਣਾ-ਚੁੱਕਣਾ ਤੇ ਹੋਰ ਕਿਤਨਾ ਕੁਝ ਜੋ ਮੈਨੂੰ ਸ਼ਰਮਿੰਦਾ ਵੀ ਕਰ ਰਿਹਾ ਸੀ। ਅਸੀਂ ਇਕ ਇਹੋ ਜਿਹਾ ਪਰਿਵਾਰ ਬਣ ਗਏ ਸਾਂ ਜਿਸ ਵਿਚ ਦੋ ਸਿੱਖ ਅਤੇ ਤਿੰਨ ਮੁਸਲਮਾਨ ਮੁੰਡੇ ਰਹਿ ਰਹੇ ਸਨ। ਇਹ ਕਸ਼ਮੀਰੀ ਸਭਿਆਚਾਰ ਦੀ ਇਕ ਮਿਸਾਲ ਸੀ ਜੋ ਨਿਰੋਲ ਮਾਨਵੀ ਕਦਰਾਂ ਕੀਮਤਾਂ ਅਤੇ ਹੁੱਬੋ-ਮੁਹੱਬਤ ’ਤੇ ਅਧਾਰਿਤ ਸੀ। ਇਕ ਕਿਚਨ ਤੇ ਹਾਲਨੁਮਾ ਕਮਰੇ ਵਿਚ ਰਹਿ ਰਹੇ ਪੰਜ ਜੀਅ, ਸਿੱਖ-ਮੁਸਲਮਾਨ। ਸੋਚ ਕੇ ਮੇਰਾ ਸੀਨਾ ਵੀ ਫ਼ਖ਼ਰ ਨਾਲ ਚੌੜਾ ਹੋ ਜਾਂਦਾ। ਇੱਥੇ ਤੰਗ-ਨਜ਼ਰੀ ਅਤੇ ਸੰਕੀਰਨਤਾ ਦੀ ਦੀਵਾਰ ਇੱਟ-ਇੱਟ ਕਰਕੇ ਢਹਿ-ਢੇਰੀ ਹੋ ਗਈ ਸੀ।

ਹਰਪ੍ਰੀਤ ਦੀਆਂ ਕਲਾਸਾਂ ਲੱਗ ਗਈਆਂ। ਮੈਂ ਡੇਰੇ ’ਤੇ ਹੀ ਬਾਕੀ ਮੁੰਡਿਆਂ ਨਾਲ (ਜੋ ਪ੍ਰੀਖਿਆ ਦੀ ਤਿਆਰੀ ਵਿਚ ਰੁੱਝੇ ਸਨ) ਸਮਾਂ ਗੁਜ਼ਾਰ ਰਿਹਾ ਸਾਂ। ਮੈਂ ਪ੍ਰੀਖਿਆ ਦੇ ਦਬਾਅ ਹੇਠਾਂ ਮੁੰਡਿਆਂ ਦਾ ਦਿਲ ਪਰਚਾਉਣ ਨੂੰ ਫੇਸ ਕਰਨ ਦੇ ਗੁਰ ਵੀ ਸਮਝਾਉਂਦਾ। ਜਦੋਂ ਬਾਹਰ ਜਾਂਦਾ ਤਾਂ ਸਾਰੇ ਮੁੰਡੇ ਤਿਆਰ ਹੋ ਕੇ ਮੇਰੇ ਨਾਲ ਤੁਰ ਪੈਂਦੇ, ਮੇਰੇ ਮਨ੍ਹਾ ਕਰਨ ਦੇ ਬਾਵਜੂਦ ਵੀ।

ਭੂਪਾਲ ਸ਼ਹਿਰ ਨੂੰ ‘ਸਿਟੀ ਆਫ਼ ਲੇਕਸ’ ਭਾਵ ਝੀਲਾਂ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ। ਪੁਖਤਾ ਚੱਟਾਨਾਂ ਵਾਲੀਆਂ ਪਹਾੜੀਆਂ ਤੇ ਟਿੱਲੇ ਬਹੁਤੇ ਰੁੱਖਾਂ ਵਾਲੇ ਨਹੀਂ ਪਰ ਫਿਰ ਵੀ ਹਰਿਆਲੀ ਦੀ ਭਾਅ ਮਾਰਦੇ ਹੋਏ ਖ਼ੂਬਸੂਰਤ ਲੱਗ ਰਹੇ ਸਨ। ਕਈ ਥਾਵਾਂ ’ਤੇ ਸਦਾ ਬਹਾਰ ਦੇ ਘਣੇ ਬੂਟੇ ਵੀ ਮੌਜੂਦ ਸਨ। ਕਿਸੇ ਟਿੱਲੇ ਤੋਂ ਸ਼ਹਿਰ ਨੂੰ ਵੇਖੋ ਤਾਂ ਲੱਗਦਾ ਹੈ ਜਿਵੇਂ ਸਾਰਾ ਸ਼ਹਿਰ ਪਾਣੀ ਵਿਚ ਹੀ ਵਸਿਆ ਹੋਇਆ ਹੈ। ਦਰਅਸਲ ਆਸੇ-ਪਾਸੇ ਦੀਆਂ ਉੱਚੀਆਂ ਥਾਵਾਂ ਦਾ ਪਾਣੀ (ਬਾਰਿਸ਼ ਦਾ) ਵਹਿ ਕੇ ਬਸਤੀ ਵਿਚ ਜਾ ਕੇ ਠਹਿਰ ਜਾਂਦਾ ਹੈ ਜਿਸਦਾ ਤਲਾ ਪਥਰੀਲੀਆਂ ਚੱਟਾਨਾਂ ਦਾ ਹੈ ਜੋ ਪਾਣੀ ਨੂੰ ਜਜ਼ਬ ਨਹੀਂ ਹੋਣ ਦੇਂਦਾ। ਮੈਨੂੰ ਪਤਾ ਚਲਿਆ ਕਿ ਬਰਸਾਤਾਂ ਦੇ ਦਿਨੀਂ ਇਨ੍ਹਾਂ ਝੀਲਾਂ ਦੇ ਪਾਣੀ ਦਾ ਲੈਵਲ ਬਹੁਤ ਉੱਚਾ ਹੁੰਦਾ ਹੈ। ਝੀਲਾਂ ਵਿਚ ਸਟੀਮਰ ਤੇ ਕਿਸ਼ਤੀਆਂ ਵੀ ਚੱਲਦੀਆਂ ਹਨ। ਕੁਝ ਥਾਵਾਂ ’ਤੇ ਝੀਲਾਂ ਵਿਚ ਹੋਟਲ ਵੀ ਬਣਾਏ ਗਏ ਹਨ। ਯਾਤਰੀ ਇਨ੍ਹਾਂ ਹੋਟਲਾਂ ਵਿਚ ਖਾਣ ਨੂੰ ਤਰਜੀਹ ਦੇਂਦੇ ਹਨ। ਇਸ ਸ਼ਹਿਰ ਵਿਚ ਲਗਭਗ ਸਾਰੇ ਧਰਮਾਂ/ਮਜ਼੍ਹਬਾਂ ਦੇ ਲੋਕ ਵਸੇ ਹੋਏ ਹਨ। ਮੁਸਲਮਾਨਾਂ ਦੀ ਆਬਾਦੀ ਵੀ ਇੱਥੇ ਚੋਖੀ ਹੈ। ਥਾਂ-ਥਾਂ ’ਤੇ ਮਸਜਿਦਾਂ ਦੇ ਸਬਜ਼ ਗੁੰਬਦ ਦੂਰੋਂ ਹੀ ਵਿਖਾਈ ਦੇਂਦੇ ਹਨ। ਮੁਗ਼ਲੀਆਂ ਦੌਰ ਦੀਆਂ ਮਸਜਿਦਾਂ, ਮੀਨਾਰ, ਇਮਾਮਬਾੜੇ ਸ਼ਾਨਿ ਰਫਤਾ ਦੀ ਸ਼ਾਹਦ੍ਹੀ ਭਰਦੇ ਹਨ। ਮੋਤੀ ਮਸਜਿਦ ਏਥੇ ਸਭ ਤੋਂ ਵੱਡੀ ਮਸਜਿਦ ਹੈ। ਇੱਥੇ ਇੱਕੋ ਸਮੇਂ ਹਜ਼ਾਰਾਂ ਲੋਕ ਨਮਾਜ਼ ਪੜ੍ਹ ਸਕਦੇ ਹਨ। ਕਿਹਾ ਜਾਂਦਾ ਹੈ ਕਿ ਇਹ ਮਸਜਿਦ ਇਕ ਸਮੇਂ ਏਸ਼ੀਆ ਦੀ ਸਭ ਤੋਂ ਵੱਡੀ ਮਸਜਿਦ ਸੀ। ਇਸਦੀ ਸ਼ਾਨ ਅਤੇ ਮਜ਼ਬੂਤੀ ਅਜੇ ਵੀ ਬਾਕੀ ਹੈ।

ਭੂਪਾਲ ਦੀ ਇਕਬਾਲ ਲਾਇਬਰੇਰੀ ਵੀ ਵੇਖਣ ਵਾਲੀ ਹੈ। ਇਹ ਮਾਡਰਨ ਲਾਇਬਰੇਰੀ ਦੇ ਸਾਰੇ ਤਕਾਜ਼ੇ ਪੂਰੇ ਕਰਦੀ ਹੈ। ਇੱਥੇ ਪੜ੍ਹਨ ਵਾਲਿਆਂ ਦੀ ਖ਼ਾਸੀ ਤਾਦਾਦ ਹਰ ਸਮੇਂ ਮੌਜੂਦ ਹੁੰਦੀ ਹੈ ਜਿਸ ਤੋਂ ਗਿਆਨ-ਪ੍ਰਸਤ ਲੋਕਾਂ ਦਾ ਸ਼ਹਿਰ ਵਿਚ ਹੋਣਾ ਪਤਾ ਚੱਲ ਜਾਂਦਾ ਹੈ। ਜਹਾਂਗੀਰ-ਆਬਾਦ ਤੋਂ ਇਹ ਲਾਇਬਰੇਰੀ ਬਹੁਤੀ ਦੂਰ ਨਹੀਂ। ਮੈਂ ਅਕਸਰ ਇਸ ਲਾਇਬਰੇਰੀ ਦੇ ਰੀਡਿੰਗ-ਰੂਮ ਵਿਚ ਪੜ੍ਹਨ ਲਈ ਚਲਾ ਜਾਂਦਾ ਸਾਂ। ਬਹੁਤ ਸਾਰੇ ਮੈਗ਼ਜ਼ੀਨ ਤੇ ਅਖ਼ਬਾਰਾਂ ਪੜ੍ਹਨ ਨੂੰ ਮਿਲਦੇ ਸਨ।

ਇਹ ਸ਼ਹਿਰ ਜਿਤਨਾ ਖ਼ੂਬਸੂਰਤ ਹੈ, ਉਤਨਾ ਹੀ ਪ੍ਰਦੂਸ਼ਣ ਦਾ ਸ਼ਿਕਾਰ ਹੋਇਆ ਦਿਸਦਾ ਹੈ। ਇੱਥੇ ਪੈਦਲ ਚਲਦੇ ਲੋਕ ਬਹੁਤ ਘੱਟ ਵੇਖੇ ਗਏ। ਟ੍ਰੈਫਿਕ ਬਹੁਤ ਜ਼ਿਆਦਾ ਹੈ। ਕਾਲਾ ਧੂੰਆਂ ਉਗਲਦੀਆਂ ਗੱਡੀਆਂ ਹਰ ਪਾਸੇ ਦੌੜ ਰਹੀਆਂ ਹਨ। ਫ਼ਿਜ਼ਾ ਵੀ ਧੁੰਧਲੀ-ਧੁੰਧਲੀ ਲੱਗਦੀ ਹੈ। ਭਾਰਤ ਦੇ ਸ਼ਹਿਰਾਂ ਵਾਂਗ ਟ੍ਰੈਫਿਕ ਜੈਮਿੰਗ ਘੰਟਾ-ਘੰਟਾ ਵੀ ਲੱਗੀ ਰਹਿੰਦੀ ਹੈ। ਇਸ ਸ਼ਹਿਰ ਵਿਚ

ਵਿੱਦਿਅਕ ਸ਼ੰਸਥਾਵਾਂ ਤੇ ਕਾਲਜ-ਸਕੂਲ ਬਹੁਤ ਜ਼ਿਆਦਾ ਨੇ ਜਿਸ ਕਰਕੇ ਵਿਦਿਆਰਥੀ ਭਾਰਤ ਦੀਆਂ ਕਈ ਸਟੇਟਾਂ ਤੋਂ ਆ ਕੇ ਵਿੱਦਿਆ ਪ੍ਰਾਪਤ ਕਰਦੇ ਹਨ ਜਾਂ ਪੇਸ਼ਾਵਰ ਹੁਨਰ ਪ੍ਰਾਪਤ ਕਰਦੇ ਹਨ।

੨੦ ਨਵੰਬਰ ਦਾ ਦਿਨ ਸੀ, ਮੈਂ 'ਕੱਲਾ ਹੀ ਸਾਂ ਡੇਰੇ 'ਤੇ। ਮੁੰਡੇ ਸਾਰੇ ਆਪਣੇ-ਆਪਣੇ ਕਾਲਜ ਚਲੇ ਗਏ ਸਨ। ਮੈਂ ਵੀ ਕਿਤੇ ਘੁੰਮਣ-ਫਿਰਨ ਲਈ ਜਾਣਾ ਚਾਹੁੰਦਾ ਸਾਂ। ਮੈਂ ਭੂਪਾਲ ਦੇ 'ਬੋਟ-ਕਲੱਬ', 'ਕਮਲਾ ਪਾਰਕ' 'ਮਾਨਵ ਸੰਗਰਾਹਲੇ' ਤੇ 'ਵਨ-ਵਿਹਾਰ' ਨੂੰ ਵੇਖਣਾ ਚਾਹੁੰਦਾ ਸਾਂ। 'ਕਮਲਾ ਪਾਰਕ' ਬੜੇ ਤਲਾਬ ਦੇ ਕਿਨਾਰੇ ਬਣਾਈ ਗਈ ਹੈ। ਤਲਾਬ ਇਸਦੀ ਖ਼ੂਬਸੂਰਤੀ ਵਿਚ ਵਾਧਾ ਕਰਦਾ ਹੈ। ਬੜੇ ਰੁਮਾਂਟਿਕ ਜਿਹੇ ਦ੍ਰਿਸ਼ ਵੇਖਣ ਨੂੰ ਮਿਲਦੇ ਹਨ। ਨੌਜਵਾਨ ਲੜਕੇ ਅਤੇ ਲੜਕੀਆਂ ਵਧੇਰੇ ਇੱਥੇ ਘੁੰਮਦੇ-ਫਿਰਦੇ, ਇਕ-ਦੂਜੇ ਨੂੰ ਚੁੰਮਦੇ-ਚੱਟਦੇ ਤੇ ਹੱਗ ਕਰਦੇ ਵਿਖਾਈ ਦੇਂਦੇ ਹਨ। ਇਹ ਪ੍ਰੇਮੀ ਜੋੜੇ ਸਭ ਕਾਸੇ ਤੋਂ ਬੇਪਰਵਾਹ ਆਪਣੀ ਰੁਮਾਂਟਿਕ ਦੁਨੀਆ 'ਚ ਗਵਾਚੇ, ਟਾਵੇਂ-ਟਾਵੇਂ ਦਿਸਣ ਵਾਲੇ ਬਜ਼ੁਰਗ ਭੀੜ ਦੇ ਸੈਲਾਨੀਆਂ ਨੂੰ ਅਚੰਭਿਤ ਵੀ ਕਰ ਦੇਂਦੇ ਹਨ। ਕਈ ਬਜ਼ੁਰਗ ਤਾਂ ਵੇਖਦਿਆਂ ਹੀ ਸਿਰ ਝੁਕਾ ਕੇ ਤਾਵਲੇ-ਤਾਵਲੇ ਕਦਮੀਂ ਅੱਗੇ ਵਧ ਜਾਂਦੇ ਸਨ। ਸੱਚ ਪੁੱਛੋ ਤਾਂ ਮੈਂ ਇਹੋ ਜਿਹੇ ਦ੍ਰਿਸ਼ ਕਿਸੇ ਪਬਲਿਕ ਪਾਰਕ ਵਿਚ ਪਹਿਲੀ ਵਾਰੀ ਵੇਖੇ ਸਨ। ਹਾਂ, ਕੁਝ ਵਿਕਸਿਤ ਦੇਸ਼ਾਂ ਅਤੇ ਸ਼ਹਿਰਾਂ ਦੇ ਬੀਚਾਂ ਦੇ ਇਹੋ ਜਿਹੇ ਦ੍ਰਿਸ਼ ਟੀ.ਵੀ. ਸਕ੍ਰੀਨ 'ਤੇ ਵੇਖਣ ਨੂੰ ਮਿਲਦੇ ਸਨ। ਅੱਜ ਇਹ ਸਾਖ਼ਿਆਤ ਦ੍ਰਿਸ਼ ਜਿੱਥੇ ਮਨ ਮਸਤਕ ਵਿਚ ਘਰ ਕਰ ਚੁਕੇ ਸਮਾਜੀ ਬੰਧਨ, ਝੇਂਪ ਜਿਹੀ ਪੈਦਾ ਕਰ ਰਹੇ ਸਨ, ਉੱਥੇ ਅਚੇਤਨ ਤੌਰ ਰੁਮਾਂਚਿਤ ਵੀ ਕਰ ਰਹੇ ਸਨ। ਯਾਦ ਆਇਆ, ਆਪਣੀ ਜਵਾਨੀ ਦਾ ਜ਼ਮਾਨਾ ਜਦੋਂ ਆਸ਼ਿਕ ਇਕ-ਦੂਜੇ ਨਾਲ ਗੱਲ ਕਰਨ ਨੂੰ ਤਰਸ ਜਾਂਦੇ ਸਨ। ਓਹਲੇ ਭਾਲਦਿਆਂ ਜਵਾਨੀ ਹੀ ਚਲੀ ਜਾਂਦੀ ਸੀ। ਵਿਆਹ-ਸ਼ਾਦੀਆਂ ਵਧੇਰੇ ਅਰੇਂਜਡ ਹੁੰਦੇ ਸਨ। ਵਿਆਹ ਦੀਆਂ ਰਸਮਾਂ ਅਦਾ ਕਰਨ ਤੋਂ ਪਹਿਲਾਂ ਮੁਟਿਆਰ ਜਾਂ ਗੱਭਰੂ ਇਕ ਦੂਜੇ ਨੂੰ ਵੇਖਣ ਲਈ ਤਰਸ ਜਾਂਦੇ ਸਨ। ਚੁੰਮਣਾ-ਚੱਟਣਾ ਜਾਂ ਕਾਮ-ਕ੍ਰੀੜਾਵਾਂ ਭੋਗਣੀਆਂ ਤਾਂ ਬਹੁਤ ਦੂਰ ਦੀ ਗੱਲ ਸੀ। ਵਨ-ਵਿਹਾਰ ਵਿਚ ਮਧਿਆ ਪ੍ਰਦੇਸ਼ ਦੇ ਜੀਵ-ਜੰਤੂਆਂ ਤੋਂ ਇਲਾਵਾ ਸਮੁੱਚੇ ਭਾਰਤ ਦੇ ਪਸ਼ੂ-ਪੰਛੀ ਆਦਿ ਵੇਖਣ ਨੂੰ ਮਿਲੇ। ਮਾਨਵ-ਸੰਗਰਾਹਲੇ ਵਿਚ ਡਾਰਵਿਨ ਦੀ 'ਮਾਨਵ ਵਿਕਾਸ' ਦੀ ਥਿਊਰੀ ਅਨੁਸਾਰ ਚਿੱਤਰ ਬਣਾਏ ਗਏ ਹਨ। ਪੁਰਾਤਨ ਸਭਿਅਤਾ ਨੂੰ ਪ੍ਰਗਟਾਉਂਦੀਆਂ ਅਨੇਕ ਵਸਤੂਆਂ ਤੇ ਅਵਸ਼ੇਸ਼ ਸਾਂਭੇ ਹੋਏ ਵੇਖਣ ਨੂੰ ਮਿਲਦੇ ਹਨ। ਸਿਖਿਆਰਥੀਆਂ ਲਈ ਤਾਂ ਇਹ ਥਾਂ ਬਹੁਤ ਮਹਤਵਪੂਰਨ ਹੈ। ਕਈ ਚਿੱਤਰ ਤੇ ਲਿਖਤਾਂ ਭੂਪਾਲ ਦੇ ਭਿੰਨ-ਭਿੰਨ ਦੌਰਾਂ ਅਤੇ ਰਾਜੇ-ਰਾਣੀਆਂ ਦੀਆਂ ਹਕੂਮਤਾਂ ਦਾ ਉਲੇਖ ਕਰਦੀਆਂ ਹਨ। ਸਮੇਂ ਦੀ ਰਾਜਸੀ, ਸਮਾਜੀ, ਆਰਥਿਕ ਜਾਂ ਵਿੱਦਿਅਕ ਦਸ਼ਾ ਦਾ ਵੀ ਇਨ੍ਹਾਂ ਲਿਖਤਾਂ ਤੋਂ ਗਿਆਨ ਪ੍ਰਾਪਤ ਹੁੰਦਾ ਹੈ।

ਭੂਪਾਲ ਉੱਤੇ ੧੩ ਨਵਾਬਾਂ ਨੇ ਹਕੂਮਤ ਕੀਤੀ ਹੈ। ਇਹ ਸਮਾਂ ੧੭੧੭ ਈ. ਤੋਂ ਲੈ ਕੇ ੧੯੪੯ ਈ. ਤੱਕ ਦਾ ਹੈ। ੧੭੧੭ ਈ. ਵਿਚ ਭੂਪਾਲ ਆਲਮ ਸ਼ਾਹ ਦੇ ਕਬਜ਼ੇ ਵਿਚ ਸੀ ਜਿਸਨੂੰ ਸਰਦਾਰ ਦੋਸਤ ਮੁਹੰਮਦ ਖ਼ਾਨ ਨੇ ਕਤਲ ਕੀਤਾ ਤੇ ਭੂਪਾਲ 'ਤੇ ਆਪਣਾ ਕਬਜ਼ਾ ਕਰ ਲਿਆ। ਇੱਥੋਂ ਦੇ ਕੁਝ ਇਲਾਕੇ ਰਾਣੀ ਕਮਲਾਪਤੀ ਦੇ ਕਬਜ਼ੇ ਵਿਚ ਵੀ ਸਨ ਉਦੋਂ। ਇਸ ਰਾਣੀ ਨਾਲ ਦੋਸਤ ਮੁਹੰਮਦ ਖ਼ਾਨ ਨੇ ਚੰਗਾ ਸਲੂਕ ਕੀਤਾ। ਇਸਨੂੰ ਆਪਣੀ ਭੈਣ ਕਿਹਾ। ਅੱਜ ਜਿਸ ਬੇਤਵਾ ਨਦੀ ਦੇ ਕਿਨਾਰੇ ਸੱਠ ਪਿੰਡ ਆਬਾਦ ਹਨ, ਇਹ ਥਾਂ ਭੀਮ-ਕੁੰਠ ਅਖਵਾਉਂਦੀ ਸੀ ਅਤੇ ਰਾਜਾ ਭੋਜ ਨੇ ਬਣਵਾਈ ਸੀ ਜਿਸ ਵਿਚ 'ਗੋਂਡਾ' ਲੋਕ ਆਬਾਦ ਸਨ। ਰਾਜਾ ਭੋਜ ਨੇ ਵੀ ਭੂਪਾਲ 'ਤੇ ਰਾਜ ਕੀਤਾ ਸੀ। ਇਹ ਗਿਆਰਵੀਂ ਸਦੀ ਦਾ ਸਮਾਂ ਸੀ। ਉਦੋਂ ਇਸਦੀ ਰਾਜਧਾਨੀ 'ਧਾਰ' ਸੀ। ਭੂਪਾਲ ਦਾ ਆਖ਼ਰੀ ਰਾਜਾ ਨਵਾਬ ਮੁਹੰਮਦ ਹਮੀਦ ਉੱਲਾ ਖ਼ਾਨ ਸੀ। (੧੯੨੬ ਤੋਂ ਲੈ ਕੇ ੧੯੪੯ ਈ. ਤੱਕ)।

ਇਸਨੇ ਮਾਡਰਨ ਵਿੱਦਿਆ ਵੀ ਪ੍ਰਾਪਤ ਕੀਤੀ ਸੀ, ਇਹਦੇ ਕੋਲ BA, LLB ਦੀ ਡਿਗਰੀ ਵੀ ਸੀ। ਇਸਨੂੰ ਬ੍ਰਿਟਿਸ਼ ਸਰਕਾਰ ਨੇ 'ਗੋਲ ਕਾਨਫਰੰਸ' ਵਿਚ ਸ਼ਾਮਿਲ ਹੋਣ ਲਈ ਬੁਲਾਇਆ ਸੀ। ਅਜ਼ਾਦੀ ਤੋਂ ਬਾਅਦ, ੧੯੪੯ ਈ. ਇਹ 'ਸੂਬਾ' ਭਾਰਤ ਨਾਲ ਮਿਲਿਆ ਸੀ। ਹਮੀਦ ਉੱਲਾ ਪਿੰਡ ਚਿਕ-ਲਾਉਡ ਵਿਚ ਜਾ ਵਸਿਆ ਸੀ।

ਮਧਿਆ ਪ੍ਰਦੇਸ਼ ਸਟੇਟ ਪਹਿਲੀ ਨਵੰਬਰ, ੧੯੫੬ ਈ. ਨੂੰ ਵਜੂਦ ਵਿਚ ਆਈ ਜੋ ਭਾਰਤ ਦੀਆਂ ਕੁਝ ਅਹਿਮ ਸਟੇਟਾਂ ਵਿਚ ਸ਼ੁਮਾਰ ਹੁੰਦੀ ਹੈ।

ਕੁਝ ਔਰਤਾਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ ਜਿਨ੍ਹਾਂ ਨੇ ਭੂਪਾਲ 'ਤੇ ਹੁਕੂਮਤ ਕੀਤੀ। ਜਿਵੇਂ ਗੌਹਰ ਬੇਗਮ ਕੁਦਸੀਆ, ਜੋ ੧੮੧੯ ਤੋਂ ਲੈ ਕੇ ੧੮੩੭ ਈ. ਤੱਕ ਭੂਪਾਲ ਦੀ ਸ਼ਾਸਕ ਰਹੀ। ਭੂਪਾਲ ਸ਼ਹਿਰ ਦੀ 'ਜਾਮੀਆ ਮਸਜਿਦ' ਅਤੇ 'ਗਉਹਰ ਮਹਿਲ' ਤਾਮੀਰ ਕਰਾਏ। ਕਿਹਾ ਜਾਂਦਾ ਹੈ ਕਿ ਇਹ ਇਕ ਧਰਮੀ ਔਰਤ ਸੀ ਜੋ ਪੰਜ ਵਕਤ ਨਮਾਜ਼ ਅਦਾ ਕਰਦੀ ਸੀ। 'ਤਹਿਜੂਦ' (ਰਾਤ ਦੀ ਨਮਾਜ਼) ਦਾ ਨਾਗਾ ਵੀ ਨਹੀਂ ਸੀ ਹੋਣ ਦੇਂਦੀ। ਇਸਨੇ ਮੱਕਾ ਅਤੇ ਅਜਮੇਰ ਸ਼ਰੀਫ਼ ਵਿਖੇ ਹਾਜੀਆਂ ਲਈ ਸਰਾਵਾਂ ਬਣਾਈਆਂ ਸਨ। ਨਵਾਬ ਸਿਕੰਦਰ ਜਹਾਂ (੧੮੪੪ ਈ.-੧੮੬੮ ਈ.) ਭੂਪਾਲ ਦੀ ਦਸਵੀਂ ਸ਼ਾਸਕ ਸੀ। ਇਹ ਬਹੁਤ ਖ਼ੁੱਦਾਰ ਔਰਤ ਸੀ। ਇਸਦਾ ਖਾਵੰਦ ਇਸ ਤੋਂ ਖ਼ਫ਼ਾ ਸੀ। ਉਸਨੇ ਇਕ ਦਿਨ ਇਸਨੂੰ ਮਾਰਨ ਦੀ ਨਾਕਾਮ ਕੋਸ਼ਿਸ਼ ਵੀ ਕੀਤੀ। ਸਿਕੰਦਰ ਜਹਾਂ ਦੀ ਸਭ ਤੋਂ ਵੱਡੀ ਦੇਣ ਹੈ ਕਿ ਇਸਨੇ ਕੁੜੀਆਂ ਦੀ ਵਿੱਦਿਆ ਲਈ 'ਮਦਰਸੇ' ਖੋਲ੍ਹੇ। ਰੇਲਵੇ ਲਾਈਨਾਂ ਵਿਛਾਈਆਂ ਅਤੇ ਹਸਪਤਾਲ ਖੋਲ੍ਹੇ। ਮੋਤੀ ਮਸਜਿਦ ਅਤੇ ਤਾਜੂ ਮਸਜਿਦ ਤਾਮੀਰ ਕਰਾਈਆਂ।

ਮਨੀ ਮਨੋਲਾ ਇਕ ਰਾਜਪੂਤ ਲੇਡੀ ਸੀ। ਇਸਦੀ ਹੁਕਮਰਾਨੀ ਵਿਚ ਯਾਰ ਮੁਹੰਮਦ ਖ਼ਾਨ ਨੇ ਕੋਟਾ ਅਤੇ ਬੂੰਦੀ 'ਤੇ ਹਮਲਾ ਬੋਲ ਦਿੱਤਾ। ਇਸ ਚਤੁਰ-ਚਲਾਕ ਔਰਤ ਨੇ ਯਾਰ ਮੁਹੰਮਦ ਖ਼ਾਨ ਨਾਲ ਵਿਆਹ ਕਰ ਲਿਆ। ਪਤੀ ਦੇ ਮਰਨ ਤੋਂ ਬਾਅਦ ਇਸਨੇ ਹੁਕੂਮਤ ਆਪਣੇ ਹੱਥ 'ਚ ਹੀ ਰੱਖੀ। ਇਸਦੀ ਆਪਣੀ ਕੋਈ ਔਲਾਦ ਨਹੀਂ ਸੀ ਪਰ ਯਾਰ ਮੁਹੰਮਦ ਖ਼ਾਨ ਦੇ ਤਿੰਨ ਬੇਟੇ ਸਨ ਜਿਨ੍ਹਾਂ ਵਿੱਚੋਂ ਇਕ ਅੱਯਾਸ਼ ਸੀ। ਭੂਪਾਲ ਵਿਚ ਇਨ੍ਹਾਂ ਹੁਕਮਰਾਨਾਂ ਦੇ ਨਿਸ਼ਾਨ ਥਾਂ-ਥਾਂ 'ਤੇ ਮਿਲ ਜਾਂਦੇ ਹਨ ਜੋ ਇਨ੍ਹਾਂ ਦੀ ਹੁਕਮਰਾਨੀ ਦੀ ਅਜ਼ਮਤ ਦੀ ਦਾਸਤਾਨ ਬਿਆਨ ਕਰਦੇ ਹਨ।

ਲਾਲ ਘਾਟੀ ਦਾ ਇਲਾਕਾ ਵੀ ਬਹੁਤ ਖ਼ੂਬਸੂਰਤ ਹੈ। ੨੦ ਨਵੰਬਰ ਨੂੰ ਮੈਂ ਇੱਥੇ ਘੁੰਮਣ ਚਲਾ ਗਿਆ। ਚੌਕ ਦੇ ਸੱਜੇ ਹੱਥ ਇਕ ਪੁਰਾਤਨ ਜੈਨ ਮੰਦਿਰ ਹੈ, ਇਸਨੂੰ ਹਨੁਮਾਨ ਮੰਦਿਰ ਵੀ ਕਿਹਾ ਜਾਂਦਾ ਹੈ। ਦੋਵੇਂ, ਹਿੰਦੂ ਤੇ ਜੈਨੀ ਇੱਥੇ ਨਤਮਸਤਕ ਹੁੰਦੇ ਹਨ ਅਤੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਇਹ ਮੰਦਿਰ 'ਜੈਨ ਨਿਰਮਾਣ ਕਲਾ' ਦਾ ਇਕ ਖ਼ੂਬਸੂਰਤ ਨਮੂਨਾ ਹੈ। ਮੰਦਿਰ ਇਕ ਪਹਾੜੀ ਦੀ ਸਿਖਰ 'ਤੇ ਹੈ ਅਤੇ ਇਸਦਾ ਫ਼ਲਕ-ਬੋਸ ਕਲਸ਼ ਮੰਦਿਰ ਦੀ ਸ਼ਾਨ ਨੂੰ ਪ੍ਰਗਟ ਕਰਦਾ ਹੈ। ਇਸ ਮੰਦਿਰ ਤੱਕ ਪੁੱਜਣ ਲਈ ਕੇਬਲ-ਕਾਰ ਦਾ ਬੰਦੋਬਸਤ ਹੈ। ਆਉਣ-ਜਾਣ ਦਾ ਕਿਰਾਇਆ ਉਦੋਂ ਪੰਜਾਹ ਰੁਪਈਏ ਸਨ। ਕੇਬਲ-ਕਾਰ 'ਚ ਬੈਠ ਕੇ ਸਾਰੇ ਭੂਪਾਲ ਦਾ ਦਰਸ਼ਨ ਹੋ ਜਾਂਦਾ ਹੈ ਜੋ ਉਚਾਈ ਤੋਂ ਇਕ ਜੰਨਤ ਦਾ ਟੁਕੜਾ ਵਿਖਾਈ ਦੇਂਦਾ ਹੈ। ਸ਼ਾਮ ਵੇਲੇ ਨਜ਼ਾਰਾ, ਪਹਾੜੀ ਦੀ ਸਿਖਰ ਤੋਂ, ਹੋਰ ਵੀ ਦਿਲਕਸ਼ ਹੋ ਜਾਂਦਾ ਹੈ। ਜਗਮਗਾਉਂਦੀਆਂ ਰੌਸ਼ਨੀਆਂ ਤੇ ਤਲਾਵਾਂ ਵਿਚ ਝਿਲਮਿਲਾਉਂਦੇ ਹੋਏ ਤਰਦੇ ਅਸਮਾਨੀ ਤਾਰੇ ਜੋ ਸਮਾਂ ਪੈਦਾ ਕਰਦੇ ਹਨ, ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਇੱਥੋਂ ਵੇਖਿਆਂ ਪਤਾ ਚਲਦਾ ਹੈ, ਲਹਿੰਦੇ ਤੇ ਚੜ੍ਹਦੇ ਵੱਲ ਬਸਤੀ ਸੰਘਣੀ ਹੈ। ਦੱਖਣ ਵੱਲ ਵੱਡਾ ਤਲਾਬ ਲਗਭਗ ਤੀਹ ਵਰਗ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਇਸਦਾ ਪਾਣੀ ਸਾਰੇ ਭੂਪਾਲ ਨੂੰ ਫ਼ਿਲਟਰ ਹੋ ਕੇ ਸਪਲਾਈ ਹੁੰਦਾ ਹੈ। 'ਟੇਕਰੀ' (ਪਹਾੜੀ ਦੀ ਸਿਖਰ 'ਤੇ

ਜੋ ਪੱਧਰੀ ਥਾਂ ਹੈ) 'ਤੇ ਮਨੋਰੰਜਨ ਲਈ ਵੀ ਪ੍ਰਬੰਧ ਹੈ। ਬੱਚਿਆਂ ਲਈ ਪੀਂਘਾਂ ਤੇ ਸਕੇਟਿੰਗ, ਕੈਫ਼ਟੇਰੀਆ ਅਤੇ ਬੈਠਣ ਲਈ ਕੁਦਰਤੀ, ਪੱਥਰਾਂ ਦੀਆਂ ਬਣੀਆਂ ਹੋਈਆਂ ਸੀਟਾਂ ਜਿਨ੍ਹਾਂ 'ਤੇ ਬੈਠ ਕੇ ਸੈਲਾਨੀ ਚੋਹਾਂ ਪਾਸਿਆਂ ਦੇ ਨਜ਼ਾਰੇ ਮਾਣਦੇ ਹਨ ਅਤੇ ਥਕੇਵਾਂ ਵੀ ਲਾਹੁੰਦੇ ਹਨ। ਟੀ ਸਟਾਲਾਂ ਅਤੇ ਕਾਫ਼ੀ ਹਾਊਸਾਂ ਦੇ ਆਲੇ-ਦੁਆਲੇ ਵੀ ਭੀੜ ਲੱਗੀ ਰਹਿੰਦੀ ਹੈ। 'ਟੇਕਰੀ' 'ਤੇ ਪਸ਼ੂ-ਪੰਛੀਆਂ ਦੇ ਬਣਾਏ ਮਜੱਸਮੇ ਵੀ ਵੇਖਣ ਵਾਲੇ ਹਨ। ਇਨ੍ਹਾਂ ਵਿਚ ਡਾਇਨਾਸੋਰ ਤੇ ਮਗਰਮੱਛ ਦੇ ਵੱਡੇ ਆਕਾਰੀ ਮਜੱਸਮੇ ਵਧੇਰੇ ਆਕਰਸ਼ਿਤ ਕਰਦੇ ਹਨ। ਬੈਠੇ-ਬੈਠੇ ਮੈਨੂੰ ਅਚਾਨਕ ਹਨੇਰੇ ਦਾ ਅਹਿਸਾਸ ਹੋਇਆ ਤੇ ਕੇਬਲਕਾਰ ਸਟਾਪ ਵੱਲ ਭਜਿਆ।

ਇੱਕੀ ਨਵੰਬਰ ਨੂੰ 'ਮਾਨਵ-ਸੰਗਰਾਹਲਾ' ਵੇਖਣ ਲਈ ਸੁਵੱਖਤੇ ਹੀ ਨਿਕਲ ਤੁਰਿਆ। ਇਸ ਸੰਗਰਾਹਲੇ ਵਿਚ ਭਾਰਤ ਦੀਆਂ ਨਵੀਨ ਤੇ ਪੁਰਾਤਨ ਕਲਾਕਿਰਤੀਆਂ, ਭਾਂਡੇ, ਮਿਊਜ਼ੀਕਲ ਇਨਸਟਰੂਮੇਂਟਸ, ਪਹਿਰਾਵੇ ਅਤੇ ਮਨੁੱਖੀ ਵਿਕਾਸ ਦੇ ਇਤਿਹਾਸ ਦੀਆਂ ਤਸਵੀਰਾਂ ਤੇ ਚਿੱਤਰਕਾਰੀ ਵੇਖਣ ਨੂੰ ਮਿਲੀ। ਇਹ ਲਗਭਗ ਚਾਰ-ਪੰਜ ਵਰਗ ਕਿਲੋਮੀਟਰ ਦਾ ਏਰੀਆ ਹੈ ਜੋ ਇਕ ਸੰਘਣੇ ਰੁੱਖ-ਬੂਟਿਆਂ ਦਾ ਜੰਗਲ ਹੈ। ਇਸ ਜੰਗਲ ਵਿਚ ਭਿੰਨ-ਭਿੰਨ ਭਾਰਤੀ ਸਭਿਆਚਾਰਾਂ ਦੀਆਂ ਬਸਤੀਆਂ ਦੇ ਕਲਾਤਮਿਕ ਨਮੂਨੇ ਬਣਾਏ ਗਏ ਹਨ। ਜਿਵੇਂ ਰਾਜਸਥਾਨ ਦੇ ਮਰੂ ਇਲਾਕੇ ਦੀਆਂ ਝੌਂਪੜੀਆਂ ਤੇ ਇਨ੍ਹਾਂ ਵਿਚ ਰਹਿਣ ਵਾਲੇ ਲੋਕ। ਕੇਰਲਾ ਦੇ ਸਾਹਿਲੀ ਇਲਾਕੇ ਦੀਆਂ ਝਾਕੀਆਂ, ਸਨੇਕ-ਕਿਸ਼ਤੀਆਂ, ਹਾਜੀਆਂ ਦੀ ਬਸਤੀ ਆਦਿ। ਇਕ ਥਾਂ 'ਤੇ ਮਿਥਕ ਕਥਾ ਨੂੰ ਵੀ ਚਿਤਰਿਆ ਗਿਆ ਹੈ। ਇਸ ਰਾਹੀਂ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਘੋੜਾ ਆਦਿ ਕਾਲ ਤੋਂ ਹੀ ਮਨੁੱਖ ਦਾ ਬੇਹਤਰੀਨ ਸਾਥੀ ਰਿਹਾ ਹੈ ਅਤੇ ਹਰ ਔਕੜ ਵਿਚ ਮਨੁੱਖ ਦੀ ਦੇਖਭਾਲ ਕਰਦਾ ਰਿਹਾ ਹੈ। ਕਿਸੇ ਆਉਣ ਵਾਲੀ ਮੁਸੀਬਤ ਤੋਂ ਵੀ ਪਹਿਲਾਂ ਹੀ ਖ਼ਬਰਦਾਰ ਕਰ ਦੇਂਦਾ ਸੀ। ਇਸ ਪੇਸ਼ਕਾਰੀ ਵਿਚ ਬਹੁਤ ਸਾਰੇ ਘੋੜੇ ਮਸ਼ਵਰਾ ਕਰਦੇ ਹੋਏ ਚਿਤਰੇ ਗਏ ਹਨ।

ਇੱਥੋਂ ਦਾ 'ਵਸਤਰ-ਤਿਓਹਾਰ' ਇਕ ਪ੍ਰਸਿਧ ਤਿਉਹਾਰ ਹੈ। ਜਿਸ ਵਿਚ ਬਹੁਤ ਉੱਚੀਆਂ-ਉੱਚੀਆਂ ਬੱਘੀਆਂ ਸਜਾਈਆਂ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਬੱਘੀਆਂ ਵਿਚ ਸਮੇਂ ਦਾ ਰਾਜਾ/ਹੁਕਮਰਾਨ ਬੈਠ ਕੇ ਪਰਜਾ ਨੂੰ ਦਰਸ਼ਨ ਦੇਂਦਾ ਸੀ। ਇਨ੍ਹਾਂ ਬੱਘੀਆਂ ਦੇ ਨਮੂਨੇ ਵੀ 'ਮਾਨਵ- ਸੰਗਰਾਹਲੇ' ਵਿਚ ਵੇਖਣ ਨੂੰ ਮਿਲਦੇ ਹਨ।

ਇਸੇ ਏਰੀਏ ਵਿਚ 'ਜੂ' ਵੀ ਹੈ ਜਿੱਥੇ ਬਹੁਤ ਸਾਰੇ ਜੰਗਲੀ ਜਾਨਵਰ ਵੇਖਣ ਨੂੰ ਮਿਲਦੇ ਹਨ ਜਿਵੇਂ ਚੀਤੇ, ਹਾਥੀ, ਰਿੱਛ, ਬੰਦਰ, ਲੰਗੂਰ, ਸੱਪ, ਗੈਂਡੇ ਆਦਿ। ਇਨ੍ਹਾਂ ਦੇ ਰਹਿਣ ਦੀ ਥਾਂ ਇਨ੍ਹਾਂ ਦੇ ਮਿਜ਼ਾਜ ਦੇ ਅਨੁਕੂਲ ਬਣਾਈ ਗਈ ਹੈ। ਇਹ ਸੁਤੰਤਰ ਘੁੰਮ-ਫਿਰ ਰਹੇ ਨੇ। ਇਹ ਵੇਖਦਿਆਂ-ਵੇਖਦਿਆਂ ਪਤਾ ਹੀ ਨਹੀਂ ਚਲਿਆ ਕਿ ਦਿਨ ਕਦੋਂ ਡੁੱਬ ਗਿਆ। ਮੈਂ ਛੇਤੀ ਵਾਪਸ ਪੁੱਜਣ ਲਈ ਫ਼ਿਕਰਮੰਦ ਹੋ ਗਿਆ। ਮੈਨੂੰ ਮੁੰਡਿਆਂ ਨੇ, ਪਹਿਲਾਂ ਹੀ ਇਕ ਦਿਨ ਲੇਟ ਆਉਣ 'ਤੇ ਸਮਝਾਇਆ ਸੀ ਕਿ ਦਿਨ ਡੁੱਬਣ ਤੋਂ ਪਹਿਲਾਂ-ਪਹਿਲਾਂ ਡੇਰੇ ਆ ਜਾਇਆ ਕਰਾਂ। ਇਕ ਤਾਂ ਹੁਣ ਠੰਡ ਸ਼ੁਰੂ ਹੋ ਗਈ ਸੀ, ਦੂਜਾ ਇਕੱਲੇ ਹੀ ਘੁੰਮਣ-ਫਿਰਨ ਸਮੇਂ, ਕਈ ਪ੍ਰਕਾਰ ਦੇ ਖ਼ਤਰਿਆਂ ਦਾ, ਉਨ੍ਹਾਂ ਨੂੰ ਮੇਰਾ ਫਿਕਰ ਰਹਿੰਦਾ ਸੀ। ਮੈਂ ਮੇਨ ਰੋਡ 'ਤੇ ਆ ਕੇ ਆਟੋ ਫੜ ਲਿਆ ਤੇ ਮੂੰਹ ਮੰਗੇ ਪੈਸੇ ਦੇ ਕੇ ਡੇਰੇ ਪੁੱਜ ਗਿਆ।

ਮੇਰੀ ਸਿਹਤ ਹੌਲੀ-ਹੌਲੀ ਵਿਗੜਨੀ ਸ਼ੁਰੂ ਹੋ ਗਈ। ਗਲਾ ਖ਼ਰਾਬ ਹੋ ਗਿਆ, ਖੰਘ ਲੱਗ ਗਈ ਅਤੇ ਹਲਕਾ ਬੁਖਾਰ ਵੀ ਹੋ ਗਿਆ। ਦਵਾਈ ਲਿਆਂਦੀ, ਜੋ ਇਕ ਆਯੁਰਵੈਦਿਕ ਡਾਕਟਰ ਨੇ ਆਪਣੇ ਕਲਿਨਿਕ ਤੋਂ ਪਰੇਸਕਾਰਾਈਬ ਕੀਤੀ। ਇਕ-ਦੋ ਦਿਨ ਖਾਧੀ ਪਰ ਕੋਈ ਫ਼ਰਕ ਨਾ ਪਿਆ।

ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਸ਼ਹਿਰ ਵਿਚਲੇ ਪਲੂਸ਼ਨ ਕਰਕੇ ਮੇਰੀ ਸਿਹਤ ਵਿਗੜ ਗਈ ਸੀ। ਮੈਂ ਹੁਣ ਹੋਰ ਭੂਪਾਲ ਵਿਚ ਨਹੀਂ ਸਾਂ ਰਹਿਣਾ ਚਾਹੁੰਦਾ। ਮੈਨੂੰ ਪਤਾ ਚਲਿਆ ਕਿ ਬਾਹਰੋਂ ਆਉਣ ਵਾਲੇ ਵਧੇਰੇ ਲੋਕਾਂ ਨਾਲ ਇੰਝ ਹੀ ਹੁੰਦਾ ਹੈ। ਇਕ ਸਿਆਣੇ ਬੰਦੇ ਨੇ ਇਹ ਵੀ ਦੱਸਿਆ ਕਿ ਭੂਪਾਲ ਸ਼ਹਿਰ ਵਿਚ ਅੱਠ ਲੱਖ (ਉਨ੍ਹਾਂ ਦਿਨਾਂ ਵਿਚ) ਨਵੀਆਂ-ਪੁਰਾਣੀਆਂ ਗੱਡੀਆਂ ਰੋਜ਼ ਕਾਲਾ ਧੂੰ ਉਗਲਦੀਆਂ ਹੋਈਆਂ ਦੌੜਦੀਆਂ ਹਨ। ਬਜ਼ਾਰਾਂ ਵਿਚ, ਵਧੇਰੀਆਂ ਥਾਵਾਂ 'ਤੇ ਗੋਸ਼ਤ ਭੁੰਨ/ਤਲ ਕੇ ਵੇਚਿਆ ਜਾਂਦਾ ਹੈ, ਜਿਸ ਨਾਲ ਹੋਰ ਵੀ ਦਮਘੁਟਵਾਂ ਜਿਹਾ ਵਾਤਾਵਰਨ, ਬਜ਼ਾਰਾਂ ਦਾ ਬਣਿਆ ਹੁੰਦਾ ਹੈ। ਪਰ ਪਾਸ਼ ਕਾਲੋਨੀਆਂ ਸਾਫ਼-ਸੁਥਰੀਆਂ ਤੇ ਪ੍ਰਦੂਸ਼ਣ ਰਹਿਤ ਹਨ ਜਿੱਥੇ ਵਧੇਰੇ ਵੀ.ਆਈ.ਪੀ. ਰਹਿੰਦੇ ਹਨ।

ਮੇਰੇ ਬੇਟੇ ਹਰਪ੍ਰੀਤ ਦੀ ਸਿਹਤ ਵੀ ਵਿਗੜ ਗਈ ਸੀ ਪਰ ਉਹ ਛੇਤੀ ਹੀ ਠੀਕ ਹੋ ਗਿਆ।

ਦੋਵਾਂ ਥਾਵਾਂ, ਜਹਾਂਗੀਰ-ਆਬਾਦ ਅਤੇ ਕਾਲਜ ਵਿਚ ਉਹ ਠੀਕ ਤਰ੍ਹਾਂ ਏਡਜੇਸਟ ਹੋ ਗਿਆ ਸੀ ਅਤੇ ਰੋਜ਼ ਕਾਲਜ ਜਾ ਰਿਹਾ ਸੀ। ਵਾਪਸ ਮੁੜਨ ਤੋਂ ਪਹਿਲਾਂ ਮੈਂ ਲੋੜ ਪੈਣ ਵਾਲਾ ਸਾਮਾਨ ਅਤੇ ਕਿਤਾਬਾਂ-ਕਾਪੀਆਂ ਖ਼ਰੀਦ ਕੇ ਦੇ ਦਿੱਤੀਆਂ। ਮੇਰੀ ਦਿਨ-ਬ-ਦਿਨ ਵਿਗੜਦੀ ਸਿਹਤ ਨੂੰ ਵੇਖ ਕੇ ਉਹ ਵੀ ਫਿਕਰਮੰਦ ਹੋ ਗਿਆ ਅਤੇ ਵਾਪਿਸ ਜਾਣ ਲਈ ਕਿਹਾ। ਮੈਨੂੰ ਹੁਣ ਹਰਪ੍ਰੀਤ ਦਾ ਫਿਕਰ ਵੀ ਘਟ ਗਿਆ ਸੀ। ੨੩ ਨਵੰਬਰ ਨੂੰ ਮੈਂ ਚੰਡੀਗੜ੍ਹ ਜਾਣ ਵਾਲੀ, ਰਾਤ ਦੀ ਟਰੇਨ ਵਿਚ ਸਵਾਰ ਹੋ ਗਿਆ। ਸਾਰੇ ਮੁੰਡੇ ਮੇਰਾ ਸਾਮਾਨ ਚੁੱਕ ਕੇ, ਮੇਰੇ ਨਾਲ, ਰੇਲਵੇ ਸਟੇਸ਼ਨ 'ਤੇ ਮੈਨੂੰ ਛੱਡਣ ਆਏ। ਜਦੋਂ ਰੇਲ ਤੁਰਨ ਲਗੀ ਤਾਂ ਸਾਰੇ ਮੁੰਡਿਆਂ ਦੀਆਂ ਅੱਖਾਂ ਵਿਚ ਹੰਝੂ ਤੈਰਨ ਲਗੇ। ਮੇਰੀਆਂ ਵੀ ਅੱਖਾਂ ਨਮ ਹੋ ਗਈਆਂ। ਮੈਂ ਜਿਸ ਵੱਲ ਵੀ ਵੇਖਦਾ ਮੈਨੂੰ ਹਰਪ੍ਰੀਤ ਹੀ ਦਿਸ ਰਿਹਾ ਸੀ। ਮੈਂ ਦੂਰ ਤੱਕ ਹੱਥ ਹਿਲਾਉਂਦਿਆਂ ਨੂੰ ਦੇਖਦਾ ਰਿਹਾ ਤੇ ਅੱਖਾਂ ਪੂੰਝਦਾ ਰਿਹਾ।

**ਪਿੰਡ: ਸੁਰੰਗਸੂ**
**ਤਹਿਸੀਲ: ਪਹਿਲਗਾਮ**
**ਅਨੰਤਨਾਗ**
ਮੋ: ੭੦੦੬੮੦੩੧੦੬

**੦**

Published by the Secretary on behalf of
J&K Academy of Art, Culture and Languages, Jammu
and Printed at Ranbir Government Press, Jammu